# PUNJAB VIDHAN SABHA
# DEBATES

*Monday, the 25th February, 2019*

Vol. VII- No. 9

**OFFICIAL REPORT**

**CONTENTS**


| | | Page |
|---|---|---|
| Starred Questions and Answers | (9) | 1 |
| Clarification by the Minister | (9) | 7 |
| Starred Questions and Answers *(Resumption)* | (9) | 10 |
| Walk out | (9) | 11 |
| Starred Questions and Answers *(Resumption)* | (9) | 11 |
| Walk out | (9) | 46 |
| Starred Questions and Answers *(Resumption)* | (9) | 46 |
| Written Answers to Starred Questions laid on the Table of the House under Rule 38 | (9) | 48 |
| Unstarred Questions and Answers | (9) | 50 |
| Matters raised during Zero Hour and Statement by the Chief Minister | (9) | 50 |
| Calling Attention Notices under Rule 66 | (9) | 55 |
| Walk out | (9) | 57 |
| Calling Attention Notices under Rule 66 *(Resumption)* | (9) | 58 |
| Welcome Announcement by the Speaker | (9) | 67 |
| Walk out | (9) | 67 |
| Calling Attention Notices under Rule 66 *(Resumption)* | (9) | 68 |
| Motion under Rule 16 | (9) | 73 |
| Paper Laid on the Table of the House | (9) | 73 |
| Resumption of General Discussion on the Budget Estimates for the year 2019-20 | (9) | 74 |


**Punjab Vidhan Sabha Secretariat, Chandigarh**
**Price. Rs............**

| | | |
|---|---|---|
| Extension of the time of the sitting of the House | (9) | 144 |
| General Discussion on the Budget Estimates for the year 2019-20 *(Resumption)* | (9) | 144 |
| Short adjournment of the House | (9) | 174 |
| **Financial Business** | | |
| Presentation of Demands for grants relating to the Budget Estimates for the year 2019-20 | (9) | 174 |
| Discussion and voting on demands for grants relating to the Budget Estimates for the year 2019-20 | (9) | 182 |
| Walk out | (9) | 223 |
| Discussion and voting on demands for grants relating to the Budget Estimates for the year 2019-20 *(Resumption)* | (9) | 223 |
| The Punjab Appropriation (No.3) Bill, 2019 | (9) | 227 |
| Motion regarding Constitution of Elected Committees for the year 2019-20 | (9) | 229 |
| **Legislative Business** | | |
| 1. The Punjab one-time Voluntary Disclosure and Settlement of Building constructed in violations of the Building Bye-Laws Bill, 2019 | (9) | 231 |
| 2. The Amritsar Walled City (Recognition of Usage) Amendment Bill, 2019 | (9) | 238 |
| 3. The Punjab Legislative Assembly (Salaries and Allowances of Members) Amendment Bill, 2019 | (9) | 241 |
| 4. The Prevention of Cruelty to Animals (Punjab Amendment) Bill,2019 | (9) | 246 |
| Walk out | (9) | 248 |
| The Prevention of cruelty to Animals (Punjab Amendment Bill, 2019) *(Resumption)* | (9) | 248 |
| 5. The Indian Stamp (Punjab Amendment) Bill, 2019 *(Replacing Ordinance)* | (9) | 249 |
| Statement by the Speaker | (9) | 251 |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾਂ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਣ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh,<br>Chief Minister | Administrative Reforms, Agriculture and Famers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਣ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests, Department of Social Justice, Empowerment and Minorities, Printing & Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |

| | | |
|---|---|---|
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |
| 9 | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ<br>Technical Education and Industrial Training, Employment Generation, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ<br>Social Security, Women & Child Development, Transport Minister |
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ<br>Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |

| | | |
|---|---|---|
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br><br>Sardar Sukhbinder Singh Sarkaria | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ<br>Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ<br>Power, New and Renewable Energy Sources Minister |
| 15. | ਸਰਦਾਰ ਬਲਬੀਰ ਸਿੰਘ ਸਿੱਧੂ<br><br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. | ਸ਼੍ਰੀ ਵਿਜੈ ਇੰਦਰ ਸਿੰਗਲਾ<br><br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. | ਸ਼੍ਰੀ ਭਾਰਤ ਭੂਸ਼ਣ ਆਸ਼ੂ<br><br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister. |

## PUNJAB VIDHAN SABHA

*Monday, the 25th February, 2019*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Rana Kanwar Pal Singh) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮਨਿਸਟਰ ਸਾਹਿਬ...

**ਮਾਨਯੋਗ ਸਪੀਕਰ :** ਇਕ ਮਿੰਟ, ਪ੍ਰਸ਼ਨ ਕਾਲ ਹੋ ਲੈਣ ਦਿਓ।

**ਸਰਦਾਰ ਹਰਪਾਲ ਸਿੰਘ ਚੀਮਾ :** ਨਹੀਂ ਸਰ, ਇਹ ਬੜਾ ਇੰਪਾਰਟੈਂਟ ਮਾਮਲਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਤੋਂ ਉੱਪਰ ਕੋਈ ਇੰਪਾਰਟੈਂਟ ਆਈਟਮ ਨਹੀਂ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਮੈਂ ਤੁਹਾਨੂੰ ਆਡੀਓ ਸੁਣਾ ਦਿੰਦਾ ਹਾਂ ਕਿ ਇਹ ਕਿਸ ਤਰ੍ਹਾਂ ਅਫਸਰਾਂ ਨੂੰ ਧਮਕੀਆਂ ਦੇ ਰਹੇ ਹਨ।

**ਮਾਨਯੋਗ ਸਪੀਕਰ :** ਚੀਮਾ ਜੀ, ਪ੍ਰਸ਼ਨ ਕਾਲ ਹੋ ਲੈਣ ਦਿਓ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇਹ ਬਹੁਤ ਵੱਡਾ ਮਾਮਲਾ ਹੈ ਅਤੇ ਮੈਂ ਤੁਹਾਨੂੰ ਸੁਣਾਉਣਾ ਚਾਹੁੰਦਾ ਹਾਂ। ਤੁਸੀਂ ਕਾਈਂਡਲੀ ਇਕ ਵਾਰ ਸੁਣ ਲਓ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਜ਼ੀਰੋ ਆਵਰ ਵਿੱਚ ਕਰ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ :** ਜ਼ੀਰੋ ਆਵਰ ਨਹੀਂ ਸਰ, ਇਹ ਬੜਾ ਇੰਪਾਰਟੈਂਟ ਮਾਮਲਾ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਜ਼ੀਰੋ ਆਵਰ ਵਿੱਚ ਗੱਲ ਕਰ ਲੈਣਾ।(ਵਿਘਨ, ਸ਼ੋਰ) ਤੁਹਾਡੀ ਗੱਲ ਮੰਨ ਲਈ ਹੈ। ਮੈਂ ਤੁਹਾਨੂੰ ਇਹ ਤਾਂ ਨਹੀਂ ਕਹਿ ਰਿਹਾ ਕਿ ਗੱਲ ਨਾ ਕਰੋ। ਪ੍ਰਸ਼ਨ ਕਾਲ ਦੀ ਆਪਣੀ ਇੰਪਾਰਟੈਂਸ ਹੈ। (ਵਿਘਨ, ਸ਼ੋਰ) ਮੇਰੀ ਰਿਕੁਐਸਟ ਮੰਨ ਲਓ, ਪ੍ਰਸ਼ਨ ਕਾਲ ਹੋ ਲੈਣ ਦਿਓ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਇਹ ਬੜਾ ਇੰਪਾਰਟੈਂਟ ਮਾਮਲਾ ਹੈ। ਇਹ ਅਫਸਰਾਂ ਨੂੰ ਸ਼ਰ੍ਹੇਆਮ ਧਮਕੀਆਂ ਦੇ ਰਹੇ ਹਨ। ਦੋ ਅਫਸਰਾਂ ਨੂੰ ਧਮਕੀਆਂ ਦੇ ਰਹੇ ਹਨ।

**ਮਾਨਯੋਗ ਸਪੀਕਰ :** ਇੱਕ ਘੰਟੇ ਬਾਅਦ ਤੁਹਾਨੂੰ ਟਾਈਮ ਮਿਲ ਜਾਣਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਇਹ ਜਿਵੇਂ ਧਮਕੀਆਂ ਦੇ ਰਹੇ ਹਨ, ਫੇਰ ਸਰਕਾਰ ਕਿਵੇਂ ਚੱਲੇਗੀ? (ਵਿਘਨ, ਸ਼ੋਰ)

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ** ** (ਵਿਘਨ, ਸ਼ੋਰ)

**Mr. Speaker :** Not allowed….not allowed…..not allowed.

(ਇਸ ਸਮੇਂ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ** ਨਾਅਰੇ ਲਗਾਉਣ ਲੱਗੇ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ, ਸ਼ੋਰ) ਨਾਅਰੇ ਰਿਕਾਰਡ ਨਾ ਕੀਤੇ ਜਾਣ।

-----

## ਹਲਕਾ ਪਾਇਲ ਵਿੱਚ ਬੱਸ ਰੂਟ ਦੁਬਾਰਾ ਸ਼ੁਰੂ ਕਰਨਾ

***1837. ਸਰਦਾਰ ਲਖਵੀਰ ਸਿੰਘ ਲੱਖਾ :** ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਪਾਇਲ ਦੇ ਹੇਠ ਲਿਖੇ ਬੱਸ ਰੂਟਾਂ ਨੂੰ ਦੁਬਾਰਾ ਸ਼ੁਰੂ ਕਰੇਗੀ ;

(ੳ) ਪਾਇਲ ਤੋਂ ਘੁਡਾਣੀ ਖੁਰਦ-ਧਮੋਟ ਕਲਾਂ ਅਤੇ ਖੁਰਦ, ਕਰਤਾਰਪੁਰ ਚਾਪੜਾਂ-ਕੂਹਲੀ ਖੁਰਦ ਅਤੇ ਕਲਾਂ, ਬੇਰ ਖੁਰਦ ਅਤੇ ਕਲਾਂ ਤੋਂ ਮਲੌਦ;

(ਅ) ਘੁਰਾਲਾ ਤੋਂ ਦਾਊਂਮਾਜਰਾ-ਪਾਇਲ-ਕੋਟਲੀ-ਸ਼ਾਹਪੁਰ-ਚਣਕੋਈਆਂ ਖੁਰਦ ਅਤੇ ਕਲਾਂ, ਗੁਰਦਿੱਤਪੁਰਾ-ਜੈਪੁਰਾ-ਗੁਰਥਲੀ-ਦੋਰਾਹਾ ਤੋਂ ਲੁਧਿਆਣਾ;

(ੲ) ਮਲੌਦ ਤੋਂ ਚਿੰਤਪੁਰਨੀ ਵਾਇਆ ਪਾਇਲ?

**ਸ਼੍ਰੀਮਤੀ ਅਰੁਨਾ ਚੌਧਰੀ:** (ੳ) ਨਹੀਂ ਜੀ।

(ਅ) ਨਹੀਂ ਜੀ।

(ੲ) ਨਹੀਂ ਜੀ।

---

** Not recorded as ordered by the Chair.

**ਸਰਦਾਰ ਲਖਵੀਰ ਸਿੰਘ ਲੱਖਾ :** ਸਪਲੀਮੈਂਟਰੀ, ਸਪੀਕਰ ਸਾਹਿਬ.. (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਮੇਰੀ ਰਿਕੁਐਸਟ ਮੰਨੋ।(ਵਿਘਨ, ਸ਼ੋਰ)

**ਸਰਦਾਰ ਲਖਵੀਰ ਸਿੰਘ ਲੱਖਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਲੌਦ ਤੋਂ ਚਿੰਤਪੁਰਨੀ ਵਾਇਆ ਪਾਇਲ ਬੱਸ ਚਲਾਈ ਜਾਵੇ ਕਿਉਂਕਿ ਮਾਤਾ ਦੇ ਸ਼ਰਧਾਲੂ ਅਤੇ ਸਟੂਡੈਂਟ ਲੁਧਿਆਣਾ ਜ਼ਿਲ੍ਹੇ ਦੇ ਜਾਂਦੇ ਹਨ। ਕਿਰਪਾ ਕਰਕੇ ਇਹ ਬੱਸ ਚਲਾਈ ਜਾਵੇ। ਇਹ ਬੱਸ ਪਿਛਲੀ ਸਰਕਾਰ ਨੇ ਬੰਦ ਕਰ ਦਿੱਤੀ ਸੀ। ਇਸ ਦੇ ਨਾਲ ਹੀ ਸਾਡੇ ਕੁਝ ਪਿੰਡ ਅਜਿਹੇ ਹਨ, ਜਿਥੇ ਨਾ ਸਰਕਾਰੀ ਬੱਸ ਜਾਂਦੀ ਹੈ ਅਤੇ ਨਾ ਹੀ ਕੋਈ ਹੋਰ ਪ੍ਰਾਈਵੇਟ ਸਾਧਨ ਹੈ। ਇਨ੍ਹਾਂ ਵਾਸਤੇ ਰੂਟ ਪਲਾਨ ਬਣਾ ਕੇ ਮੈਂ ਮੰਤਰੀ ਸਾਹਿਬਾ ਨੂੰ ਭੇਜਿਆ ਸੀ ਤਾਂ ਕਿ ਨਵੇਂ ਰੂਟ ਬਣਾਏ ਜਾਣ ਅਤੇ ਸਾਡੇ ਨੌਜਵਾਨਾਂ ਨੂੰ ਸਹੂਲਤ ਮਿਲ ਸਕੇ। ਸਾਡੇ ਉਥੇ ਜੇਕਰ ਸਰਕਾਰੀ ਤੌਰ ਤੇ ਨਹੀਂ ਤਾਂ ਪ੍ਰਾਈਵੇਟ ਤੌਰ ਤੇ ਕੋਈ ਬੱਸ ਸਰਵਿਸ ਚਲਾਈ ਜਾਵੇ ਜਿਸ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਦੇ ਨਾਲ ਹੀ ਸਾਡੇ ਆਮ ਲੋਕਾਂ ਨੂੰ ਵੀ ਸਹੂਲਤ ਮਿਲੇਗੀ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇਹ ਤਿੰਨੋਂ ਰੂਟ ਚਾਲੂ ਕੀਤੇ ਜਾਣ। ਧੰਨਵਾਦ।(ਵਿਘਨ, ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਲੁਧਿਆਣਾ ਤੋਂ ਘੁਡਾਣੀ ਖੁਰਦ ਰੂਟ ਪਰਮਿਟ ਘੱਟ ਪੈਸੰਜਰ ਮਿਲਣ ਕਾਰਨ ਸਾਲ 2000 ਵਿੱਚ ਵਾਪਸ ਕਰਵਾ ਦਿੱਤਾ ਗਿਆ ਸੀ ਅਤੇ ਧਮੋਟ ਕਲਾਂ ਅਤੇ ਖੁਰਦ, ਕਰਤਾਰਪੁਰ ਚਾਪੜਾਂ-ਕੂਹਲੀ ਖੁਰਦ ਅਤੇ ਕਲਾਂ ਬੇਰ ਖੁਰਦ ਅਤੇ ਕਲਾਂ ਤੋਂ ਮਲੌਦ ਦੇ ਇਸ ਡਿਪੂ ਕੋਲ ਕੋਈ ਰੂਟ ਪਰਮਿਟ ਨਹੀਂ ਹੈ। ਫੇਰ ਵੀ ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ, ਸਾਡੇ ਟ੍ਰਾਂਸਪੋਰਟ ਵਿਭਾਗ ਵਲੋਂ ਰੂਟਾਂ ਸਬੰਧੀ ਸੁਝਾਅ ਮੰਗੇ ਗਏ ਹਨ । ... (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਬੈਠ ਜਾਓ। (ਵਿਘਨ, ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਇੰਟ੍ਰਸਟਡ ਪਾਰਟੀਜ਼ ਨੂੰ ਇਨ੍ਹਾਂ ਰੂਟਾਂ ਦੀ ਵਾਇਬਿਲਟੀ ਦੇਖਦੇ ਹੋਏ ਪਰਮਿਟ ਦੇ ਦਿੱਤਾ ਜਾਵੇਗਾ, prefer ਕਰਾਂਗੇ ਕਿ ਨੌਜਵਾਨਾਂ ਨੂੰ ਇਸ ਦਾ ਲਾਭ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਆਮ ਆਦਮੀ ਪਾਰਟੀ ਦੇ ਮੈਬਰਾਂ ਨੂੰ ਸੰਬੋਧਨ ਕਰਦੇ ਹੋਏ) ਪ੍ਰਸ਼ਨ ਕਾਲ ਨੂੰ ਡਿਸਟਰਬ ਨਾ ਕਰੋ।(ਵਿਘਨ, ਸ਼ੋਰ)

**ਸਰਦਾਰ ਲਖਵੀਰ ਸਿੰਘ ਲੱਖਾ :** ਸਪੀਕਰ ਸਾਹਿਬ, ਸਾਡੇ ਇਹ ਰੂਟ ਜ਼ਰੂਰ ਚਾਲੂ ਕਰਵਾ ਦਿੱਤੇ ਜਾਣ। ਧੰਨਵਾਦ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਅਗਲਾ ਸਵਾਲ। ਸਰਦਾਰ ਸੁਰਜੀਤ ਸਿੰਘ ਧੀਮਾਨ।.... (ਵਿਘਨ, ਸ਼ੋਰ) ਬੈਠੋ...ਬੈਠੋ...ਬੈਠੋ...ਜ਼ੀਰੋ ਆਵਰ ਵਿੱਚ ਗੱਲ ਕਰ ਲੈਣਾ। (ਵਿਘਨ, ਸ਼ੋਰ)

(ਇਸ ਸਮੇਂ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ। ਇਨ੍ਹਾਂ ਮੈਂਬਰ ਨੇ ਆਪਣੇ ਹੱਥਾਂ ਵਿੱਚ ** ** ਲਿਖੇ ਹੋਏ ਬੈਨਰ ਵੀ ਚੁੱਕੇ ਹੋਏ ਸਨ ਅਤੇ ਚੇਅਰ ਵੱਲ ਲਹਿਰਾ ਰਹੇ ਸਨ।)

-----

## ਨਵੇਂ ਪ੍ਰਾਈਵੇਟ ਕਾਲਜ ਖੋਲ੍ਹਣ ਲਈ ਸੀ.ਐਲ.ਯੂ. ਦੀਆਂ ਸ਼ਰਤਾਂ ਨਰਮ ਕਰਨਾ

***1780. ਸਰਦਾਰ ਸੁਰਜੀਤ ਸਿੰਘ ਧੀਮਾਨ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿੱਚ ਨਵੇਂ ਪ੍ਰਾਈਵੇਟ ਕਾਲਜ ਖੋਲ੍ਹਣ ਲਈ ਸ਼ਹਿਰੀ ਯੋਜਨਾਕਾਰ ਤੋਂ ਸੀ.ਐਲ.ਯੂ. ਲੈਣ ਲਈ ਸ਼ਰਤਾਂ ਨਰਮ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਨਹੀਂ ਜੀ। ਅਜਿਹੀ ਕੋਈ ਤਜਵੀਜ਼ ਉਚੇਰੀ ਸਿੱਖਿਆ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਭੈਣ ਜੀ ਬਹੁਤ ਸਤਿਕਾਰਯੋਗ ਹਨ ਜਿਨ੍ਹਾਂ ਨੇ 'ਨਹੀਂ ਜੀ' ਵਿੱਚ ਜਵਾਬ ਦਿੱਤਾ ਹੈ। ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ ਕਿਉਂਕਿ ਜਿਹੜਾ ਸਵਾਲ ਹੈ, ਇਹ ਟਾਊਨ ਪਲਾਨਿੰਗ ਨਾਲ ਸਬੰਧਿਤ ਹੈ ਕਿਉਂਕਿ ਸਿੱਖਿਆ ਵਿਭਾਗ ਨੇ ਜੋ ਸੀ.ਐਲ.ਯੂ. ਲੈਣਾ ਹੁੰਦਾ ਹੈ, ਉਹ ਸੀ.ਐਲ.ਯੂ. ਟਾਊਨ ਪਲਾਨਰ ਨੇ ਦੇਣਾ ਹੁੰਦਾ ਹੈ। ਮੈਂ ਬਾਜਵਾ ਸਾਹਿਬ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ

---

** Not recorded as ordered by the Chair.

ਉਹ ਇਸ ਤੇ ਵਿਚਾਰ ਕਰਨ ਕਿਉਂਕਿ ਅਜੋਕੇ ਵੇਲੇ ਜੋ ਇਹ ਸ਼ਰਤਾਂ ਲੱਗੀਆਂ ਹੋਈਆਂ ਹਨ, ਇਹ ਬਦਲਣੀਆਂ ਚਾਹੀਦੀਆਂ ਹਨ। ਹੁਣ ਨਵੀਂ ਤਕਨੀਕ ਆ ਗਈ ਹੈ, ਨਵੀਂ ਤਕਨੀਕ ਦੇ ਮੁਤਾਬਿਕ ਇਹ ਸ਼ਰਤਾਂ ਨਰਮ ਕਰਨੀਆਂ ਚਾਹੀਦੀਆਂ ਹਨ। ਇੱਕ ਪਾਸੇ ਤਾਂ ਅਸੀਂ ਕਹਿ ਰਹੇ ਹਾਂ ਕਿ ਸੂਬੇ ਵਿੱਚ ਸਿੱਖਿਆ ਨੂੰ ਪ੍ਰਫੂਲਿਤ ਕਰਨਾ ਹੈ, ਦੂਜੇ ਪਾਸੇ ਸਿੱਖਿਆ ਖੇਤਰ ਦੇ ਸਬੰਧ ਵਿੱਚ ਬਹੁਤ ਬੰਦਸ਼ਾਂ ਲਗਾਈਆਂ ਜਾ ਰਹੀਆਂ ਹਨ। ਸਪੀਕਰ ਸਾਹਿਬ, ਇਸ ਕਰਕੇ ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਮੰਤਰੀ ਸਾਹਿਬ ਇਸ ਤੇ ਜ਼ਰੂਰ ਵਿਚਾਰ ਕਰਨ ਤਾਂ ਜੋ ਜਿਹੜੇ ਪ੍ਰਾਈਵੇਟ ਕਾਲਜ ਹਨ, ਉਨ੍ਹਾਂ ਨੂੰ ਸੀ.ਐਲ.ਯੂ. ਲੈਣ ਵਿੱਚ ਦਿੱਕਤਾਂ ਨਾ ਆਉਣ।

(ਇਸ ਸਮੇਂ ਵੀ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ । ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਸੀ.ਐਲ.ਯੂ. ਦਾ ਸਵਾਲ ਉਠਾਇਆ ਹੈ, ਇਹ ਬਹਿ ਕੇ ਡਿਸਕਸ ਕਰ ਲੈਣ, ਇਹ ਗੱਲ ਵਿਚਾਰ ਕਰਨ ਵਾਲੀ ਹੈ। ਇਨ੍ਹਾਂ ਬਾਰੇ ਵਿਚਾਰ ਕਰਾਂਗੇ, ਜੋ ਹੋ ਸਕਿਆ, ਉਹ ਜ਼ਰੂਰ ਕਰਕੇ ਦਿਆਂਗੇ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਬਹੁਤ-ਬਹੁਤ ਮਿਹਰਬਾਨੀ ਜੀ।

**ਮਾਨਯੋਗ ਸਪੀਕਰ:** ਚੀਮਾ ਜੀ, ਇੱਕ ਮਿੰਟ ਗੱਲ ਸੁਣ ਲਵੋ।ਤੁਸੀਂ ਬਾਜਵਾ ਸਾਹਿਬ ਦੀ ਗੱਲ ਨਹੀਂ ਸੁਣੀ, ਬਾਜਵਾ ਸਾਹਿਬ ਨੇ ਕਿਹਾ ਹੈ ਕਿ ਗੱਲ ਕਰਨ ਵਾਲੀ ਹੈ। ਤੁਸੀਂ ਸਾਡੇ ਨਾਲ ਬਹਿ ਕੇ ਗੱਲ ਕਰ ਲਵੋ, ਜੋ ਕੁਝ ਵੀ ਉਸ ਦਾ ਆਊਟ-ਕਮ ਹੋਵੇਗਾ, ਉਹ ਦੇਖ ਲਵਾਂਗੇ। (ਵਿਘਨ) (ਸ਼ੋਰ) ਉਹ ਜ਼ੀਰੋ ਆਵਰ ਵਿੱਚ ਕਰਾਂਗੇ। (ਵਿਘਨ) (ਸ਼ੋਰ)

---

** Not recorded as ordered by the Chair.

**ਦਿਹਾਤੀ ਵਿਕਾਸ ਤੇ ਪੰਚਇਤਾਂ ਮੰਤਰੀ:** ਮੈਂ ਕਿਹਾ ਕਿ ਤੁਹਾਡੀ (ਵੈੱਲ ਆਫ ਦਿ ਹਾਊਸ ਵਿੱਚ ਆਮ ਆਦਮੀ ਪਾਰਟੀ ਦੇ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ) ਗੱਲ ਸੁਣਾਂਗੇ। (ਵਿਘਨ)

**ਮਾਨਯੋਗ ਸਪੀਕਰ:** ਹਾਂ ਜੀ, ਮਜੀਠੀਆ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਚੀਮਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ....(ਵਿਘਨ)(ਸ਼ੋਰ)

(ਇਸ ਸਮੇਂ ਵੀ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਸਦਨ ਵਿੱਚ ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਜ਼ੀਰੋ ਆਵਰ ਵਿੱਚ ਕਹਿ ਲੈਣਾ। ਤੁਸੀਂ ਜ਼ੀਰੋ ਆਵਰ ਵਿੱਚ ਆਪਣੀ ਗੱਲ ਕਰ ਲੈਣਾ। ਪ੍ਰਸ਼ਨ ਕਾਲ ਨੂੰ ਡਿਸਟਰਬ ਨਾ ਕਰੋ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਪ੍ਰਸ਼ਨ ਕਾਲ ਹੈ। ਇਹ ਸਾਰੇ ਸਿਆਣੇ ਲੋਕ ਹਨ। ਇਹੋ ਜਿਹੇ ਮਸਲੇ ਜ਼ੀਰੋ ਆਵਰ ਵਿਚ ਉਠਾਏ ਜਾ ਸਕਦੇ ਹਨ। ਇਹ ਮੁੱਦਾ ਪ੍ਰਸ਼ਨ ਕਾਲ ਤੋਂ ਇੰਪਾਰਟਮੈਂਟ ਨਹੀਂ ਹੈ। ਤੁਸੀਂ ਥੋੜ੍ਹੇ ਜਿਹੇ ਸਿਆਣੇ ਬਣੋ। ਅਸੀਂ ਸੁਣ ਲਵਾਂਗੇ, ਤੁਹਾਡੇ ** ** ਦੇ ਮਸਲੇ ਨੂੰ ਵੀ ਸੁਣ ਲਵਾਂਗੇ। ਜ਼ੀਰੋ ਆਵਰ ਵਿਚ ਸੁਣ ਲਵਾਂਗੇ। (ਵਿਘਨ...ਸ਼ੋਰ)

(ਇਸ ਸਮੇਂ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ (ਸ਼੍ਰੀ ਭਾਰਤ ਭੂਸ਼ਣ ਆਸ਼ੂ):** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ:** ਆਸ਼ੂ ਜੀ ਖੜ੍ਹੇ ਹਨ, ਉਹ ਕੁਝ ਕਹਿਣਾ ਚਾਹੁੰਦੇ ਹਨ। ਇਕ ਮਿੰਟ ਆਸ਼ੂ ਜੀ ਦੀ ਗੱਲ ਸੁਣ ਲਓ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਚੀਮਾ ਜੀ, ਜੇਕਰ ਮਨਿਸਟਰ ਕੋਈ ਸਟੇਟਮੈਂਟ ਦੇਵੇ ਤਾਂ ਤੁਸੀਂ ਸੀਟਾਂ ਤੇ ਬੈਠ

** ** Expunged as ordered by the Hon'ble Speaker.

ਕੇ ਸੁਣੋ। ਤੁਹਾਨੂੰ ਸੁਣਨਾ ਤਾਂ ਪਵੇਗਾ। ਸੀਟਾਂ ਤੇ ਬੈਠ ਕੇ ਸੁਣ ਲਓ। ਆਪਣੀਆਂ ਸੀਟਾਂ ਤੇ ਬੈਠ ਕੇ ਸੁਣ ਲਓ। (ਵਿਘਨ) ਮਨਿਸਟਰ ਸਾਹਿਬ ਜਿਹੜਾ ਬਿਆਨ ਦੇਣਾ ਚਾਹੁੰਦੇ ਹਨ, ਉਹ ਸੁਣ ਲਓ। ਮਨਿਸਟਰ ਸਾਹਿਬ ਦਾ ਬਿਆਨ ਸੁਣ ਲਓ। (ਵਿਘਨ...ਸ਼ੋਰ)

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਆਮ ਆਦਮੀ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਵਾਪਸ ਆ ਗਏ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਕੁਝ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮਜੀਠੀਆ ਜੀ, ਮੰਤਰੀ ਜੀ ਬਿਆਨ ਦੇਣਾ ਚਾਹੁੰਦੇ ਹਨ, ਸੁਣ ਲਓ। ਆਸ਼ੂ ਜੀ, ਦੱਸੋ ਕੀ ਕਹਿਣਾ ਚਾਹੁੰਦੇ ਹੋ?

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1958

(ਸੰਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## CLARIFICATION BY THE MINISTER

**ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ (ਸ਼੍ਰੀ ਭਾਰਤ ਭੂਸ਼ਣ ਆਸ਼ੂ:** ਸਪੀਕਰ ਸਾਹਿਬ, ਦੋ ਦਿਨ ਪਹਿਲਾਂ ਜਦੋਂ ਇਹ ਮੁੱਦਾ ਉਠਾਇਆ ਗਿਆ ਤਾਂ ਕੁਦਰਤੀ ਮੈਂ ਸਦਨ ਵਿਚ ਹਾਜ਼ਰ ਨਹੀਂ ਸੀ। ਬੀਬੀ ਮਾਣੂਕੇ ਜੀ ਨੇ ਇਹ ਮੁੱਦਾ ਉਠਾਇਆ ਸੀ। ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਧੂ ਸਾਹਿਬ ਦਾ ਮਹਿਕਮਾ ਹੈ, ਉਹ ਆਪਣੇ ਮਹਿਕਮੇ ਤੋਂ ਸਰਕਾਰ ਦੀ ਕਿਸੇ ਵੀ ਏਜੰਸੀ ਜਾਂ ਚੀਫ ਮਨਿਸਟਰ ਸਾਹਿਬ ਕਿਸੇ ਤੋਂ ਵੀ ਕੋਈ ਇਨਕੁਆਰੀ ਕਰਵਾਉਣਾ ਚਾਹੁੰਣ ਤਾਂ ਮੈਂ ਤਿਆਰ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਸੁਣ ਲਓ, ਸੁਣ ਲਓ।

**ਮੰਤਰੀ:** ਸਪੀਕਰ ਸਾਹਿਬ, ਅਗਰ ਮੈਂ ਕਿਤੇ ਵੀ ਇਸ ਮਾਮਲੇ ਵਿਚ ਕਸੂਰਵਾਰ ਹਾਂ ਤਾਂ ਜੋ ਸਜ਼ਾ ਬਣਦੀ ਹੈ, ਉਹ ਮੈਂ ਭੁਗਤਣ ਨੂੰ ਤਿਆਰ ਹਾਂ।ਮੈਂ ਤਾਂ ਇਥੋਂ ਤੱਕ ਕਹਿਣਾ ਚਾਹੁੰਦਾ ਹਾਂ ਕਿ ਸਾਰਿਆਂ ਤੋਂ ਉੱਤੇ ਇਹ ਪਵਿੱਤਰ ਸਦਨ ਹੈ ਅਤੇ ਇਸ ਦੀ ਸਰਵਉੱਚਤਾ ਤੇ ਕਿਸੇ ਨੂੰ ਇਕ ਪੈਸੇ ਦਾ ਵੀ ਡਾਊਟ ਨਹੀਂ ਹੈ। ਮੈਂ ਤਾਂ ਤੁਹਾਨੂੰ ਇਹ ਬੇਨਤੀ ਕਰਾਂਗਾ ਕਿ ਹਾਊਸ ਦੀ ਕਮੇਟੀ ਬਣਾ ਕੇ ਇਸ ਦੀ ਜਾਂਚ ਕਰਵਾਓ, ਜਿਹੜਾ ਵੀ ਕਸੂਰਵਾਰ ਹੈ, ਉਸ ਨੂੰ ਜੋ ਸਜ਼ਾ ਮਿਲਣੀ ਚਾਹੀਦੀ ਹੈ, ਉਹ ਜ਼ਰੂਰ ਮਿਲੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਆਡੀਓ ਸੁਣਾਉਣਾ ਚਾਹੁੰਦਾ ਹਾਂ, ਜੇਕਰ ਮਨਿਸਟਰ ਸਾਹਿਬ ਕਹਿਣਗੇ ਕਿ ਇਹ ਮੇਰੀ ਆਵਾਜ਼ ਨਹੀਂ ਹੈ ਤਾਂ ਫੇਰ ਦੇਖਾਂਗੇ। ਤੁਸੀਂ ਸੁਣ ਲਓ।

**ਮਾਨਯੋਗ ਸਪੀਕਰ:** ਤੁਸੀਂ ਮੰਤਰੀ ਜੀ ਦੀ ਇਸ ਸਟੇਟਮੈਂਟ ਤੇ ਕੀ ਕਹਿਣਾ ਚਾਹੁੰਦੇ ਹੋ? (ਵਿਘਨ...ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਮਨਿਸਟਰ ਸਾਹਿਬ ਤਾਂ ਲਗਾਤਾਰ ਇਨਕੁਆਰੀ ਅਫਸਰਾਂ ਨੂੰ ਧਮਕੀਆਂ ਦੇ ਰਹੇ ਹਨ ਤੇ ਹੁਣ ਇਹ ਇਨਕੁਆਰੀ ਦੀ ਗੱਲ ਕਰਦੇ ਹਨ। ਸਰ, ਇਨਕੁਆਰੀ ਅਫਸਰਾਂ ਨੂੰ ਧਮਕੀਆਂ? ਮੈਂ ਤੁਹਾਨੂੰ ਉਹੀ ਸੁਣਾ ਰਿਹਾ ਹਾਂ। ਇਹ ਕਿਹੜੀ ਇਨਕੁਆਰੀ ਦੀ ਗੱਲ ਕਰਦੇ ਹਨ? ਸਪੀਕਰ ਸਾਹਿਬ, ਸੁਣ ਲਓ, ਆਡੀਓ ਸੁਣ ਲਓ, ਜੇਕਰ ਇਹ ਆਸ਼ੂ ਜੀ ਦੀ ਨਹੀਂ ਹੈ ਤਾਂ ਵੀ ਸੁਣ ਲਓ। ਇਸ ਵਿਚ ਕਿਹੜੀ ਗੱਲ ਹੈ? (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਇਹ ਸਦਨ ਵਿਚ ਨਹੀਂ ਹੋ ਸਕਦਾ। ਸਦਨ ਵਿਚ ਇਸ ਦੀ ਇਜਾਜ਼ਤ ਨਹੀਂ ਹੈ। (ਵਿਘਨ...ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਆਸ਼ੂ ਜੀ ਨੇ ਜੋ ਕਿਹਾ ਹੈ, ਮੈਂ ਸੁਣਾ ਦਿੰਦਾ ਹਾਂ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਿਹਾ ਹੈ ਕਿ ਹਾਊਸ ਦੀ ਕਮੇਟੀ ਬਣਾ ਦਿਓ। ਆਡੀਓ ਸੁਣਾਉਣ ਦੀ ਸਦਨ ਵਿਚ ਇਜਾਜ਼ਤ ਨਹੀਂ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸਿੱਧੂ ਸਾਹਿਬ ਦਾ ਮਹਿਕਮਾ ਹੈ। ਇਹ ਸ਼੍ਰੀ ਆਰ.ਕੇ. ਗਰਗ ਨੂੰ ਧਮਕੀ ਦੇ ਰਹੇ ਹਨ, ਆਸ਼ੂ ਜੀ ਗਰਗ ਸਾਹਿਬ ਨੂੰ ਧਮਕੀ ਦੇ ਰਹੇ ਹਨ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਆਡੀਓ ਚਲਾਉਣ ਦੀ ਸਦਨ ਵਿਚ ਇਜਾਜ਼ਤ ਨਹੀਂ ਹੈ। (ਵਿਘਨ...ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਆਸ਼ੂ ਜੀ ਐਕਸਪਲੇਨ ਕਰਨ।

**ਮਾਨਯੋਗ ਸਪੀਕਰ:** ਆਡੀਓ ਚਲਾਉਣ ਦੀ ਸਦਨ ਵਿਚ ਇਜਾਜ਼ਤ ਨਹੀਂ ਹੈ। (ਵਿਘਨ...ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਤੁਸੀਂ ਇਜਾਜ਼ਤ ਦੇ ਸਕਦੇ ਹੋ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਨਹੀਂ। ਆਡੀਓ ਚਲਾਉਣ ਦੀ ਸਦਨ ਵਿਚ ਇਜਾਜ਼ਤ ਨਹੀਂ ਹੈ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਦਨ ਵਿੱਚ ਆਡੀਓ ਨਾ ਸੁਣਾਉਣ ਦੇਣ ਦੇ ਰੋਸ ਵੱਜੋਂ ** ** ਨਾਅਰੇ ਮਾਰਦੇ ਹੋਏ ਵੈਲ ਆਫ ਦਿ ਹਾਊਸ ਵਿਚ ਆ ਗਏ।)

**ਸਹਿਕਾਰਤਾ ਅਤੇ ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਵਾ) :** ਚੀਮਾ ਜੀ, ਇਕ ਮਿੰਟ ਸੁਣ ਲਓ। ਸਪੀਕਰ ਸਾਹਿਬ, ਜਦੋਂ ਮੰਤਰੀ ਜੀ ਨੇ ਹਾਊਸ ਵਿਚ ਕਹਿ ਦਿੱਤਾ ਕਿ ਸਭ ਤੋਂ ਸਰਵਉੱਚ ਹਾਊਸ ਹੁੰਦਾ ਹੈ, ਇਸ ਦੀ ਕਮੇਟੀ ਗਠਿਤ ਕਰੋ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਨੂੰ ਟਾਈਮ ਬਾਊਂਡ ਕਰੋ ਅਤੇ ਸਾਲ ਵਿਚ ਨਹੀਂ ਬਲਕਿ ਦਿਨਾਂ ਵਿਚ ਇਨਕੁਆਰੀ ਕਰਕੇ ਇਨ੍ਹਾਂ ਦੇ ਸਾਹਮਣੇ ਪੇਸ਼ ਕਰ ਦਿੱਤੀ ਜਾਵੇ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਦਾ ਵਕਤ ਜ਼ਾਇਆ ਹੋ ਰਿਹਾ ਹੈ। ਕੁਐਸਚਨ ਆਵਰ ਨੂੰ ਖਤਮ ਨਾ ਕਰੋ। ਕੁਐਸਚਨ ਆਵਰ ਦਾ ਵਕਤ ਜ਼ਾਇਆ ਹੋ ਰਿਹਾ ਹੈ।

(ਇਸ ਸਮੇਂ ਵੈਲ ਆਫ ਦਿ ਹਾਊਸ ਵਿਚ ਖੜ੍ਹੇ ਆਮ ਆਦਮੀ ਪਾਰਟੀ ਦੇ ਮੈਂਬਰ ਲਗਾਤਾਰ ** ** ਨਾਅਰੇ ਲਗਾ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

---

** Not recorded as ordered by the Chair.

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਬਹੁਤ ਚੰਗੀ ਗੱਲ ਹੈ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਹਾਊਸ ਦੀ ਕਮੇਟੀ ਗਠਿਤ ਹੋ ਜਾਵੇ। ਇਹ ਟਾਈਮ ਬਾਊਂਡ ਕਮੇਟੀ ਦੀ ਅਨਾਊਸਮੈਂਟ ਕਰ ਦੇਣ ਅਤੇ ਉਨਾ ਚਿਰ ਤੱਕ ਇਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣ। ਸਾਨੂੰ ਮਨਜ਼ੂਰ ਹੈ।(ਵਿਘਨ...ਸ਼ੋਰ)

**ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ**: ਸਪੀਕਰ ਸਾਹਿਬ, ਮੇਰੀ ਸੰਧੂ ਸਾਹਿਬ ਨੂੰ ਬੇਨਤੀ ਹੈ ਕਿ let the outcome of the committee come. ਤੁਸੀਂ ਪਹਿਲਾਂ ਕਿਵੇਂ ਕਹਿ ਸਕਦੇ ਹੋ ਕਿ ਫਲਾਣਾ ਬੰਦਾ ਗੁਨਾਹਗਾਰ ਹੈ। ਕਮਾਲ ਹੋ ਗਈ How can you say that? ਤੁਹਾਨੂੰ ਆਪਣੇ ਆਪ ਤੇ ਯਕੀਨ ਨਹੀਂ ਹੈ। ਤੁਹਾਡੇ ਮੈਂਬਰ ਵੀ ਕਮੇਟੀ ਵਿਚ ਹੋਣਗੇ। ਇਨ੍ਹਾਂ ਦੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਮੈਂਬਰ ਵੀ ਵਿਚ ਹੋਣਗੇ, ਕੀ ਤੁਹਾਨੂੰ ਯਕੀਨ ਨਹੀਂ ਹੈ? (ਵਿਘਨ....ਸ਼ੋਰ)

**ਮਾਨਯੋਗ ਸਪੀਕਰ:** ਦੱਸੋ ਮਜੀਠੀਆ ਜੀ, ਤੁਸੀਂ ਕੀ ਚਾਹੁੰਦੇ ਹੋ ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ** **

**ਮਾਨਯੋਗ ਸਪੀਕਰ:** ਜੋ ਕੁਝ ਵੀ ਕਿਹਾ ਗਿਆ ਹੈ ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਆਮ ਆਦਮੀ ਪਾਰਟੀ ਦੇ ਮੈਂਬਰ ਲਗਾਤਾਰ ** ** ਨਾਅਰੇ ਲਗਾ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਸੰਦੋਆ ਜੀ, ਤੁਹਾਡਾ ਪ੍ਰਸ਼ਨ ਆ ਗਿਆ ਹੈ।

-----

## STARRED QUESTIONS AND ANSWERS *(RESUMPTION)*

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1772

(ਸੰਬੰਧਿਤ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

** Not recorded as ordered by the Chair.

## WALK OUT

(ਇਸ ਸਮੇਂ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਨਗਰ ਨਿਗਮ, ਲੁਧਿਆਣਾ ਨਾਲ ਸਬੰਧਿਤ ਇਕ ਮੁੱਦੇ ਤੇ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਆਡੀਓ ਕਲਿੱਪ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-----

## STARRED QUESTIONS AND ANSWERS *(RESUMPTION)*

### ਨੀਲੇ ਕਾਰਡਾਂ ਅਧੀਨ ਲਾਭਪਾਤਰੀਆਂ ਦੀ ਗਿਣਤੀ

*1708. **ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੀਲੇ ਕਾਰਡਾਂ ਅਧੀਨ ਲਾਭ ਪ੍ਰਾਪਤ ਕਰਦੇ ਲਾਭਪਾਤਰੀਆਂ ਦੀ ਰਾਜ ਵਿੱਚ ਮਾਰਚ, 2017 ਤੱਕ ਕੁੱਲ ਗਿਣਤੀ ਕਿੰਨੀ ਸੀ ਅਤੇ ਹੁਣ ਮਿਤੀ 31 ਅਕਤੂਬਰ, 2018 ਦੀ ਸਥਿਤੀ ਅਨੁਸਾਰ ਅਜਿਹੇ ਲਾਭਪਾਤਰੀਆਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਹੈ ?

**ਸ਼੍ਰੀ ਭਾਰਤ ਭੂਸ਼ਣ ਆਸ਼ੂ:** ਮਾਰਚ, 2017 ਵਿੱਚ, ਰਾਜ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਅਧੀਨ ਨੀਲੇ ਕਾਰਡ ਸਕੀਮ ਤਹਿਤ ਕੁੱਲ 1,36,89,173 ਲਾਭਪਾਤਰੀ ਲਾਭ ਪ੍ਰਾਪਤ ਕਰਦੇ ਸੀ, ਜਿਸ ਨੂੰ ਹੁਣ ਸਮਾਰਟ ਰਾਸ਼ਨ ਕਾਰਡ ਸਕੀਮ ਦਾ ਨਾਮ ਦਿੱਤਾ ਗਿਆ ਹੈ। ਹੁਣ ਮਿਤੀ 31 ਅਕਤੂਬਰ, 2018 ਤੱਕ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਕੁੱਲ ਗਿਣਤੀ 1,37,20,937 ਹੈ। (ਜ਼ਿਲ੍ਹਾਵਾਰ ਗਿਣਤੀ ਨਾਲ ਨੱਥੀ ਝੰਡੀ 'ੳ' ਅਤੇ 'ਅ' ਤੇ ਹੈ।)

---

** Not recorded as ordered by the Chair.

[ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ]

| District | Block | Village | Total RCs | Total Members | RC Wise UID Seeding | RC Wise Sending %age | Member Wise UID Seeding | Member Wise Seeding %age |
|---|---|---|---|---|---|---|---|---|
| Amritsar | | | 304181 | 1210416 | 295452 | 97.13 | 1106152 | 91.39 |
| Barnala | | | 70747 | 263618 | 70632 | 99.84 | 260137 | 98.68 |
| Bathinda | | | 178599 | 682919 | 174280 | 97.58 | 634912 | 92.97 |
| Faridkot | | | 88446 | 338424 | 86619 | 97.93 | 325837 | 96.28 |
| Fatehgarh Sahib | | | 78688 | 298718 | 78446 | 99.69 | 295638 | 98.97 |
| Fazilka | | | 151498 | 595999 | 150461 | 99.32 | 576519 | 96.73 |
| Ferozepur | | | 135372 | 534181 | 131716 | 97.3 | 503953 | 94.34 |
| Gurdaspur | | | 216040 | 865385 | 210620 | 97.49 | 813659 | 94.02 |
| Hoshiarpur | | | 197318 | 741332 | 391597 | 97.1 | 691470 | 93.27 |
| Jalandhar | | | 250437 | 945202 | 347609 | 98.87 | 922152 | 97.56 |
| Kapurthala | | | 102169 | 391968 | 99184 | 97.08 | 368923 | 94.12 |
| Ludhiana | | | 385821 | 1493209 | 383003 | 99.27 | 1452118 | 97.25 |
| Mansa | | | 106320 | 427214 | 105135 | 98.89 | 408737 | 95.68 |
| Moga | | | 134096 | 520388 | 133246 | 99.37 | 499103 | 95.91 |
| Pathankot | | | 84672 | 345566 | 84117 | 99.34 | 336864 | 97.48 |
| Patiala | | | 212787 | 827066 | 210748 | 99.04 | 8055046 | 97.34 |
| Rupnagar | | | 87025 | 334276 | 86147 | 98.99 | 321096 | 96.06 |
| Sahibzada Ajit Singh Nagar | | | 99892 | 378405 | 97756 | 97.86 | 357009 | 94.35 |
| Sangrur | | | 200074 | 795757 | 197940 | 98.93 | 771855 | 97 |
| Shahid Bhagat Singh Nagar | | | 84217 | 307413 | 82296 | 97.72 | 289207 | 94.08 |
| Sri Muktsar Sahib | | | 168583 | 618044 | 165379 | 98.1 | 596771 | 96.56 |
| Tarn Taran | | | 189513 | 773673 | 181894 | 95.98 | 703226 | 90.89 |
| Punjab Total Summary | | | 3526495 | 13689173 | 5464277 | 98.24 | 13040384 | 95.26 |

Allocation

Allotment month - From October 2018 to March 2019 Commodity-Wheat

District Wise allocation

| S. No. District | AAY (No. of Cards*kgs per Card(35)* months (6)) | | | PH (No of Units *Kgs per Unit (5)* months (6)) | | | Total | | |
|---|---|---|---|---|---|---|---|---|---|
| | Cards | Units | Allotment | Cards Qty (in Kgs) | Unit | Allotment Qty (in Kgs) | Cards | Units | Allotment Qty (in kgs) |
| 1 Amritsar | 5727 | 20632 | 1103510.00 | 305761 | 1209834 | 36157326.00 | 311033 | 1230466 | 37260836.00 |
| 2 Barnala | 3668 | 12800 | 770280.00 | 67069 | 250807 | 7458305.00 | 70737 | 263607 | 8228585.00 |
| 3 Bathinda | 4873 | 16723 | 1020430.00 | 175464 | 673402 | 20111882.00 | 180337 | 690125 | 21132312.00 |
| 4 Faridkot | 2935 | 8972 | 615930.00 | 85392 | 332719 | 9940320.00 | 88327 | 341691 | 10556250.00 |
| 5 Fatehgarh Sahib | 1725 | 6306 | 362250.00 | 76926 | 293288 | 8764260.00 | 78651 | 298594 | 9126510.00 |
| 6 Fazilka | 11415 | 41965 | 2397150.00 | 140162 | 554321 | 16587330.00 | 151577 | 596286 | 18984480.00 |
| 7 Ferozepur | 8071 | 31904 | 1694770.00 | 127299 | 502295 | 15035920.00 | 135370 | 534199 | 16730690.00 |
| 8 Gurdaspur | 3498 | 14020 | 734510.00 | 212570 | 858501 | 25544660.00 | 216068 | 865521 | 26279170.00 |
| 9 Hoshiarpur | 7785 | 26644 | 1636105.17 | 189525 | 710705 | 21479960.00 | 197310 | 741349 | 23116065.00 |
| 10 Jalandhar | 5203 | 18497 | 1090320.00 | 245310 | 920974 | 27542690.00 | 250513 | 945471 | 28633010.00 |
| 11 Kapurthala | 3251 | 13395 | 677868.00 | 98849 | 378634 | 11310466.00 | 102100 | 392029 | 11988334.00 |
| 12 Ludhiana | 7981 | 25511 | 1676010.00 | 377821 | 1467688 | 43920568.00 | 385802 | 1493199 | 45596578.00 |
| 13 Mansa | 5187 | 20666 | 1089270.00 | 100387 | 404331 | 12129930.00 | 105574 | 424997 | 13219200.00 |
| 14 Moga | 3030 | 11392 | 636300.00 | 131059 | 509020 | 15270600.00 | 134089 | 520412 | 15906900.00 |
| 15 Pathankot | 2204 | 8757 | 462840.00 | 82468 | 336761 | 10068300.00 | 84672 | 345518 | 10531140.00 |
| 16 Patiala | 8888 | 32164 | 1863645.00 | 203944 | 795111 | 23776576.00 | 212832 | 827275 | 25640221.00 |
| 17 Rupnagar | 1552 | 5532 | 325360.00 | 85895 | 330418 | 9784355.00 | 87447 | 335950 | 10109715.00 |
| 18 Sahibzada Ajit Singh Nagar | 2197 | 8110 | 461370.00 | 97734 | 371032 | 11015515.00 | 99931 | 379142 | 11476885.00 |
| 19 Sangrur | 8237 | 30616 | 1729770.00 | 191866 | 765239 | 22957170.00 | 200103 | 795855 | 24686940.00 |
| 20 Shahid Bhagat Singh Nagar | 767 | 2663 | 160925.00 | 83466 | 304843 | 9138650.00 | 84233 | 307506 | 9299575.00 |
| 21 Sri Muktsar Shib | 9197 | 30448 | 1930320.00 | 159374 | 587569 | 17548380.00 | 168570 | 618017 | 19478700.00 |
| 22 Tarn Taran | 7647 | 28810 | 1605800.00 | 181871 | 744918 | 22338510.00 | 189518 | 773723 | 23944610.00S |
| Total | 114583 | 416527 | 24044733.50 | 3420211 | 13304410 | 397881973.00 | 3534794 | 13720937 | 421926706.00 |

**Sardar Bikram Singh Majithia:** Ashu ji, can you assure the House?

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ। ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਤੁਹਾਡੇ ਤੋਂ ਇਹ ਐਸ਼ਿਓਰੈਂਸ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਫਿੱਗਰ ਦਿੱਤੀ ਹੈ ਕਿ ਹੁਣ ਲਾਭਪਾਤਰੀਆਂ ਦੀ ਗਿਣਤੀ ਇੱਕ ਕਰੋੜ 37 ਲੱਖ 20 ਹਜ਼ਾਰ 937 ਹੈ, ਕੀ ਇਹ ਐਸ਼ਿਓਰ ਕਰਦੇ ਹਨ ਕਿ ਇਹੀ ਫਿੱਗਰ ਹੈ ਜਿਨ੍ਹਾਂ ਨੂੰ ਆਟਾ ਮਿਲ ਰਿਹਾ ਹੈ। ਮੇਰਾ ਦੂਜਾ ਸਵਾਲ ਵੀ ਨਾਲ ਹੀ ਹੈ ਕਿ ਕੀ ਆਟੇ ਦੇ ਨਾਲ ਦਾਲ ਵੀ ਮਿਲ ਰਹੀ ਹੈ ਜਾਂ ਨਹੀਂ ਮਿਲ ਰਹੀ ਹੈ?

**ਮਾਨਯੋਗ ਸਪੀਕਰ:** ਪਹਿਲਾ ਸਵਾਲ ਹੈ ਕਿ ਕੀ ਇਹ ਫਿੱਗਰ ਠੀਕ ਹੈ, ਦੂਜਾ, ਕੀ ਆਟੇ ਦੇ ਨਾਲ ਦਾਲ ਵੀ ਮਿਲ ਰਹੀ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਹ ਫਿੱਗਰ 31 ਅਕਤੂਬਰ ਨੂੰ ਸੇਮ ਸੀ, ਇਹ 6 ਮਹੀਨੇ ਲਈ ਫਰੀਜ਼ ਹੋ ਜਾਂਦਾ ਹੈ, ਜਦੋਂ ਦਿੱਤੀ ਜਾਂਦੀ ਹੈ। ਉਸ ਤੋਂ ਬਾਅਦ ਇਹ ਵੱਧਦਾ ਘੱਟਦਾ ਰਹਿੰਦਾ ਹੈ, ਜੇਕਰ ਕਿਸੇ ਲਾਭਪਾਤਰੀਆਂ ਦੇ ਪਰਿਵਾਰਾਂ ਵਿੱਚ ਕੋਈ ਮਰਗ ਹੋ ਜਾਵੇ ਜਾਂ ਬੱਚੇ ਹੋ ਜਾਣ ਤਾਂ ਅੰਕੜੇ ਘਟਦੇ ਵੱਧਦੇ ਰਹਿੰਦੇ ਹਨ ਪਰ ਇਹ ਜਦੋਂ ਪੋਰਟਲ ਖੁੱਲ੍ਹਦਾ ਹੈ ਤਾਂ ਉਸ ਵਿੱਚ ਵੱਧਦੇ ਹੀ ਹਨ।

**ਮਾਨਯੋਗ ਸਪੀਕਰ:** ਇਹ 31 ਅਕਤੂਬਰ ਦੀ ਗਿਣਤੀ ਹੈ।

**ਮੰਤਰੀ:** ਹਾਂ ਜੀ, ਇਹ 31 ਅਕਤੂਬਰ ਦੀ ਗਿਣਤੀ ਹੈ। ਵੈਸੇ ਵੀ ਸਾਡਾ ਜਿਹੜਾ ਈ-ਪਾਜ਼ ਪੋਰਟਲ ਹੈ, ਉਸ ਦਾ ਕੋਈ ਪਾਸਵਰਡ ਨਹੀਂ ਹੈ, ਕੋਈ ਵੀ ਬੰਦਾ ਕਦੇ ਵੀ ਚੈੱਕ ਕਰ ਸਕਦਾ ਹੈ ਕਿਉਂਕਿ ਹੁਣ ਸਾਰੀ ਚੇਨ ਹੀ ਅਸੀਂ ਕੰਪਿਊਟਰਾਈਜ਼ਡ ਕਰ ਦਿੱਤੀ ਹੈ। ਦੂਸਰਾ, ਦਾਲ ਬਾਰੇ ਸਾਡੇ ਮੈਨੀਫੈਸਟੋ ਵਿੱਚ ਦਿੱਤਾ ਗਿਆ ਹੈ, ਉਸ ਦਾ ਅਸੀਂ ਸਾਰਾ ਕੁਝ ਤਿਆਰ ਕਰਕੇ ਫਾਈਨਾਂਸ ਡਿਪਾਰਟਮੈਂਟ ਨੂੰ ਭੇਜ ਦਿੱਤਾ ਹੈ। ਜਿਵੇਂ ਹੀ ਦਾਲ, ਖੰਡ ਅਤੇ ਚਾਹਪੱਤੀ ਦੀ ਇਜਾਜ਼ਤ ਫਾਈਨਾਂਸ ਡਿਪਾਰਟਮੈਂਟ ਦੇਵੇਗਾ, ਅਸੀਂ ਦੇਣੀ ਸ਼ੁਰੂ ਕਰ ਦਿਆਂਗੇ। ਇਹ ਸਕੀਮ ਆਲਰੇਡੀ ਪ੍ਰੋਸੈਸ ਵਿੱਚ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਵਾਅਦਾ ਆਟੇ ਤੇ ਦਾਲ ਦੇ ਨਾਲ-ਨਾਲ ਘਿਓ ਅਤੇ ਖੰਡ ਦੇਣ ਦਾ ਵੀ ਸੀ।ਉਸ ਬਾਰੇ ਦੱਸਣ?

**ਮਾਨਯੋਗ ਸਪੀਕਰ:** ਉਹ ਕਹਿੰਦੇ ਹਨ ਕਿ ਸਕੀਮ ਪ੍ਰੋਸੈਸ ਵਿੱਚ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਫਿਰ ਮੈਂ ਇਹ ਪੁੱਛ ਰਿਹਾ ਹਾਂ ਕਿ ਕੀ ਮੈਨੀਫੈਸਟੋ ਵਿੱਚੋਂ ਲੋਕ ਇਹ ਕੱਢ ਕੇ ਖਾਣ ਜੀ? ਮਿਲ ਰਿਹਾ ਹੈ ਜਾਂ ਨਹੀਂ ਮਿਲ ਰਿਹਾ ਹੈ, ਮੇਰਾ ਤਾਂ ਸਿੱਧਾ ਸਵਾਲ ਹੈ। ਕਾਂਗਰਸ ਦਾ ਮੈਨੀਫੈਸਟੋ ਲੋਕਾਂ ਨੂੰ ਦੇਈਏ ਕਿ ਇਸ ਵਿੱਚੋਂ ਮਿਲੇਗਾ।

**ਮਾਨਯੋਗ ਸਪੀਕਰ:** ਮਜੀਠੀਆ ਸਾਹਿਬ,ਜਵਾਬ ਤਾਂ ਆ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਮੇਰਾ answer Yes or No ਵਿੱਚ ਦੇ ਦਿਓ। ਦੋ ਸਾਲ ਹੋ ਗਏ ਹਨ, ਕੀ ਇਹ ਨਾਲ ਦਾਲ ਦੇ ਰਹੇ ਹਨ ? Yes or No? ਘਿਓ ਤੇ ਖੰਡ ਕਦੋਂ ਤੋਂ ਦੇਣਾ ਸ਼ੁਰੂ ਕਰ ਰਹੇ ਹਨ? ਦੇ ਰਹੇ ਹਨ ਕਿ ਨਹੀਂ ਦੇ ਰਹੇ ਹਨ? ਮੈਨੂੰ ਸਿੱਧਾ ਜਵਾਬ ਦੇ ਦੇਣ ਜੀ।

**ਮਾਨਯੋਗ ਸਪੀਕਰ:** ਜ਼ਰਾ ਸੁਣੋ ਤਾਂ ਸਹੀ, ਇਸ ਤਰ੍ਹਾਂ ਨਾ ਕਰੋ। ਉਨ੍ਹਾਂ ਨੇ ਗੱਲ ਕਹਿ ਦਿੱਤੀ ਕਿ ਪ੍ਰੋਸੈਸ ਵਿੱਚ ਹੈ, ਪ੍ਰੋਸੈਸ ਦਾ ਮਤਲਬ ਹੈ ਕਿ ਨਹੀਂ ਮਿਲ ਰਿਹਾ ਹੈ। ਇਹ ਤਾਂ ਗੱਲ ਸਾਫ ਹੋ ਗਈ। ਹੁਣ ਤੁਸੀਂ ਜੋ ਅਗਲੀ ਗੱਲ ਕੀਤੀ ਹੈ ਉਹ ਟਾਈਮ ਦੀ ਕੀਤੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਹਾਂ ਜੀ, ਦੋ ਸਾਲਾਂ ਤੋਂ ਨਾ ਦਾਲ ਮਿਲ ਰਹੀ ਹੈ, ਨਾ ਘਿਓ ਮਿਲ ਰਿਹਾ ਹੈ ਨਾ ਖੰਡ ਮਿਲ ਰਹੀ ਹੈ, ਮੈਨੂੰ ਇਹ ਦੱਸ ਦੇਣ ਜੀ ਕਿ ਇਹ ਪ੍ਰੋਸੈਸ ਆਉਣ ਵਾਲੇ ਤਿੰਨਾਂ ਸਾਲਾਂ ਵਿੱਚ ਮੁੱਕ ਜਾਵੇਗਾ ਕਿ ਉਸ ਤੋਂ ਬਾਅਦ ਹੀ ਇਨ੍ਹਾਂ ਦਾ ਪ੍ਰੋਸੈਸ ਮੁੱਕੇਗਾ। ਕਦੋਂ ਮੁੱਕਣਾ ਪ੍ਰੋਸੈਸ? ਇਹ ਪ੍ਰੋਸੈਸ ਨੂੰ ਟਾਈਮ ਬਾਊਂਡ ਕਰ ਦੇਣ ਜੀ।

**ਮਾਨਯੋਗ ਸਪੀਕਰ:** ਪ੍ਰੋਸੈਸ ਨੂੰ ਕਿੰਨਾ ਟਾਈਮ ਲੱਗੇਗਾ?

**ਮੰਤਰੀ :** ਸਾਡੇ ਮਹਿਕਮੇ ਵੱਲੋਂ ਫਾਈਲ ਬਣ ਕੇ, 448 ਕਰੋੜ ਰੁਪਏ ਦੀ ਫਾਈਲ ਬਣ ਕੇ ਫਾਇਨਾਂਸ ਡਿਪਾਰਟਮੈਂਟ ਨੂੰ ਚਲੀ ਗਈ ਹੈ, ਜਦੋਂ ਅਪਰੂਵਲ ਆਉਂਦੀ ਹੈ, ਅਸੀਂ ਦੇਣਾ ਸ਼ੁਰੂ ਕਰ ਦਿਆਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਪਲੀਜ਼, ਮੇਰੀ ਬੇਨਤੀ ਹੈ ਕਿ ਸਰਕਾਰ ਇੱਕ ਹੈ, ਉਸੇ ਸਰਕਾਰ ਦੇ ਵਜ਼ੀਰ ਨੇ....

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, my simple question is ਕਿ ਫੂਡ ਮਨਿਸਟਰ ਅਤੇ ਫਾਇਨਾਂਸ ਮਨਿਸਟਰ ਸਾਰੇ ਪੰਜਾਬ ਕਾਂਗਰਸ ਸਰਕਾਰ ਦੇ ਵਜ਼ੀਰ ਹਨ। ਕਾਂਗਰਸ ਸਰਕਾਰ ਦੀ ਕੁਮਿਟਮੈਂਟ ਹੈ। ਇਸ ਪ੍ਰਾਸੈਸ ਬਾਰੇ ਮੈਂ ਪੁੱਛ ਰਿਹਾ ਹਾਂ ਕਿ ਕੀ ਟਾਈਮ ਬਾਊਂਡ ਕਰੋਗੇ? ਕੀ ਇਹ ਅਗਲੇ ਮਹੀਨੇ ਤੋਂ ਮਿਲੇਗਾ, ਅਗਲੇ ਸਾਲ ਤੋਂ ਮਿਲੇਗਾ, ਦੋ ਸਾਲਾਂ ਬਾਅਦ ਮਿਲੇਗਾ? ਘਿਉ, ਖੰਡ ਤੇ ਦਾਲ ਕਦੋਂ ਮਿਲੇਗਾ? ਮੈਨੂੰ ਸਪੱਸ਼ਟ ਜਵਾਬ ਦੇਣ। ਇਹ ਭੇਜਦੇ ਨਹੀਂ। ਸਰ, ਪ੍ਰਪੋਜ਼ਲਾਂ ਤਾਂ ਹਜ਼ਾਰ ਜਾਂਦੀਆਂ ਹਨ। That is not the issue. ਇਸ਼ੂ ਇਹ ਹੈ ਕਿ ਤੁਸੀਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕਰਕੇ ਆਏ ਹੋ, ਤੁਸੀਂ ਗਰੀਬਾਂ ਨਾਲ ਖਿਲਵਾੜ ਕਰ ਰਹੇ ਹੋ।

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਆ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਫੂਡ ਸਕਿਉਰਿਟੀ ਦੀ ਗੱਲ ਹੈ। (ਵਿਘਨ)

**ਮੰਤਰੀ :** ਸਰ, ਸਾਰੇ ਦੇ ਸਾਰੇ ਜੋ ਮੈਨੀਫੈਸਟੋ ਵਿੱਚ ਵਾਅਦੇ ਹਨ, ਸਰਕਾਰ ਵਾਰੀ- ਵਾਰੀ ਪੂਰੇ ਕਰ ਰਹੀ ਹੈ। ਜਿਵੇਂ ਜਿਵੇਂ ਸਾਡੇ ਫਾਇਨਾਂਸਿਜ਼ ਸਾਨੂੰ ਅਲਾਉ ਕਰਦੇ ਹਨ, ਹਰ ਵਾਅਦਾ ਪੂਰਾ ਹੋ ਰਿਹਾ ਹੈ ਅਤੇ ਮੈਂ ਮੈਂਬਰ ਸਾਹਿਬਾਨ ਨੂੰ ਤੁਹਾਡੇ ਰਾਹੀਂ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਟਾਈਮ ਵਿੱਚ ਛੇਤੀ ਹੀ ਇਹ ਵੀ ਵਾਅਦਾ ਪੂਰਾ ਕਰ ਦਿੱਤਾ ਜਾਵੇਗਾ। ਇਨ੍ਹਾਂ ਨੂੰ ਵੀ ਕੋਈ ਵਹਿਮ ਨਹੀਂ ਰਹਿਣਾ ਚਾਹੀਦਾ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਜਿਹੜੇ ਨੀਲੇ ਕਾਰਡ ਬਣ ਰਹੇ ਹਨ, ਆਟਾ-ਦਾਲ ਕਾਰਡ, ਇਨ੍ਹਾਂ ਦੀ ਰੀਵੈਰੀਫਿਕੇਸ਼ਨ ਕਰਵਾਉਣ ਲਈ ਕੋਈ ਫਾਰਮ ਭਰੇ ਜਾ ਰਹੇ ਹਨ? ਜੇ ਭਰੇ ਜਾ ਰਹੇ ਹਨ ਤਾਂ ਕੀ ਉਨ੍ਹਾਂ ਦੀ ਕੋਈ ਸਰਕਾਰੀ ਫੀਸ ਰੱਖੀ ਗਈ ਹੈ? ਉਸ ਦਾ ਤਰੀਕਾ ਕੀ ਹੈ?

**ਮੰਤਰੀ :** ਇਹ ਸਾਡਾ ਕੰਟੀਨਿਊਅਸ ਪ੍ਰਾਸੈਸ ਰਹਿੰਦਾ ਹੈ। ਜਿਹੜਾ-ਜਿਹੜਾ ਕੋਈ ਅਪਲਾਈ ਕਰਦਾ ਹੈ, ਹੁਣ ਤਾਂ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਵਿੱਚ ਵੀ ਕੈਂਪ ਲੱਗਦੇ ਹਨ। ਜਿਹੜਾ ਕੋਈ ਲਾਭਪਾਤਰੀ ਰਹਿ ਜਾਂਦਾ ਹੈ ਤਾਂ ਉਸ ਨੂੰ ਅਸੀਂ ਯੋਜਨਾ ਦਾ ਲਾਭ ਦਿੰਦੇ ਰਹਿੰਦੇ ਹਾਂ। ਇਹ ਵੈਰੀਫਿਕੇਸ਼ਨ ਪਹਿਲਾਂ ਦੋ ਵਾਰੀ ਕਰਵਾਈ ਜਾ ਚੁੱਕੀ ਹੈ। ਇਨ੍ਹਾਂ ਦੀਆਂ ਸਰਕਾਰਾਂ ਦੇ ਜਿਹੜੇ ਫੇਕ ਬੈਨੇਫਿਸ਼ਰੀਜ਼ ਸਨ, ਪਹਿਲਾਂ ਤਾਂ ਉਹ 10 ਲੱਖ ਦੇ ਕਰੀਬ ਪਕੜੇ ਗਏ। ਉਸ ਤੋਂ ਬਾਅਦ ਸਾਡੀ ਡਿਸਟ੍ਰੀਬਿਊਸ਼ਨ ਈ-ਪੌਜ਼ਸ ਮਸ਼ੀਨਾਂ ਰਾਹੀਂ ਹੋਈ, ਉਸ ਵਿੱਚ ਤਕਰੀਬਨ 12% ਫੇਕ ਬੈਨੇਫਿਸ਼ਰੀਜ਼ ਲੱਭੇ ਹਨ।

**ਮਾਨਯੋਗ ਸਪੀਕਰ :** ਇਹ ਰੈਗੂਲਰ ਪ੍ਰਾਸੈਸ ਹੈ।

**ਮੰਤਰੀ :** ਇਹ ਰੈਗੂਲਰ ਪ੍ਰਾਸੈਸ ਹੈ, ਇਹ ਹੁਣ ਵੀ ਚਲਦਾ ਹੈ। ਜਦੋਂ ਮਰਜ਼ੀ ਕੋਈ ਫਾਰਮ ਭਰੇ......(ਵਿਘਨ) ਮੈਂ ਟੀਨੂ ਸਾਹਿਬ ਨੂੰ ਦੱਸ ਦਿੰਦਾ ਹਾਂ ਕਿ ਕੋਈ ਵੀ ਫਾਰਮ, ਕੋਈ ਬੰਦੇ ਨੂੰ ਜੇ ਕਿਸੇ ਜਗ੍ਹਾ ਫਾਰਮ ਨਹੀਂ ਮਿਲਦਾ ਤਾਂ ਉਹ ਨੈੱਟ ਤੋਂ ਡਾਊਨਲੋਡ ਕਰਕੇ ਉਸ ਨੂੰ ਅਪਲਾਈ ਕਰ ਸਕਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੇਰਾ ਰੀ-ਵੈਰੀਫਿਕੇਸ਼ਨ ਦਾ ਸਵਾਲ ਸੀ। ਇਨ੍ਹਾਂ ਨੇ ਕਿਹਾ ਕਿ ਫੇਕ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਫੇਕ ਬੈਨੀਫਿਸ਼ਰੀਜ਼ ਜਾਂ ਫੇਕ ਕਾਰਡ ਬਣਾਉਣ ਵਾਲਿਆਂ ਤੇ ਤੁਸੀਂ ਕੋਈ ਕਾਰਵਾਈ ਕਰ ਰਹੇ ਹੋ? ਇੱਕ ਤਾਂ ਇਕੱਠਾ ਜਵਾਬ ਦੇ ਦਿਉ। ਦੂਜਾ, (ਕਾਗਜ਼ ਲਹਿਰਾਉਂਦੇ ਹੋਏ) ਸਪੀਕਰ ਸਾਹਿਬ, ਇਹ ਫਾਰਮ ਪਿੰਡਾਂ ਵਿੱਚ ਕੋਈ ਸਰਕਾਰੀ ਮੁਲਾਜ਼ਮ ਨਹੀਂ ਭਰ ਰਹੇ ਹਨ। ਅਖਬਾਰ ਵਿੱਚ ਵੀ ਖਬਰ ਲੱਗੀ ਹੈ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ। "ਸਰਪੰਚਾਂ ਅਤੇ ਪੰਚਾਂ ਨੇ ਕਾਂਗਰਸੀ ਨੇਤਾ ਤੇ ਲਾਏ ਨੀਲੇ ਕਾਰਡ ਦੇ ਫਾਰਮ ਭਰਨ ਦੇ ਬਦਲੇ ਪੈਸੇ ਲੈਣ ਦੇ ਦੋਸ਼"।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** 200-200 ਰੁਪਿਆ, ਮਾਨਯੋਗ ਮੰਤਰੀ ਜੀ......(ਵਿਘਨ)

**ਮਾਨਯੋਗ ਸਪੀਕਰ :** ਸਵਾਲ, ਕਰੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਮਾਨਯੋਗ ਮੰਤਰੀ ਜੀ, ਤੁਹਾਡੇ ਕਾਂਗਰਸ ਦੇ ਲੀਡਰ ਪਿੰਡਾਂ ਵਿੱਚ 200-200 ਰੁਪਿਆ ਫਾਰਮ ਭਰਨ ਦਾ ਲੈ ਰਹੇ ਹਨ। ਅਖਬਾਰਾਂ ਵਿੱਚ ਆ ਰਿਹਾ ਹੈ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਕਿਹੜੇ ਖਾਤੇ ਵਿੱਚ ਜਾ ਰਹੇ ਹਨ?

**ਮਾਨਯੋਗ ਸਪੀਕਰ :** ਟੀਨੂ ਜੀ, ਇਹ ਵੱਖਰਾ ਸਵਾਲ ਬਣਦਾ ਹੈ। ਵੱਖਰਾ ਸਵਾਲ ਹੈ, ਵੱਖਰਾ ਸਵਾਲ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਹ ਗਰੀਬਾਂ ਨਾਲ ਜੁੜਿਆ ਹੋਇਆ ਮਾਮਲਾ ਹੈ।

**ਮਾਨਯੋਗ ਸਪੀਕਰ :** ਸਵਾਲ ਤਾਂ ਆਟੇ-ਦਾਲ ਦਾ ਸੀ....

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਨੂੰ ਗੱਲ ਕਰ ਲੈਣ ਦਿਉ।

**ਮਾਨਯੋਗ ਸਪੀਕਰ :** ਸਵਾਲ ਆਟੇ-ਦਾਲ ਦਾ ਸੀ, ਸਵਾਲ ਆਟੇ ਦਾਲ ਦਾ ਸੀ, ਮੰਤਰੀ ਜੀ ਬੈਠ ਜਾਉ।

**ਸ਼੍ਰੀ ਪਵਨ ਕੁਮਾਰ ਟੀਨੂ :** ਮੇਰਾ ਮਤਲਬ ਹੈ ਕਿ ਜਿਹੜਾ ਪੈਸਾ ਲਿਆ ਜਾ ਰਿਹਾ ਹੈ, ਅਖਬਾਰਾਂ ਵਿੱਚ ਖਬਰਾਂ ਆ ਰਹੀਆਂ ਹਨ, ਕੀ ਤੁਸੀਂ ਉਨ੍ਹਾਂ ਨੂੰ ਬੰਦ ਕਰਵਾਉਗੇ, ਕੋਈ ਕਾਰਵਾਈ ਕਰੋਗੇ?

**ਮਾਨਯੋਗ ਸਪੀਕਰ :** ਵੱਖਰਾ ਸਵਾਲ ਦੇ ਦਿਉ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਨਹੀਂ, ਇਹ ਮਾਮਲਾ ਗਰੀਬਾਂ ਦਾ ਹੈ।(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਵੱਖਰਾ ਸਵਾਲ ਬਣਦਾ ਹੈ। ਇਸ ਦੇ ਨਾਲ ਨਹੀਂ ਲੱਗੇਗਾ। ਸਵਾਲ ਆਟੇ-ਦਾਲ ਦਾ ਸੀ, ਉਸ ਦਾ ਜਵਾਬ ਆ ਗਿਆ ਹੈ। (ਵਿਘਨ) (ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਫਾਰਮ ਕੋਈ ਸਰਕਾਰੀ ਮੁਲਾਜ਼ਮ ਨਹੀਂ ਭਰ ਰਿਹਾ, ਕਾਂਗਰਸੀ ਭਰ ਰਹੇ ਹਨ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸਵਾਲ ਤੁਹਾਡਾ ਆਟੇ-ਦਾਲ ਦਾ ਸੀ, ਉਹ ਆ ਗਿਆ ਹੈ।

(ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ :** ਯੋਗ ਬੈਨੀਫਿਸ਼ਰੀ ਨੂੰ ਕੱਟਿਆ ਜਾ ਰਿਹਾ ਹੈ....

**ਮਾਨਯੋਗ ਸਪੀਕਰ :** ਬੈਠੋ, ਬੈਠੋ ਜੀ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ਨਜਾਇਜ਼ ਹੋ ਰਹੀ ਹੈ, ਸਪੀਕਰ ਸਾਹਿਬ, ਪੈਸੇ ਲਏ ਜਾ ਰਹੇ ਹਨ। (ਵਿਘਨ) (ਸ਼ੋਰ)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 1743**

(ਸੰਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਮਾਨਸਾ ਸ਼ਹਿਰ ਦੀਆਂ ਕੁਝ ਜਨਤਕ ਥਾਵਾਂ ਤੇ ਪਖਾਨੇ ਬਣਾਉਣਾ**

***1787.ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਨਸਾ ਸ਼ਹਿਰ ਦੀਆਂ ਕੁਝ ਜਨਤਕ ਥਾਵਾਂ, ਜਿੱਥੇ ਲੋਕਾਂ ਦੀ ਭਰਮਾਰ ਲੱਗੀ ਰਹਿੰਦੀ ਹੈ, ਜਿਵੇਂ ਕਿ ਤਿੰਨਕੋਨੀ ਮਾਨਸਾ ਕੈਂਚੀਆਂ ਅਤੇ ਸ਼ਹਿਰ ਦੇ ਅੰਦਰਲਾ ਫਾਟਕ ਆਦਿ ਉੱਪਰ ਕੋਈ ਪਖਾਨਾ ਨਹੀਂ ਬਣਿਆ ਹੋਇਆ ਹੈ ਜਿਸ ਕਰਕੇ ਲੋਕਾਂ ਨੂੰ ਖਾਸ ਕਰ ਔਰਤਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹੋ ਜਿਹੀਆਂ ਥਾਵਾਂ ਉੱਪਰ ਸਰਕਾਰ ਵੱਲੋਂ ਪਖਾਨੇ ਬਣਾਉਣ ਦੀ ਕੋਈ ਤਜਵੀਜ਼ ਹੈ

**ਸਰਦਾਰ ਨਵਜੋਤ ਸਿੰਘ ਸਿੱਧੂ :** ਨਗਰ ਕੌਂਸਲ, ਮਾਨਸਾ ਵੱਲੋਂ ਸ਼ਹਿਰ ਦੀਆਂ ਜਨਤਕ ਥਾਵਾਂ ਤੇ ਹੇਠ ਲਿਖੇ ਅਨੁਸਾਰ ਪਬਲਿਕ ਟੁਆਇਲਟਸ ਦੀ ਵਿਵਸਥਾ ਕੀਤੀ ਹੋਈ ਹੈ:

[ਸਥਾਨਕ ਸਰਕਾਰ ਮੰਤਰੀ]

| ਲੜੀ ਨੰ. | ਜਗ੍ਹਾ ਦਾ ਵੇਰਵਾ | ਬਣੀਆਂ ਟੁਆਇਲਟਸ ਦੀ ਗਿਣਤੀ | | ਤਜਵੀਜ਼ਤ ਟੁਆਇਲਟਸ ਦੀ ਗਿਣਤੀ | |
|---|---|---|---|---|---|
| | | ਮਰਦ | ਔਰਤ | ਮਰਦ | ਔਰਤ |
| 1 | ਬੱਸ ਸਟੈਂਡ | 4 | 4 | | |
| 2 | ਰੇਲਵੇ ਸਟੇਸ਼ਨ, ਨੇੜੇ ਰੇਲਵੇ ਫਾਟਕ | 5 | 5 | | |
| 3 | ਪੁਰਾਣੀ ਅਨਾਜ ਮੰਡੀ, ਰਾਮ ਨਾਟਕ ਕਲੱਬ | 2 | 2 | | |
| 4 | ਜ਼ਿਲ੍ਹਾ ਪ੍ਰੀਸ਼ਦ, ਨੇੜੇ ਤਿੰਨਕੋਨੀ | 4 | 4 | | |
| 5 | ਤਿੰਨਕੋਨੀ | | | 2 | 2 |
| 6 | ਸ਼ਹਿਰ ਅੰਦਰਲਾ ਰੇਲਵੇ ਫਾਟਕ | | | 2 | 2 |
| 7 | ਨੇੜੇ ਭਾਈ ਗੁਰਦਾਸ ਧਰਮਸ਼ਾਲਾ | | | 2 | 2 |
| 8 | ਨੇੜੇ ਬਾਗ ਵਾਲਾ ਗੁਰਦੁਵਆਰਾ | | | 2 | 2 |
| 9 | ਓਲਡ ਸਟੇਡੀਅਮ, ਨੇੜੇ ਵੇਅਰ ਹਾਊਸ | | | 3 | 3 |
| 10 | ਰਿਕਸ਼ਾ ਸਟੈਂਡ ਵਾਲੀ ਜਗ੍ਹਾ | | | 2 | 2 |
| 11 | ਐਮ.ਆਰ.ਐਫ. ਸ਼ੈੱਡ, ਨੇੜੇ ਐਸ.ਡੀ.ਐਮ. ਦਫਤਰ | | | 2 | 2 |
| 12 | ਚਕੇਰੀਆਂ ਰੋਡ, ਐਮ.ਆਰ.ਐਫ. ਸ਼ੈੱਡ | | | 2 | 2 |
| 13 | ਨੇੜੇ ਮੀਟ ਮਾਰਕੀਟ, ਪੁਰਾਣੀ ਸਬਜ਼ੀ ਮੰਡੀ | | | 2 | 2 |
| 14 | ਪਸ਼ੂ ਮੇਲੇ ਵਾਲੀ ਜਗ੍ਹਾ, ਠੂਠਿਆਂਵਾਲੀ ਰੋਡ | | | 2 | 2 |

ਤਜਵੀਜ਼ਤ ਜਗ੍ਹਾ ਤੇ ਟੁਆਇਲਟਸ ਬਣਾਉਣ ਲਈ ਟੈਂਡਰ ਹੋ ਚੁੱਕੇ ਹਨ ਅਤੇ ਕੁਝ ਜਗ੍ਹਾ ਤੇ ਟੁਆਇਲਟਸ ਬਣ ਰਹੀਆਂ ਹਨ। ਇਨ੍ਹਾਂ ਜਗ੍ਹਾ ਵਿਚੋਂ ਖੋਖਰ ਰੋਡ ਐਫ.ਸੀ.ਆਈ ਗੁਦਾਮ ਦੇ ਨਾਲ, ਭਾਈ ਗੁਰਦਾਸ ਧਰਮਸ਼ਾਲਾ ਦੇ ਅੰਦਰ ਅਤੇ ਗੁਰਦੁਆਰਾ ਬਾਗ ਵਾਲਾ ਦੇ ਸਾਹਮਣੇ ਕਮਿਊਨਿਟੀ ਸੈਂਟਰ ਦੇ ਅੰਦਰ ਟੁਆਇਲਟਸ ਬਣਾਉਣ ਦਾ ਕੰਮ ਚੱਲ ਰਿਹਾ ਹੈ। ਉਕਤ ਵਿਚੋਂ ਤਿੰਨਕੋਨੀ ਅਤੇ ਸ਼ਹਿਰ ਦੇ ਅੰਦਰਲੇ ਫਾਟਕ ਉਪਰ ਨਗਰ ਕੌਂਸਲ ਪਾਸ ਟੁਆਇਲਟਸ ਬਣਾਉਣ ਲਈ ਢੁਕਵੀਂ ਜਗ੍ਹਾ ਮਿਲਣ ਉਪਰੰਤ ਇਨ੍ਹਾਂ ਥਾਵਾਂ ਉਪਰ ਵੀ ਟੁਆਇਲਟਸ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਥੇ ਇਹ ਵੀ ਵਰਨਣਯੋਗ ਹੈ ਕਿ ਸਰਕਾਰ ਦੇ ਪੁਰਜ਼ੋਰ ਉਪਰਾਲੇ ਉਪਰੰਤ ਪੰਜਾਬ ਰਾਜ ਨੂੰ 2 ਅਕਤੂਬਰ 2018 ਨੂੰ ਕੁਆਲਿਟੀ ਕੌਂਸਲ ਆਫ ਇੰਡੀਆ (ਕਿਉ. ਸੀ. ਆਈ) ਵੱਲੋਂ ਓਪਨ ਡੈਫੀਕੇਸ਼ਨ ਫਰੀ (ਓ.ਡੀ.ਐਫ.) ਘੋਸ਼ਿਤ ਕੀਤਾ ਗਿਆ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਧੰਨਵਾਦ। ਮੰਤਰੀ ਜੀ ਨੇ ਪ੍ਰਪੋਜ਼ਲ ਤਾਂ ਦੇ ਦਿੱਤੀ ਹੈ ਪਰ ਇਸ ਨੂੰ ਟਾਈਮ ਬਾਊਂਡ ਨਹੀਂ ਕੀਤਾ ਹੈ ਕਿ ਅਸੀਂ ਇਸ ਨੂੰ ਤਿੰਨ ਮਹੀਨੇ ਜਾਂ ਛੇ ਮਹੀਨੇ ਵਿੱਚ ਕੰਪਲੀਟ ਕਰ ਦਿਆਂਗੇ। ਇਹ ਕਦੋਂ ਤੱਕ ਕੰਪਲੀਟ ਕਰ ਦੇਣਗੇ?

**ਮਾਨਯੋਗ ਸਪੀਕਰ:** ਉਨ੍ਹਾਂ ਨੇ ਤੋਂ ਕਿਹਾ ਹੈ ਕਿ ਜਗ੍ਹਾ ਮਿਲ ਜਾਵੇਗੀ ਤਾਂ ਉਹ ਕੰਪਲੀਟ ਕਰ ਦੇਣਗੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਨਹੀਂ ਜੀ, ਫਿਰ ਕਮੇਟੀ ਨੇ ਇਹੀ ਤਾਂ ਕੰਪਲੀਟ ਦੱਸਣਾ ਹੈ, ਜੇ ਇਕੱਲੇ ਕਾਗਜ਼ ਦੇ ਵਿੱਚ ਲਿਖ ਦੇਣਾ ਹੈ ਜਾਂ ਪ੍ਰਪੋਜ਼ਲ ਦੇ ਦੇਣਾ ਹੈ ਤਾਂ ਜੇ ਇਹ ਕੱਲ੍ਹ ਨੂੰ ਇਹ ਕਹਿਣ ਕੇ ਜਗ੍ਹਾ ਨਹੀਂ ਮਿਲੀ ਹੈ ਤਾਂ ਲੋਕ ਕਿੱਥੇ ਜਾਣਗੇ?

**ਮਾਨਯੋਗ ਸਪੀਕਰ:** ਤੁਹਾਡਾ ਫਿਕਰ ਠੀਕ ਹੈ, you are right ਲੇਕਿਨ ਉਹ ਵੀ ਇਸ ਗੱਲ ਵਿੱਚ ਬੇਵੱਸ ਹੋਣਗੇ। ਉਹ ਕਿਵੇਂ ਕਹਿ ਸਕਦੇ ਹਨ ਜਦਕਿ ਜਿਹੜਾ ਕੰਮ ਕਮੇਟੀ ਨੇ ਕਰਨਾ ਹੈ, ਉਹ ਟਾਈਮ ਕੰਜ਼ਿਊਮਿੰਗ ਤਾਂ ਹੋਵੇਗਾ ਹੀ ਕਿਉਂਕਿ ਜ਼ਮੀਨ ਲੈਣੀ ਪਵੇਗੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਕਮੇਟੀ ਮਾਨਯੋਗ ਮੰਤਰੀ ਜੀ ਦੇ ਅੰਡਰ ਹੀ ਹੈ। ਇਨ੍ਹਾਂ ਨੂੰ ਜਵਾਬ ਦੇਣ ਲੱਗੇ ਉਨ੍ਹਾਂ ਤੋਂ ਪ੍ਰਪੋਜ਼ਲ ਲੈ ਲੈਣੀ ਚਾਹੀਦੀ ਸੀ। ਇਹ ਕੋਈ ਇਸ ਤਰ੍ਹਾਂ ਤਾਂ ਨਹੀਂ ਹੈ ਕਿਉਂਕਿ ਸਵੱਛ ਭਾਰਤ ਅਭਿਆਨ ਕਦੋਂ ਦਾ ਚੱਲ ਰਿਹਾ ਹੈ। ਆਪਾਂ ਸਵੱਛ ਭਾਰਤ ਅਭਿਆਨ ਦਾ ਮਖੌਲ ਉਡਾ ਰਹੇ ਹਾਂ।

**ਮਾਨਯੋਗ ਸਪੀਕਰ:** ਕਹਿ ਕੇ ਕਰਵਾ ਦਿਓ ਜੀ ਪਰ ਟਾਈਮ ਲਿਮਿਟ ਕੋਈ ਨਹੀਂ ਹੈ।

**ਮੰਤਰੀ:** ਅਸੀਂ ਉਨ੍ਹਾਂ ਦੇ ਅਖਤਿਆਰ ਵਿੱਚ ਕੋਈ ਇੰਟਰਫੇਅਰ ਨਹੀਂ ਕਰਦੇ ਹਾਂ। ਉਨ੍ਹਾਂ ਦਾ ਅਖਤਿਆਰ ਹੈ, ਅਗਰ ਸਾਨੂੰ ਲਿਖ ਕੇ ਭੇਜਣਗੇ ਤਾਂ ਅਸੀਂ ਮਿੰਟੋ-ਮਿੰਟ ਬਾਥਰੂਮ ਬਣਵਾ ਦਿਆਂਗੇ।

**ਮਾਨਯੋਗ ਸਪੀਕਰ:** ਉੱਥੇ ਤੁਹਾਡੀ ਕਮੇਟੀ ਨਹੀਂ ਹੈ, ਤੁਸੀਂ ਕਹਿ ਕੇ ਭਿਜਵਾ ਦਿਓ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਧੰਨਵਾਦ ਜੀ।

-----

## ਹਲਕਾ ਬੱਲੂਆਣਾ ਦੇ ਆਸ਼ੀਰਵਾਦ ਸਕੀਮ ਦੇ ਕੇਸਾਂ ਦਾ ਵੇਰਵਾ

***1902. ਸ਼੍ਰੀ ਨੱਥੂ ਰਾਮ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) 1/1/2015 ਤੋਂ ਲੈ ਕੇ 31/12/2018 ਤੱਕ ਹਲਕਾ ਬੱਲੂਆਣਾ ਦੇ ਆਸ਼ੀਰਵਾਦ ਸਕੀਮ ਦੇ ਟੋਟਲ ਕਿੰਨੇ ਕੇਸ ਪ੍ਰਾਪਤ ਹੋਏ ਹਨ;

(ਅ) ਇਨ੍ਹਾਂ ਵਿੱਚੋਂ ਕਿੰਨੇ ਕੇਸ ਪਾਸ ਹੋਏ ਹਨ ਅਤੇ ਕਿੰਨੇ ਕੇਸ ਰਿਜੈਕਟ ਹੋਏ ਹਨ;

(ੲ) ਕਿੰਨੇ ਕੇਸਾਂ ਵਿੱਚ ਅਦਾਇਗੀ ਕੀਤੀ ਜਾ ਚੁੱਕੀ ਹੈ ਤੇ ਕਿੰਨੇ ਕੇਸਾਂ ਦੀ ਪੈਂਡਿੰਗ ਹੈ ਅਤੇ ਪੈਂਡਿੰਗ ਅਦਾਇਗੀ ਕਦੋਂ ਤੱਕ ਹੋ ਜਾਵੇਗੀ?

**ਸਰਦਾਰ ਸਾਧੂ ਸਿੰਘ:**

(ੳ) 1-1-2015 ਤੋਂ ਲੈ ਕੇ 31-12-2018 ਤੱਕ ਹਲਕਾ ਬੱਲੂਆਣਾ ਦੇ ਆਸ਼ੀਰਵਾਦ ਸਕੀਮ ਦੇ ਟੋਟਲ 3536 ਕੇਸ ਪ੍ਰਾਪਤ ਹੋਏ ਹਨ;

(ਅ) ਇਨ੍ਹਾਂ ਵਿੱਚੋਂ 3145 ਕੇਸ ਪਾਸ ਹੋਏ ਹਨ ਅਤੇ 391 ਕੇਸ ਰਿਜੈਕਟ ਹੋਏ ਹਨ;

(ੲ) 3145 ਕੇਸਾਂ ਲਈ ਰਾਸ਼ੀ ਰਿਲੀਜ਼ ਕੀਤੀ ਜਾ ਚੁੱਕੀ ਹੈ ਅਤੇ ਮਿਤੀ 31-12-2018 ਤੱਕ ਦਾ ਕੋਈ ਯੋਗ ਕੇਸ ਅਦਾਇਗੀ ਲਈ ਪੈਂਡਿੰਗ ਨਹੀਂ ਹੈ।

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ 391 ਕੇਸ ਰਿਜੈਕਟ ਹੋਏ ਦੱਸੇ ਹਨ, ਇਨ੍ਹਾਂ ਦੇ ਰਿਜੈਕਟ ਹੋਣ ਦੇ ਕੀ ਕਾਰਨ ਹਨ? ਕੀ ਇਹ ਇਨ੍ਹਾਂ ਨੂੰ ਰੀ-ਐਗਜ਼ਾਮਿਨ ਕਰਵਾ ਕੇ ਉਨ੍ਹਾਂ ਪਰਿਵਾਰਾਂ ਨੂੰ ਸਹੂਲਤ ਦੇਣ ਦਾ ਵਚਨ ਦੇਣਗੇ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਲਦੀ ਹੀ ਰੀ-ਐਗਜ਼ਾਮਿਨ ਕਰਵਾ ਕੇ ਉਨ੍ਹਾਂ ਨੂੰ ਜੋ ਉਨ੍ਹਾਂ ਦਾ ਬਣਦਾ ਹੱਕ ਹੋਵੇਗਾ, ਉਹ ਮਿਲੇਗਾ ਅਤੇ ਜੇ ਕਿਸੇ ਨੇ ਨਜਾਇਜ਼ ਰਿਜੈਕਟ ਕੀਤੇ ਹਨ ਤਾਂ ਉਸ ਖਿਲਾਫ ਕਾਰਵਾਈ ਹੋਵੇਗੀ ਅਤੇ ਜੇ ਉਨ੍ਹਾਂ ਦਾ ਹੱਕ ਬਣਦਾ ਹੈ ਤਾਂ ਉਨ੍ਹਾਂ ਨੂੰ ਬਣਦਾ ਹੱਕ ਮਿਲੇਗਾ।

**ਸ਼੍ਰੀ ਨੱਥੂ ਰਾਮ:** ਧੰਨਵਾਦ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਜਿਸ ਤਰ੍ਹਾਂ ਮੰਤਰੀ ਜੀ ਨੇ ਇੱਕ ਹਲਕੇ ਦੀ ਰਿਪੋਰਟ ਦਿੱਤੀ ਹੈ ਕਿ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ। ਕੀ ਇਹ ਦਸ ਸਕਦੇ ਹਨ ਕਿ ਕਿਸ ਡੇਟ ਤੱਕ ਸਾਰੇ ਪੰਜਾਬ ਵਿੱਚ ਦਿੱਤੇ ਜਾ ਚੁੱਕੇ ਹਨ ਅਤੇ ਇਸ ਦੀ ਕੱਟ ਆਫ ਡੇਟ ਕੀ ਹੈ ? ਕਿਉਂਕਿ ਇਹ ਸਾਰੀ ਜਗ੍ਹਾ ਤਾਂ ਬਰਾਬਰ ਹੀ ਹੁੰਦੇ ਹੋਣਗੇ ਅਤੇ ਮੰਤਰੀ ਜੀ ਪੱਖਪਾਤ ਤਾਂ ਨਹੀਂ ਕਰਦੇ ਹੋਣਗੇ। ਇਹ ਦੱਸ ਦੇਣ ਕਿ ਇਸ ਦੀ ਕੱਟ ਆਫ ਡੇਟ ਕੀ ਹੈ ਅਤੇ ਇਹ ਕਿਸ ਡੇਟ ਤੱਕ ਦਿੱਤੇ ਜਾ ਚੁੱਕੇ ਹਨ ਅਤੇ ਬਾਕੀ ਕਦੋਂ ਤੋਂ ਪੈਂਡਿੰਗ ਰਹਿੰਦੇ ਹਨ?

**ਮਾਨਯੋਗ ਸਪੀਕਰ:** ਮੰਤਰੀ ਜੀ, ਦੱਸ ਸਕਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ 31.12.2018 ਤੱਕ ਸਾਰੇ ਹੀ ਕੇਸ ਨਿਪਟਾ ਦਿੱਤੇ ਗਏ ਹਨ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2010

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2063

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2020**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਕਿਸਾਨਾਂ ਨੂੰ ਗੰਨੇ ਦੀ ਪੇਮੈਂਟ ਜਲਦੀ ਕਰਵਾਉਣਾ**

*__2028. ਸਰਦਾਰ ਫਤਿਹਜੰਗ ਸਿੰਘ ਬਾਜਵਾ:__ ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਵਿੱਚ ਗੰਨੇ ਦੀ ਖੇਤੀ ਸਭ ਤੋਂ ਜ਼ਿਆਦਾ ਹੁੰਦੀ ਹੈ, ਪਰ ਕਿਸਾਨਾਂ ਨੂੰ ਹਰ ਸਾਲ ਗੰਨੇ ਦੀ ਪੇਮੈਂਟ ਨਹੀਂ ਮਿਲਦੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਹ ਪੇਮੈਂਟ ਮਿੱਲ ਮਾਲਕਾਂ ਤੋਂ ਜਲਦੀ ਕਰਵਾਉਣ ਲਈ ਕੋਈ ਯਤਨ ਕਰੇਗੀ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਇਹ ਠੀਕ ਹੈ ਕਿ ਕਾਦੀਆਂ ਵਿੱਚ ਗੰਨੇ ਦੀ ਖੇਤੀ ਕਾਫੀ ਰਕਬੇ ਵਿੱਚ ਹੁੰਦੀ ਹੈ। ਕਾਦੀਆਂ ਦਾ ਇਲਾਕਾ ਗੰਨੇ ਦੀ ਪਿੜਾਈ ਲਈ ਪ੍ਰਾਈਵੇਟ ਖੰਡ ਮਿੱਲ, ਕੀੜੀ ਅਫਗਾਨਾ ਅਧੀਨ ਆਉਂਦਾ ਹੈ। ਇਸ ਮਿੱਲ ਵੱਲੋਂ ਆਪਣੇ ਏਰੀਏ ਵਿੱਚ ਪੈਂਦੇ ਗੰਨਾ ਉਤਪਾਦਕਾਂ ਦੀ ਸਾਲ 2017-18 ਦੌਰਾਨ 316.54 ਕਰੋੜ ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ 27.30 ਕਰੋੜ ਰੁਪਏ ਗੰਨੇ ਦੀ ਪੇਮੈਂਟ ਬਕਾਇਆ ਹੈ, ਜਿਸ ਦੀ ਅਦਾਇਗੀ 31 ਮਾਰਚ, 2019 ਤੱਕ ਹੋਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਮੌਜੂਦਾ ਪਿੜਾਈ ਸੀਜ਼ਨ ਦੌਰਾਨ ਖੰਡ ਮਿੱਲ ਵੱਲੋਂ 96.57 ਕਰੋੜ ਰੁਪਏ ਦਾ ਗੰਨਾ ਮਿਤੀ 31 ਜਨਵਰੀ, 2019 ਤੱਕ ਪੀੜਿਆ ਗਿਆ ਹੈ ਅਤੇ ਗੰਨੇ ਦੀ ਪੇਮੈਂਟ ਦਾ ਭੁਗਤਾਨ ਕਰਵਾਉਣ ਲਈ ਸਰਕਾਰ ਵੱਲੋਂ ਲਗਾਤਾਰ ਮਿੱਲਾਂ ਤੇ ਨਿਗਰਾਨੀ ਰੱਖੀ ਜਾ ਰਹੀ ਹੈ।

**ਸਰਦਾਰ ਫਤਿਹਜੰਗ ਸਿੰਘ ਬਾਜਵਾ:** ਸਰ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਆਪਰੇਟਿਵ ਮਿੱਲਾਂ ਕਿਸਾਨਾਂ ਦੇ ਗੰਨੇ ਦੀ ਅਦਾਇਗੀ ਕਰ ਸਕਦੀਆਂ ਹਨ ਤਾਂ ਪ੍ਰਾਈਵੇਟ ਮਿੱਲਾਂ ਕਿਸਾਨਾਂ ਦੀ ਪੇਮੈਂਟ ਕਰਨ ਵਿੱਚ ਇੰਨੀ ਡਿਲੇਅ ਕਿਉਂ ਕਰਦੀਆਂ ਹਨ? ਔਰ ਪਿਛਲੇ ਸਾਲਾਂ ਦਾ 26 ਕਰੋੜ ਰੁਪਿਆ ਜਿਵੇਂ ਕੀੜੀ ਅਫਗਾਨਾ ਸ਼ੂਗਰ ਮਿੱਲ ਹੈ ਅਤੇ ਹੋਰ ਵੀ ਪ੍ਰਾਈਵੇਟ ਮਿੱਲਾਂ ਦਾ ਬਹੁਤ ਬਕਾਇਆ ਹੈ। ਕਿਸਾਨ ਪਹਿਲਾਂ ਹੀ ਮਾੜੇ ਸਮੇਂ ਵਿੱਚ ਪੀੜਿਆ ਜਾ ਰਿਹਾ ਹੈ। ਕਿਸਾਨ ਨੂੰ ਉਸ ਦੀ ਪੇਮੈਂਟ ਸਮੇਂ-ਸਿਰ ਮਿਲਣੀ ਚਾਹੀਦੀ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਗੁਜ਼ਾਰਿਸ਼ ਕਰਾਂਗਾ ਕਿ ਜਿਹੜਾ ਪ੍ਰਾਈਵੇਟ ਮਿੱਲਾਂ ਦਾ ਬਕਾਇਆ ਹੈ, ਉਹ ਕਿੰਨੀ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਦਿਵਾਇਆ ਜਾਵੇਗਾ?

**ਮੰਤਰੀ :** ਇਹ ਟੋਟਲ ਪ੍ਰਾਈਵੇਟ ਮਿੱਲਾਂ ਦਾ 103 ਕਰੋੜ ਰੁਪਿਆ ਹੈ, ਉਸ ਦੇ ਵਿੱਚੋਂ 65 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਦੇਣਾ ਸੀ। ਇਹ ਰਾਸ਼ੀ ਪੰਜਾਬ ਸਰਕਾਰ ਇਸੇ ਹਫਤੇ ਪ੍ਰਾਈਵੇਟ ਮਿੱਲਾਂ ਨੂੰ ਦੇ ਰਹੀ ਹੈ। ਜਿਹੜੀ ਕੀੜੀ ਅਫਗਾਨਾ ਮਿੱਲ ਦੀ ਗੱਲ ਹੈ, ਉਸ ਬਾਰੇ ਮੈਂ ਮਾਨਯੋਗ ਬਾਜਵਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਪਿਛਲੀ ਪੇਮੈਂਟ 22 ਕਰੋੜ ਰੁਪਿਆ ਕਰਨ ਵਾਲੀ ਹੈ ਜਿਸ ਵਿੱਚੋਂ 9 ਕਰੋੜ ਰੁਪਿਆ ਪੰਜਾਬ ਗੌਰਮਿੰਟ ਨੇ ਦੇਣਾ ਹੈ, ਉਸ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਿਆਂ ਹਾਂ ਕਿ ਉਹ ਪੇਮੈਂਟ ਇਸੇ ਹਫਤੇ ਕਰ ਦਿੱਤੀ ਜਾਵੇਗੀ। ਬਾਕੀ ਜਿਹੜੀ ਮਿੱਲ ਬਾਰੇ ਇਨ੍ਹਾਂ ਦਾ ਕੰਸਰਨ ਹੈ, ਉਸ ਬਾਰੇ ਕਾਫੀ ਰੌਲਾ ਵੀ ਪੈਂਦਾ ਰਹਿੰਦਾ ਹੈ ਅਤੇ ਉੱਥੇ ਧਰਨੇ ਵੀ ਲੱਗਦੇ ਹਨ। ਇਨ੍ਹਾਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਇਕੱਠੇ ਬੈਠ ਕੇ, ਡੀ.ਸੀ. ਗੁਰਦਾਸਪੁਰ ਨੂੰ ਬੁਲਾ ਕੇ ਉਸ ਬਿੱਲ ਨੂੰ ਪੁਟਅੱਪ ਕਰਨਾ ਪੈਣਾ ਹੈ ਕਿ ਉਹ ਕਿਸਾਨਾਂ ਦੇ ਨਾਲ ਬਿਹੇਵੀਅਰ ਠੀਕ ਕਰਨ ਅਤੇ ਕਿਸਾਨਾਂ ਦੇ ਗੰਨੇ ਦੀ ਪੇਮੈਂਟ ਵੀ ਜਲਦੀ ਕਰਨ।

**ਰਾਣਾ ਗੁਰਜੀਤ ਸਿੰਘ:** ਸਪਲੀਮੈਂਟਰੀ ਸਪੀਕਰ ਸਾਹਿਬ। ਕੀ ਪ੍ਰਾਈਵੇਟ ਮਿੱਲਾਂ ਹੋਣ ਜਾਂ ਸਰਕਾਰੀ ਮਿੱਲਾਂ ਹੋਣ, ਇਹ ਸਾਲ ਸਰਪਲਸ ਚੀਨੀ ਦਾ ਹੈ ਅਤੇ ਮਿੱਲਾਂ ਨੂੰ ਕੋਟਾ ਮਿਲਦਾ ਹੈ। ਹੁਣ ਮੈਂ ਆਪਣੀ ਮਿੱਲ ਦਾ ਉਦਾਹਰਣ ਦੇ ਦਿੰਦਾ ਹਾਂ, ਦਸੰਬਰ ਦੇ ਵਿੱਚ 70 ਹਜ਼ਾਰ ਬੋਰੀ ਦਾ ਕੋਟਾ ਆਇਆ, ਜਨਵਰੀ ਵਿੱਚ 25 ਹਜ਼ਾਰ ਬੋਰੀ ਦਾ ਕੋਟਾ ਆਇਆ ਔਰ ਫਿਰ ਫਰਵਰੀ ਦੇ ਵਿੱਚ 36 ਹਜ਼ਾਰ ਬੋਰੀ ਦਾ ਕੋਟਾ ਆਇਆ। ਮਤਲਬ 30 ਹਜ਼ਾਰ ਬੋਰੀ ਐਵਰੇਜ ਦੋ ਮਹੀਨੇ ਦੀ ਲਗਾਓ। ਅਸੀਂ 4-5 ਦਿਨ ਵਿੱਚ 30 ਹਜ਼ਾਰ ਬੋਰੀ ਬਣਾ ਲੈਂਦੇ ਹਾਂ। ਮਹੀਨੇ ਵਿੱਚ 30 ਜਾਂ 31 ਦਿਨ ਹੁੰਦੇ ਹਨ ਅਤੇ 25 ਦਿਨ ਦਾ ਸਟਾਕ ਮਿੱਲਾਂ ਕੋਲ ਪਿਆ ਰਹਿੰਦਾ ਹੈ। ਸਟਾਕ ਪਾਈਲ-ਅੱਪ ਹੋਇਆ, ਇਹ ਇੱਕ ਬਹੁਤ ਵੱਡੀ ਸਮੱਸਿਆ ਹੈ। ਔਰ ਜਦੋਂ ਸਮੱਸਿਆ ਗੰਨਾ ਕਿਸਾਨਾਂ ਤੇ ਆਈ ਤਾਂ ਮਿੱਲਾਂ ਤੇ ਵੀ ਉਹ ਸਮੱਸਿਆ ਆਈ। ਸਾਡੇ ਤੋਂ ਪਹਿਲੀ ਸਰਕਾਰ ਨੇ ਵੀ ਰਿਆਇਤਾਂ ਦਿੱਤੀਆਂ ਔਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਕਿਹਾ ਕਿ 25/-ਰੁਪਏ ਕੁਇੰਟਲ ਸਰਕਾਰ ਦੇਵੇਗੀ। ਇਹ ਬਹੁਤ ਵੱਡਾ ਕਦਮ ਚੁੱਕਿਆ ਗਿਆ ਹੈ, ਇਸ ਨਾਲ ਰਾਹਤ ਮਿਲੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ, ਸਵਾਲ ਪੁੱਛੋ।

**ਰਾਣਾ ਗੁਰਜੀਤ ਸਿੰਘ:** ਸਰ, ਮੈਂਬਰਜ਼ ਨੂੰ ਪਤਾ ਨਹੀਂ ਲੱਗਣਾ, ਜੇ ਮੈਂ ਪੂਰੀ ਗੱਲ ਨਾ ਦੱਸੀ ਤਾਂ ਮੇਰਾ ਸਵਾਲ ਬੇਕਾਰ ਹੋ ਜਾਵੇਗਾ। ਮੈਂ ਇਸ ਕਰਕੇ ਦੱਸ ਸਕਦਾ ਹਾਂ ਕਿਉਂਕਿ ਮੈਨੂੰ ਅੰਦਰ-ਖਾਤੇ ਪਤਾ ਹੈ।

**(ਇੱਕ ਅਵਾਜ਼:** ਸਰ, ਸਪਲੀਮੈਂਟਰੀ ਕਰ ਲੈਣ ਦਿਉ।)

**ਮਾਨਯੋਗ ਸਪੀਕਰ:** ਪਹਿਲਾਂ ਇਹ ਤਾਂ ਨਿਬੜ ਲੈਣ ਦਿਉ।

**ਰਾਣਾ ਗੁਰਜੀਤ ਸਿੰਘ:** ਗੱਲ ਇਹ ਹੈ ਕਿ ਅਗਰ ਤੁਸੀਂ ਸਾਡੀ ਮਿੱਲ ਦੀ ਗੱਲ ਕਰੋ। ਪਹਿਲਾਂ ਤਾਂ ਕੀੜੀ ਅਫਗਾਨਾ ਮਿੱਲ ਬਾਰੇ ਗੱਲ ਕਰ ਲਈਏ। ਉਹ ਮਿੱਲ ਟੀਨੂ ਜੀ ਨੇ ਲਵਾਈ ਸੀ, ਫਤਹਿਜੰਗ ਬਾਜਵਾ ਨੇ ****

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਉ।

**ਰਾਣਾ ਗੁਰਜੀਤ ਸਿੰਘ:** ** **

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਉ।

**ਰਾਣਾ ਗੁਰਜੀਤ ਸਿੰਘ:** ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਵੀ 25 ਕਰੋੜ ਰੁਪਿਆ ਬਕਾਇਆ ਹੈ, ਇਹ ਜ਼ਿਮੀਂਦਾਰ ਨੂੰ ਮਿਲਣਾ ਚਾਹੀਦਾ ਹੈ, ਮਿੱਲਾਂ ਨੂੰ ਦੇਣਾ ਚਾਹੀਦਾ ਹੈ। ਜਿਹੜੀ ਸਰਕਾਰ ਅੱਜ ਤੋਂ 3 ਸਾਲ ਪਹਿਲਾਂ ਇੱਥੇ ਬੈਠੀ ਸੀ, ਢੀਂਡਸਾ ਸਾਹਿਬ ਉਸ ਸਮੇਂ ਫਾਈਨਾਂਸ ਮਨਿਸਟਰ ਸਨ। ਇਨ੍ਹਾਂ ਨੇ ਕਿਹਾ ਸੀ ਕਿ ਮਿੱਲਾਂ ਨੂੰ ਇੰਟਰਸਟ ਫਰੀ ਲੋਨ ਦਿੱਤਾ ਹੈ। ਜ਼ਿਮੀਂਦਾਰ ਵੀ ਖੁਸ਼ ਹੋ ਗਿਆ, ਉਨ੍ਹਾਂ ਦੀ ਪੇਮੈਂਟ ਵੀ ਹੋ ਗਈ।

**ਮਾਨਯੋਗ ਸਪੀਕਰ:** ਰਾਣਾ ਜੀ, ਛੋਟੀ ਗੱਲ ਕਰੋ ।ਅਜੇ ਕੁਐਸਚਨ ਆਵਰ ਪੈਂਡਿੰਗ ਹੈ। ਰਾਣਾ ਜੀ, I am sorry.

**ਰਾਣਾ ਗੁਰਜੀਤ ਸਿੰਘ:** ਸਰ, 12 ਕਰੋੜ ਰੁਪਿਆ ਇੰਟਰਸਟ ਰਾਣਾ ਸ਼ੂਗਰ ਮਿੱਲ ਦਾ ਹੁਣ ਵਾਲੀ ਸਰਕਾਰ ਨੂੰ ਦੇਣਾ ਪੈਣਾ ਹੈ ਕਿਉਂਕਿ ਕੰਮ ਉਨ੍ਹਾਂ ਨੇ ਕੀਤੇ ਹਨ। ਪੈਸਾ ਕਿਸਾਨਾਂ ਨੂੰ ਅਸੀਂ ਦੇਣਾ ਹੈ, ਉਹ ਰਿਲੀਜ਼ ਕੀਤਾ ਜਾਵੇ ਤਾਂ ਕਿ 25 ਵਿੱਚੋਂ 12 ਰਹਿ ਜਾਵੇਗਾ, ਉਹ ਅਸੀਂ 31 ਤਾਰੀਖ ਤੱਕ ਦੇ ਦੇਵਾਂਗੇ। ਸਰ, 31 ਤਾਰੀਖ ਤੱਕ 12 ਕਰੋੜ ਰੁਪਿਆ ਰਿਲੀਜ਼ ਕਰਵਾਇਆ ਜਾਵੇ ਔਰ 25 ਰੁਪਏ ਦੀ ਪੇਮੈਂਟ ਨਾਲ ਦੀ ਨਾਲ ਦਿੱਤੀ ਜਾਵੇ ਤਾਂ ਕਿ ਜਿਹੜੇ ਕਿਸਾਨ ਹਨ, ਉਨ੍ਹਾਂ ਨੂੰ ਕਾਨਫੀਡੈਂਸ ਹੋਵੇਗਾ ਕਿ 25/- ਰੁਪਏ ਮਿਲਣੇ ਚਾਲੂ ਹੋ ਗਏ ਹਨ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਓ, ਕੋਈ ਨਹੀਂ। ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ ਜੀ, ਤੁਸੀਂ ਦੱਸੋ। ਤੁਸੀਂ ਸਾਰੇ ਇਕੱਠੇ ਨਾ ਖੜ੍ਹੇ ਹੋਵੋ।

---

** ** Expunged as ordered by the Chair.

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਜਿਹੜੀ ਸਰਕਾਰ ਕਿਸਾਨਾਂ ਦਾ ਕਰਜ਼ਾ ਮੁਆਫ ਕਰਦੀ ਸੀ, ਮੈਂ ਤੁਹਾਡੇ ਜ਼ਰੀਏ ਕੋਆਪਰੇਟਿਵ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪ੍ਰਾਈਵੇਟ ਮਿੱਲਾਂ ਵੱਲ ਸਾਲ 2017-18 ਦਾ 103 ਕਰੋੜ 36 ਲੱਖ ਰੁਪਿਆ, ਸਾਲ 2018-19 ਦਾ 626 ਕਰੋੜ ਰੁਪਏ ਬਕਾਇਆ ਹੈ ਇਸ ਵਿੱਚ ਕੋਆਪਰੇਟਿਵ ਮਿੱਲਾਂ ਵੀ ਪਿੱਛੇ ਨਹੀਂ ਹਨ। ਇਹ ਜਨਵਰੀ ਤੱਕ ਦਾ ਡਾਟਾ ਇਨ੍ਹਾਂ ਦੇ ਦਫਤਰ ਦਾ ਹੀ ਹੈ। ਸਾਲ 2017-18 ਦਾ 75 ਕਰੋੜ ਰੁਪਿਆ, ਸਾਲ 2018-19 ਦਾ 192 ਕਰੋੜ ਰੁਪਿਆ ਮਤਲਬ ਕਿ ਕੁੱਲ 996 ਕਰੋੜ ਰੁਪਿਆ, ਜਿਹੜਾ ਕਿਸਾਨ ਆਪਣਾ ਗੰਨਾ ਵੇਚ ਚੁੱਕਿਆ ਹੈ, ਉਸ ਦੀ ਕੀਮਤ ਹੈ। ਇੱਕ ਪਾਸੇ ਆਪਾਂ ਕਰਜ਼ਾ ਮੁਆਫੀ ਦੀ ਗੱਲ ਕੀਤੀ ਹੈ। ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਹੈ। ਦੂਸਰੇ ਪਾਸੇ ਇੱਕ ਹਜ਼ਾਰ ਕਰੋੜ ਰੁਪਿਆ ਸਮੇਤ ਕੋਆਪਰੇਟਿਵ ਅਤੇ ਪ੍ਰਾਈਵੇਟ ਮਿੱਲਜ਼ ਦਾ ਪੈਸਾ ਦੇਣਾ ਹੈ। ਮੇਰੀ ਤੁਹਾਡੇ ਜ਼ਰੀਏ ਸਹਿਕਾਰਤਾ ਮੰਤਰੀ ਸਾਹਿਬ ਨੂੰ ਬੇਨਤੀ ਅਤੇ ਪ੍ਰਸ਼ਨ ਹੈ ਕਿ ਕੀ ਤੁਸੀਂ ਸਮੇਤ ਵਿਆਜ 996 ਕਰੋੜ ਰੁਪਿਆ ਕਿਸਾਨਾਂ ਦੇ ਖਾਤੇ ਵਿੱਚ ਪਾ ਦਿਓਗੇ?

**ਮਾਨਯੋਗ ਸਪੀਕਰ:** ਮੰਤਰੀ ਜੀ, ਕਿੰਨੇ ਚਿਰ ਵਿੱਚ ਦੇ ਸਕਦੇ ਹੋ, ਕੁਝ ਸਮਾਂ ਦੱਸ ਦਿਓ।

**ਮੰਤਰੀ :** ਮੈਂ ਇੱਕ ਚੀਜ਼ ਇਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਨਵੀਂ ਜਾਂ ਪੁਰਾਣੀ ਪੇਮੈਂਟ ਹੈ?

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਮੈਂ ....

**ਮੰਤਰੀ :** ਇੱਕ ਮਿੰਟ ਸੁਣ ਲਓ ਜੀ, ਸਾਡੀ ਅੱਜ ਤੱਕ ਜਿਹੜੀ ਕੋਆਪਰੇਟਿਵ ਮਿੱਲਾਂ ਦੀ ਪੇਮੈਂਟ ਹੈ, ਅਸੀਂ ਟੋਟਲ 58% ਪੇਮੈਂਟ ਨਾਲੋ-ਨਾਲ ਕਰ ਰਹੇ ਹਾਂ ਅਤੇ ਜਿਹੜੀ ਪ੍ਰਾਈਵੇਟ ਮਿੱਲਾਂ ਦੀ ਇਨ੍ਹਾਂ ਨੇ ਗੱਲ ਕੀਤੀ ਹੈ, ਉਸ ਦੇ ਵਿੱਚੋਂ 103 ਕਰੋੜ ਰੁਪਿਆ, ਜਿਸ ਦਾ ਮੈਂ ਪਹਿਲਾਂ ਹੀ ਹਾਊਸ ਨੂੰ ਦੱਸ ਦਿੱਤਾ ਹੈ ਕਿ ਪੰਜਾਬ ਗੌਰਮਿੰਟ ਦਾ 65 ਕਰੋੜ ਰੁਪਿਆ ਦੇਣ ਵਾਲਾ ਹੈ। ਉਹ ਅਸੀਂ ਇਸ ਹਫਤੇ ਰਿਲੀਜ਼ ਕਰ ਦੇਣਾ ਹੈ। ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਦੂਸਰੀ ਵਿਆਜ ਵਾਲੀ ਗੱਲ ਕੀਤੀ ਹੈ, ਉਸ ਸਬੰਧੀ ਇਹ ਦੂਜਾ ਸਵਾਲ ਕਰ ਲੈਣ, ਉਸ ਦਾ ਅਗਲੀ ਵਾਰ ਜਵਾਬ ਦੇ ਦੇਵਾਂਗੇ। ਇਸ ਬਾਰੇ ਕੀ ਪਾਲਿਸੀ ਬਣ ਰਹੀ ਹੈ ? ਜਿਹੜੀਆਂ ਇਨ੍ਹਾਂ ਨਾਲ ਸਬੰਧਿਤ ਵੱਖ-ਵੱਖ ਯੂਨੀਅਨਜ਼ ਹਨ, ਉਨ੍ਹਾਂ ਨਾਲ ਵੀ ਅਸੀਂ ਗੱਲਬਾਤ ਕਰ ਰਹੇ ਹਾਂ ਅਤੇ ਸਾਡੇ ਜਿਹੜੇ ਕੋਆਪਰੇਟਿਵ ਸ਼ੂਗਰ ਮਿੱਲ ਅਤੇ ਪ੍ਰਾਈਵੇਟ ਮਿੱਲਜ਼ ਹਨ, ਉਨ੍ਹਾਂ ਦਾ 31 ਮਾਰਚ ਤੱਕ ਪੁਰਾਣਾ ਭੁਗਤਾਨ ਕਰ ਦੇਵਾਂਗੇ।

**ਮਾਨਯੋਗ ਸਪੀਕਰ:** ਪੰਜ ਸਪਲੀਮੈਂਟਰੀਜ਼ ਹੋ ਚੁੱਕੀਆਂ ਹਨ। Five supplementaries have already been allowed.

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੰਤਰੀ ਜੀ ਕੋਲੋਂ ਮੇਰੇ ਸਵਾਲ

ਦਾ ਜਵਾਬ ਤਾਂ ਲੈ ਲੈਣ ਦਿਓ ਜੀ। ਮੇਰਾ ਸਵਾਲ ਇਹ ਹੈ ਕਿ ਜਿਹੜਾ 996 ਕਰੋੜ ਰੁਪਿਆ ਟੋਟਲ ਕੋਆਪਰੇਟਿਵ ਅਤੇ ਪ੍ਰਾਈਵੇਟ ਮਿੱਲਜ਼ ਵੱਲ ਹੈ, ਉਹ ਸਮੇਤ ਵਿਆਜ ਕਦੋਂ ਤੱਕ ਦੇ ਦੇਣਗੇ ? ਸਿੱਧਾ ਜਿਹਾ ਸਵਾਲ ਹੈ ਜੀ। ਸਰ, ਕਿਸਾਨ ਨੇ ਆਪਣਾ ਗੰਨਾ ਵੇਚ ਲਿਆ ਹੈ। ਕੀ ਹਾਲੇ ਤੱਕ ਉਸ ਉੱਤੇ ਪਾਲਿਸੀ ਬਣਨੀ ਹੈ?

**ਮਾਨਯੋਗ ਸਪੀਕਰ:** ਬੈਠੋ, ਬੈਠੋ, ਤੁਹਾਡੀ ਗੱਲ ਆ ਗਈ ਹੈ। ਨੈਕਸਟ ਸਵਾਲ, ਅਵਤਾਰ ਸਿੰਘ ਜੂਨੀਅਰ।

-----

## ਪੀ.ਐਸ.ਪੀ.ਸੀ.ਐਲ. ਵਿੱਚ ਅਮਲੇ ਦੀ ਭਰਤੀ ਅਤੇ ਤੈਨਾਤੀ ਦੇ ਵੇਰਵੇ

***1969. ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਾਲ 2017–18 ਅਤੇ 2018–19 ਦੌਰਾਨ ਪੀ.ਐਸ.ਪੀ.ਸੀ.ਐਲ. ਦੁਆਰਾ ਸ਼੍ਰੇਣੀਵਾਰ ਟੈਕਨੀਕਲ ਅਤੇ ਨਾਨ ਟੈਕਨੀਕਲ ਦੀ ਵੱਖ-ਵੱਖ ਤੌਰ ਤੇ ਕੀਤੀ ਭਰਤੀ ਅਤੇ ਭਰਤੀ ਕੀਤੇ ਗਏ ਉਨ੍ਹਾਂ ਵਿਅਕਤੀਆਂ ਦੀ ਪੀ.ਐਸ.ਪੀ.ਸੀ.ਐਲ. ਦੁਆਰਾ ਜ਼ਿਲ੍ਹਾਵਾਰ ਤੈਨਾਤੀਆਂ ਦੇ ਵੇਰਵੇ ਕੀ ਹਨ;

(ਅ) ਜਲੰਧਰ ਸਰਕਲ ਵਿੱਚ ਸ਼੍ਰੇਣੀਵਾਰ ਅਤੇ ਡਿਵੀਜ਼ਨਵਾਰ ਟੈਕਨੀਕਲ ਅਤੇ ਨਾਨ ਟੈਕਨੀਕਲ ਅਮਲੇ ਦੀਆਂ ਮੌਜੂਦਾ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਸਾਲ 2017–18 ਦੌਰਾਨ ਪੀ.ਐਸ.ਪੀ.ਸੀ.ਐਲ. ਵਿਚ ਟੈਕਨੀਕਲ ਤੇ ਨਾਨ-ਟੈਕਨੀਕਲ ਸ਼੍ਰੇਣੀਆਂ ਅਧੀਨ ਕੁੱਲ 530 ਉਮੀਦਵਾਰ ਭਰਤੀ ਕੀਤੇ ਗਏ ਹਨ। ਟੈਕਨੀਕਲ ਸ਼੍ਰੇਣੀ ਅਧੀਨ 11 ਸਹਾਇਕ ਲਾਈਨਮੈਨ, 78 ਲਾਈਨਮੈਨ, 31 ਜੇ.ਈ, 115 ਰੈਗੂਲਰ ਟੀ-ਮੇਟ ਅਤੇ ਨਾਨ-ਟੈਕਨੀਕਲ ਸ਼੍ਰੇਣੀ ਅਧੀਨ 93 ਹੇਠਲੀ ਸ਼੍ਰੇਣੀ ਕਲਰਕ, 47 ਉੱਚ ਸ਼੍ਰੇਣੀ ਕਲਰਕ, 140 ਸੇਵਾਦਾਰ/ਚੌਂਕੀਦਾਰ ਅਤੇ 15 ਅੰਦਰੂਨੀ ਪੜਤਾਲਕਾਰ ਭਰਤੀ ਕੀਤੇ ਗਏ ਹਨ।

ਸਾਲ 2018–19 ਦੌਰਾਨ ਪੀ.ਐਸ.ਪੀ.ਸੀ.ਐਲ. ਵਿਚ ਟੈਕਨੀਕਲ ਤੇ ਨਾਨ-ਟੈਕਨੀਕਲ ਸ਼੍ਰੇਣੀਆਂ ਅਧੀਨ ਕੁੱਲ 3055 ਉਮੀਦਵਾਰ ਭਰਤੀ ਕੀਤੇ ਗਏ ਹਨ। ਟੈਕਨੀਕਲ ਸ਼੍ਰੇਣੀ ਅਧੀਨ 2439 ਸਹਾਇਕ ਲਾਈਨਮੈਨ, 229 ਸਬ-ਸਟੇਸ਼ਨ ਅਟੈਂਡੈਂਟ, 01 ਲਾਈਨਮੈਨ, 68 ਜੇ.ਈ, 01 ਇਲੈਕਟ੍ਰੀਸ਼ੀਅਨ ਗ੍ਰੇਡ-2, 98 ਰੈਗੂਲਰ ਟੀ-ਮੇਟ ਅਤੇ ਨਾਨ-ਟੈਕਨੀਕਲ ਸ਼੍ਰੇਣੀ ਅਧੀਨ 78 ਹੇਠਲੀ ਸ਼੍ਰੇਣੀ ਕਲਰਕ, 04 ਉਚ ਸ਼੍ਰੇਣੀ ਕਲਰਕ, 136 ਸੇਵਾਦਾਰ/ਚੌਂਕੀਦਾਰ ਅਤੇ 01 ਅੰਦਰੂਨੀ ਪੜਤਾਲਕਾਰ ਭਰਤੀ ਕੀਤੇ ਗਏ ਹਨ।

ਭਰਤੀ ਕੀਤੇ ਗਏ ਉਮੀਦਵਾਰਾਂ ਦੀ ਪੀ.ਐਸ.ਪੀ.ਸੀ.ਐਲ. ਵਿਚ ਜ਼ਿਲ੍ਹਾਵਾਰ ਤੈਨਾਤੀ ਦਾ ਵੇਰਵਾ ਅਨੈਕਸਚਰ-ਏ ਮੁਤਾਬਿਕ ਹੈ।

ਅਨੈਕਸਚਰ - ਏ

| ਸਾਲ 2017-18 | | | | | | | | | | | |
|---|---|---|---|---|---|---|---|---|---|---|---|
| ਕ੍ਰਮ ਨੰ. | ਜਿਲ੍ਹਾ | ਟੈਕਨੀਕਲ/ ਸ਼੍ਰੇਣੀ ਦਾ ਨਾਂ | | | | | | | ਨਾਨ-ਟੈਕਨੀਕਲ/ ਸ਼੍ਰੇਣੀ ਦਾ ਨਾਂ | | |
| | | ਸਹਾ-ਇਕ ਲਾਇ-ਨਮੈਨ | ਸਬ ਸਟੇਸ਼ਨ ਅਟੈਂਡੈਂਟ | ਲਾਈ-ਨਮੈਨ | ਜੂਨੀਅਰ ਇੰਜੀ-ਨੀਅਰ | ਇਲੈਕ-ਟ੍ਰੀਸ਼ਨ ਗ੍ਰੇਡ-2 | ਰੈਗੂਲਰ-ਟੀਮੇਟ | ਹੇਠਲੀ ਸ਼੍ਰੇਣੀ ਕਲਰਕ | ਉਚ ਸ਼੍ਰੇਣੀ ਕਲਰਕ ਜਨਰਲ/ ਅਕਾ-ਊਂਟਸ | ਸੇਵਾਦਾਰ/ ਚੌਂਕੀਦਾਰ | ਅੰਦਰੂਨੀ ਪੜਤਾਲ ਕਾਰ |
| 1 | ਅੰਮ੍ਰਿਤਸਰ | 0 | 0 | 0 | 1 | 0 | 0 | 2 | 0 | 6 | 2 |
| 2 | ਗੁਰਦਾਸਪੁਰ | 0 | 0 | 3 | 1 | 0 | 0 | 2 | 1 | 9 | 0 |
| 3 | ਪਠਾਨਕੋਟ | 0 | 0 | 0 | 0 | 0 | 0 | 1 | 0 | 5 | 0 |
| 4 | ਤਰਨਤਾਰਨ | 1 | 0 | 1 | 1 | 0 | 0 | 0 | 0 | 13 | 0 |
| 5 | ਜਲੰਧਰ | 0 | 0 | 39 | 3 | 0 | 7 | 4 | 4 | 8 | 1 |
| 6 | ਹੁਸ਼ਿਆਰਪੁਰ | 1 | 0 | 1 | 4 | 0 | 11 | 3 | 2 | 6 | 0 |
| 7 | ਕਪੂਰਥਲਾ | 9 | 0 | 20 | 0 | 0 | 22 | 2 | 1 | 1 | 0 |
| 8 | ਨਵਾਂਸ਼ਹਿਰ | 0 | 0 | 0 | 0 | 0 | 4 | 0 | 0 | 2 | 0 |
| 9 | ਲੁਧਿਆਣਾ | 0 | 0 | 0 | 0 | 0 | 2 | 23 | 21 | 34 | 4 |
| 10 | ਫਤਿਹਗੜ੍ਹ ਸਾਹਿਬ | 0 | 0 | 0 | 2 | 0 | 0 | 3 | 4 | 10 | 0 |
| 11 | ਸੰਗਰੂਰ | 0 | 0 | 0 | 3 | 0 | 8 | 7 | 3 | 6 | 0 |
| 12 | ਪਟਿਆਲਾ | 0 | 0 | 0 | 8 | 0 | 5 | 12 | 4 | 10 | 5 |

| | | | | | | | | | | | |
|---|---|---|---|---|---|---|---|---|---|---|---|
| 13 | ਬਰਨਾਲਾ | 0 | 0 | 0 | 1 | 0 | 6 | 2 | 1 | 0 | 0 |
| 14 | ਰੂਪਨਗਰ | 0 | 0 | 0 | 1 | 0 | 10 | 2 | 0 | 4 | 2 |
| 15 | ਮੋਹਾਲੀ | 0 | 0 | 0 | 1 | 0 | 10 | 4 | 1 | 2 | 0 |
| 16 | ਬਠਿੰਡਾ | 0 | 0 | 1 | 2 | 0 | 11 | 10 | 1 | 6 | 1 |
| 17 | ਫਰੀਦਕੋਟ | 0 | 0 | 1 | 0 | 0 | 7 | 2 | 0 | 4 | 0 |
| 18 | ਫਿਰੋਜ਼ਪੁਰ | 0 | 0 | 6 | 0 | 0 | 4 | 3 | 0 | 4 | 0 |
| 19 | ਸ੍ਰੀ ਮੁਕਤਸਰ ਸਾਹਿਬ | 0 | 0 | 2 | 0 | 0 | 1 | 1 | 1 | 2 | 0 |
| 20 | ਫਾਜ਼ਿਲਕਾ | 0 | 0 | 2 | 0 | 0 | 4 | 9 | 1 | 2 | 0 |
| 21 | ਮਾਨਸਾ | 0 | 0 | 2 | 2 | 0 | 1 | 1 | 1 | 4 | 0 |
| 22 | ਮੋਗਾ | 0 | 0 | 0 | 1 | 0 | 2 | 0 | 1 | 2 | 0 |
| **ਕੁੱਲ** | | **11** | **0** | **78** | **31** | **0** | **115** | **93** | **47** | **140** | **15** |

| | | ਸਾਲ 2018-19 | | | | | | | | | |
|---|---|---|---|---|---|---|---|---|---|---|---|
| | | ਟੈਕਨੀਕਲ/ ਸ਼੍ਰੇਣੀ ਦਾ ਨਾਂ | | | | | | ਨਾਨ-ਟੈਕਨੀਕਲ/ ਸ਼੍ਰੇਣੀ ਦਾ ਨਾਂ | | | |
| | | ਸ:ਲ:ਮ: | ਐਸ.ਐਸ.ਏ. | ਲ:ਮ: | ਜੇ.ਈ. | ਇਲੈਕ.-ਗ੍ਰੇਡ-2 | ਆਰ.ਟੀ.ਐਮ. | ਹੇ.ਸ੍ਰੇ.ਕ. | ਉ.ਸ੍ਰੇ.ਕ. ਜਨਰਲ/ ਅਕਾਊਂਟਸ | ਸੇਵਾਦਾਰ/ ਚੌਕੀਦਾਰ | ਅੰਦਰੂ-ਨੀਪੜ-ਤਾਲਕਾਰ |
| ਕ੍ਰਮ ਨੰ. | ਜ਼ਿਲ੍ਹਾ | ਸਾਲ 2018-19 | | | | | | | | | |
| 1 | ਅੰਮ੍ਰਿਤਸਰ | 196 | 6 | 0 | 2 | 1 | 12 | 14 | 1 | 18 | 0 |
| 2 | ਗੁਰਦਾਸਪੁਰ | 162 | 0 | 0 | 3 | 0 | 0 | 5 | 0 | 15 | 0 |
| 3 | ਪਠਾਨਕੋਟ | 52 | 0 | 0 | 0 | 0 | 0 | 4 | 0 | 1 | 0 |
| 4 | ਤਰਨਤਾਰਨ | 79 | 8 | 0 | 3 | 0 | 0 | 5 | 0 | 7 | 0 |
| 5 | ਜਲੰਧਰ | 69 | 0 | 1 | 8 | 0 | 7 | 3 | 2 | 10 | 0 |
| 6 | ਹੁਸ਼ਿਆਰਪੁਰ | 60 | 6 | 0 | 0 | 0 | 10 | 9 | 0 | 5 | 0 |
| 7 | ਕਪੂਰਥਲਾ | 10 | 17 | 0 | 1 | 0 | 12 | 1 | 0 | 2 | 0 |
| 8 | ਨਵਾਂਸ਼ਹਿਰ | 39 | 7 | 0 | 0 | 0 | 3 | 0 | 0 | 2 | 0 |
| 9 | ਲੁਧਿਆਣਾ | 196 | 25 | 0 | 9 | 0 | 2 | 5 | 0 | 18 | 1 |
| 10 | ਫਤਿਹਗੜ੍ਹ ਸਾਹਿਬ | 47 | 0 | 0 | 1 | 0 | 0 | 1 | 0 | 5 | 0 |
| 11 | ਸੰਗਰੂਰ | 315 | 12 | 0 | 2 | 0 | 3 | 8 | 0 | 7 | 0 |
| 12 | ਪਟਿਆਲਾ | 282 | 31 | 0 | 10 | 0 | 4 | 4 | 1 | 10 | 0 |
| 13 | ਬਰਨਾਲਾ | 95 | 7 | 0 | 1 | 0 | 2 | 2 | 0 | 1 | 0 |
| 14 | ਰੂਪਨਗਰ | 80 | 0 | 0 | 1 | 0 | 8 | 2 | 0 | 5 | 0 |
| 15 | ਮੋਹਾਲੀ | 31 | 11 | 0 | 4 | 0 | 5 | 2 | 0 | 2 | 0 |
| 16 | ਬਠਿੰਡਾ | 98 | 30 | 0 | 4 | 0 | 7 | 3 | 0 | 6 | 0 |
| 17 | ਫਰੀਦਕੋਟ | 71 | 12 | 0 | 0 | 0 | 1 | 2 | 0 | 3 | 0 |
| 18 | ਫਿਰੋਜ਼ਪੁਰ | 147 | 12 | 0 | 5 | 0 | 8 | 2 | 0 | 1 | 0 |
| 19 | ਸ੍ਰੀ ਮੁਕਤਸਰ ਸਾਹਿਬ | 93 | 18 | 0 | 6 | 0 | 5 | 3 | 0 | 5 | 0 |
| 20 | ਫਾਜ਼ਿਲਕਾ | 184 | 19 | 0 | 5 | 0 | 4 | 0 | 0 | 4 | 0 |
| 21 | ਮਾਨਸਾ | 115 | 8 | 0 | 0 | 0 | 5 | 1 | 0 | 5 | 0 |
| 22 | ਮੋਗਾ | 18 | 0 | 0 | 3 | 0 | 0 | 2 | 0 | 4 | 0 |
| | **ਕੁੱਲ** | **2439** | **229** | **1** | **68** | **1** | **98** | **78** | **4** | **136** | **1** |

(ਅ) ਜਲੰਧਰ ਸਰਕਲ ਵਿੱਚ ਸ਼੍ਰੇਣੀਵਾਰ ਅਤੇ ਡਵੀਜ਼ਨਵਾਰ ਟੈਕਨੀਕਲ ਅਤੇ ਨਾਨ ਟੈਕਨੀਕਲ ਅਮਲੇ ਦੀਆਂ ਮੌਜੂਦਾ ਖਾਲੀ ਪਈਆਂ ਅਸਾਮੀਆਂ ਦਾ ਵੇਰਵਾ ਅਨੈਕਸਚਰ-ਬੀ ਮੁਤਾਬਿਕ ਹੈ।

Annexure- B

## Division-wise details of Technical Posts

| SR. No. | Name of Post | Jalan-dhar Circle | | | East Division | | | West Division | | | Cantt Division | | | M/Town Division | | | Phagwara | | | Total | | |
|---|---|---|---|---|---|---|---|---|---|---|---|---|---|---|---|---|---|---|---|---|---|---|
| | | S | P | V | S | P | V | S | P | V | S | P | V | S | P | V | S | P | V | S | P | V |
| 1 | Superinten-dent Engineer/ Electrical | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 2 | Sr. Executive Engineer/ Electrical | 1 | 1 | 0 | 1 | 1 | 0 | 1 | 1 | 0 | 1 | 1 | 0 | 1 | 1 | 0 | 1 | 1 | 0 | 6 | 6 | 0 |
| 3 | Assistant Executive Engineer/ Electrical | 0 | 0 | 0 | 3 | 2 | 1 | 2 | 2 | 0 | 4 | 3 | 1 | 3 | 3 | 0 | 4 | 4 | 0 | 16 | 14 | 2 |
| 4 | Assistant Engineer/ Electrical | 0 | 0 | 0 | 3 | 3 | 0 | 3 | 3 | 0 | 1 | 0 | 1 | 3 | 0 | 3 | 2 | 2 | 0 | 12 | 8 | 4 |
| 5 | Circle Head Draftsman | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 6 | Divisional Head Draftsman | 0 | 0 | 0 | 0 | 0 | 0 | 2 | 0 | 2 | 2 | 0 | 2 | 0 | 0 | 0 | 1 | 0 | 1 | 5 | 0 | 5 |
| 7 | Addl. Assistant Engineer/ Electrical | 0 | 0 | 0 | 5 | 4 | 1 | 6 | 5 | 1 | 9 | 9 | 0 | 5 | 3 | 2 | 6 | 6 | 0 | 31 | 27 | 4 |
| 8 | Addl. Assistant Engineer/ Instalation | 0 | 0 | 0 | 0 | 0 | 0 | 2 | 1 | 1 | 1 | 1 | 0 | 0 | 0 | 0 | 0 | 0 | 0 | 3 | 2 | 1 |
| 9 | Junior Engineer/ | 0 | 0 | 0 | 11 | 11 | 0 | 57 | 22 | 35 | 47 | 22 | 25 | 16 | 13 | 3 | 37 | 13 | 24 | 168 | 81 | 87 |
| 10 | Junior Engineer/ Instalation | 0 | 0 | 0 | 0 | 0 | 0 | 2 | 1 | 1 | 3 | 1 | 2 | 0 | 0 | 0 | 2 | 0 | 2 | 7 | 2 | 5 |
| 11 | Foreman | 0 | 0 | 0 | 0 | 0 | 0 | 9 | 6 | 3 | 6 | 2 | 4 | 0 | 0 | 0 | 5 | 4 | 1 | 20 | 12 | 8 |
| 12 | Draftsman | 2 | 0 | 2 | 0 | 0 | 0 | 2 | 0 | 2 | 2 | 0 | 2 | 0 | 0 | 0 | 1 | 0 | 1 | 7 | 0 | 7 |
| 13 | Cable Jointer | 0 | 0 | 0 | 0 | 0 | 0 | 2 | 0 | 2 | 0 | 0 | 0 | 0 | 0 | 0 | 0 | 0 | 0 | 2 | 0 | 2 |
| 14 | Lineman | 0 | 0 | 0 | 53 | 20 | 33 | 232 | 97 | 135 | 209 | 85 | 124 | 59 | 30 | 29 | 168 | 52 | 116 | 721 | 284 | 437 |
| 15 | Sub Station Attendant | 0 | 0 | 0 | 0 | 0 | 0 | 26 | 3 | 23 | 6 | 3 | 3 | 0 | 0 | 0 | 5 | 1 | 4 | 37 | | 0 |

| | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|
| 16 Driver | 2 | 0 | 2 | 1 | 0 | 1 | 11 | 1 | 10 | 11 | 0 | 11 | 2 | 0 | 2 | 7 | 1 | 6 | 34 | 2 | 32 |
| 17 Meter Reader | 4 | 0 | 4 | 28 | 4 | 24 | 0 | 0 | 0 | 0 | 0 | 0 | 34 | 15 | 19 | 16 | 2 | 14 | 82 | 21 | 61 |
| 18 Assistant Lineman | 0 | 0 | 0 | 75 | 15 | 60 | 346 | 90 | 256 | 304 | 67 | 237 | 87 | 35 | 52 | 248 | 26 | 222 | 1060 | 233 | 827 |
| 19 Crane Operator Grade-II | 0 | 0 | 0 | 0 | 0 | 0 | 1 | 0 | 1 | 0 | 0 | 0 | 0 | 0 | 0 | 0 | 0 | 0 | 1 | 0 | 1 |
| 20 Cable Jointer Mate | 2 | 0 | 2 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 2 | 0 | 2 |
| 21 Regular T-Mate | 0 | 0 | 0 | 0 | 0 | 0 | 6 | 4 | 2 | 9 | 4 | 5 | 0 | 3 | -3 | 5 | 5 | 0 | 20 | 16 | 4 |
| 22 App LM | 0 | 0 | 0 | 6 | 0 | 6 | 28 | 0 | 28 | 21 | 0 | 21 | 7 | 0 | 7 | 17 | 0 | 17 | 79 | 0 | 79 |
| Total | 13 | 3 | 10 | 186 | 60 | 126 | 738 | 236 | 502 | 636 | 198 | 438 | 217 | 103 | 114 | 525 | 117 | 408 | 2315 | 717 | 1598 |

Annexure- B

## Division-wise details of Technical Posts

| SR. No. Name of Post | Jalan-dhar Circle | | | | | East Division | | | West Division | | | Cantt Division | | | M/Town Division | | | Phagwara | | | Total |
|---|---|---|---|---|---|---|---|---|---|---|---|---|---|---|---|---|---|---|---|---|---|
| | **S** | **P** | **V** | **S** | **P** | **V** | **S** | **P** | **V** | **S** | **P** | **V** | **S** | **P** | **V** | **S** | **P** | **V** | **S** | **P** | **V** |
| 1 SAS Supdt | 0 | 0 | 0 | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 2 Revenue Supdt. | 0 | 0 | 0 | 2 | 2 | 0 | 0 | 0 | 0 | 0 | 0 | 0 | 1 | 1 | 0 | 1 | 1 | 0 | 4 | 4 | 0 |
| 3 Personal Assistant | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 4 Circle Supdt. | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 5 Divisional Supdt. | 0 | 0 | 0 | 1 | 1 | 0 | 1 | 1 | 0 | 1 | 1 | 0 | 1 | 1 | 0 | 1 | 1 | 0 | 5 | 5 | 0 |
| 6 Revenue Accountant | 1 | 0 | 1 | 8 | 8 | 0 | 0 | 0 | 0 | 0 | 0 | 0 | 10 | 9 | 1 | 4 | 3 | 1 | 23 | 20 | 3 |
| 7 Divisional Supdt. (Accounts) | 0 | 0 | 0 | 0 | 0 | 0 | 1 | 1 | 0 | 1 | 1 | 0 | 1 | 1 | 0 | 1 | 1 | 0 | 4 | 4 | 0 |
| 8 Assistant Revenue Accountant | 0 | 0 | 0 | 1 | 0 | 1 | 0 | 0 | 0 | 0 | 0 | 0 | 0 | 0 | 0 | 1 | 0 | 1 | 2 | 0 | 2 |
| 9 Circle Assistant | 5 | 5 | 0 | 2 | 2 | 0 | 2 | 2 | 0 | 2 | 2 | 0 | 2 | 2 | 0 | 2 | 1 | 1 | 15 | 14 | 1 |
| 10 Upper Divisional Clerk General | 5 | 4 | 1 | 7 | 5 | 2 | 7 | 6 | 1 | 7 | 4 | 3 | 7 | 5 | 2 | 8 | 6 | 2 | 41 | 30 | 11 |
| 11 Upper Divisional Clerk Accounts | 0 | 0 | 0 | 31 | 21 | 10 | 5 | 4 | 1 | 5 | 5 | 0 | 28 | 18 | 10 | 16 | 2 | 14 | 85 | 50 | 35 |
| 12 Steno Typist | 1 | 0 | 1 | 1 | 0 | 1 | 1 | 1 | 0 | 1 | 0 | 1 | 1 | 1 | 0 | 1 | 1 | 0 | 6 | 3 | 3 |
| 13 Lower Divisional Clerk / Cashiers | 0 | 0 | 0 | 34 | 14 | 20 | 0 | 0 | 0 | 0 | 0 | 0 | 46 | 12 | 34 | 19 | 4 | 15 | 99 | 30 | 69 |

| | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|
| 14 Lower Divisional Clerk | 6 | 1 | 5 | 36 | 30 | 6 | 11 | 8 | 3 | 12 | 10 | 2 | 52 | 43 | 9 | 30 | 15 | 15 | 147 | 107 | 40 |
| 15 Bill Distributor | 0 | 0 | 0 | 27 | 3 | 24 | 0 | 0 | 0 | 0 | 0 | 0 | 29 | 8 | 21 | 16 | 0 | 16 | 72 | 11 | 61 |
| 16 Hawaldar | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 17 Peon | 4 | 3 | 1 | 14 | 6 | 8 | 11 | 7 | 4 | 10 | 7 | 3 | 15 | 12 | 3 | 14 | 10 | 4 | 68 | 45 | 23 |
| 18 Sweepers | 1 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 |
| 19 Chowkidar | 1 | 0 | 1 | 7 | 3 | 4 | 3 | 0 | 3 | 4 | 1 | 3 | 8 | 0 | 8 | 7 | 2 | 5 | 30 | 6 | 24 |
| Total | 27 | 17 | 10 | 172 | 96 | 76 | 42 | 30 | 12 | 43 | 31 | 12 | 201 | 113 | 88 | 121 | 47 | 74 | 606 | 334 | 272 |

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਅਤੇ ਹੱਥਾਂ ਵਿੱਚ ਸਲੋਗਨ ਵਾਲੀਆਂ ਤਖ਼ਤੀਆਂ ਲੈ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬੈਠੋ, ਬੈਠੋ, ਪੰਜ ਸਪਲੀਮੈਂਟਰੀਜ਼ ਹੋ ਗਈਆਂ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਇਹ ਬਹੁਤ ਮਾੜੀ ਗੱਲ ਹੈ (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਉਨ੍ਹਾਂ ਨੇ ਜੋ ਜਵਾਬ ਦੇਣਾ ਸੀ, ਉਹ ਜਵਾਬ ਦੇ ਦਿੱਤਾ ਹੈ। (ਵਿਘਨ, ਸ਼ੋਰ) ਹਾਂ ਜੀ, ਅਵਤਾਰ ਸਿੰਘ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਧੰਨਵਾਦ ਜੀ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਅਤੇ ਹੱਥਾਂ ਵਿੱਚ ਸਲੋਗਨ ਵਾਲੀਆਂ ਤਖਤੀਆਂ ਲੈ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸਵਾਲ ਦਾ ਜਵਾਬ ਦਿੱਤਾ ਹੈ (ਵਿਘਨ)। ਬੈਂਸ ਸਾਹਿਬ, ਬੇਨਤੀ ਹੈ ਕਿ ਇੱਕ ਮਿੰਟ ਇਹ ਮੁਕਾ ਲੈਣ ਦਿਓ ਜੀ।ਸਪੀਕਰ ਸਾਹਿਬ, ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ ਕਿ ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ, ਉਸ ਵਿੱਚ ਲਗਭਗ ...(ਵਿਘਨ, ਸ਼ੋਰ)

** Not recorded as ordered by the Chair.

**ਮਾਨਯੋਗ ਸਪੀਕਰ:** ਬੈਠੋ, ਬੈਠੋ, ਪੰਜ ਸਪਲੀਮੈਂਟਰੀਜ਼ ਹੋ ਚੁੱਕੀਆਂ ਹਨ। (ਵਿਘਨ, ਸ਼ੋਰ)

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਬੈਂਸ ਸਾਹਿਬ, ਮੈਨੂੰ ਇੱਕ ਮਿੰਟ ਇਹ ਮੁਕਾ ਲੈਣ ਦਿਓ ਜੀ।(ਵਿਘਨ, ਸ਼ੋਰ)

**ਸਰਦਾਰ ਸਿਮਰਜੀਤ ਸਿੰਘ ਬੈਂਸ:** ਮੇਰੇ ਸਵਾਲ ਦਾ ਜਵਾਬ ਤਾਂ ਦਿਓ ਜੀ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਤੁਸੀਂ ਬਜਟ ਤੇ ਬਹਿਸ ਦੌਰਾਨ ਬੋਲ ਲੈਣਾ। (ਵਿਘਨ, ਸ਼ੋਰ)

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਬਜਟ ਤੇ ਬੋਲਣ ਦਾ ਕੀ ਮਤਲਬ ਜੀ। ਮੇਰੇ ਸਵਾਲ ਦਾ ਜਵਾਬ ਜੀ ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਪੰਜ ਸਪਲੀਮੈਂਟਰੀਜ਼ ਹੋ ਗਈਆਂ, ਪੰਜ ਸਪਲੀਮੈਂਟਰੀਜ਼ ਹੋ ਗਈਆਂ। Five supplementaries ਹੋ ਗਈਆਂ ਹਨ। ਉਨ੍ਹਾਂ ਦਾ ਜਵਾਬ ਆ ਗਿਆ। ਤੁਸੀਂ ਬਜਟ ਤੇ ਬਹਿਸ ਦੌਰਾਨ ਬੋਲਣਾ ਹੈ ਤਾਂ ਅੱਜ ਬੋਲ ਲਓ।(ਵਿਘਨ..ਸ਼ੋਰ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੇ ਹੱਥਾਂ ਵਿਚ ਕਾਗਜ਼ ਲਹਿਰਾਉਂਦੇ ਹੋਏ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ, ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਨਹੀਂ, ਸਵਾਲ ਹੋ ਗਿਆ, ਪੰਜ ਸਪਲੀਮੈਂਟਰੀਜ਼ ਹੋ ਗਈਆਂ ਹਨ। ਹਾਂ ਜੀ, ਸ਼੍ਰੀ ਅਵਤਾਰ ਸਿੰਘ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਸਾਲ 2018-19 ਵਿਚ ਟੋਟਲ ਭਰਤੀਆਂ 2439 ਹੋਈਆਂ ਸਨ। ਇਸ ਵਿਚ ਜਲੰਧਰ ਨੂੰ ਸਿਰਫ 69 ਮਿਲੀਆਂ । (ਵਿਘਨ...ਸ਼ੋਰ) ਸਰ, ਦੁਆਬੇ ਵਿਚ ਚਾਰੇ ਜ਼ਿਲ੍ਹਿਆਂ ਨੂੰ ਇਕੱਠਾ ਕਰਕੇ, ਮਾਲਵੇ ਵਿੱਚ 1772 ਮੁਲਾਜ਼ਮ ਦਿੱਤੇ ਗਏ।(ਵਿਘਨ.. ਸ਼ੋਰ) ਸਰ, ਟੋਟਲ ਭਰਤੀ ਵਿਚੋਂ (ਅਵਾਜ਼ਾਂ ਕਿੰਨੇ ਵਿਚੋਂ) ਸਰ, 2439 ਦੇ ਵਿਚੋਂ ਜਲੰਧਰ ਨੂੰ ਸਿਰਫ 69 ਮੁਲਾਜ਼ਮ ਮਿਲੇ ਔਰ ਟੋਟਲ ਦੁਆਬੇ ਨੂੰ 178 ਮਿਲੇ। ਸਰ, ਮੇਰੀ ਮੰਤਰੀ ਸਾਹਿਬ ਨੂੰ ਗੁਜਾਰਿਸ਼ ਹੈ ਕਿ ਸਾਡੇ ਇੰਡਸਟਰੀਅਲ ਟਾਊਨ ਵੀ ਬਹੁਤ ਵੱਡੇ ਹਨ, ਐਗਰੀਕਲਚਰ ਵੀ ਬਹੁਤ ਹੈ। ਸਰ, ਘਾਟ ਜਿਹੜੀ ਇੱਥੇ ਦੱਸੀ ਗਈ ਹੈ, ਉਹ 2315 ਟੋਟਲ vacant posts ਹਨ, ਦੂਜੀ ਟੋਟਲ 606 ਹਨ

[ਸ਼੍ਰੀ ਅਵਤਾਰ ਸਿੰਘ ਜੂਨੀਅਰ]

ਤੇ vacant 272 ਹਨ ਤੇ 2315 ਦੇ ਵਿਚੋਂ 1598 vacant ਹਨ, ਮੇਰੀ ਗੁਜ਼ਾਰਿਸ਼ ਮੰਤਰੀ ਸਾਹਿਬ ਨੂੰ ਇਹ ਹੈ ਕਿ ਜਿਹੜੀਆਂ ਸਾਡੀਆਂ vacant posts ਹਨ, ਉਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ? ਦੂਜਾ ਅਗਲੀ ਵਾਰ ਕਦੋਂ ਰਿਕਰੂਟਮੈਂਟ ਹੋਵੇਗੀ? ਕਿਰਪਾ ਕਰਕੇ ਦੁਆਬੇ ਦਾ ਜੋ ਹੱਕ ਬਣਦਾ ਹੈ ਦਿੱਤਾ ਜਾਵੇ ਅਤੇ ਖਾਲੀ ਪੋਸਟਾਂ ਨੂੰ ਭਰਿਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਜੇ.ਈ. (ਇਲੈਕਟ੍ਰੀਕਲ ਅਤੇ ਸਿਵਲ) ਮੰਡਲ ਲੇਖਾਕਾਰ ਅਤੇ ਮਾਲ ਲੇਖਾਕਾਰ ਕੁੱਲ 488 ਅਸਾਮੀਆਂ ਦੀ ਭਰਤੀ ਦੀ ਕਾਰਵਾਈ ਜਲਦੀ ਹੀ ਸ਼ੁਰੂ ਕਰ ਲਈ ਜਾਵੇਗੀ। ਇਸ ਤੋਂ ਇਲਾਵਾ ਸਹਾਇਕ ਇੰਜੀਨੀਅਰਾਂ ਦੀ ਲਗਭਗ 175 ਨੰਬਰ ਅਸਾਮੀ GATE, 2019 ਦੇ ਕੁਆਲੀਫਾਈਡ ਉਮੀਦਵਾਰਾਂ ਵਿਚੋਂ ਭਰ ਲਈਆਂ ਜਾਣਗੀਆਂ। ਹੇਠਲੀ ਸ਼੍ਰੇਣੀ ਕਲਰਕ ਦੀਆਂ 330 ਅਸਾਮੀਆਂ ਲਈ ਮਿਤੀ 22-11-2018 ਨੂੰ ਨਤੀਜਾ ਘੋਸ਼ਿਤ ਕੀਤਾ ਗਿਆ ਸੀ ਜਿਸ ਵਿਰੁੱਧ ਸੀ.ਡਬਲਿਊ.ਪੀ ਨੰ. 30419/2018 ਦਾਇਰ ਹੋਣ ਕਰਕੇ ਮਾਨਯੋਗ ਹਾਈਕੋਰਟ ਨੇ ਭਰਤੀ ਪ੍ਰਕਿਰਿਆ ਤੇ ਰੋਕ ਲਗਾ ਦਿੱਤੀ ਸੀ। ਮਾਨਯੋਗ ਹਾਈਕੋਰਟ ਨੇ ਮਿਤੀ 19-12-2018 ਨੂੰ ਇਹ ਸਟੇਅ ਹਟਾ ਦਿੱਤੀ ਹੈ। ਹੇਠਲੀ ਸ਼੍ਰੇਣੀ ਕਲਰਕ ਦੀਆਂ 330 ਅਸਾਮੀਆਂ ਦੇ ਦਸਤਾਵੇਜ਼ਾਂ ਦੀ ਚੈਕਿੰਗ ਸਬੰਧੀ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ। ਜਿਨ੍ਹਾਂ ਵਿਚੋਂ 233 ਨੰਬਰ ਅਸਾਮੀਆਂ ਲਈ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੇ ਨਿਯੁਕਤੀ ਪੱਤਰ ਵੀ ਜਲਦੀ ਹੀ ਜਾਰੀ ਕਰ ਦਿਤੇ ਜਾਣਗੇ। ਇਸ ਤੋਂ ਇਲਾਵਾ 1-1-2018 ਤੋਂ 31-1-2019 ਤੱਕ ਤਰਸ ਦੇ ਆਧਾਰ ਤੇ ਕਲਾਸ-3 ਅਤੇ ਕਲਾਸ-4 ਦੀਆਂ 461 ਅਸਾਮੀਆਂ ਦੀ ਵੀ ਭਰਤੀ ਕੀਤੀ ਗਈ ਹੈ।ਵੱਖ-ਵੱਖ ਸ਼੍ਰੇਣੀਆਂ ਦੀਆਂ ਕੁੱਲ 12,939 ਅਸਾਮੀਆਂ ਦੀਆਂ ਭਰਤੀਆਂ ਦਾ ਪੰਜ ਸਾਲਾ ਪਲਾਨ ਸਾਲ 2018 ਤੋਂ 2022 ਤੱਕ ਦੀ ਪ੍ਰਵਾਨਗੀ ਬੋਰਡ ਆਫ ਡਾਇਰੈਕਟਰਜ਼ ਪੀ.ਐਸ.ਪੀ.ਸੀ.ਐਲ. ਵੱਲੋਂ ਦਿੱਤੀ ਗਈ ਹੈ। ਜਿਸ ਵਿਚੋਂ ਸਾਲ 2019 ਵਿਚ ਲਗਭਗ 5037 ਆਸਾਮੀਆਂ ਦੀ ਭਰਤੀ ਕਰ ਲਈ ਜਾਵੇਗੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਜਲੰਧਰ ਜਾਂ ਜਿੱਥੇ ਵੀ ਅਸਾਮੀਆਂ ਘੱਟ ਹਨ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਦੇ ਇਲਾਕੇ ਵਿਚ ਜਿੰਨੀਆਂ ਵੀ ਅਸਾਮੀਆਂ ਦੀ ਲੋੜ ਹੋਈ, ਉਹ ਜਲਦੀ ਤੋਂ ਜਲਦੀ ਪੂਰੀ ਕੀਤੀ ਜਾਵੇਗੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੇਰੀ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਹੈ ਕਿ ਸਾਡੇ ਨਾਲ ਆਲਰੇਡੀ ਵਿਤਕਰਾ ਹੋ ਗਿਆ। ਉਸ ਨੂੰ ਪਹਿਲਾਂ ਦੂਰ ਕੀਤਾ ਜਾਵੇ,ਉਸ ਵਿੱਚੋਂ ਪਹਿਲਾਂ ਸਾਨੂੰ ਦੇ ਦਿੱਤਾ ਜਾਵੇ। ਜਦੋਂ ਅਗਲੀ ਭਰਤੀ ਹੋਵੇਗੀ ਤਾਂ ਦੁਆਬੇ ਨੂੰ ਤੇ ਸਪੈਸ਼ਲੀ ਜਲੰਧਰ ਨੂੰ ਪਹਿਲ ਦੇ ਦਿੱਤੀ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਇਹ ਨਾ ਸੋਚਣ ਕਿ ਇਹ ਭਰਤੀ ਗਲਤ ਹੋਈ ਹੈ। ਇਹ ਭਰਤੀ ਬਿਲਕੁਲ ਹੀ ਮੈਰਿਟ ਤੇ ਹੋਈ ਹੈ।ਇਸ ਕਰਕੇ ਜਿਹੜੀ ਹੁਣ ਵੀ ਭਰਤੀ ਹੋਵੇਗੀ, ਉਹ ਵੀ ਮੈਰਿਟ ਤੇ ਹੋਵੇਗੀ।ਫਿਰ ਵੀ ਜੇ ਮਾਲਵੇ ਦੇ ਬੰਦੇ ਵਾਧੂ ਹੋਏ ਤਾਂ ਅਸੀਂ ਦੁਆਬੇ ਵਿਚ ਭੇਜ ਦੇਵਾਂਗੇ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੇਰੀ ਗੁਜ਼ਾਰਿਸ਼ ਹੈ ਕਿ ਮੈਂ ਭਰਤੀ ਪ੍ਰਕਿਰਿਆ ਤੇ ਕੋਈ ਕਿੰਤੂ ਨਹੀਂ ਲਾਇਆ। ਮੇਰੀ ਬੇਨਤੀ ਹੈ ਕਿ 1772 ਮਾਲਵੇ ਦੇ ਵਿਚ ਪੋਸਟਿੰਗਜ਼ ਹੋਈਆਂ ਹਨ ਤੇ ਦੁਆਬੇ ਵਿਚ ਸਿਰਫ 178 ਹੀ ਹੋਈਆਂ ਹਨ।

**ਮਾਨਯੋਗ ਸਪੀਕਰ :**ਤੁਹਾਡੀ ਗੱਲ ਆ ਗਈ , ਤੁਹਾਡੀ ਗੱਲ ਆ ਗਈ ਹੈ।ਰਾਣਾ ਗੁਰਜੀਤ ਸਿੰਘ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਦੋਂ ਇਹ ਭਰਤੀ ਹੋਈ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਾਂਗਾ ਕਿ ਕੀ ਇਹ ਇਨਕੁਆਇਰੀ ਕਰਨਗੇ ਕਿ ਸਹੀ ਬੰਦੇ ਭਰਤੀ ਹੋਏ ਹਨ? ਉਸ ਦੀ ਇਨਕੁਆਇਰੀ ਹਲਕਾਵਾਈਜ਼ ਕੀਤੀ ਜਾਵੇ। ਪਹਿਲਾਂ ਤਾਂ ਪੇਪਰ ਚੈੱਕ ਕੀਤੇ ਜਾਣ, ਉਨ੍ਹਾਂ ਦੀ ਯੋਗਤਾ ਦੇਖੀ ਜਾਵੇ ਅਤੇ ਨਾਲ ਕਿਸ ਹਲਕੇ ਤੋਂ ਕਿੰਨੇ ਬੰਦੇ ਭਰਤੀ ਹੋਏ। ਹੁਣ ਲਾਈਨਮੈਨ ਦੀ ਗੱਲ ਕਰੋ ....

**ਸਰਦਾਰ ਬਲਵਿੰਦਰ ਸਿੰਘ ਬੈਂਸ :** ਇਮਾਨਦਾਰੀ ਸੁਣ ਲਵੋ ....(ਵਿਘਨ)....

**ਰਾਣਾ ਗੁਰਜੀਤ ਸਿੰਘ :** ਇੱਕ ਮਿੰਟ, ਇਮਾਨਦਾਰੀ ਵੀ ਦੱਸਾਂਗੇ। ਹੁਣ ਹੈਨਰੀ ਸਾਹਿਬ ਨੇ ਜਿਹੜਾ ਸਵਾਲ ਚੁੱਕਿਆ ਹੈ, ਦੁਆਬੇ ਵਿੱਚ ਅੱਜ ਵੀ ਦੇਖੋ ਤਾਂ ਲਾਈਨਮੈਨ ਸਾਰਿਆਂ ਨਾਲੋਂ ਘੱਟ ਡਿਪਿਊਟਿਡ ਹਨ। ਨਰਸਾਂ ਸਾਡੇ ਕੋਲ ਹੈ ਨਹੀਂ, ਉਹ ਉਨੀਆਂ ਭਰਤੀ ਨਹੀਂ। ਬ੍ਰਹਮ ਮਹਿੰਦਰਾ ਸਾਹਿਬ, ਹੈਲਥ ਮਨਿਸਟਰ ਸਾਹਿਬ ਕੋਲ ਜਾਂਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਇਥੇ ਕੋਈ ਜਾਣਾ ਹੀ ਨਹੀਂ ਚਾਹੁੰਦਾ।

**ਮਾਨਯੋਗ ਸਪੀਕਰ :** ਕੁਐਸਚਨ, ਕੁਐਸਚਨ ਪੁੱਛੋ।

**ਰਾਣਾ ਗੁਰਜੀਤ ਸਿੰਘ :** ਇਹ ਮਿੰਟੋ-ਮਿੰਟੀ ਟਰਾਂਸਫਰ ਕਰਵਾ ਕੇ ਉਥੋਂ ਜਾਂਦੇ ਹਨ। ਅਸੀਂ ਬੜੇ ਦੁਖੀ ਹਾਂ। ਜੇ ਨਹੀਂ ਦੁਖੀ ਤਾਂ ਦੱਸ ਦਿਓ ਭਾਈ। (ਸਰਦਾਰ ਹਰਪਾਲ ਸਿੰਘ ਚੀਮਾ ਬੈਠ-ਬੈਠੇ ਕੁਝ ਬੋਲ ਰਹੇ ਸਨ।) ਖੜ੍ਹਾ ਹੋ ਜਾ ਭਾਈ, ਖੜ੍ਹਾ ਹੋ ਕੇ ਦੱਸ।

**ਮਾਨਯੋਗ ਸਪੀਕਰ :** ਕੁਐਸਚਨ, ਕੁਐਸਚਨ, ਕੁਐਸਚਨ ਪੁੱਛੋ। ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਰਾਣਾ ਜੀ ਨੇ ਭਰਤੀ ਦੀ ਗੱਲ ਕੀਤੀ ਹੈ। ਪੂਰੇ ਪੰਜਾਬ ਵਿੱਚ ਇਹੀ ਕੁਝ ਹੋ ਰਿਹਾ ਹੈ। ਬਿਲਕੁਲ ਕਿਸੇ ਮਹਿਕਮੇ ਵਿੱਚ ਸਰਕਾਰੀ ਭਰਤੀ ਨਹੀਂ ਹੋ ਰਹੀ। ਸਰਕਾਰੀ ਭਰਤੀ ਬਿਲਕੁਲ ਬੰਦ ਹੈ। ਮੰਤਰੀ ਸਾਹਿਬ ਬੈਠੇ ਹਨ, ਇਹ ਹਾਊਸ ਨੂੰ ਵਿਸ਼ਵਾਸ ਦਿਵਾਉਣ ਕਿ ਕਿੰਨੇ ਮਹੀਨਿਆਂ ਵਿੱਚ ਖਾਲੀ ਪਈਆਂ ਪੋਸਟਾਂ, ਚਾਹੇ ਉਹ ਐਸ.ਸੀ, ਐਸ.ਟੀ. ਦਾ ਬੈਕਲਾਗ ਹੈ ਜਾਂ ਹੋਰ ਹੈ, ਕਿੰਨੇ ਮਹੀਨਿਆਂ ਵਿੱਚ ਭਰ ਲਈਆਂ ਜਾਣਗੀਆਂ?

**ਮਾਨਯੋਗ ਸਪੀਕਰ :** ਅਗਲਾ ਸਵਾਲ। ਪੰਜ ਸਪਲੀਮੈਂਟਰੀਜ਼ ਹੋ ਗਈਆਂ। ਸੰਗਤ ਸਿੰਘ ਗਿਲਜੀਆਂ ... ਸੰਗਤ ਸਿੰਘ ਗਿਲਜੀਆਂ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਦੇ ਅੱਗੇ ਹੱਥਾਂ ਵਿੱਚ ਬੈਨਰ ਲੈ ਕੇ ਖੜ੍ਹੇ ਸਨ ਅਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

-----

## ਸਿਵਲ ਡਿਸਪੈਂਸਰੀ, ਗੜ੍ਹਦੀਵਾਲਾ ਨੂੰ ਅਪਗ੍ਰੇਡ ਕਰਨਾ

***1936. ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕੰਡੀ ਖੇਤਰ ਵਿੱਚ ਸਿਵਲ ਡਿਸਪੈਂਸਰੀ, ਗੜ੍ਹਦੀਵਾਲਾ (ਹੁਸ਼ਿਆਰਪੁਰ) ਨੂੰ ਸੀ.ਐਚ.ਸੀ./ਪੀ.ਐਚ.ਸੀ. ਦੇ ਪੱਧਰ ਤੱਕ ਅਪਗ੍ਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ। ਸਰਕਾਰ ਸਿਵਲ ਡਿਸਪੈਂਸਰੀ, ਗੜ੍ਹਦੀਵਾਲਾ (ਹੁਸ਼ਿਆਰਪੁਰ) ਨੂੰ ਸੀ.ਐਚ.ਸੀ./ਪੀ.ਐਚ.ਸੀ. ਦੇ ਪੱਧਰ ਤੱਕ ਅਪਗ੍ਰੇਡ ਕਰਨ ਲਈ ਕੋਈ ਵਿਚਾਰ ਨਹੀਂ ਰੱਖਦੀ ਹੈ, ਇਸ ਡਿਸਪੈਂਸਰੀ ਵਿੱਚ ਮੈਡੀਕਲ ਅਫਸਰ-1, ਫਾਰਮਾਸਿਸਟ-1 ਅਤੇ ਏ.ਐਨ.ਐਮ. ਕੰਮ ਕਰ ਰਹੇ ਹਨ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗੜ੍ਹਦੀਵਾਲਾ ਕਮੇਟੀ ਹੈ ਅਤੇ ਕਮੇਟੀ ਦੇ ਨਾਲ ਤਕਰੀਬਨ 60-65 ਪਿੰਡ ਪੈਂਦੇ ਹਨ। ਉਥੇ ਸਿਵਲ ਡਿਸਪੈਂਸਰੀ ਹੈ। ਅਸੀਂ ਇਨ੍ਹਾਂ ਨਾਲ ਅਪਗ੍ਰੇਡ ਦੀ ਵੀ ਗੱਲ ਕਰ ਰਹੇ ਹਾਂ ਕਿ ਉਸ ਨੂੰ ਅਪਗ੍ਰੇਡ ਕਰੋ। ਉਥੇ ਡਿਸਪੈਂਸਰੀ ਦੇ ਵਿੱਚ ਮੈਡੀਕਲ ਅਫਸਰ ਵੀ ਨਹੀਂ ਹੈ। ਉਥੇ ਇੱਕ ਪੋਸਟ ਹੈ, ਇਸ ਸਮੇਂ ਉਹ ਵੀ ਨਹੀਂ ਹੈ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ....(ਵਿਘਨ).... ਇੱਕ ਮਿੰਟ ਜੀ। ਬੜਾ ਜ਼ਰੂਰੀ ਹੈ ਜੀ। ਬੈਂਸ ਸਾਹਿਬ, ਦੋ ਮਿੰਟ, ਦੋ ਮਿੰਟ। ਬੜਾ ਜ਼ਰੂਰੀ ਹੈ। ...(ਵਿਘਨ) ..... ਦੋ ਮਿੰਟ। ਜ਼ਰੂਰੀ ਹੈ। ਮੈਂ ਕਿਸਾਨਾਂ ਦੀ ਗੱਲ ਬਾਅਦ ਵਿੱਚ ਕਰਦਾ ਹਾਂ।

**ਮਾਨਯੋਗ ਸਪੀਕਰ :** ਬੋਲੋ ਬੋਲੋ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜਾ ਇਨ੍ਹਾਂ ਨੇ ਮੈਡੀਕਲ ਅਫਸਰ ਬਾਰੇ ਦੱਸਿਆ ਹੈ ਕਿ ਇੱਕ ਦਿਨ ਜਾਂਦਾ ਹੈ ਪਰ ਉਹ ਹਫਤੇ ਦੇ ਵਿੱਚ ਇੱਕ ਦਿਨ ਵੀ ਨਹੀਂ ਜਾਂਦਾ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਨਾਲ 70 ਪਿੰਡ ਲੱਗਦੇ ਹਨ। ਇਹ ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਉਸ ਨੂੰ ਅਪਗ੍ਰੇਡ ਵੀ ਕੀਤਾ ਜਾਵੇ। ਉਹ ਕੰਡੀ ਦਾ ਇਲਾਕਾ ਹੈ। ਕੰਡੀ ਦੇ ਇਲਾਕੇ ਵਿੱਚ ਲੋਕਾਂ ਦਾ ਆਉਣਾ ਜਾਣਾ ਬੜਾ ਔਖਾ ਹੈ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਹੱਥ ਵਿੱਚ ਬੈਨਰ ਫੜ ਕੇ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਤੁਹਾਡਾ ਸਵਾਲ ਨਹੀਂ ਹੈ। ਤੁਹਾਡਾ ਸਵਾਲ ਨਹੀਂ, ਤੁਹਾਨੂੰ ਇੱਕ ਸਪਲੀਮੈਂਟਰੀ ਦੇ ਦਿੱਤੀ। ਤੁਹਾਡੀ ਸਪਲੀਮੈਂਟਰੀ ਆ ਗਈ, ਤੁਹਾਡਾ ਜਵਾਬ ਆ ਗਿਆ। ਨਹੀਂ, ਨਹੀਂ, ਨਹੀਂ .....(ਵਿਘਨ).... ਪਹਿਲਾਂ ਮੇਰੀ ਗੱਲ ਸੁਣੋ। ਤੁਹਾਡਾ ਸਵਾਲ ਨਹੀਂ ਸੀ। ਤੁਹਾਨੂੰ ਸਪਲੀਮੈਂਟਰੀ ਦੇ ਦਿੱਤੀ। ਵਜ਼ੀਰ ਸਾਹਿਬ ਨੇ ਜਵਾਬ ਦੇ ਦਿੱਤਾ।(ਵਿਘਨ) (ਸ਼ੋਰ) ਜੇਕਰ ਹੁਣ ਤੁਹਾਡੀ ਤਸੱਲੀ ਨਹੀਂ .....(ਵਿਘਨ)....

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਵੀ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ। ਬੈਠੋ। ਸਰਦਾਰ ਸੰਗਤ ਸਿੰਘ ਜੀ .... ਸੰਗਤ ਸਿੰਘ ਜੀ .... ਸਰਦਾਰ ਸੰਗਤ ਸਿੰਘ ਜੀ, ਤੁਸੀਂ ਆਪਣੀ ਗੱਲ ਕਰੋ ਸੰਗਤ ਸਿੰਘ ਜੀ। ....(ਵਿਘਨ)... ਬੋਲੋ ਸੰਗਤ ਸਿੰਘ ਜੀ, ਬੋਲੋ ਜੀ।

**ਰਾਣਾ ਗੁਰਜੀਤ ਸਿੰਘ :** ** **

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਦਾ ਜਵਾਬ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜੀ।

---

** Not recorded as ordered by the Chair.

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ....(ਵਿਘਨ...ਸ਼ੋਰ).... ਸਰਦਾਰ ਸੰਗਤ ਸਿੰਘ, ਸੰਗਤ ਸਿੰਘ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਜਿਹੜੀ ਗੜ੍ਹਦੀਵਾਲਾ ਵਿਖੇ ਸਿਵਲ ਡਿਸਪੈਂਸਰੀ ਹੈ, ਉਸ ਨੂੰ ਅਪਗ੍ਰੇਡ ਕਰਨ ਦੀ ਵੀ ਗੱਲ ਕਰਨ ਅਤੇ ਨਾਲ ਉਸ ਸਿਵਲ ਡਿਸਪੈਂਸਰੀ ਦਾ ਸਟਾਫ ਵੀ ਪੂਰਾ ਕੀਤਾ ਜਾਵੇ ਕਿਉਂਕਿ ਗੜ੍ਹਦੀਵਾਲਾ ਕਮੇਟੀ ਦੇ ਨਾਲ 70 ਪਿੰਡ ਪੈਂਦੇ ਹਨ। ਉਹ ਗਰੀਬ ਹਲਕਾ ਹੈ, ਕੰਡੀ ਦਾ ਹਲਕਾ ਹੈ। ਮੇਰੀ ਮੰਤਰੀ ਸਾਹਿਬ ਕੋਲ ਹੱਥ ਜੋੜ ਕੇ ਬੇਨਤੀ ਹੈ ਕਿ ਕੋਈ ਨਾ ਕੋਈ ਜ਼ਰੂਰ ਜਵਾਬ ਦੇਣ। ਮੈਂ ਅੱਗੇ ਵੀ ਕਈ ਵਾਰ ਸਵਾਲ ਪਾਇਆ ਹੈ।

**ਮੰਤਰੀ :** ਸਰ, ਜਿਹੜੀ ਸਤਿਕਾਰਯੋਗ ਮੈਂਬਰ ਸਾਹਿਬ ਨੇ ਗੱਲ ਕਹੀ ਹੈ, ਉਸ ਨੂੰ ਐਗਜ਼ਾਮਿਨ ਕਰਵਾ ਕੇ ਜਲਦੀ ਤੋਂ ਜਲਦੀ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗਾ।

**ਮਾਨਯੋਗ ਸਪੀਕਰ :** ਉਹ ਜਲਦੀ ਤੋਂ ਜਲਦੀ ਕੋਸ਼ਿਸ਼ ਕਰਨਗੇ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਜਿੰਨਾ ਚਿਰ ਡਿਸਪੈਂਸਰੀ ਨਹੀਂ ਬਣਦੀ, ਜਿਹੜਾ ਮੈਡੀਕਲ ਅਫਸਰ ਹੈ, ਉਸ ਨੂੰ ਰੈਗੂਲਰ ਕੀਤਾ ਜਾਵੇ, ਮੇਰੀ ਹੱਥ ਜੋੜ ਕੇ ਬੇਨਤੀ ਹੈ।

**ਮਾਨਯੋਗ ਸਪੀਕਰ :** ਮੈਡੀਕਲ ਅਫਸਰ ਰੈਗੂਲਰ ਕਰ ਦਿਓ ਜੀ।

**ਮੰਤਰੀ :** ਸਰ, ਮੈਡੀਕਲ ਅਫਸਰ ਬਾਰੇ ਚੈੱਕ ਕਰ ਲੈਂਦੇ ਹਾਂ। ਰੈਗੂਲਰ ਲਗਾਇਆ ਹੋਇਆ ਹੈ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਜਿੰਨੀ ਦੇਰ ਤੱਕ ਸੀ.ਐਚ.ਸੀ. ਨਹੀਂ ਬਣਦੀ ਉਨੀ ਦੇਰ ਜਿਹੜਾ ਮੈਡੀਕਲ ਅਫਸਰ ਹੈ, ਉਸ ਨੂੰ ਉਥੇ ਰੈਗੂਲਰ ਕੀਤਾ ਜਾਵੇ। ਮੇਰੀ ਹੱਥ ਜੋੜ ਕੇ ਬੇਨਤੀ ਹੈ ਜੀ।

**ਮਾਨਯੋਗ ਸਪੀਕਰ :** ਮੈਡੀਕਲ ਅਫਸਰ ਰੈਗੂਲਰ ਕਰ ਦਿਉ ਜੀ।

**ਮੰਤਰੀ :** ਸਪੀਕਰ ਸਾਹਿਬ, ਉਥੇ ਮੈਡੀਕਲ ਅਫਸਰ ਰੈਗੂਲਰ ਲਗਾਇਆ ਹੋਇਆ ਹੈ, ਜੇ ਉਹ ਕਿਤੇ ਨਹੀਂ ਜਾ ਰਿਹਾ ਤਾਂ I will look into it and take action.

**Mr. Speaker:** Thank you.

**ਸਰਦਾਰ ਸੰਗਤ ਸਿੰਘ ਗਿਲਜੀਆਂ :** ਨਹੀਂ ਜੀ। ਸਪੀਕਰ ਸਾਹਿਬ, ਜਿਹੜਾ ਇਹ ਮੈਡੀਕਲ ਅਫਸਰ ਹੈ, ਉਹ ਹਫਤੇ ਵਿੱਚ ਇੱਕ ਦਿਨ ਜਾਂਦਾ ਹੈ। ਇਕ ਦਿਨ ਜਾਂਦਾ ਹੈ

ਜੀ, (ਵਿਘਨ)(ਸ਼ੋਰ) ਸਪੀਕਰ ਸਾਹਿਬ, ਉਥੇ ਮੈਡੀਕਲ ਅਫਸਰ ਹਫਤੇ ਵਿਚ ਇਕ ਦਿਨ ਜਾਂਦਾ ਹੈ।

**ਮਾਨਯੋਗ ਸਪੀਕਰ:** ਐਮ.ਐਲ.ਏ. ਸਾਹਿਬ ਕਹਿੰਦੇ ਹਨ ਕਿ ਉਹ ਮੈਡੀਕਲ ਅਫਸਰ ਹਫਤੇ ਵਿਚ ਇਕ ਦਿਨ ਜਾਂਦਾ ਹੈ।

**ਮੰਤਰੀ:** ਮੈਂ ਕਿਹਾ ਹੈ ਕਿ ਇਹ ਚੈੱਕ ਕਰਕੇ ਉਸ ਦਾ ਸਾਰਾ ਪੱਕਾ ਬੰਦੋਬਸਤ ਵੀ ਕਰ ਦਿਆਂਗੇ ਜੀ। (ਵਿਘਨ)(ਸ਼ੋਰ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਪੈਂਫਲਿਟ ਲਹਿਰਾਉਂਦੇ ਹੋਏ ਉਚੀ-ਉਚੀ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਸਰਦਾਰ ਸੰਗਤ ਸਿੰਘ, ਤੁਸੀਂ ਬੈਠੋ। ਤੁਹਾਡਾ ਜਵਾਬ ਆ ਗਿਆ ਹੈ। ਤੁਸੀਂ ਬੈਠੋ। ਅਗਲਾ ਸਵਾਲ, ਡਾ. ਸੁਖਵਿੰਦਰ ਕੁਮਾਰ ਜੀ ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਨੇ ਬੈਨਰ ਲਹਿਰਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕੀਤੀ।)

**ਮਾਨਯੋਗ ਸਪੀਕਰ:** ਤੁਹਾਨੂੰ ਇਸੇ ਕਰਕੇ ਉਸ ਸਵਾਲ ਉਤੇ ਸਪਲੀਮੈਂਟਰੀ ਦਿੱਤੀ ਸੀ (ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਸਰਦਾਰ ਸਿਮਰਜੀਤ ਸਿੰਘ ਬੈਂਸ ਨੂੰ ਸੰਬੋਧਨ ਕਰਦੇ ਹੋਏ) ਤੁਹਾਨੂੰ ਇਸੇ ਕਰਕੇ ਸਪਲੀਮੈਂਟਰੀ ਦਿੱਤੀ ਸੀ।

**ਸਹਿਕਾਰਤਾ ਮੰਤਰੀ (ਬੈਠੇ-ਬੈਠੇ):** ਸਪੀਕਰ ਸਾਹਿਬ, ਇਨ੍ਹਾਂ ਨੇ (ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲ ਇਸ਼ਾਰਾ) ਫਲੋਰ ਕਰਾਸ ਕੀਤੀ ਹੈ.. (ਵਿਘਨ)(ਸ਼ੋਰ)

-----

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਟੱਡੀ ਲੋਨ ਦੇਣਾ

***1997. ਡਾਕਟਰ ਸੁਖਵਿੰਦਰ ਕੁਮਾਰ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਪੰਜਾਬ ਵੱਲੋਂ ਰਾਜ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਸਟੱਡੀ ਲੋਨ ਦਿੱਤਾ ਜਾਂਦਾ

ਹੈ; ਜੇਕਰ ਅਜਿਹਾ ਹੋਵੇ ਤਾਂ ਸਾਲ 2017-18 ਅਤੇ 2018-19 ਵਿੱਚ ਅਨੁਸੂਚਿਤ ਜਾਤੀ ਦੇ ਕਿੰਨੇ ਵਿਦਿਆਰਥੀਆਂ ਨੂੰ ਅਜਿਹਾ ਲੋਨ ਦਿੱਤਾ ਗਿਆ ਹੈ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਟੱਡੀ ਲੋਨ ਵਿਧਾਨ ਸਭਾ ਹਲਕਾ, ਬੰਗਾ ਦੇ ਵੀ ਕਿਸੇ ਵਿਦਿਆਰਥੀ ਨੂੰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਸਾਧੂ ਸਿੰਘ :**

(ੳ) ਹਾਂ ਜੀ, ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਸਟੱਡੀ ਲੋਨ ਦਿੱਤਾ ਜਾਂਦਾ ਹੈ। ਕਾਰਪੋਰੇਸ਼ਨ ਵੱਲੋਂ ਸਾਲ 2017-18 ਦੌਰਾਨ ਛੇ ਅਤੇ ਸਾਲ 2018-19 ਦੌਰਾਨ (ਮਿਤੀ 31.01.2019 ਤੱਕ) ਤਿੰਨ ਅਨੁਸੂਚਿਤ ਦੇ ਵਿਦਿਆਰਥੀਆਂ ਨੂੰ ਲੋਨ ਦਿੱਤਾ ਗਿਆ ਹੈ।

(ਅ) ਵਿਧਾਨ ਸਭਾ ਹਲਕਾ, ਬੰਗਾ ਵਿੱਚ ਸਾਲ 2017-18 ਅਤੇ 2018-19 (ਮਿਤੀ 31.01.2019 ਤੱਕ) ਵਿੱਚ ਕਿਸੇ ਵੀ ਵਿਦਿਆਰਥੀ ਨੂੰ ਸਟੱਡੀ ਲੋਨ ਨਹੀਂ ਦਿੱਤਾ ਗਿਆ ਹੈ।

**ਡਾਕਟਰ ਸੁਖਵਿੰਦਰ ਕੁਮਾਰ:** ਸਰ, ਪੰਜਾਬ ਦੇ ਅੰਦਰ ਕੋਈ ਦਲਿਤ ਸਮਾਜ ਦੀ 35% ਅਬਾਦੀ ਹੈ ਐਰ ਇਸ ਦੇ ਵਿਚੋਂ ਪਿਛਲੇ ਸਾਲ ਸਿਰਫ ਛੇ ਬੱਚਿਆਂ ਨੂੰ ਲੋਨ ਦਿੱਤਾ ਗਿਆ ਪਰ ਇਸ ਸਾਲ ਵਿੱਚ ਸਿਰਫ ਤਿੰਨ ਨੂੰ ਦਿੱਤਾ ਗਿਆ ਹੈ। ਸਰਕਾਰ ਦੀ ਜਿਹੜੀ ਰਾਈਟ-ਟੂ-ਐਜੂਕੇਸ਼ਨ ਪਾਲਿਸੀ ਹੈ, ਕੀ ਕੋਈ ਸਰਕਾਰ ਦਾ ਉਸ ਨੂੰ ਖਤਮ ਕਰਨ ਦਾ ਇਸ ਤਰ੍ਹਾਂ ਦਾ ਮਨਸ਼ਾ ਤਾਂ ਨਹੀਂ ਹੈ? ਕਿਉਂਕਿ ਸਕੂਲਾਂ ਵਿਚ ਅੱਜ ਮਾਸਟਰ ਹੈ ਨਹੀਂ, ਅੱਜ ਜੇਕਰ ਕੋਈ ਬੱਚਾ ਦਸਵੀਂ-ਬਾਰਵੀਂ ਪੜ੍ਹ ਜਾਂਦਾ ਹੈ ਉਸ ਨੂੰ ਕੋਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਨਹੀਂ ਮਿਲਦਾ ਐਰ ਜੇਕਰ ਉਸ ਤੋਂ ਵੀ ਬਾਅਦ ਬੱਚਾ ਪੜ੍ਹ ਲਿਖ ਕੇ ਐਜੂਕੇਸ਼ਨ ਲੈਣਾ ਚਾਹੁੰਦਾ ਹੈ ਤਾਂ ਸਰਕਾਰ ਉਸ ਨੂੰ ਲੋਨ ਨਹੀਂ ਦਿੰਦੀ । ਪਿਛਲੇ ਸਾਲ ਸਰਕਾਰ ਨੇ 1235 ਕਰੋੜ ਰੁਪਿਆ ਐਸ.ਸੀ, ਬੀ.ਸੀਜ਼ ਐਰ ਬੁਨਿਆਦੀ ਵੈਲਫੇਅਰ ਲਈ ਰੱਖਿਆ ਸੀ ਐਰ ਇਸ ਸਾਲ 1228 ਕਰੋੜ ਰੱਖਿਆ ਹੈ। ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਜਿਹੜੇ ਬੱਚੇ ਦੇਸ਼ ਵਿੱਚ ਜਾਂ ਫਿਰ ਵਿਦੇਸ਼ ਵਿਚ ਪੜ੍ਹਨਾ ਚਾਹੁੰਦੇ ਹਨ ਐਰ ਉਨ੍ਹਾਂ ਕੋਲ ਪੈਸਾ ਨਹੀਂ, ਪੈਸੇ ਦੀ ਘਾਟ ਕਰਕੇ..

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਸਵਾਲ ਪੁੱਛੋ, ਸਵਾਲ ਪੁੱਛੋ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਲੱਖਾਂ ਹੀ ਬੱਚੇ ਜਿਹੜੇ ਗੌਰਮਿੰਟ ਬੈਂਕਾਂ ਵਿਚ ਅਪਲਾਈ ਕਰਦੇ ਹਨ, ਕੀ ਸਰਕਾਰ ਨੇ ਕੋਈ ਇਸ ਤਰ੍ਹਾਂ ਦਾ ਪੈਸਾ ਰੱਖਿਆ ਹੈ ਜਿਹੜਾ ਕਿ ਐਸ.ਸੀ.ਬੱਚਿਆਂ ਨੂੰ ਪੈਸਾ ਜਾਂ ਲੋਨ ਦਿੱਤਾ ਜਾ ਸਕੇ ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਹੱਥਾਂ ਵਿੱਚ ਬੈਨਰ ਲੈ ਕੇ ਉੱਚੀ-ਉਚੀ ਬੋਲ ਰਹੇ ਸਨ ਅਤੇ ਚੇਅਰ ਨੂੰ ਕਿਸਾਨਾਂ ਦੇ ਗੰਨੇ ਦੀ ਪੈਂਡਿੰਗ ਰਹਿੰਦੀ ਅਦਾਇਗੀ ਕਰਨ ਸਬੰਧੀ ਮੰਤਰੀ ਸਾਹਿਬ ਵਲੋਂ ਜਵਾਬ ਦਿਵਾਉਣ ਲਈ ਕਹਿ ਰਹੇ ਸਨ। )

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪੂਰੀ ਨੀਤੀ ਹੈ, ਪੈਸਾ ਸਾਡੇ ਕੋਲ ਹੈ, ਕਿਸੇ ਵੀ ਬੱਚੇ ਨੇ ਲੋਨ ਅਪਲਾਈ ਕੀਤਾ ਹੈ, ਉਸ ਦੇ ਕਾਗਜ਼ਾਤ ਸਹੀ ਹਨ, ਜੇ ਕਿਸੇ ਇੱਕ ਨੂੰ ਵੀ ਲੋਨ ਨਹੀਂ ਮਿਲਿਆ ਤਾਂ ਨਾਂਹ ਕਰਨ ਵਾਲੇ ਵਿਅਕਤੀ, ਅਫਸਰ ਦੇ ਖਿਲਾਫ ਕਾਰਵਾਈ ਹੋਵੇਗੀ।

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਜਵਾਬ ਵਿਚ ਦੱਸਿਆ ਹੈ ਕਿ ਬੰਗਾ ਵਿਧਾਨ ਸਭਾ ਹਲਕੇ ਦੇ ਵਿੱਚ ਇੱਕ ਵੀ ਬੱਚੇ ਨੂੰ ਉਸ ਦਾ ਸਟੱਡੀ ਲੋਨ ਨਹੀਂ ਦਿੱਤਾ ਗਿਆ। ਉਸ ਦਾ ਇਨ੍ਹਾਂ ਨੇ ਕਿਹਾ ਹੈ ਕਿ ਸਾਡੀ ਪਾਲਿਸੀ ਹੈ ਕਿ ਹਰ ਬੱਚੇ ਨੂੰ ਲੋਨ ਦਿੱਤਾ ਜਾਵੇ ਪਰ ਇਸ ਦੇ ਲਈ ਇੱਕ ਵੀ ਕੈਂਪ ਨਹੀਂ ਲਗਾਇਆ..

**ਮਾਨਯੋਗ ਸਪੀਕਰ:** ਸਵਾਲ, ਸਵਾਲ, ਸਵਾਲ। ਬਹੁਤੀ ਭੂਮਿਕਾ ਨਾ ਬੰਨ੍ਹੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਗੱਲ ਤਾਂ ਦੱਸਣੀ ਪਵੇਗੀ। ਜਦੋਂ ਅਵੇਅਰਨੈਸ ਕੈਂਪ ਨਹੀਂ ਲੱਗਦੇ, ਲੋਕਾਂ ਨੂੰ ਪਤਾ ਹੀ ਨਹੀਂ ਹੈ ਕਿ ਸਰਕਾਰ ਕੋਈ ਲੋਨ ਦਿੰਦੀ ਹੈ ਤਾਂ ਬੱਚੇ ਅਪਲਾਈ ਕਿਸ ਤਰ੍ਹਾਂ ਕਰਨਗੇ? ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਅਵੇਅਰਨੈਸ ਕੈਂਪ ਲਗਾਉਣੇ ਚਾਹੀਦੇ ਹਨ ਤਾਂਕਿ ਲੋਕਾਂ ਤੱਕ ਇਹ ਗੱਲ ਜਾਵੇ ਕਿ ਪੰਜਾਬ ਸਰਕਾਰ ਬੱਚਿਆ ਨੂੰ ਪੜ੍ਹਾਉਣ ਲਈ ਲੋਨ ਦਿੰਦੀ ਹੈ, ਉਹ ਬਾਹਰ ਜਾ ਕੇ ਪੜ੍ਹਨਾ ਚਾਹੁਣ, ਉਹ ਵਿਦੇਸ਼ ਵਿਚ ਪੜ੍ਹਨਾ ਚਾਹੁਣ, ਉਨ੍ਹਾਂ ਨੂੰ ਲੋਨ ਦਿੰਦੀ ਹੈ ਤਾਂ ਇਸ ਦੇ ਲਈ ਕੈਂਪ ਜ਼ਰੂਰ ਲਗਾਏ ਜਾਣੇ ਚਾਹੀਦੇ ਹਨ। ਮੰਤਰੀ ਜੀ ਕੀ ਇਸ ਤਰ੍ਹਾਂ ਦੀ ਕੋਈ ਸਕੀਮ ਹੈ ਕਿ ਅਸੀਂ ਕੈਂਪ ਲਗਾਈਏ।

**ਮੰਤਰੀ:** ਬਿਲਕੁਲ ਠੀਕ ਕਿਹਾ ਹੈ ਜੀ, ਇਹ ਬੱਚਿਆਂ ਦੇ ਭਲੇ ਦੀ ਗੱਲ ਕਰ ਰਹੇ ਹਨ, ਮੈਂ ਇਨ੍ਹਾਂ ਨਾਲ ਸਹਿਮਤ ਹਾਂ। ਮੈਂਬਰ ਸਾਹਿਬ, ਐਮ.ਐਲ.ਏ., ਸਾਹਿਬ ਦੱਸ ਦੇਣ ਕਿ ਜੇਕਰ ਕਿਸੇ ਬੱਚੇ ਨੇ ਲੋਨ ਲਈ ਅਪਲਾਈ ਕੀਤਾ ਲੇਕਿਨ ਉਸ ਨੂੰ ਨਹੀਂ ਮਿਲਿਆ, ਜਿਸ ਨੇ ਅਣਗਹਿਲੀ ਕੀਤੀ ਹੈ, ਜਿਸ ਕਿਸੇ ਅਫਸਰ ਨੇ ਅਣਗਹਿਲੀ ਕੀਤੀ ਹੈ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ਅਤੇ ਜਿਹੜੀ ਤੁਸੀਂ ਕੈਂਪ ਦੀ ਗੱਲ ਕੀਤੀ ਹੈ, ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਗਾ ਕੇ, ਭਾਵੇਂ ਪੋਸਟਾਂ ਰਾਹੀਂ ਕਿਵੇਂ ਨਾ ਕਿਵੇਂ ਅਸੀਂ ਜਾਗਰੂਕਤਾ ਲਿਆਵਾਂਗੇ। (ਵਿਘਨ....ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਜਿਹੜਾ ਸਾਡੇ ਮਾਨਯੋਗ ਮੈਂਬਰ ਜੀ ਨੇ ਸਵਾਲ ਕੀਤਾ ਹੈ, ਐਸ.ਸੀ. ਫਾਈਨਾਂਸ ਕਾਰਪੋਰੇਸ਼ਨ ਦੀ ਪਰਫਾਰਮੈਂਸ ਜਿਸ ਮਕਸਦ ਲਈ ਬਣੀ ਸੀ, ਉਸ ਨੂੰ ਹੱਲ ਨਹੀਂ ਕਰ ਰਹੀ। ਮੰਤਰੀ ਜੀ ਦੇ ਦੱਸਣ ਮੁਤਾਬਿਕ ਤਿੰਨ ਬੱਚਿਆਂ ਨੂੰ ਇਸ ਸਾਲ ਵਿੱਚ ਲੋਨ ਦਿੱਤਾ ਗਿਆ ਹੈ ਅਤੇ ਛੇ ਬੱਚਿਆਂ ਨੂੰ ਪਿਛਲੇ ਇੱਕ ਸਾਲ ਵਿੱਚ ਲੋਨ ਦਿੱਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਦੋ ਕਾਰਨ ਹਨ। ਪਹਿਲਾ, ਇੰਟ੍ਰਸਟ ਨਹੀਂ ਹੈ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਮੰਤਰੀ ਜੀ, ਸੈਸ਼ਨ ਵਿੱਚ ਜਵਾਬ ਦੇ ਦਿਓ।

**ਸ਼੍ਰੀ ਪਵਨ ਕੁਮਾਰ ਟੀਨੂ :** ਲੋਕਾਂ ਨੂੰ ਐਜੂਕੇਸ਼ਨ ਦੇਣ ਲਈ ਉਤਸ਼ਾਹਤ ਕਰਨ ਲਈ ਚਾਹਤ ਨਹੀਂ ਹੈ। ਦੂਜਾ ਕਾਰਨ ਇਹ ਹੈ ਕਿ ਜਦੋਂ ਤੋਂ ਸਰਕਾਰ ਨੇ ਲਾਲ ਲਕੀਰ ਨੂੰ as a guarantee ਲੈਣਾ ਬੰਦ ਕਰ ਦਿੱਤਾ, ਉਸ ਤੋਂ ਬਾਅਦ ਬੱਚਿਆਂ ਦੀ ਐਜੂਕੇਸ਼ਨ ਲੋਨ ਵਾਸਤੇ ਗਿਣਤੀ ਘੱਟ ਗਈ ਹੈ...(ਵਿਘਨ....)

**ਮਾਨਯੋਗ ਸਪੀਕਰ** : ਕੁਐਸਚਨ ਕਰੋ...ਕੁਐਸਚਨ...(ਵਿਘਨ...)

**ਸ਼੍ਰੀ ਪਵਨ ਕੁਮਾਰ ਟੀਨੂ :** ਮੰਤਰੀ ਜੀ ਉੱਠ ਕੇ ਜ਼ਰੂਰ ਦੱਸਣ ਕਿ ਜਿੰਨੀ ਦੇਰ ਇਨ੍ਹਾਂ ਦਾ ਮਹਿਕਮਾ ਸ਼ਡਿਊਲਡ ਕਾਸਟ ਪਰਿਵਾਰਾਂ ਨੂੰ ਇਹ ਖੁੱਲ੍ਹ ਨਹੀਂ ਦਿੰਦਾ....

**ਮਾਨਯੋਗ ਸਪੀਕਰ :** ਟੀਨੂ ਜੀ, ਕੁਐਸਚਨ ਕਰੋ....ਕੁਐਸਚਨ।

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਰਿਆਇਤ ਨਹੀਂ ਦਿੰਦਾ ਕਿ ਤੁਸੀਂ ਲਾਲ ਲਕੀਰ ਨੂੰ ਗਰੰਟੀ ਰੱਖ ਕੇ ਉਸ ਤੇ ਕਰਜ਼ਾ ਲੈ ਸਕਦੇ ਹੋ...

**ਮਾਨਯੋਗ ਸਪੀਕਰ :** ਟੀਨੂ ਜੀ, ਸਵਾਲ ਪੁੱਛੋ...

**ਸ਼੍ਰੀ ਪਵਨ ਕੁਮਾਰ ਟੀਨੂ :** ਕੀ ਆਉਣ ਵਾਲੇ ਸਮੇਂ ਵਿੱਚ ਕੋਈ ਅਜਿਹੀ ਸਕੀਮ ਹੈ...

**ਮਾਨਯੋਗ ਸਪੀਕਰ :** ਟੀਨੂ ਜੀ, ਤੁਸੀਂ ਸੁਣਦੇ ਨਹੀਂ?

**ਸ਼੍ਰੀ ਪਵਨ ਕੁਮਾਰ ਟੀਨੂ :** ਮੈਂ ਸਵਾਲ ਹੀ ਕਰ ਰਿਹਾ ਹਾਂ...

**ਮਾਨਯੋਗ ਸਪੀਕਰ :** ਨਹੀਂ, ਤੁਸੀਂ ਸਵਾਲ ਨਹੀਂ ਕਰ ਰਹੇ।

**ਸ਼੍ਰੀ ਪਵਨ ਕੁਮਾਰ ਟੀਨੂ :** ਕੀ ਸਰਕਾਰ ਦੀ ਕੋਈ ਅਜਿਹੀ ਸਕੀਮ ਹੈ, ਜਿਸ ਤਹਿਤ ਲਾਲ ਲਕੀਰ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਐਜੂਕੇਸ਼ਨ ਲੋਨ ਦੇਣ ਲਈ ਖੁੱਲ੍ਹ ਦੇ ਰਹੇ ਹੋ, ਲਾਲ ਲਕੀਰ ਦੀ ਜ਼ਮੀਨ ਨੂੰ ਯੂਜ਼ ਕਰਨ ਲਈ ਖੁੱਲ੍ਹ ਦੇ ਰਹੇ ਹੋ?

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਠੀਕ ਕਿਹਾ ਹੈ, ਇਨ੍ਹਾਂ ਨੇ ਬੱਚਿਆਂ ਦੀ ਗੱਲ ਕੀਤੀ ਹੈ ਅਤੇ ਮੈਂ ਇਸ ਨਾਲ ਸਹਿਮਤ ਹਾਂ। ਜੋ ਲਾਲ ਲਕੀਰ ਦੀ ਪ੍ਰਾਪਰਟੀ ਤੇ ਲੋਨ ਦੇਣ ਦੀ ਗੱਲ ਕੀਤੀ ਹੈ, ਮੈਂ ਸੀ.ਐਮ.ਸਾਹਿਬ ਅਤੇ ਪੂਰੀ ਕੈਬਿਨੇਟ ਦੇ ਧਿਆਨ ਵਿੱਚ ਲਿਆਵਾਂਗਾ ਅਤੇ ਇਸ ਤੇ ਵਿਚਾਰ ਕੀਤਾ ਜਾਵੇਗਾ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਹ ਐਸ਼ੋਰੈਂਸ ਦੇ ਦੇਣ ਕਿ ਕਿੰਨੀ ਦੇਰ ਵਿੱਚ, ਦੋ ਮਹੀਨਿਆਂ ਵਿੱਚ ਜਾਂ ਛੇ ਮਹੀਨਿਆਂ ਵਿੱਚ ਇਸ ਤੇ ਫੈਸਲਾ ਲੈ ਲਿਆ ਜਾਵੇਗਾ? ਕੀ ਲਾਲ ਲਕੀਰ ਦੀ ਪ੍ਰਾਪਰਟੀ ਨੂੰ ਤੁਹਾਡੇ ਮਹਿਕਮੇ ਵਿੱਚ ਲੋਨ ਦੇਣ ਲਈ ਮਨਜ਼ੂਰ ਕਰ ਲਓਗੇ? ਇਸ ਵਾਸਤੇ ਕੋਈ ਆਸ਼ਵਾਸਨ ਦੇ ਦਿਓ, ਟਾਈਮ ਬਾਊਂਡ ਕਰ ਦਿਓ।

**ਮਾਨਯੋਗ ਸਪੀਕਰ :** ਸਾਧੂ ਸਿੰਘ ਜੀ, ਕੋਈ ਆਸ਼ਵਾਸਨ ਦੇ ਸਕਦੇ ਹੋ?

**ਮੰਤਰੀ :** ਸਪੀਕਰ ਸਾਹਿਬ, ਮੇਰੇ ਵਿਚਾਰ ਅਧੀਨ ਹੈ। ਮੈਂ ਇਹ ਗੱਲ ਕੈਬਿਨੇਟ ਵਿੱਚ ਰੱਖਾਂਗਾ। ਮੁੱਖ ਮੰਤਰੀ ਜਾਂ ਸਰਕਾਰ ਜੋ ਵਿਚਾਰ ਕਰੇਗੀ, ਮੇਰੇ ਦਿਲ ਅਨੁਸਾਰ ਇਹ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਮੈਂ ਕੋਸ਼ਿਸ਼ ਕਰਾਂਗਾ। ਕੈਬਿਨੇਟ ਵਿੱਚ ਅਤੇ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਵਾਂਗਾ।

**ਸ਼੍ਰੀ ਪਵਨ ਕੁਮਾਰ ਟੀਨੂ :** ਆਸ਼ਵਾਸਨ ਦੇ ਦਿਓ, ਆਸ਼ਵਾਸਨ ਨਹੀਂ ਆਇਆ।

-----

## WALK OUT

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ, ਲੋਕ ਇਨਸਾਫ ਪਾਰਟੀ ਦੇ ਮੈਂਬਰ ਕਿਸਾਨਾਂ ਨੂੰ ਗੰਨੇ ਦੀ ਕੀਮਤ ਅਦਾ ਨਾ ਕਰਨ ਦੇ ਮੁੱਦੇ ਤੇ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ :** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ, ਸ਼ੋਰ)

-----

## STARRED QUESTIONS AND ANSWERS *(RESUMPTION)*

### ਗੰਦੇ ਪਾਣੀ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ

***2044. ਸ਼੍ਰੀ ਦਲਵੀਰ ਸਿੰਘ ਗੋਲਡੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਿੰਡਾਂ ਦੇ ਗੰਦੇ ਪਾਣੀ ਅਤੇ ਬਰਸਾਤਾਂ ਦੇ ਪਾਣੀ ਦੇ ਨਿਕਾਸ ਲਈ ਸਰਕਾਰ ਵਲੋਂ ਕੋਈ ਵਿਉਂਤਬੰਦੀ ਕੀਤੀ ਗਈ ਹੈ ਜੇਕਰ ਕੀਤੀ ਗਈ ਹੈ ਤਾਂ ਇਸ ਦੇ ਵੇਰਵੇ ਕੀ ਹਨ;

(ਅ) ਪਿੰਡਾਂ ਦੇ ਗੰਦੇ ਪਾਣੀ ਨਾਲੀਆਂ ਦੇ ਪੁਲ ਜੋ ਕਾਫੀ ਨੀਵੇਂ ਅਤੇ ਜਿਨ੍ਹਾਂ ਦੀ ਮਿਆਦ ਲੰਘ ਚੁੱਕੀ ਹੈ, ਨੂੰ ਦੁਬਾਰਾ ਬਣਾਉਣ ਲਈ ਸਰਕਾਰ ਵਲੋਂ ਕੋਈ ਤਜਵੀਜ਼ ਬਣਾਈ ਗਈ ਹੈ ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਸ਼੍ਰੀਮਾਨ ਜੀ,

(ੳ) ਹਾਂ ਜੀ, ਵਿਭਾਗ ਵੱਲੋਂ ਪੰਚਾਇਤਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿ ਉਹ ਗ੍ਰਾਮ ਪੰਚਾਇਤ ਦੀ ਆਪਣੀ ਆਮਦਨ ਅਤੇ ਨਰੇਗਾ ਦੇ ਫੰਡਾਂ ਦਾ ਇਸਤੇਮਾਲ ਕਰਕੇ ਸੀਚੇਵਾਲ ਮਾਡਲ ਤੇ ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਦੀ ਵਿਉਂਤਬੰਦੀ ਕਰਨ।

(ਅ) ਇਸ ਸਬੰਧੀ ਸਰਕਾਰ ਦੀ ਕੋਈ ਪਲਾਨ ਸਕੀਮ ਨਹੀਂ ਹੈ ਪ੍ਰੰਤੂ ਜਿੱਥੇ ਕਿਤੇ ਪੰਚਾਇਤਾਂ ਕੋਲ ਫੰਡ ਉਪਲਬੱਧ ਹਨ ਅਤੇ ਨਰੇਗਾ ਦੇ ਫੰਡਾਂ ਰਾਹੀਂ ਪੰਚਾਇਤਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਸਮੱਸਿਆ ਦਾ ਪਹਿਲ ਦੇ ਆਧਾਰ ਤੇ ਹੱਲ ਕਰਨ।

---

** Not recorded as ordered by the Chair.

**ਸ਼੍ਰੀ ਦਲਵੀਰ ਸਿੰਘ ਗੋਲਡੀ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਮੇਰੇ ਹਲਕੇ ਦੇ ਪਿੰਡ ਕੱਕੜਵਾਲ ਵਿੱਚ ਸੰਤ ਸੀਚੇਵਾਲ ਦੀ ਸਕੀਮ ਦੇ ਤਹਿਤ ਕੰਮ ਕਰ ਰਹੇ ਹਨ ਪਰ ਇਸ ਦੇ ਨਾਲ ਹੀ ਮੈਂ ਤੁਹਾਡੇ ਮਾਰਫਤ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੁਰਾਣੇ ਸਮਿਆਂ ਵਿੱਚ ਪਿੰਡਾਂ ਦੀ ਜਨਸੰਖਿਆ ਘੱਟ ਸੀ, ਟੋਭੇ ਛੋਟੇ ਸਨ। ਜਿਵੇਂ ਜਿਵੇਂ ਜਨਸੰਖਿਆ ਵੱਧ ਰਹੀ ਹੈ, ਪਿੰਡਾਂ ਦੇ ਟੋਭਿਆਂ ਵਿੱਚ ਪਾਣੀ ਕਾਫੀ ਜ਼ਿਆਦਾ ਇਕੱਠਾ ਹੋ ਰਿਹਾ ਹੈ ਅਤੇ ਕਾਫੀ ਲੋਕਾਂ ਨੇ ਅਤੇ ਖਾਸ ਕਰਕੇ ਸਾਡੇ ਗਰੀਬ ਪਰਿਵਾਰਾਂ ਨੇ ਥੋੜ੍ਹਾ ਥੋੜ੍ਹਾ ਕਬਜ਼ਾ ਵੀ ਕਰ ਲਿਆ ਹੈ। ਕਈ ਪਿੰਡਾਂ ਵਿੱਚ ਪਰਿਵਾਰ ਅਜਿਹੇ ਵੀ ਹਨ, ਜਿਹੜੇ ਕਿ ਇਸ ਪ੍ਰਾਪਰਟੀ ਨੂੰ ਖਰੀਦਣਾ ਚਾਹੁੰਦੇ ਹਨ। ਜੇਕਰ ਆਪਾਂ ਗਰੀਬਾਂ ਨੂੰ ਉਹ ਪ੍ਰਾਪਰਟੀ ਸਰਕਾਰੀ ਰੇਟ ਤੇ ਵੇਚ ਦੇਈਏ ਅਤੇ ਪਿੰਡਾਂ ਦੇ ਬਾਹਰ ਜਗ੍ਹਾ ਖਰੀਦ ਲਈਏ ਤਾਂ ਮੈਨੂੰ ਲਗਦਾ ਹੈ ਕਿ ਪਿੰਡਾਂ ਦੇ ਪਾਣੀ ਦਾ ਨਿਕਾਸ ਬਾਹਰਲੇ ਪਾਸੇ ਸਹੀ ਢੰਗ ਨਾਲ ਕਰ ਸਕਦੇ ਹਾਂ। ਕੀ ਮੰਤਰੀ ਸਾਹਿਬ ਇਸ ਵਾਸਤੇ ਕੋਈ ਤਜਵੀਜ਼ ਰੱਖਣਗੇ?

**ਮੰਤਰੀ :** ਸਪੀਕਰ ਸਾਹਿਬ, ਸੁਪਰੀਮ ਕੋਰਟ ਦਾ ਫੈਸਲਾ ਹੈ ਕਿ ਅਸੀਂ ਪੰਚਾਇਤ ਦੀ ਜ਼ਮੀਨ ਵੇਚ ਨਹੀਂ ਸਕਦੇ। ਜਿਹੜੀ ਕਬਜ਼ੇ ਥੱਲੇ ਹੈ, ਉਸ ਦਾ ਕਬਜ਼ਾ ਛੁਡਵਾਉਣਾ ਹੈ ਅਤੇ ਇਹ ਵੇਚਣੀ ਨਹੀਂ ਹੈ। ਇਸ ਕਰਕੇ ਮੈਂ ਇਸ ਬਾਰੇ ਹਾਲੇ ਕੁਝ ਨਹੀਂ ਕਹਿ ਸਕਦਾ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਠੀਕ ਹੈ ਜੀ। ਜੇਕਰ ਕੋਰਟ ਦਾ ਫੈਸਲਾ ਹੈ ਤਾਂ ਫੇਰ ਆਪਾਂ ਇਸ ਵਿੱਚ ਕੁਝ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਗੰਨੇ ਵਾਲੀ ਗੱਲ ਤੇ ਪਹਿਲਾਂ ਮੈਨੂੰ ਬੋਲਣ ਦਾ ਮੌਕਾ ਨਹੀਂ ਮਿਲਿਆ। ਇਹ ਮੇਰੇ ਹਲਕੇ ਨਾਲ ਸਬੰਧਿਤ ਹੈ। ਇੱਕ ਐਜੀਟੇਸ਼ਨ ਚੱਲ ਰਿਹਾ ਸੀ...

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਬ੍ਰਾਹਮਣ, ਮਹਾਜਨ ਅਤੇ ਰਾਜਪੂਤ ਪਰਿਵਾਰਾਂ ਦੇ 200 ਯੂਨਿਟ ਬਿਜਲੀ ਮੁਆਫ ਕਰਨਾ

***2002. ਸ਼੍ਰੀ ਜੋਗਿੰਦਰ ਪਾਲ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਵੱਲੋਂ ਐਸ.ਸੀ/ਬੀ.ਸੀ. ਦੀ ਤਰ੍ਹਾਂ ਤਿੰਨ ਜਾਤਾਂ-ਬ੍ਰਾਹਮਣ, ਮਹਾਜਨ ਅਤੇ ਰਾਜਪੂਤ ਦੇ ਪਰਿਵਾਰਾਂ ਦੇ ਵੀ 200 ਯੂਨਿਟ 1 ਕਿਲੋਵਾਟ ਲੋਡ ਤੱਕ ਮੁਆਫ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** ਮੌਜੂਦਾ ਸਮੇਂ ਵਿੱਚ ਅਨੁਸੂਚਿਤ ਜਾਤੀ (ਐਸ.ਸੀ.), ਨਾਨ-ਐਸ.ਸੀ., ਬੀ.ਪੀ.ਐਲ. ਅਤੇ ਪੱਛੜੀਆਂ ਸ਼੍ਰੇਣੀਆਂ (ਬੀ.ਸੀ.) ਦੇ ਘਰੇਲੂ ਕੈਟਾਗਰੀ ਦੇ ਪਰਿਵਾਰਾਂ ਨੂੰ 200 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਨਾਨ-ਐਸ.ਸੀ, ਬੀ.ਪੀ.ਐਲ. ਕੈਟਾਗਰੀ ਵਿੱਚ ਸਾਰੀਆਂ ਜਾਤਾਂ ਸਮੇਤ ਬ੍ਰਾਹਮਣ, ਮਹਾਜਨ ਅਤੇ ਰਾਜਪੂਤ ਆਦਿ ਵੀ ਸ਼ਾਮਿਲ ਹਨ।

-----

### ਭਾਈ ਘਨ੍ਹੱਈਆ ਸਿਹਤ ਯੋਜਨਾ ਸਕੀਮ

***1989. ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਕੋਈ ਤਜਵੀਜ਼ ਹੈ ਕਿ ਭਾਈ ਘਨ੍ਹੱਈਆ ਸਿਹਤ ਸੇਵਾ ਸਕੀਮ ਅਧੀਨ ਸਰਕਾਰੀ ਹਸਪਤਾਲਾਂ ਵਿਚ ਕੈਸ਼ਲੈਸ ਇਲਾਜ ਸ਼ੁਰੂ ਕੀਤਾ ਜਾਵੇ। ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਭਾਈ ਘਨ੍ਹਈਆ ਸਿਹਤ ਸੇਵਾ ਸਕੀਮ ਭਾਈ ਘਨ੍ਹੱਈਆ ਟਰੱਸਟ (ਸਹਿਕਾਰਤਾ ਵਿਭਾਗ ਦੇ ਅਧੀਨ ਨੋਡਲ ਏਜੰਸੀ) ਵੱਲੋਂ 2006 ਤੋਂ ਚਲਾਈ ਜਾ ਰਹੀ ਹੈ। ਸਕੀਮ ਦੇ ਡਿਜ਼ਾਇਨ ਅਨੁਸਾਰ ਪੰਜਾਬ, ਚੰਡੀਗੜ੍ਹ ਅਤੇ ਨਵੀਂ ਦਿੱਲੀ ਦੇ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਪ੍ਰਤੀਪੂਰਤੀ ਦੇ ਆਧਾਰ ਅਤੇ ਸਕੀਮ ਤਹਿਤ ਪੰਜਾਬ ਅਤੇ ਚੰਡੀਗੜ੍ਹ ਦੇ ਪੰਜੀਕ੍ਰਿਤ ਪ੍ਰਾਇਵੇਟ ਹਸਪਤਾਲਾਂ ਵਿੱਚ ਕੈਸ਼ਲੈਸ ਮੁਹੱਇਆ ਕੀਤਾ ਜਾਂਦਾ ਹੈ। ਭਾਈ ਘਨ੍ਹੱਈਆ ਟਰੱਸਟ ਵੱਲੋਂ ਸਕੀਮ ਦੇ ਡਿਜ਼ਾਇਨ ਅਤੇ ਟੈਂਡਰ ਡਾਕੂਮੈਂਟ ਵਿੱਚ ਲੋੜੀਂਦੀ ਸੋਧ ਕਰਨ ਉਪਰੰਤ, ਸਿਹਤ ਵਿਭਾਗ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਕੈਸ਼ਲੈਸ ਇਲਾਜ ਮੁਹੱਈਆ ਕਰਵਾਉਣ ਦੀ ਪਹਿਲ ਕਰਨ ਨੂੰ ਤਿਆਰ ਹੈ ਅਤੇ ਇਸ ਸਬੰਧ ਵਿੱਚ ਜਲਦੀ ਹੀ ਭਾਈ ਘਨ੍ਹੱਈਆ ਟਰੱਸਟ ਨਾਲ ਗੱਲਬਾਤ ਕੀਤੀ ਜਾਵੇਗੀ।

-----

## ਮਿਊਂਸਿਪਲ ਕਮੇਟੀ, ਬਟਾਲਾ ਵਿੱਚ ਫੰਡਜ਼ ਦੀ ਘਪਲੇਬਾਜ਼ੀ ਸਬੰਧੀ

*1994. **ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੁਝ ਸਮਾਂ ਪਹਿਲਾਂ ਮਿਊਂਸਿਪਲ ਕਮੇਟੀ, ਬਟਾਲਾ ਵਿੱਚ ਫੰਡਜ਼ ਦੀ ਘਪਲੇਬਾਜ਼ੀ ਅਤੇ ਦੁਰਵਰਤੋਂ ਦੀ ਡਿਪਟੀ ਡਾਇਰੈਕਟਰ, ਲੋਕਲ ਬਾਡੀਜ਼ ਅਤੇ ਰਾਜ ਦੇ ਵਿਜੀਲੈਂਸ ਵਿਭਾਗ ਦੁਆਰਾ ਇਨਕੁਆਰੀਆਂ ਕਰਕੇ ਆਪਣੀਆਂ ਰਿਪੋਰਟਾਂ ਰਾਜ ਸਰਕਾਰ ਨੂੰ ਦੇ ਦਿੱਤੀਆ ਹੋਈਆਂ ਹਨ: ਜੇਕਰ ਅਜਿਹਾ ਹੋਵੇ ਤਾਂ ਮਾਮਲੇ ਵਿੱਚ ਦੋਸ਼ੀਆਂ ਵਿਰੁੱਧ ਕਾਰਵਾਈ ਕਿੰਨੇ ਸਮੇਂ ਵਿਚ ਕਰ ਦਿੱਤੀ ਜਾਵੇਗੀ ?

**ਸਰਦਾਰ ਨਵਜੋਤ ਸਿੰਘ ਸਿੱਧੂ** : ਜੀ ਹਾਂ, ਇਸ ਕੇਸ ਸਬੰਧੀ ਸ਼ਿਕਾਇਤ ਵਿੱਚ ਦਰਜ ਮਾਮਲੇ ਦੀ ਸੀ.ਵੀ.ਓ. ਦਫਤਰ ਅਤੇ ਰੀਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ ਵੱਲੋਂ ਕੀਤੀ ਪੜਤਾਲ ਦੇ ਅਧਾਰ ਤੇ ਪ੍ਰਧਾਨ ਨਗਰ ਕੌਂਸਲ, ਬਟਾਲਾ ਨੂੰ ਕਾਰਨ ਦੱਸੋ ਨੋਟਿਸ ਅਤੇ 5 ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਨੂੰ ਚਾਰਜਸ਼ੀਟਾਂ ਜਾਰੀ ਕੀਤੀਆਂ ਗਈਆਂ।

ਸਥਾਨਕ ਸਰਕਾਰ ਵਿਭਾਗ ਵੱਲੋਂ ਪ੍ਰਧਾਨ, ਨਗਰ ਕੌਂਸਲ ਬਟਾਲਾ ਨੂੰ ਪੰਜਾਬ ਮਿਊਂਸੀਪਲ ਐਕਟ, 1911 ਦੀ ਧਾਰਾ 22 ਅਧੀਨ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਵਿੱਚ ਉਹਨਾਂ ਵੱਲੋਂ ਦਿੱਤੇ ਗਏ ਜਵਾਬ ਨੂੰ ਵਿਚਾਰਦੇ ਹੋਏ ਕੁਦਰਤੀ ਨਿਆਂ ਅਨੁਸਾਰ ਨਿੱਜੀ ਸੁਣਵਾਈ ਮਿਤੀ 05.03.2019 ਨੂੰ ਨਿਸ਼ਚਿਤ ਕੀਤੀ ਗਈ ਹੈ। ਪੰਜ ਅਧਿਕਾਰੀਆਂ/ਕਰਮਚਾਰੀਆਂ ਨੂੰ ਪੰਜਾਬ ਸਿਵਲ ਸੇਵਾਵਾਂ(ਸਜਾ ਤੇ ਅਪੀਲ) ਰੂਲਜ਼, 1970 ਦੇ ਨਿਯਮ 8 ਅਧੀਨ ਚਾਰਜਸ਼ੀਟਾਂ ਜਾਰੀ ਕੀਤੀਆਂ ਗਈਆਂ ਹਨ। ਉਹਨਾਂ ਵੱਲੋਂ ਦਿੱਤੇ ਗਏ ਜਵਾਬ ਸਰਕਾਰ ਦੇ ਵਿਚਾਰ ਅਧੀਨ ਹਨ। ਪ੍ਰਾਪਤ ਹੋਏ ਜਵਾਬਾਂ ਨੂੰ ਵਿਚਾਰਨ ਉਪਰੰਤ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਬਾਬਤ ਰੂਲਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

-----

## ਨਵੀਆਂ ਪੰਚਾਇਤਾਂ ਦੁਆਰਾ ਪੁਰਾਣੇ ਫੰਡਾਂ ਦੀ ਵਰਤੋਂ ਸੰਬੰਧੀ

*2096. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੁਣੇ-ਹੁਣੇ ਚੁਣੀਆਂ ਗਈਆਂ ਨਵੀਆਂ ਪੰਚਾਇਤਾਂ ਉਹ ਫੰਡਜ਼ ਜੋ ਇਨ੍ਹਾਂ ਤੋਂ ਪਹਿਲੀਆਂ ਪੰਚਾਇਤਾਂ ਛੱਡ ਕੇ ਗਈਆਂ ਹਨ, ਨੂੰ ਪਿੰਡਾਂ ਵਿੱਚ ਵਿਕਾਸ ਦੇ ਕੰਮਾਂ ਲਈ ਖਰਚ ਕਰ ਸਕਣਗੀਆਂ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਹਾਂ ਜੀ।

-----

## UNSTARRED QUESTIONS AND ANSWERS

### ਪੈਪਸੂ ਅਤੇ ਪੰਜਾਬ ਰੋਡਵੇਜ਼ ਦੀਆਂ ਵੋਲਵੋ ਬੱਸਾਂ ਨੂੰ ਦਿੱਲੀ ਏਅਰਪੋਰਟ ਜਾਣ ਦੇਣ ਦੀ ਆਗਿਆ ਸਬੰਧੀ

**281. ਸਰਦਾਰ ਬਲਵਿੰਦਰ ਸਿੰਘ ਬੈਂਸ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੈਪਸੂ ਅਤੇ ਪੰਜਾਬ ਰੋਡਵੇਜ਼ ਦੀਆਂ ਜੋ ਵੋਲਵੋ ਬੱਸਾਂ ਦਿੱਲੀ ਏਅਰਪੋਰਟ ਤੇ ਜਾਂਦੀਆਂ ਹਨ, ਨੂੰ ਦਿੱਲੀ ਪੁਲਿਸ ਦੁਆਰਾ ਜ਼ਬਤ ਕਰ ਲਿਆ ਜਾਂਦਾ ਹੈ ਅਤੇ ਪੰਜਾਬ ਦੀਆਂ ਹੋਰ ਬੱਸ ਕੰਪਨੀਆਂ ਦੀਆਂ ਬੱਸਾਂ ਨੂੰ ਹੀ ਏਅਰਪੋਰਟ ਵੱਲ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧ ਵਿੱਚ ਦਿੱਲੀ ਸਰਕਾਰ ਪਾਸ ਮਾਮਲਾ ਉਠਾਏਗੀ?

**ਸ਼੍ਰੀਮਤੀ ਅਰੁਨਾ ਚੌਧਰੀ:** ਇਹ ਠੀਕ ਹੈ ਕਿ ਪੈਪਸੂ ਅਤੇ ਪੰਜਾਬ ਰੋਡਵੇਜ਼ ਦੀਆਂ ਜੋ ਵੋਲਵੋ ਬੱਸਾਂ ਦਿੱਲੀ ਏਅਰਪੋਰਟ ਤੇ ਜਾਂਦੀਆਂ ਹਨ, ਨੂੰ ਜ਼ਬਤ ਕਰ ਲਿਆ ਜਾਂਦਾ ਹੈ। ਇਸ ਸਬੰਧ ਵਿੱਚ ਦਿੱਲੀ ਸਰਕਾਰ ਨਾਲ ਮਾਮਲਾ ਉਠਾਇਆ ਗਿਆ ਹੈ।

-----

### ਸਰਕਾਰੀ ਬੱਸਾਂ ਨੂੰ ਸਵਾਰੀਆਂ ਚੁੱਕਣ ਲਈ ਜ਼ਿਆਦਾ ਸਮਾਂ ਦੇਣਾ

**282. ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਦੇ ਬੱਸ ਅੱਡਿਆਂ ਉੱਤੇ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਵਾਲਿਆਂ ਨੂੰ ਲਾਭ ਪਹੁੰਚਾਉਣ ਖਾਤਰ ਸਵਾਰੀਆਂ ਚੁੱਕਣ ਲਈ ਜ਼ਿਆਦਾ ਸਮਾਂ ਦਿੱਤਾ ਜਾਂਦਾ ਹੈ ਅਤੇ ਸਰਕਾਰੀ ਬੱਸਾਂ ਨੂੰ ਬਹੁਤ ਥੋੜ੍ਹਾ ਸਮਾਂ ਦਿੱਤਾ ਜਾਂਦਾ ਹੈ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਪਹੁੰਚਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧੀ ਕੋਈ ਕਾਰਵਾਈ ਕਰੇਗੀ?

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਜੀ, ਰੂਟਾਂ ਦੇ ਸਾਂਝੇ ਟਾਇਮ ਟੇਬਲ ਸਬੰਧਿਤ ਸਕੱਤਰ, ਰੀਜ਼ਨਲ ਟਰਾਂਸਪੋਰਟ ਅਥਾਰਟੀਜ਼ ਵਲੋਂ ਪ੍ਰਾਈਵੇਟ ਓਪਰੇਟਰਜ਼ ਅਤੇ ਸਟੇਟ ਟਰਾਂਸਪੋਰਟ ਅੰਡਰਟੇਕਿੰਗਜ਼ ਨਾਲ ਸਲਾਹ ਮਸ਼ਵਰਾ ਕਰਕੇ ਪ੍ਰਵਾਨ ਕੀਤੇ ਜਾਂਦੇ ਹਨ।

-----

### ਟ੍ਰੈਫਿਕ ਜਾਮ ਦੀ ਸਮੱਸਿਆ ਦਾ ਹੱਲ ਕਰਨਾ

**283. ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਉਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਵਿਖੇ ਅਰੋੜਾ ਪੈਲੇਸ ਦੇ ਨੇੜੇ ਏ.ਟੀ.ਆਈ ਵਾਲੀ ਗਲੀ ਦੇ ਸਾਹਮਣੇ ਲਾਇਟਾਂ ਵਾਲੇ ਚੌਂਕ ਵਿੱਚ ਲੱਗੇ ਹੋਏ ਖੰਬਿਆਂ ਕਾਰਨ ਲਗਾਤਾਰ ਟ੍ਰੈਫਿਕ ਜਾਮ ਰਹਿੰਦਾ ਹੈ ਅਤੇ ਜਨਤਾ ਨੂੰ ਭਾਰੀ ਔਕੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧ ਵਿੱਚ ਕੋਈ ਕਾਰਵਾਈ ਕਰ ਰਹੀ ਹੈ ਜਾਂ ਕਰੇਗੀ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** ਲੁਧਿਆਣਾ ਵਿਖੇ ਅਰੋੜਾ ਪੈਲੇਸ ਦੇ ਨੇੜੇ ਏ.ਟੀ.ਆਈ. ਵਾਲੀ ਗਲੀ ਦੇ ਸਾਹਮਣੇ ਲਾਈਟਾਂ ਵਾਲੇ ਚੌਂਕ ਵਿੱਚ 300 ਕੇ.ਵੀ ਦਾ ਟਰਾਂਸਫਾਰਮਰ 4 ਪੋਲਾਂ ਵਾਲੇ ਢਾਂਚੇ ਤੇ ਕਾਫੀ ਸਾਲ ਪਹਿਲਾਂ ਲਗਾਇਆ ਗਿਆ ਸੀ। ਇਸ 4 ਪੋਲ ਦੇ ਢਾਂਚੇ ਉਪਰ 11 ਕੇ.ਵੀ. ਦੇ ਤਿੰਨ ਫੀਡਰ, ਜਿਨ੍ਹਾਂ ਦੇ ਨਾਮ ਬਸੰਤ ਫੀਡਰ, ਏਵਨ ਫੀਡਰ ਅਤੇ ਅਸਟੇਟ ਫੀਡਰ ਵੀ ਚਲਦੇ ਹਨ। ਇਸ 4 ਪੋਲ ਦੇ ਢਾਂਚੇ ਦੇ ਚੌਂਕ ਦੇ ਨੇੜੇ ਹੋਣ ਕਾਰਨ ਟ੍ਰੈਫਿਕ ਵਿੱਚ ਪੈਦਾ ਹੋਣ ਵਾਲੇ ਵਿਘਨ ਬਾਰੇ ਕਿਸੇ ਨੇ ਵੀ ਪੀ.ਐਸ.ਪੀ.ਸੀ.ਐਲ ਜਾਂ ਬਿਜਲੀ ਵਿਭਾਗ ਨੂੰ ਸੰਪਰਕ ਨਹੀਂ ਕੀਤਾ ਹੈ।

ਇਹ ਟਰਾਂਸਫਾਰਮਰ ਅਤੇ 4 ਪੋਲਾਂ ਦਾ ਢਾਂਚਾ ਸ਼ਿਫਟ ਕਰਵਾਉਣ ਹਿੱਤ ਲੋੜੀਂਦੀ ਸ਼ਿਫਟਿੰਗ ਫੀਸ ਜਮ੍ਹਾਂ ਕਰਵਾਉਣ ਲਈ ਸਬੰਧਤ ਲੋਕਲ ਅਥਾਰਟੀ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਨਿਪਟਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

-----

## MATTERS RAISED DURING ZERO HOUR AND STATEMENT BY THE CHIEF MINISTER

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਬਹੁਤ ਹੀ ਸੀਰੀਅਸ ਅਤੇ ਬਹੁਤ ਹੀ ਵੱਡੇ ਮਾਫੀਆ ਦੇ ਘਪਲੇ ਦੇ ਉਤੇ ਲਿਆਉਣਾ ਚਾਹੁੰਦਾ ਹਾਂ ਜਿਸ ਵਿੱਚ ਪੰਜਾਬ ਸਰਕਾਰ ਦੇ ਦੋ ਮਨਿਸਟਰ ਇਨਵਾਲਵਡ ਹਨ। ਗਰੈਂਡ ਮੈਨੋਰ ਹੋਮਜ਼, ਲੁਧਿਆਣਾ, ਜਿਸ ਦਾ ਸੀ.ਐਲ.ਯੂ. ਹੋਇਆ ਹੈ। ਸਪੀਕਰ ਸਾਹਿਬ, ਸਾਰੀਆਂ ਅਖ਼ਬਾਰਾਂ ਨੇ ਇਸ ਖਬਰ ਨੂੰ ਕਵਰ ਕੀਤਾ ਹੈ। ਇਸ ਸਬੰਧੀ ਰਜਿਸਟਰੀ 19 ਜਨਵਰੀ ਨੂੰ ਹੁੰਦੀ ਹੈ ਅਤੇ ਸੀ.ਐਲ.ਯੂ. 17 ਜਨਵਰੀ ਨੂੰ ਹੋ ਜਾਂਦਾ ਹੈ। ਇਸ

ਮਾਮਲੇ ਸਬੰਧੀ ਪੂਰੇ ਮੀਡੀਆ ਵਿੱਚ ਅਤੇ ਪੂਰੇ ਲੋਕਾਂ ਵਿੱਚ ਸ਼੍ਰੀ ਆਸ਼ੂ ਜੀ ਤੇ ਸਿੱਧੀ ਉਂਗਲ ਉੱਠੀ ਹੈ ਕਿ ਇਨ੍ਹਾਂ ਨੇ ਉਸ ਇਨਕੁਆਰੀ ਅਫ਼ਸਰ ਨੂੰ ਧਮਕਾਇਆ ਵੀ ਹੈ ਅਤੇ ਉਹ ਸੀ.ਐਲ.ਯੂ. ਗੈਰਕਾਨੂੰਨੀ ਤਰੀਕੇ ਨਾਲ ਕਰਵਾਇਆ ਹੈ, ਇਸ ਦੇ ਨਾਲ ਹੀ ਜਿਹੜੇ ਲੋਕਲ ਬਾਡੀਜ਼ ਮਨਿਸਟਰ ਹਨ, ਮੈਂ ਇਨ੍ਹਾਂ ਨੂੰ ਜਿਨ੍ਹਾਂ ਦਾ ਇਹ ਮਹਿਕਮਾ ਹੈ...

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈੱਸ ਕਰੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਜਿਸ ਮੰਤਰਾਲੇ ਹੇਠ, ਜਿਸ ਮੰਤਰੀ ਦੇ ਅਧੀਨ ਇਹ ਮਹਿਕਮਾ ਆਉਂਦਾ ਹੈ, ਇਹ ਘਪਲਾ ਕਰੋੜਾਂ ਰੁਪਏ ਦਾ ਹੋਇਆ ਹੈ, ਉਹ ਵੀ ਜ਼ਿੰਮੇਵਾਰ ਹੈ। ਸਪੀਕਰ ਸਾਹਿਬ, ਇਸ ਕਰਕੇ ਮਾਨਯੋਗ ਮੁੱਖ ਮੰਤਰੀ ਜੀ ਇਨ੍ਹਾਂ ਦੋਵਾਂ ਮਨਿਸਟਰਜ਼ ਨੂੰ ਹਟਾ ਕੇ ਟਾਈਮ ਬਾਊਂਡ ਇਨਕੁਆਰੀ ਕਰਨ ਤਾਂ ਜੋ ਫਰੀ ਐਂਡ ਫੇਅਰ ਇਨਕੁਆਰੀ ਹੋ ਸਕੇ। ਸਪੀਕਰ ਸਾਹਿਬ, ਇਨ੍ਹਾਂ ਦੋਵਾਂ ਨੂੰ ਅਸਤੀਫਾ ਦੇਣਾ ਚਾਹੀਦਾ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। ਤੁਹਾਡੀ ਗੱਲ ਹੋ ਗਈ ਹੈ। ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ) ਸੀ.ਐਮ. ਸਾਹਿਬ ਦੀ ਗੱਲ ਸੁਣ ਲਵੋ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਜਿਹੜੀ ਗੱਲ ਇੱਥੇ ਚੱਲ ਰਹੀ ਹੈ, ਇਹ ਦੋ ਦਿਨਾਂ ਦੀ ਚੱਲ ਰਹੀ ਹੈ। ਸਾਰੀਆਂ ਅਖ਼ਬਾਰਾਂ ਭਰੀਆਂ ਹੋਈਆਂ ਹਨ, ਸਭ ਕੁਝ ਭਰਿਆ ਹੋਇਆ ਹੈ। Making a mountain out of a molehill, ਇਹ ਸਵਾਲ ਇਸ ਕਿਸਮ ਦਾ ਹੈ। Basically, ਅਸੀਂ ਇੱਕ ਇਨਕੁਆਰੀ ਰਿਪੋਰਟ ਦੀ ਵੇਟ ਕਰ ਰਹੇ ਹਾਂ। It has been received by the Ministry. ਡਿਪਾਰਟਮੈਂਟ ਆਫ ਲੋਕਲ ਗੌਰਮਿੰਟ ਇਸ ਨੂੰ ਸਟੱਡੀ ਕਰ ਰਿਹਾ ਹੈ। After the comments of the Municipal Commissioner, Ludhiana and another concerned officers, ਉਸ ਤੋਂ ਬਾਅਦ ਜੋ ਵੀ ਕੁਰੈਕਟਿਵ ਐਕਸ਼ਨ ਲੈਣਾ ਹੈ, we are prepared to take that.

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਸੀ.ਐਮ. ਸਾਹਿਬ ਇੱਥੇ ਬੈਠੇ ਹਨ। ਮੈਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼੍ਰੀ ਭਾਰਤ ਭੂਸ਼ਣ ਆਸ਼ੂ ਜੀ ਨੇ ਜਿਹੜਾ ਡੀ.ਐਸ.ਪੀ. ਇਨਕੁਆਰੀ ਕਰ ਰਿਹਾ ਸੀ, ਉਸ ਨੂੰ ਧਮਕੀਆਂ ਦਿੱਤੀਆਂ ਹਨ। ਸਰ, ਉਸ ਦੀ ਆਡੀਓ ਵਾਇਰਲ ਹੋਈ ਹੈ। ਦੂਸਰਾ, ਇੱਕ ਸ਼੍ਰੀ ਆਰ.ਕੇ. ਗਰਗ ....

**Chief Minister:** You cannot pre-empt issues. Let the Report come. ਉਸ ਤੋਂ ਬਾਅਦ ਹੀ ਅਸੀਂ ਕਾਰਵਾਈ ਕਰਾਂਗੇ। ਤੁਸੀਂ ਤਾਂ ਪਹਿਲਾਂ ਹੀ ਸਾਰਿਆਂ ਨੂੰ ਗਿਲਟੀ ਹੋਲਡ ਕਰਨ ਲੱਗ ਪਏ ਹੋ। This is not the way of doing things. There is a law, ਇਸ ਦੇਸ਼ ਦੇ ਵਿੱਚ ਕਾਨੂੰਨ ਹੈ। There are rules and we have to act according to law of the land.

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼੍ਰੀ ਆਰ.ਕੇ. ਗਰਗ ਇੱਕ ਹੋਰ ਅਫ਼ਸਰ ਹਨ, ਆਸ਼ੂ ਜੀ ਨੇ ਉਨ੍ਹਾਂ ਨੂੰ ਵੀ ਗਾਲ੍ਹਾਂ ਕੱਢੀਆਂ ਹਨ ਅਤੇ ਹਾਈ ਕੋਰਟ ਦੇ ਖਿਲਾਫ ਵੀ ਮੰਦਾ-ਚੰਗਾ ਬੋਲਿਆ ਹੈ। ਆਨਰੇਬਲ ਹਾਈ ਕੋਰਟ ਦੀ ਵੀ ਤੌਹੀਨ ਕੀਤੀ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਇਨ੍ਹਾਂ ਆਡੀਓਜ਼ ਬਾਰੇ ਵੀ ਬਿਆਨ ਦੇਣ।

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਆਡੀਓਜ਼ ਬਾਰੇ ਬਿਆਨ ਕਿਵੇਂ ਦੇ ਸਕਦੇ ਹਨ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ, ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਅਤੇ ਟਰੇਜ਼ਰੀ ਬੈਂਚਿਜ਼ ਤੋਂ ਵੀ ਕੁਝ ਮੈਂਬਰ ਬਿਨਾਂ ਆਗਿਆ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਹਰਪਾਲ ਸਿੰਘ ਚੀਮਾ:** ਮੈਨੂੰ ਅਲਾਉ ਕੀਤਾ ਜਾਵੇ, ਮੈਂ ਇਹ ਸੁਣਾਵਾਂਗਾ। ਰਾਜਾ ਜੀ ਵੀ ਕਹਿ ਰਹੇ ਹਨ। (ਵਿਘਨ)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਤੁਸੀਂ ਇਸ਼ੂ ਰੇਜ਼ ਕਰਨਾ ਸੀ, ਉਹ ਕਰ ਲਿਆ ਹੈ। ਟੀਨੂ ਜੀ, ਤੁਸੀਂ ਬੈਠੋ। ਤੁਸੀਂ ਇਸ਼ੂ ਰੇਜ਼ ਕਰ ਲਿਆ ਹੈ।

(ਇਸ ਸਮੇਂ ਸਰਦਾਰ ਬਿਕਰਮ ਸਿੰਘ ਮਜੀਠੀਆ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਛੱਡ ਕੇ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। )

---

** Not recorded as ordered by the Chair.

**ਮਾਨਯੋਗ ਸਪੀਕਰ:** ਮਜੀਠੀਆ ਜੀ, ਤੁਹਾਡੀ ਕਾਲ ਅਟੈਂਸ਼ਨ ਹੈ। ਆਪਣੀ ਕਾਲ ਅਟੈਂਸ਼ਨ ਲੈ ਲਓ। (ਵਿਘਨ...ਸ਼ੋਰ) ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ । (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਵਾਪਸ ਆਪਣੀਆਂ ਸੀਟਾਂ ਤੇ ਆ ਗਏ।)

**ਮਾਨਯੋਗ ਸਪੀਕਰ:** ਮਜੀਠੀਆ ਜੀ, ਆਪਣੀ ਕਾਲ ਅਟੈਂਸ਼ਨ ਪੜ੍ਹੋ। ਜ਼ੀਰੋ ਆਵਰ ਖਤਮ ਹੋ ਗਿਆ ਹੈ। (ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਉਨ੍ਹਾਂ ਦੀ ਕਾਲ ਅਟੈਂਸ਼ਨ ਹੈ, ਉਹ ਬੋਲਣਗੇ। (ਵਿਘਨ...ਸ਼ੋਰ) ਕਾਲ ਅਟੈਂਸ਼ਨ।ਕਾਲ ਅਟੈਂਸ਼ਨ ਪੜ੍ਹੋ ਜੀ।

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਜ਼ੀਰੋ ਆਵਰ ਦੌਰਾਨ ਸਮਾਂ ਨਾ ਦੇਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ।)

-----

** Not recorded as ordered by the Chair.

## CALLING ATTENTION NOTICES UNDER RULE 66

**(ਕ੍ਰਮ ਨੰ: 27)**

**1 ਸਰਦਾਰ ਬਿਕਰਮ ਸਿੰਘ ਮਜੀਠੀਆ :**

**2 ਸਰਦਾਰ ਲਖਬੀਰ ਸਿੰਘ ਲੋਧੀ ਨੰਗਲ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਪੰਜਾਬ ਵਿਚ 19 ਅਕਤੂਬਰ, 2018 ਨੂੰ ਦੁਸਹਿਰੇ ਵਾਲੇ ਦਿਨ ਜੌੜਾ ਫਾਟਕ (ਅੰਮ੍ਰਿਤਸਰ) ਨੇੜੇ ਰਾਵਣ ਦੇ ਪੁਤਲੇ ਨੂੰ ਸੜਦਾ ਦੇਖ ਰਹੇ ਲੋਕਾਂ ਤੇ ਚੜ੍ਹੀ ਡੀ.ਐਮ.ਯੂ ਟ੍ਰੇਨ ਕਾਰਨ ਵਾਪਰੇ ਵੱਡੇ ਰੇਲ ਹਾਦਸੇ ਜਿਸ ਵਿਚ ਘੱਟੋ ਘੱਟ 61 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 100 ਤੋਂ ਵੀ ਜ਼ਿਆਦਾ ਵਿਅਕਤੀ ਜ਼ਖਮੀ ਹੋ ਗਏ ਸਨ। ਰਾਜ ਸਰਕਾਰ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਅਤੇ ਗੰਭੀਰ ਜ਼ਖਮੀਆਂ ਦੇ ਮੁਫਤ ਇਲਾਜ ਅਤੇ ਉਨ੍ਹਾਂ ਨੂੰ 50-50 ਹਜ਼ਾਰ ਰੁਪਏ ਦੇਣ ਦੇ ਆਦੇਸ਼ ਦਿੱਤੇ ਸਨ। ਰਾਜ ਸਰਕਾਰ ਨੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਨੌਕਰੀ ਦੇਣ ਦਾ ਵੀ ਵਾਅਦਾ ਕੀਤਾ ਸੀ। 5-5 ਲੱਖ ਅਤੇ 50-50 ਹਜ਼ਾਰ ਦੇ ਚੈੱਕ ਰਾਜ ਦੇ ਕਈ ਮੰਤਰੀ ਵੰਡਣ ਲਈ ਅੰਮ੍ਰਿਤਸਰ ਗਏ ਸਨ। ਕਿਸੇ ਨੂੰ ਚੈੱਕ ਮਿਲਿਆ ਤੇ ਬਹੁਤਿਆਂ ਜ਼ਖਮੀਆਂ ਨੂੰ ਉਹ ਵੀ ਨਹੀਂ ਮਿਲਿਆ।

ਪਹਿਲੀ ਨਜ਼ਰੇ ਇਸ ਵੱਡੇ ਹਾਦਸੇ ਵਿਚ ਸਰਕਾਰ ਦੀ ਗਲਤੀ ਹੈ ਕਿ ਰੇਲਵੇ ਟ੍ਰੈਕ ਦੇ ਇੰਨੀ ਨੇੜੇ ਦੁਸਹਿਰਾ ਸਮਾਗਮ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜੁੜਦੇ ਹਨ, ਬਿਨਾਂ ਇਜਾਜ਼ਤ ਹੀ ਇਹ ਸਮਾਗਮ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਰੇਲਵੇ ਲਾਈਨ ਤੇ ਖੜ੍ਹੇ ਲੋਕਾਂ ਨੂੰ ਹਟਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਐਨਾ ਭਿਆਨਕ ਹਾਦਸਾ ਵਾਪਰਦੇ ਸਾਰ ਹੀ ਸਾਰੇ ਸਿਆਸੀ ਲੀਡਰ ਅਤੇ ਪ੍ਰਬੰਧਕ ਮੌਕੇ ਤੋਂ ਰਫੂ ਚੱਕਰ ਹੋ ਗਏ।

ਜਿਹੜੇ ਗੰਭੀਰ ਜ਼ਖਮੀਆਂ ਨੂੰ ਮੁਫਤ ਇਲਾਜ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਉਨ੍ਹਾਂ ਨੂੰ ਸਬੰਧਿਤ ਸਰਕਾਰ ਤੇ ਪ੍ਰਾਈਵੇਟ ਹਸਪਤਾਲਾਂ ਵੱਲੋਂ ਪੂਰਾ ਇਲਾਜ ਕਰਨ ਤੋਂ ਬਿਨਾਂ ਹੀ, ਜਵਾਬ ਦੇ ਦਿੱਤਾ ਗਿਆ ਹੈ। ਜੇ ਇਹ ਲੋਕ ਕਿਸੇ ਨੇਤਾ ਕੋਲ ਪਹੁੰਚ ਕਰਦੇ ਹਨ ਤਾਂ ਉਨ੍ਹਾਂ ਨੂੰ ਬਦਸਲੂਕੀ ਤੋਂ ਬਿਨਾਂ ਕੁਝ ਨਹੀਂ ਮਿਲਦਾ। ਇਕ ਵਿਅਕਤੀ ਦਲਬੀਰ ਸਿੰਘ, ਜੋ ਰਾਵਣ ਦਾ ਰੋਲ ਕਰਦਾ ਸੀ ਅਤੇ ਜਿਸ ਨੇ ਹਾਦਸੇ ਦੇ ਸਮੇਂ ਕਈ ਜਾਨਾਂ ਬਚਾਈਆਂ ਸਨ ਪਰ ਇਸ ਦੌਰਾਨ ਉਹ ਆਪਣੀ ਜਾਨ ਗੁਆ ਬੈਠਾ। ਉਸ ਦੀ ਮਾਤਾ ਸਵਰਨ ਕੌਰ ਨੂੰ ਵੱਖ-ਵੱਖ ਮੰਤਰੀਆਂ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਮ੍ਰਿਤਕ ਦੇ ਪੁੱਤਰ ਨੂੰ ਨੌਕਰੀ ਦਿੱਤੀ ਜਾਵੇਗੀ। ਉਹ ਮਾਤਾ ਵੀ ਦਰ-ਬ-ਦਰ ਫਿਰ ਕੇ ਤਰਲੇ ਮਾਰ ਰਹੀ ਹੈ। ਉਸ ਗਰੀਬ ਦੀ ਬਾਂਹ ਫੜਨੀ ਚਾਹੀਦੀ ਹੈ ਕਿਉਂ ਜੋ ਉਸ ਦੇ ਪੁੱਤਰ ਨੇ ਹਾਦਸੇ ਵਿਚ ਕਈ ਜਾਨਾਂ ਆਪਣੀ ਜਾਨ ਦਾਅ ਤੇ ਲਾ ਕੇ ਬਚਾਈਆਂ ਸਨ।

[ਸਰਦਾਰ ਬਿਕਰਮ ਸਿੰਘ ਮਜੀਠੀਆ]

ਅਸੀਂ ਇਹ ਮੰਗ ਕਰਦੇ ਹਾਂ ਕਿ ਸਰਕਾਰ ਇਸ ਅਤਿ ਗੰਭੀਰ ਮਾਮਲੇ ਵੱਲ ਵਿਸ਼ੇਸ਼ ਧਿਆਨ ਦੇਵੇ ਤੇ ਪਤਾ ਲਗਾਵੇ ਕਿ ਕਿੰਨੇ ਮ੍ਰਿਤਕਾਂ ਦੇ ਵਾਰਸਾਂ ਨੂੰ ਅਤੇ ਕਿੰਨੇ ਗੰਭੀਰ ਜ਼ਖਮੀਆਂ ਨੂੰ 5-5 ਲੱਖ ਰੁਪਏ ਜਾਂ 50-50 ਹਜ਼ਾਰ ਰੁਪਏ ਦੀ ਮਾਲੀ ਮਦਦ ਦੇ ਚੈੱਕ ਅਜੇ ਤੱਕ ਨਹੀਂ ਦਿੱਤੇ ਗਏ। ਇਸ ਬਾਰੇ ਸਦਨ ਵਿਚ ਸਥਿਤੀ ਸਪਸ਼ਟ ਕੀਤੀ ਜਾਵੇ। ਦੋਸ਼ੀ ਸਿਆਸੀ ਆਗੂਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਤੇ ਸਖਤ ਕਾਰਵਾਈ ਕੀਤੀ ਜਾਵੇ। ਪੀੜ੍ਹਤਾਂ ਨਾਲ ਕੀਤੇ ਵਾਅਦਿਆਂ ਅਨੁਸਾਰ ਜ਼ਖਮੀਆਂ ਦਾ ਮੁਫਤ ਇਲਾਜ ਕਰਾਇਆ ਜਾਵੇ, ਵਾਰਸਾਂ ਨੂੰ ਨੌਕਰੀਆਂ ਦਿੱਤੀਆਂ ਜਾਣ ਅਤੇ ਮਾਲੀ ਸਹਾਇਤਾ ਜਲਦੀ ਕੀਤੀ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਸਦਨ ਵਿੱਚ ਹਾਜ਼ਰ ਕੁਝ ਮੰਤਰੀ ਅਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।(ਵਿਘਨ...ਸ਼ੋਰ) ਬ੍ਰਹਮ ਮਹਿੰਦਰਾ ਜੀ, ਜਵਾਬ ਦਿਓ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਿਤੀ 19.10.2019 ਨੂੰ ਜੋੜਾ ਫਾਟਕ ਵਿਖੇ ਹੋਏ ਰੇਲ ਹਾਦਸੇ ਵਿੱਚ 58 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 71 ਵਿਅਕਤੀ ਜ਼ਖਮੀ ਹੋਏ ਸਨ। ਇਸ ਮੰਦਭਾਗੀ ਦੁਰਘਟਨਾ ਦੇ ਮੱਦੇਨਜ਼ਰ ਰਾਜ ਸਰਕਾਰ ਵਲੋਂ ਪ੍ਰਭਾਵਿਤ ਵਿਅਕਤੀਆਂ ਨੂੰ ਹਰ ਕਿਸਮ ਦੀ ਸੰਭਵ ਸਹਾਇਤਾ ਮੁਹੱਈਆ ਕਰਵਾਈ ਗਈ। ਤੁਰੰਤ ਮੈਡੀਕਲ ਕੇਅਰ ਅਤੇ ਹੋਰ ਸਹਾਇਤਾ ਤੋਂ ਇਲਾਵਾ ਸਰਕਾਰ ਵੱਲੋਂ ਹਰੇਕ ਮ੍ਰਿਤਕ ਦੇ ਵਾਰਸਾਂ ਨੂੰ 5 ਲੱਖ ਅਤੇ ਜ਼ਖਮੀਆਂ ਨੂੰ 50 ਹਜ਼ਾਰ ਹਰੇਕ ਦੇ ਹਿਸਾਬ ਨਾਲ ਰਾਹਤ ਪ੍ਰਦਾਨ ਕੀਤੀ ਗਈ ਹੈ। ਇਸ ਸਬੰਧ ਵਿੱਚ ਸਮੁੱਚੀ ਰਾਸ਼ੀ ਵੰਡਣ ਲਈ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਭੇਜੀ ਗਈ ਹੈ।

** Not recorded as ordered by the Chair.

58 ਮ੍ਰਿਤਕ ਵਿਅਕਤੀਆਂ ਵਿੱਚੋਂ 1 ਮ੍ਰਿਤਕ ਦੀ ਸ਼ਨਾਖਤ ਨਹੀਂ ਹੋ ਸਕੀ, 57 ਮ੍ਰਿਤਕ ਵਿਅਕਤੀਆਂ ਦੇ ਵਾਰਸਾਂ ਵਿੱਚੋਂ ਹੁਣ ਤੱਕ 52 ਵਿਅਕਤੀਆਂ ਦੇ ਵਾਰਸਾਂ ਨੂੰ ਰਾਸ਼ੀ ਵੰਡੀ ਜਾ ਚੁੱਕੀ ਹੈ ਅਤੇ ਬਕਾਇਆ ਰਹਿੰਦੇ 5 ਮ੍ਰਿਤਕਾਂ ਵਿੱਚੋਂ 4 ਮ੍ਰਿਤਕ ਇਕੋ ਪਰਿਵਾਰ ਦੇ ਜੀਅ ਸਨ, ਜਿਨ੍ਹਾਂ ਦੇ ਵਾਰਸਾਂ ਦੀ ਸ਼ਨਾਖਤ ਲਈ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਕ ਮ੍ਰਿਤਕ ਵਿਅਕਤੀ ਦੇ ਪਰਿਵਾਰ ਵੱਲੋਂ ਕਾਨੂੰਨੀ ਵਾਰਸ ਘੋਸ਼ਿਤ ਕਰਨ ਲਈ ਮਾਨਯੋਗ ਸਿਵਲ ਅਦਾਲਤ ਵਿਖੇ ਕੇਸ ਕੀਤਾ ਹੋਇਆ ਹੈ। ਕਾਨੂੰਨੀ ਝਗੜਾ ਸਮਾਪਤ ਹੋਣ ਤੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਇਹ ਰਾਸ਼ੀ ਵੰਡ ਦਿੱਤੀ ਜਾਵੇਗੀ।

71 ਜ਼ਖਮੀ ਹੋਏ ਵਿਅਕਤੀਆਂ ਵਿੱਚੋਂ ਵੀ ਹੁਣ ਤੱਕ 62 ਵਿਅਕਤੀਆਂ ਨੂੰ ਰਾਸ਼ੀ ਵੰਡੀ ਜਾ ਚੁੱਕੀ ਹੈ। ਬਾਕੀ ਰਹਿੰਦੇ 9 ਵਿਅਕਤੀਆਂ ਵਿਚੋਂ 6 ਵਿਅਕਤੀ ਅੰਮ੍ਰਿਤਸਰ ਤੋਂ ਜਾ ਚੁੱਕੇ ਹਨ ਅਤੇ ਉਨ੍ਹਾਂ ਨੂੰ ਟੈਲੀਫੋਨ ਰਾਹੀਂ ਸਹਾਇਤਾ ਰਾਸ਼ੀ ਪ੍ਰਾਪਤ ਕਰਨ ਲਈ ਸੁਨੇਹਾ ਲਗਾਇਆ ਗਿਆ ਹੈ। 3 (ਤਿੰਨ) ਵਿਅਕਤੀਆਂ ਨਾਲ ਉਨ੍ਹਾਂ ਦੇ ਦਿੱਤੇ ਗਏ ਐਡਰੈਸ (ਪਤੇ) ਤੇ ਸੰਪਰਕ ਨਹੀਂ ਹੋ ਸਕਿਆ। ਇੰਜ ਜਾਪਦਾ ਹੈ ਕਿ ਪ੍ਰਵਾਸੀ ਹੋਣ ਕਾਰਨ ਆਪਣੇ ਰਾਜ ਵਾਪਸ ਜਾ ਚੁੱਕੇ ਹਨ। ਜਦੋਂ ਵੀ ਉਹ ਸਹਾਇਤਾ ਰਾਸ਼ੀ ਪ੍ਰਾਪਤ ਕਰਨ ਲਈ ਸੰਪਰਕ ਕਰਦੇ ਹਨ, ਇਸ ਦੀ ਵੰਡ ਕਰ ਦਿੱਤੀ ਜਾਵੇਗੀ।

-----

## WALK OUT

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਜ਼ੀਰੋ ਆਵਰ ਦੌਰਾਨ ਸਮਾਂ ਨਾ ਦੇਣ ਦੇ ਰੋਸ ਵੱਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-----

** Not recorded as ordered by the Chair.

## CALLING ATTENTION NOTICES UNDER RULE 66
## *(RESUMPTION)*

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਸਮੂਹ 71 ਜ਼ਖਮੀ ਹੋਏ ਵਿਅਕਤੀਆਂ ਦਾ 12 ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਬਿਲਕੁਲ ਫਰੀ ਇਲਾਜ ਸਰਕਾਰ ਵੱਲੋਂ ਕਰਵਾਇਆ ਗਿਆ ਸੀ।

ਮ੍ਰਿਤਕ ਦਲਵੀਰ ਸਿੰਘ ਦੀ ਪਤਨੀ ਅਤੇ ਉਸ ਦੀ ਮਾਤਾ ਸਵਰਨ ਕੌਰ ਨੂੰ ਕ੍ਰਮਵਾਰ 3,34,000/- ਅਤੇ 1,66,000/- ਸਹਾਇਤਾ ਰਾਸ਼ੀ ਮੁਹੱਈਆ ਕਰਵਾਈ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਮੰਦਭਾਗੀ ਘਟਨਾ ਦੀ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਵੱਲੋਂ ਮੈਜਿਸਟਰੀਅਲ ਜਾਂਚ ਕਰਵਾਈ ਗਈ ਸੀ। ਇਸ ਜਾਂਚ ਦੀਆਂ ਫਾਈਡਿੰਗਜ਼ ਅਤੇ ਸੁਝਾਅ ਸਰਕਾਰ ਵੱਲੋਂ ਪ੍ਰਵਾਨ ਕਰ ਲਏ ਗਏ ਹਨ। ਸਾਰੇ ਸਬੰਧਿਤ ਵਿਭਾਗ/ਏਜੰਸੀ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਰੇਲ ਹਾਦਸੇ ਵਿੱਚ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਨੌਕਰੀ ਦੇਣ ਸਬੰਧੀ ਸਰਕਾਰ ਵੱਲੋਂ ਕੋਈ ਘੋਸ਼ਣਾ ਨਹੀਂ ਕੀਤੀ ਗਈ।

ਨਗਰ ਨਿਗਮ, ਅੰਮ੍ਰਿਤਸਰ ਦੇ ਦੋਸ਼ੀ ਪਾਏ ਗਏ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸਬੰਧੀ ਮਾਮਲਾ ਸਥਾਨਕ ਸਰਕਾਰ ਵਿਭਾਗ ਦੇ ਵਿਚਾਰ ਅਧੀਨ ਹੈ। ਮੁਕੱਦਮਾ ਨੰਬਰ 169, ਮਿਤੀ 19.10.2018 ਅ/ਧ 304, 304/ਏ, 337, 338 ਆਈ.ਪੀ.ਸੀ. ਥਾਣਾ ਰੇਲਵੇ ਪੁਲਿਸ, ਅੰਮ੍ਰਿਤਸਰ ਵਿਖੇ ਦਰਜ ਕੀਤਾ ਗਿਆ ਸੀ ਅਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ, ਰੇਲਵੇਜ਼, ਪੰਜਾਬ ਚੰਡੀਗੜ੍ਹ ਦੀ ਨਿਗਰਾਨੀ ਹੇਠ ਇਸ ਮੁਕੱਦਮੇ ਦੀ ਤਫਤੀਸ਼ ਲਈ ਜੀ.ਆਰ.ਪੀ. ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਵੀ ਕੀਤਾ ਗਿਆ ਹੈ। ਇਨਕੁਆਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਅਤੇ ਸੁਝਾਵਾਂ ਸਬੰਧੀ ਹਦਾਇਤ/ਐਡਵਾਈਜ਼ਰੀ ਜਾਰੀ ਕੀਤੀਆਂ ਗਈਆਂ ਹਨ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਦੁਰਘਟਨਾਵਾਂ ਮੁੜ ਨਾ ਵਾਪਰਨ। ਇਸ ਤੋਂ ਇਲਾਵਾ, ਮੁਜ਼ਾਹਰਿਆਂ ਅਤੇ ਰੋਸ ਮਾਰਚਾਂ ਸਬੰਧੀ ਵੀ ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਪੁਲਿਸ ਕਮਿਸ਼ਨਰਜ਼ ਅਤੇ ਕਮਿਸ਼ਨਰ ਪੁਲਿਸ ਕਪਤਾਨਾਂ ਨੂੰ ਗਾਇਡੀਲਾਈਨਜ਼/ ਐਡਵਾਈਜ਼ਰੀਜ਼ ਜਾਰੀ ਕੀਤੀਆਂ ਗਈਆਂ ਹਨ।

ਸਪੀਕਰ ਸਾਹਿਬ, ਇਸ ਵਿੱਚ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ 19 ਤਰੀਕ ਰਾਤ ਨੂੰ ਹਾਦਸਾ ਹੋਇਆ ਹੋਵੇ ਅਤੇ 21 ਤਰੀਕ ਨੂੰ ਅਸੀਂ 5-5 ਲੱਖ ਰੁਪਏ ਦੇ ਚੈੱਕ ਵੰਡੇ ਸੀ, ਜੋ ਸਤਿਕਾਰਯੋਗ ਮੁੱਖ ਮੰਤਰੀ ਜੀ ਦੀ ਅਨਾਊਂਸਮੈਂਟ ਸੀ ਕਿ ਹਰ ਮ੍ਰਿਤਕ ਨੂੰ 5 ਲੱਖ ਰੁਪਿਆ ਦਿੱਤਾ ਜਾਵੇਗਾ ਅਤੇ ਜਿਹੜਾ ਕੋਈ ਜ਼ਖਮੀ ਹੈ ਉਸ ਨੂੰ 50,000 ਰੁਪਿਆ ਦਿੱਤਾ ਜਾਵੇਗਾ। 19 ਤਰੀਕ ਨੂੰ ਹਾਦਸਾ ਹੋਇਆ ਹੈ, 20 ਤਰੀਕ ਨੂੰ ਸੀ.ਐਮ. ਸਾਹਿਬ ਖੁਦ ਗਏ ਹਨ, ਉਸ ਤੋਂ ਬਾਅਦ ਗਵਰਨਰ ਸਾਹਿਬ ਗਏ ਹਨ। ਸਰ, ਹਾਦਸੇ ਦੀ ਰਾਤ ਨੂੰ ਹਾਲਾਤ ਬੜੇ ਗੰਭੀਰ ਸਨ, ਜਿਸ ਵੇਲੇ ਇਹ ਐਕਸੀਡੈਂਟ ਹੋਇਆ ਹੈ, ਉਹ ਲੋਕ ਰੇਲਵੇ ਲਾਈਨ ਤੇ ਬੈਠੇ ਸਨ। ਇਹ ਇੱਕ ਮੰਦਭਾਗੀ ਗੱਲ ਹੋ ਗਈ। ਉਸ ਤੋਂ ਬਾਅਦ, ਅੱਧੇ ਘੰਟੇ ਵਿੱਚ 7.25 ਤੇ ਮੈਨੂੰ ਚੀਫ ਸੈਕਟਰੀ ਸਾਹਿਬ ਦਾ ਫੋਨ ਆਇਆ, ਮੈਂ ਪਟਿਆਲੇ ਆਪਣੇ ਇੱਕ ਦੁਸਹਿਰੇ ਦੇ ਪ੍ਰੋਗਰਾਮ ਵਿੱਚ ਸੀ। ਉਨ੍ਹਾਂ ਨੇ ਕਿਹਾ ਕਿ ਇਹ ਮੰਦਭਾਗੀ ਘਟਨਾ ਹੋਈ ਹੈ ਅਤੇ ਸਾਰੇ ਅਰੇਂਜਮੈਂਟ ਕੰਪਲੀਟ ਕਰ ਦਿੱਤੇ ਜਾਣ। ਉਸੇ ਵੇਲੇ ਮੈਂ ਹਦਾਇਤ ਕੀਤੀ, ਮੇਰੇ ਐਡੀਸ਼ਨਲ ਚੀਫ ਸੈਕਟਰੀ ਅੰਮ੍ਰਿਤਸਰ ਨੂੰ ਚੱਲ ਪਏ ਔਰ 12.30 ਵਜੇ ਉਹ ਉੱਥੇ ਪਹੁੰਚ ਗਏ। ਸਾਰੀਆਂ ਐਂਬੂਲੈਂਸਾਂ ਅੱਧੇ ਘੰਟੇ ਵਿੱਚ ਪਹੁੰਚ ਗਈਆਂ, ਸਾਰੇ ਹਸਪਤਾਲਾਂ ਵਿਚ ਸਭ ਕੁਝ ਕੀਤਾ ਗਿਆ ਡਾਕਟਰਾਂ ਦੀ ਛੁੱਟੀ ਕੈਂਸਲ ਕਰ ਦਿੱਤੀ ਗਈ, ਨਰਸਾਂ ਅਤੇ ਸਾਰਾ ਸਟਾਫ ਰਾਤ ਨੂੰ ਮੌਜੂਦ ਸੀ। ਇਹ ਪਹਿਲੀ ਵਾਰੀ ਹੋਇਆ ਹੈ ਕਿ ਇੰਨੇ ਵੱਡੇ ਇੰਸੀਡੈਂਟ ਤੋਂ ਬਾਅਦ ਕਿਸੇ ਸੋਸ਼ਲ ਮੀਡੀਆ ਤੇ, ਕਿਸੇ ਵੀ ਪ੍ਰਿੰਟ ਮੀਡੀਆ ਅਤੇ ਇਲੈਕਟ੍ਰੋਨਿਕ ਮੀਡੀਆ ਉੱਪਰ ਸਿਹਤ ਵਿਭਾਗ ਤੇ ਇਹ ਚਾਰਜ ਨਹੀਂ ਲੱਗਿਆ ਕਿ ਡਾਕਟਰ ਨਹੀਂ ਮਿਲਿਆ, ਦਵਾਈਆਂ ਨਹੀਂ ਮਿਲੀਆਂ, ਐਂਬੂਲੈਂਸ ਨਹੀਂ ਮਿਲੀ। ਸਾਰਿਆਂ ਦਾ ਇੰਨਾ ਸ਼ਾਨਦਾਰ ਟਰੀਟਮੈਂਟ ਹੋਇਆ ਅਤੇ ਸਭ ਕੁਝ ਹੋਇਆ। ਸਾਰਾ ਸਿਸਟਮ ਇਸ ਗੱਲ ਲਈ ਇਨ ਪਲੇਸ ਸੀ। ਬਾਕੀ ਜੇ ਕੋਈ ਥੋੜ੍ਹੀ-ਬਹੁਤ ਕਿਸੇ ਦੀ ਹੋਰ ਰਾਸ਼ੀ ਰਹਿੰਦੀ ਹੈ ਤਾਂ ਮੈਂ ਐਕਸਪਲੇਨ ਹੀ ਕਰ ਦਿੱਤਾ ਹੈ। ਚੈੱਕ ਸਾਰੇ ਅਸੀਂ ਵੰਡੇ। ਪਹਿਲੇ ਦਿਨ ਜਿਹੜੇ ਚੈੱਕ ਵੰਡੇ, ਮੇਰੇ ਨਾਲ ਨਵਜੋਤ ਸਿੰਘ ਸਿੱਧੂ ਸਾਹਿਬ ਸਨ, ਮੇਰੇ ਨਾਲ ਸੁਖ ਸਰਕਾਰੀਆ ਜੀ ਸਨ, ਮੇਰੇ ਨਾਲ ਓ.ਪੀ. ਸੋਨੀ ਜੀ ਸਨ। ਇਹ ਸਾਰੀ ਘਟਨਾ ਹੋਣ ਤੋਂ ਬਾਅਦ ਜਿਸ ਵੇਲੇ ਮੈਨੂੰ ਸੀ.ਐਮ. ਸਾਹਿਬ ਨੇ ਕਿਹਾ ਕਿ ਤੁਸੀਂ ਅੰਮ੍ਰਿਤਸਰ ਜਾ ਕੇ ਚਾਰਜ ਸੰਭਾਲੋ, ਉਸੇ ਵੇਲੇ ਮੈਂ ਸੀ.ਐਮ. ਸਾਹਿਬ ਨੂੰ ਇੱਕ ਰਿਕੁਐਸਟ ਕੀਤੀ ਕਿ ਜਿਹੜੀ ਅਸੀਂ 5 ਲੱਖ ਰੁਪਏ ਦੀ ਰਾਸ਼ੀ ਅਨਾਊਂਸ ਕੀਤੀ ਹੈ, ਇਹ ਜਲਦੀ ਤੋਂ ਜਲਦੀ ਅਸੀਂ ਡਿਪਟੀ ਕਮਿਸ਼ਨਰ ਦੇ ਖਾਤੇ ਵਿੱਚ ਤਿੰਨ ਕਰੋੜ ਰੁਪਿਆ ਭੇਜ ਦੇਈਏ ਅਤੇ ਚੀਫ ਮਨਿਸਟਰ ਸਾਹਿਬ ਨੇ ਅਗਲੇ ਦਿਨ ਹੀ ਉਹ ਤਿੰਨ ਕਰੋੜ ਰੁਪਿਆ ਭੇਜ ਦਿੱਤਾ। ਅਸੀਂ ਚੈੱਕਾਂ ਦੀ

ਤਿਆਰੀ ਕਰਕੇ, ਸਾਡੇ ਨਾਲ ਲੋਕਲ ਐਮ.ਐਲ.ਏ. ਸੁਨੀਲ ਦੱਤੀ ਜੀ ਸਨ, ਸਾਰਿਆਂ ਨੇ ਮਿਲ ਕੇ ਸਭ ਨੂੰ ਚੈੱਕ ਦੇਣੇ ਸ਼ੁਰੂ ਕਰ ਦਿੱਤੇ। ਖੁਦ ਸੀ.ਐਮ. ਸਾਹਿਬ ਸਾਰੇ ਹਸਪਤਾਲਾਂ ਵਿੱਚ 20 ਤਰੀਕ ਨੂੰ ਗਏ, ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਅਤੇ ਸਰਕਾਰੀ ਹਸਪਤਾਲ, ਮੈਡੀਕਲ ਕਾਲਜ ਹਸਪਤਾਲ ਵਿੱਚ ਅਤੇ ਸਿਵਲ ਹਸਪਤਾਲ ਵਿੱਚ ਵੀ ਗਏ। ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਦੇਖੀ ਗਈ। ਮੈਂ ਹਾਊਸ ਨੂੰ ਐਸ਼ਿਉਰ ਕਰਵਾਉਣਾ ਚਾਹੁੰਦਾ ਹਾਂ ਕਿ ਹੇ ਪਰਮਾਤਮਾ, ਇਹੋ ਜਿਹੇ ਇੰਸੀਡੈਂਟ ਨਾ ਹੋਣ ਪਰ ਜੇ ਇਹੋ ਜਿਹੀ ਕੋਈ ਗੱਲ ਹੁੰਦੀ ਹੈ ਤਾਂ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਤਿਆਰੀ ਕੀਤੀ ਗਈ ਸੀ। ਧੰਨਵਾਦ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਪੀਕਰ ਸਾਹਿਬ, ਮੈਂ ਇਸ ਵਿੱਚ ਐਡ ਕਰਨਾ ਚਾਹੁੰਦਾ ਹਾਂ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਇੱਕ ਹੀ ਸਵਾਲ ਪੁੱਛ ਸਕਦੇ ਹਨ। (ਵਿਘਨ) (ਸ਼ੋਰ)

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਵਿੱਚ ਐਡ ਕਰਨਾ ਚਾਹੁੰਦਾ ਹਾਂ, ਇਸ ਕਰਕੇ ਮੈਨੂੰ ਕਹਿਣ ਦਾ ਮੌਕਾ ਦਿਉ।

**ਮਾਨਯੋਗ ਸਪੀਕਰ :** ਇੱਕ ਹੀ ਸਵਾਲ ਪੁੱਛ ਸਕਦੇ ਹਨ, ਇੱਕ ਸਵਾਲ ਕਰ ਲੈਣ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਹ ਬਹੁਤ ਹੀ ਦੁਖਦਾਈ ਹਾਦਸਾ ਵਾਪਰਿਆ ਅਤੇ ਇਸ ਹਾਦਸੇ ਨੂੰ ਵਾਪਰੇ ਨੂੰ ਵੀ ਚਾਰ ਮਹੀਨੇ ਹੋ ਗਏ ਹਨ। ਸਪੀਕਰ ਸਾਹਿਬ, ਦੁੱਖ ਦੀ ਗੱਲ ਇਹ ਹੈ ਕਿ ਜੋ ਜਵਾਬ ਆਇਆ ਹੈ, ਉਸ ਵਿੱਚ ਕਿਵੇਂ ਅੰਮ੍ਰਿਤਸਰ ਈਸਟ ਨਾਲ ਸਬੰਧਿਤ ਗਰੀਬ ਲੋਕਾਂ ਨੂੰ ਅਤੇ ਲੋੜਵੰਦ ਪਰਿਵਾਰਾਂ ਨੂੰ ਇੱਕ ਪੰਜਾਬ ਸਰਕਾਰ ਦੇ ਵਜ਼ੀਰ ਵੱਲੋਂ ਉਨ੍ਹਾਂ ਨੂੰ ਚੀਟ ਕੀਤਾ ਜਾ ਰਿਹਾ ਹੈ, ਠੱਗਿਆ ਜਾ ਰਿਹਾ ਹੈ, ਧੋਖਾ ਕੀਤਾ ਜਾ ਰਿਹਾ ਹੈ।

(ਇਸ ਸਮੇਂ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਇਨ੍ਹਾਂ ਨੇ ਹੱਥ ਖੜ੍ਹਾ ਕਰ ਦਿੱਤਾ ਹੈ, ਮੈਂ ਤਾਂ ਕਿਸੇ ਦਾ ਨਾਂ ਹੀ ਨਹੀਂ ਲਿਆ ਹੈ। (ਵਿਘਨ) (ਸ਼ੋਰ) ਇਸ ਨੂੰ ਪਤਾ ਲੱਗ ਗਿਆ ਕਿ ਇਸ ਨੇ ਕੀਤਾ ਹੈ। (ਵਿਘਨ) (ਸ਼ੋਰ) ਤੁਸੀਂ ਵੇਖ ਲਉ, ਚੋਰ ਦੀ ਦਾੜ੍ਹੀ ਵਿੱਚ ਤਿਣਕਾ। (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛ ਸਕਦੇ ਹੋ, ਸਵਾਲ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਮੇਰਾ ਉਹੀ ਸਵਾਲ ਹੈ.....

**ਮਾਨਯੋਗ ਸਪੀਕਰ :** ਸਵਾਲ ਪੁੱਛ ਸਕਦੇ ਹੋ, ਕੁਮੈਂਟਰੀ ਨਹੀਂ ਕਰ ਸਕਦੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਸਵਾਲ ਹੀ ਪੁੱਛ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਤਾਂ ਕਿਸੇ ਮੰਤਰੀ ਦਾ ਨਾਂ ਹੀ ਨਹੀਂ ਲਿਆ, ** ** ।

**ਸਥਾਨਕ ਸਰਕਾਰ ਮੰਤਰੀ :** (ਬੈਠੇ-ਬੈਠੇ) ** ** (ਵਿਘਨ) (ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਲਿਖਿਆ ਹੈ "ਅੰਮ੍ਰਿਤਸਰ ਟ੍ਰੇਨ ਐਕਸੀਡੈਂਟ: Sidhu announces Government jobs for next kin of deceased, Government jobs for family members of those killed in Amritsar".

**ਮਾਨਯੋਗ ਸਪੀਕਰ:** ਸਵਾਲ, ਸਵਾਲ, ਸਵਾਲ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਉਨ੍ਹਾਂ ਲੋੜਵੰਦ ਪਰਿਵਾਰਾਂ ਨਾਲ ਇੱਥੋਂ ਤੱਕ ਸਰਕਾਰ ਦਾ ਵਜ਼ੀਰ ** ** ਕਰ ਰਿਹਾ ਹੈ, ** ** ਮਾਰ ਰਿਹਾ ਹੈ, ** ** ਕਰ ਰਿਹਾ ਹੈ, ਮੰਤਰੀ ਸਾਹਿਬ ਕਹਿੰਦੇ ਹਨ ਕਿ ਅਸੀਂ ਨੌਕਰੀ ਕੋਈ ਨਹੀਂ ਦੇਣੀ ਹੈ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਇੱਕ ** ** ਮੇਰੇ ਤੇ ਇਲਜ਼ਾਮ ਲਗਾ ਰਿਹਾ ਹੈ। ਇੱਕ ** ** ਮੇਰੇ ਤੇ ਇਲਜ਼ਾਮ ਲਗਾ ਰਿਹਾ ਹੈ। ਮੇਰਾ ਜਵਾਬ ਲਓ, ਮੇਰਾ ਜਵਾਬ ਲਓ।

**ਮਾਨਯੋਗ ਸਪੀਕਰ:** ਤੁਸੀਂ ਬੋਲੋ।

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਜਿਸ ਦਿਨ ਉੱਥੇ ਹਾਦਸਾ ਹੋਇਆ, ਉਸ ਤੋਂ ਦੋ ਦਿਨ ਬਾਅਦ ਮੈਂ ਕਿਹਾ ਕਿ ਜਿਹੜੇ ਪਰਿਵਾਰਾਂ ਦਾ ਕੋਈ ਕਮਾਉਣ ਵਾਲਾ ਬੰਦਾ ਨਹੀਂ ਹੈ, ਜਿਹੜੇ ਪਰਿਵਾਰਾਂ ਦੀ ਰੋਟੀ ਨਹੀਂ ਚਲਦੀ ਹੈ, ਮੈਂ ਉਨ੍ਹਾਂ ਦੀ ਜ਼ਿੰਮੇਵਾਰੀ ਲੈਂਦਾ ਹਾਂ ਔਰ ਸਪੀਕਰ ਸਾਹਿਬ, ਮੈਂ ਅੱਠ ਪਰਿਵਾਰਾਂ ਨੂੰ ਅੱਠ ਹਜ਼ਾਰ ਰੁਪਏ ਮਹੀਨੇ ਦੇ ਰਿਹਾ ਹਾਂ। ਸਰਕਾਰ ਨਹੀਂ ਦੇ ਰਹੀ ਹੈ ਮੈਂ ਆਪਣੀ ਜੇਬ ਵਿੱਚੋਂ ਦੇ ਰਿਹਾ ਹਾਂ। (ਥੰਪਿੰਗ) ਇਨ੍ਹਾਂ ਨੂੰ ਪੁੱਛੋ ਕਿ ਇੰਨੇ ਐਕਸੀਡੈਂਟ ਹੋਏ ਤਾਂ ਕੀ ਇਨ੍ਹਾਂ ਨੇ ਚਾਰ ਪੈਸੇ ਵੀ ** ** ਨੇ ਆਪਣੇ ** ** ਦੇ ਪੈਸਿਆਂ ਵਿੱਚੋਂ ਕਮਾਏ ਹੋਏ ਦਿੱਤੇ ਹਨ?

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਓ।

---

** Not recorded as ordered by the Chair.

**ਸਥਾਨਕ ਸਰਕਾਰ ਮੰਤਰੀ:** ਠੀਕ ਹੈ, ਸਪੀਕਰ ਸਾਹਿਬ, ** ** ਐਕਸਪੰਜ ਕਰ ਦਿਓ ਪਰ ਕੀ ਇਸ ਨੇ ਚਾਰ ਪੈਸੇ ਵੀ ਕਿਸੇ ਨੂੰ ਦਿੱਤੇ ਹਨ? ਇਨ੍ਹਾਂ ਦੇ ਹੋਟਲ ਚਲਦੇ ਹਨ, ਇਨ੍ਹਾਂ ਦੀਆਂ ਮਿੱਲਾਂ ਚਲਦੀਆਂ ਹਨ, ਇਨ੍ਹਾਂ ਦਾ ਬਹੁਤ ਕੁਝ ਚਲਦਾ ਹੈ ਲੇਕਿਨ ਇਨ੍ਹਾਂ ਦਾ ** ** ਜਿੰਨਾ ਦਿਲ ਹੈ। ਸਿੱਧੂ ਨੇ ਅੱਠ ਹਜ਼ਾਰ ਰੁਪਏ ਆਪਣੀ ਜੇਬ ਵਿੱਚੋਂ ਅੱਠ ਪਰਿਵਾਰਾਂ ਨੂੰ ਦਿੱਤੇ ਹਨ। ਕੀ ਇਨ੍ਹਾਂ ਨੇ ਕਿਸੇ ਨੂੰ ਅੱਠ ਰੁਪਏ ਵੀ ਦਿੱਤੇ ਹਨ? (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ-ਆਪਣੀਆਂ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਕਾਲ ਅਟੈਂਸ਼ਨ, ਸਰਦਾਰ ਲਖਬੀਰ ਸਿੰਘ ਲੋਧੀਨੰਗਲ। Absent.

**ਸਥਾਨਕ ਸਰਕਾਰ ਮੰਤਰੀ:** ਸਰ, ਦੂਜੀ ਗੱਲ ਨੌਕਰੀਆਂ ਦੀ, ਨੌਕਰੀਆਂ ਬਾਰੇ ਮੈਂ ਸੀ.ਐਮ ਸਾਹਿਬ ਦੇ ਸਾਹਮਣੇ ਖੜ੍ਹ ਕੇ ਕਿਹਾ ਸੀ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਨਸ਼ਨ, ਗੁਰਮੀਤ ਸਿੰਘ ਮੀਤ ਹੇਹਰ। ਅਗਲੀ ਕਾਲ ਅਟੈਨਸ਼ਨ, ਅਗਲੀ ਕਾਲ ਅਟੈਨਸ਼ਨ। (ਵਿਘਨ, ਸ਼ੋਰ)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ..... (ਵਿਘਨ)

**ਮਾਨਯੋਗ ਸਪੀਕਰ:** ਇੱਕ ਮਿੰਟ, ਗੱਲ ਸੁਣੋ, ਪਹਿਲਾਂ ਗੱਲ ਸੁਣ ਲਓ। ਸਰਦਾਰ ਸੁਖਬੀਰ ਸਿੰਘ ਜੀ, ਕਾਲ ਅਟੈਨਸ਼ਨ ਤੇ ਇੱਕ ਹੀ ਸਪਲੀਮੈਂਟਰੀ ਹੁੰਦੀ ਹੈ, ਉਹ ਉਨ੍ਹਾਂ ਨੇ ਪੁੱਛ ਲਈ ਹੈ।

---

** Not recorded as ordered by the Chair.

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਤੁਸੀਂ ਮੰਤਰੀ ਜੀ ਨੂੰ ਅਲਾਓ ਕੀਤਾ ਹੈ, ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਹੈ ਕਿ 61 ਲੋਕ ਮਾਰੇ ਗਏ ਹਨ, ਮੁੱਖ ਮੰਤਰੀ ਜੀ ਇੱਥੇ ਬੈਠੇ ਹਨ, ਕੀ ਇਸ ਹਾਦਸੇ ਲਈ ਜ਼ਿੰਮੇਵਾਰ ਇੱਕ ਵੀ ਬੰਦਾ ਜੇਲ੍ਹ ਵਿੱਚ ਗਿਆ ਹੈ? ਇਹ ਮੇਰਾ ਸਵਾਲ ਹੈ, 61 ਬੰਦੇ ਮਰੇ ਹਨ, ਕੀ ਇੱਕ ਦੋਸ਼ੀ ਵੀ ਅੰਦਰ ਗਿਆ ਹੈ? ਕੀ ਇੱਕ ਵੀ ਦੋਸ਼ੀ ਅੰਦਰ ਗਿਆ ਹੈ? ਇਸ ਦਾ ਮਤਲਬ ਪ੍ਰੋਟੈਕਸ਼ਨ ਕਿੱਥੇ ਹੈ ? (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੇ ਪਾਪਾ ਜੀ ਹਾਈ ਕੋਰਟ ਵਿੱਚ ਗਏ ਸੀ, ** ** ਵਜਿਆ। ਇਨ੍ਹਾਂ ਦੇ ** ** ਹਾਈ ਕੋਰਟ ਵਿੱਚ ਗਏ ਸੀ, ਹਾਈ ਕੋਰਟ ਨੇ ਕੀ ਫੈਸਲਾ ਕੀਤਾ? ਹਾਈ ਕੋਰਟ ਨੇ ਕੀ ਫੈਸਲਾ ਕੀਤਾ? (ਵਿਘਨ, ਸ਼ੋਰ) ਇਸ ਨੂੰ ** ** ਨੂੰ ਪੁੱਛੋ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਹੁਣ ਬੈਠ ਜਾਓ। (ਵਿਘਨ, ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਕੀ ਇੱਕ ਬੰਦਾ ਵੀ ਅੰਦਰ ਗਿਆ ਹੈ? ਇਹ ਮੈਨੂੰ ਜਵਾਬ ਦੇਣ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ। ਸਟੇਟ ਦੇ ਰਖਵਾਲੇ ਮੁੱਖ ਮੰਤਰੀ ਜੀ ਹਨ, ਮੈਂ ਇਨ੍ਹਾਂ ਤੋਂ ਜਵਾਬ ਪੁੱਛਣਾ ਚਾਹੁੰਦਾ ਹਾਂ ਕਿ ਕੀ ਇੱਕ ਵੀ ਦੋਸ਼ੀ ਬੰਦਾ ਉੱਥੇ ਅੰਦਰ ਗਿਆ ਹੈ ਕਿ ਨਹੀਂ? (ਵਿਘਨ)

**ਸਥਾਨਕ ਸਰਕਾਰ ਮੰਤਰੀ:** ਕੀ ਤੁਹਾਡਾ ** ** ਇੱਕ ਵੀ ਦੋਸ਼ੀ ਅੰਦਰ ਗਿਆ ਹੈ? ਇਸ ਨੂੰ ਅੰਦਰ ਦਿਓ, ਇਸ ਨੂੰ ਅੰਦਰ ਦਿਓ, ** ** ਤੇ ਬੋਲ। ਕੀ ਤੂੰ ** ** ਵਿੱਚ ਅੰਦਰ ਗਿਆ ਹੈਂ?

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਖੜ੍ਹੇ ਹਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਐਕਸੀਡੈਂਟਸ ਹੁੰਦੇ ਹਨ ਤਾਂ ਸਰਕਾਰ ਦਾ ਕੰਮ ਹੈ ਕਿ ਜਿਹੜੇ ਬੰਦਿਆਂ ਦੀ ਐਕਸੀਡੈਂਟਸ ਵਿੱਚ ਮੌਤ ਹੋ ਜਾਂਦੀ ਹੈ ਜਾਂ ਜ਼ਖਮੀ ਹੋ ਜਾਂਦੇ ਹਨ ਤਾਂ ਸਰਕਾਰ ਦੀ ਜ਼ਿੰਮੇਵਾਰੀ

---

** Not recorded as ordered by the Chair.

[ਮੁੱਖ ਮੰਤਰੀ ]

ਬਣਦੀ ਹੈ ਕਿ ਉਨ੍ਹਾਂ ਦੀ ਦੇਖਭਾਲ ਕੀਤੀ ਜਾਵੇ। ਸਾਡੀ ਗੌਰਮਿੰਟ, ਮੰਤਰੀ ਸਾਹਿਬ, ਮੇਰੇ ਕੁਲੀਗ ਮੇਰੇ ਕੋਲ ਇੱਥੇ ਹੀ ਬੈਠੇ ਹਨ, ਇਹ ਇੱਕ ਹਫਤਾ ਅੰਮ੍ਰਿਤਸਰ ਉੱਥੇ ਹੀ ਰਹੇ ਸੀ। The question is ਜੋ ਅੱਜ ਉਨ੍ਹਾਂ ਨੇ ਪੁੱਛਿਆ ਹੈ ਕਿ was anybody prosecuted? ਤੁਸੀਂ ਇਹੀ ਪੁੱਛਿਆ ਹੈ ਜੀ?

**Sardar Sukhbir Singh Badal:** Has anybody arrested, anybody made accused?

**Chief Minister:** Inquiries are going on like your case. Let me ask you one thing. Speaker Sahib, I should address it to you. There were so many incidents. ਜਿਹੜੇ ਓਰਬਿਟ ਬੱਸ ਦੇ ਥੱਲੇ ਮਰੇ ਸੀ..... (Thumping).

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਉਹ ਜਿਹੜੇ ਬੰਦੇ ਮਰੇ ਸੀ, ਮੈਂ ਮੁੱਖ ਮੰਤਰੀ ਸਾਹਿਬ ਨੂੰ ਜਵਾਬ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਬੱਸ ਵਾਲੇ ਬੰਦੇ unfortunately ਮਰ ਗਏ ਸਨ, ਉਹ ਬੱਸ ਵਾਲੇ ਸਾਰੇ ਡਰਾਈਵਰ ਅੰਦਰ ਕੀਤੇ ਗਏ ਸੀ। ਸਾਰੇ ਡਰਾਈਵਰ ਅੰਦਰ ਕੀਤੇ ਗਏ ਸੀ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਂਸ਼ਨ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਸੀ।)

**(ਕ੍ਰਮ ਨੰ: 31)**

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ। (ਵਿਘਨ) ਅਰਥਾਤ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰਬਰ 8/22/06

---

** ** Not recorded as ordered by the Chair.

-ਆਈ.ਐਲ.ਜੀ.ਆਈ.ਵੀ./3411-21 ਮਿਤੀ 11.07.2006 ਮੁਤਾਬਿਕ ਸਰਕਾਰ ਵੱਲੋਂ 5 ਮਰਲੇ ਤੱਕ ਦੇ ਸ਼ਹਿਰੀ ਪਲਾਟ ਵਿੱਚ ਬਣੇ ਘਰ ਤੇ ਕੋਈ ਵੀ ਵਾਟਰ ਅਤੇ ਸੀਵਰੇਜ ਦਾ ਬਿਲ ਨਹੀਂ ਲਿਆ ਜਾਣਾ ਪਰ ਨਗਰ ਕੌਂਸਲ, ਬਰਨਾਲਾ ਵੱਲੋਂ ਮਤਾ ਨੰਬਰ 558 ਮਿਤੀ 8.01.2013 ਪਾ ਕੇ ਬਰਨਾਲਾ ਨਗਰ ਕੌਂਸਲ ਦੀ ਘੱਟ ਆਮਦਨ ਦਾ ਹਵਾਲਾ ਦੇ ਕੇ ਇਹ ਬਿੱਲ ਲੈਣੇ ਸ਼ੁਰੂ ਕਰ ਦਿੱਤੇ ਗਏ । ਨਿਯਮਾਂ ਅਨੁਸਾਰ ਜਨਤਾ ਤੋਂ ਇਤਰਾਜ਼ ਮੰਗਣੇ ਬਣਦੇ ਸਨ, ਪਰ ਨਹੀਂ ਮੰਗੇ ਗਏ। ਉੱਥੋਂ ਦੇ ਇੱਕ ਵਿਅਕਤੀ ਬਲਕਾਰ ਸਿੰਘ ਨੂੰ 27.02.17 ਨੂੰ ਨਗਰ ਕੌਂਸਲ ਵੱਲੋਂ 2912/-ਰੁਪਏ ਦਾ ਬਿਲ ਭੇਜਿਆ ਗਿਆ, ਜਦਕਿ ਉਸੇ ਹੀ ਵਿਅਕਤੀ ਨੂੰ ਅਗਲੇ ਸਾਲ ਮਿਤੀ 21.05.18 ਨੂੰ 10,027/-ਰੁਪਏ ਦਾ ਬਿਲ ਭੇਜਿਆ ਗਿਆ। ਇਸ ਨਾਲ ਲੋਕਾਂ ਵਿੱਚ ਬੜੀ ਹਾਹਾਕਾਰ ਮਚੀ ਹੋਈ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮਾਨਯੋਗ ਸਪੀਕਰ:** ਸਰਦਾਰ ਨਵਜੋਤ ਸਿੰਘ ਸਿੱਧੂ ਸਾਹਿਬ, ਤੁਹਾਡੀ ਕਾਲ ਅਟੈਂਸ਼ਨ ਹੈ। (ਵਿਘਨ..ਸ਼ੋਰ)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਰ, ਪਹਿਲਾਂ ਇਸ ** ** ਨੂੰ ਤਾਂ ਚੁੱਪ ਕਰਵਾਓ (ਸ਼੍ਰੋਮਣੀ ਅਕਾਲੀ ਦਲ ਦੇ ਵੈੱਲ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ)। ਇਹ ** ** (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਸੁਖਬੀਰ ਸਿੰਘ ਬਾਦਲ ਵੱਲ ਇਸ਼ਾਰਾ)। (ਵਿਘਨ..ਸ਼ੋਰ)

ਨਗਰ ਕੌਂਸਲ, ਬਰਨਾਲਾ ਵੱਲੋਂ ਆਪਣੇ ਮਤਾ ਨੰ. 558 ਮਿਤੀ 11.1.2013 ਰਾਹੀਂ ਹਾਊਸ ਦੀ ਸਰਬਸੰਮਤੀ ਦੇ ਨਾਲ ਮਿਤੀ 1.1.2013 ਨੂੰ 125 ਗਜ਼ 5 ਮਰਲੇ ਤੱਕ ਦਾ ਮਕਾਨਾਂ ਦਾ ਪਾਣੀ ਅਤੇ ਸੀਵਰੇਜ ਦੇ ਬਿੱਲ ਵਸੂਲ ਕਰਨ ਲਈ ਪ੍ਰਵਾਨ ਕੀਤੇ ਗਏ ਹਨ। ਪੰਜਾਬ ਮਿਊਂਸਿਪਲ ਐਕਟ 1911 ਦੀ ਧਾਰਾ 97 ਨਗਰ ਕੌਂਸਲ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਵਾਟਰ ਸਪਲਾਈ ਅਤੇ ਸੀਵਰੇਜ ਦੇ ਬਿਲ ਲਾ ਸਕਣ। ਸਪੀਕਰ ਸਾਹਿਬ, ਇਨ੍ਹਾਂ ਦੀ ਕਮੇਟੀ ਲਗਾ ਰਹੀ ਹੈ, ਉਨ੍ਹਾਂ ਨੂੰ ਅਧਿਕਾਰ ਦਿੱਤਾ ਗਿਆ ਹੈ। ਕੈਪਟਨ ਸਾਹਿਬ ਨੇ ਕਿਸੇ ਤੇ ਨਹੀਂ ਲਾਇਆ। ਸੋ, ਜੋ ਇਹ ਲਾਉਣ ਇਨ੍ਹਾਂ ਨੂੰ ਅਧਿਕਾਰ ਹੈ। (ਵਿਘਨ..ਸ਼ੋਰ)

---

** ** Expunged as ordered by the Chair.

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੀਤ ਹੇਹਰ ਜੀ। ਉਹ ਕਹਿੰਦੇ ਹਨ ਕਿ ਤੁਹਾਡੀ ਕਮੇਟੀ ਨੇ ਲਾਇਆ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ...

**ਮਾਨਯੋਗ ਸਪੀਕਰ:** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਜਿਹੜੀ ਨੋਟੀਫਿਕੇਸ਼ਨ ਸੀ। (ਵਿਘਨ...ਸ਼ੋਰ) ਮੈਂ ਪੁਰਾਣੀ ਕਾਂਗਰਸ ਸਰਕਾਰ ਦਾ ਅਤੇ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਗਰੀਬਾਂ ਦੇ ਹਿੱਤਾਂ ਵਿੱਚ ਇਹ ਫੈਸਲਾ ਕੀਤਾ ਸੀ ਪਰ ਜਿਹੜਾ ਕਮੇਟੀ ਨੇ ਫੈਸਲਾ ਕੀਤਾ, ਉਸ ਵਿੱਚ ਸਾਰੇ ਇਨ੍ਹਾਂ ਦੇ ਐਮ.ਸੀ. ਸਨ ਜਿਨ੍ਹਾਂ ਨੇ ਗਰੀਬਾਂ ਦੇ ਨਾਲ ਧੱਕਾ ਕੀਤਾ। ਸਰ, ਅੱਜ ਵੀ ਪੰਜਾਬ ਵਿੱਚ ਬਹੁਤ ਸਾਰੀਆਂ ਕਮੇਟੀਆਂ ਹਨ ਭਾਵੇਂ ਉਹ ਮਾਨਸਾ, ਮਲੇਰਕੋਟਲਾ, ਕੋਟਕਪੂਰਾ ਦੀ ਹੋਵੇ।(ਵਿਘਨ...ਸ਼ੋਰ) ਸਾਰੇ ਜਿਹੜੇ 125 ਗਜ਼ ਤੋਂ ਘੱਟ ਜਗ੍ਹਾ ਵਾਲੇ ਗਰੀਬ ਲੋਕ ਹਨ, ਉਨ੍ਹਾਂ ਦਾ ਅੱਜ ਵੀ ਬਿਲ ਮੁਆਫ ਹੈ। (ਵਿਘਨ...ਸ਼ੋਰ) ਸਾਡੇ ਬਰਨਾਲੇ ਵਿੱਚ ਲੋਕਾਂ ਨੂੰ 10-10 ਹਜ਼ਾਰ, 20-20 ਹਜ਼ਾਰ ਬਿਲ ਆਏ ਪਏ ਹਨ ਅਤੇ ਉਹ ਗਰੀਬ ਲੋਕ ਹਨ। ਉਹ ਬਿੱਲ ਭਰ ਨਹੀਂ ਸਕਦੇ, ਉਨ੍ਹਾਂ ਦੇ ਕੁਨੈਕਸ਼ਨ ਕੱਟੇ ਜਾ ਰਹੇ ਹਨ। ਸੋ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਸਰਕਾਰ ਤੁਹਾਡੀ ਹੈ, ਤੁਸੀਂ ਕਮੇਟੀ ਨੂੰ ਇਹ ਹਦਾਇਤ ਕਰ ਦੇਵੋ। ਜਿੱਥੇ ਤੁਹਾਡੇ ਐਮ.ਸੀ. ਹਨ, ਉੱਥੇ ਸਾਡੇ ਵੀ ਹਨ। (ਵਿਘਨ...ਸ਼ੋਰ) ਤੁਸੀਂ ਕਮੇਟੀ ਨੂੰ ਹਦਾਇਤ ਕਰ ਦੇਵੋ।

**ਮਾਨਯੋਗ ਸਪੀਕਰ:** ਉਹ ਕਮੇਟੀ ਨੂੰ ਹਦਾਇਤ ਨਹੀਂ ਕਰ ਸਕਦੇ। ਕਮੇਟੀ ਇਲੈਕਟਿਡ ਬਾਡੀ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਫਿਰ ਬਰਨਾਲੇ ਦੇ ਲੋਕਾਂ ਦੀ ਕੀ ਗਲਤੀ ਸੀ?

---

** Not recorded as ordered by the Chair.

**ਮਾਨਯੋਗ ਸਪੀਕਰ:** ਕਮੇਟੀ ਇਲੈਕਟਿਡ ਬਾਡੀ ਹੈ, ਉਸ ਨੂੰ ਮੰਤਰੀ ਸਾਹਿਬ ਹਦਾਇਤ ਨਹੀਂ ਕਰ ਸਕਦੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਜਿਹੜੇ ਤੁਹਾਡੇ ਕਾਂਗਰਸ ਦੇ ਐਮ.ਸੀ. ਹਨ, ਉਨ੍ਹਾਂ ਨੂੰ ਤਾਂ ਹਦਾਇਤ ਕਰ ਸਕਦੇ ਹੋ?

**ਮਾਨਯੋਗ ਸਪੀਕਰ:** ਹਦਾਇਤ ਨਹੀਂ ਕਰ ਸਕਦੇ। ਸਿੱਧੂ ਸਾਹਿਬ, ਕੀ ਤੁਸੀਂ ਕੁਝ ਕਹਿਣਾ ਹੈ?

**ਮੰਤਰੀ:** ਸਪੀਕਰ ਸਾਹਿਬ, ਇਹ ਕਮੇਟੀ ਦਾ ਪ੍ਰੈਰੋਗੇਟਿਵ ਹੈ, ਅਸੀਂ ਕਮੇਟੀ ਨੂੰ ਅਧਿਕਾਰ ਦਿੱਤੇ ਹੋਏ ਹਨ। ਲੋਕਤੰਤਰ ਨੂੰ ਪੂਰੀ ਤਰ੍ਹਾਂ ਮਾਣ ਦਿੰਦੇ ਹੋਏ, ਜੋ ਕਮੇਟੀ ਹਦਾਇਤ ਕਰਦੀ ਹੈ, ਅਸੀਂ ਉਹ ਇੰਨ-ਬਿੰਨ ਮੰਨਦੇ ਹਾਂ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

-----

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ:** ਮੈਨੂੰ ਇਸ ਸਦਨ ਨੂੰ ਸੂਚਿਤ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੀ ਅਭੈ ਸਿੰਘ ਚੌਟਾਲਾ, ਐਮ.ਐਲ.ਏ. ਅਤੇ ਵਿਰੋਧੀ ਧਿਰ ਦੇ ਨੇਤਾ, ਹਰਿਆਣਾ ਵਿਧਾਨ ਸਭਾ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰਦੇ ਹਾਂ। (ਥੰਪਿੰਗ)

-----

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅੰਮ੍ਰਿਤਸਰ ਵਿੱਚ ਜੌੜਾ ਫਾਟਕ ਨੇੜੇ ਵਾਪਰੀ ਰੇਲ ਦੁਰਘਟਨਾ ਦੇ ਪੀੜਤਾਂ ਨੂੰ ਮੁਆਵਜ਼ੇ ਦੀ ਅਦਾਇਗੀ ਨਾ ਕਰਨ ਤੇ ਧਿਆਨ ਦਿਵਾਊ ਮਤਾ ਨੰ. 27 ਤੇ ਸਰਕਾਰ ਵੱਲੋਂ ਆਏ ਜਵਾਬ ਤੇ ਅਸੰਤੁਸ਼ਟੀ ਜ਼ਾਹਿਰ ਕਰਦਿਆਂ ** **ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-----

** ** Not recorded as ordered by the Chair.

## CALLING ATTENTION NOTICES UNDER RULE 66
## *(RESUMPTION)*

**ਸਥਾਨਕ ਸਰਕਾਰ ਮੰਤਰੀ :** ** **(ਵਿਘਨ, ਸ਼ੋਰ)

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਅਗਲੀ ਮੇਰੀ ਕਾਲ ਅਟੈਂਸ਼ਨ ਹੈ ਜੀ ......(ਵਿਘਨ, ਸ਼ੋਰ) ਸਪੀਕਰ ਸਾਹਿਬ, ਅਰਦਾਸ ਸਮੇਂ ਸਪੀਕਰ ਦੀ ਅਵਾਜ਼ ਬੰਦ ਜਾਂ ਘੱਟ ਕਰ ਦਿੱਤੀ ਜਾਵੇ...(ਵਿਘਨ, ਸ਼ੋਰ)..

**ਸਹਿਕਾਰਤਾ ਮੰਤਰੀ :** ਅਮਨ ਜੀ, ਇੱਕ ਮਿੰਟ ਪਲੀਜ਼।(ਵਿਘਨ, ਸ਼ੋਰ)

**ਸਥਾਨਕ ਸਰਕਾਰ ਮੰਤਰੀ :** (ਵਿਘਨ, ਸ਼ੋਰ) ** **

**ਮਾਨਯੋਗ ਸਪੀਕਰ:** ਹਾਂ ਜੀ, ਰੰਧਾਵਾ ਜੀ।

**ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਅਮਨ ਜੀ, ਇੱਕ ਮਿੰਟ ਪਲੀਜ਼। ਜਦੋਂ ਸੀ.ਐਮ. ਸਾਹਿਬ ਟਰੇਨ ਐਕਸੀਡੈਂਟ ਉੱਤੇ ਜਵਾਬ ਦੇ ਰਹੇ ਸਨ (ਵਿਘਨ, ਸ਼ੋਰ) ਤਾਂ ਇਨ੍ਹਾਂ ਨੇ ਉਥੇ ਆਰਬਿਟ ਬੱਸ ਦਾ ਨਾਂ ਲਿਆ ਕਿ ਉਸ ਵੇਲੇ ਕੀ ਐਕਸ਼ਨ ਲਿਆ ਗਿਆ ? ਮਾਨਯੋਗ ਸੁਖਬੀਰ ਸਿੰਘ ਬਾਦਲ, ਐਮ.ਐਲ.ਏ. ਸਾਹਿਬ ਨੇ ਕਿਹਾ ਕਿ ਮੇਰਾ ਡਰਾਈਵਰ ਫੜ੍ਹ ਕੇ ਅੰਦਰ ਦੇ ਦਿੱਤਾ ਗਿਆ ਰੇਲਵੇ ਮਹਿਕਮਾ ਸੈਂਟਰ ਗੌਰਮਿੰਟ ਦਾ ਹੈ ਜਿਸ ਵਿੱਚ ਇਹ ਭਾਈਵਾਲ ਹਨ (ਵਿਘਨ)(ਸ਼ੋਰ), ਜਿਹੜੀ ਗੌਰਮਿੰਟ ਵਿੱਚ ਇਹ ਭਾਈਵਾਲ ਹਨ। (ਵਿਘਨ)(ਸ਼ੋਰ) ਕੀ ਉਸ ਵਿਚੋਂ ਉਹ ਅਸਤੀਫਾ ਦੇ ਆਏਗੀ? ਜੇਕਰ ਮਾਲਕ ** ** ਸੀ ਤਾਂ ਉਸ ਨੂੰ ਵੀ ਅੰਦਰ ਦੇਣਾ ਚਾਹੀਦਾ ਹੈ ਜਾਂ ਨਹੀਂ ਦੇਣਾ ਚਾਹੀਦਾ ? ਮੁੱਖ ਮੰਤਰੀ ਸਾਹਿਬ ਸਾਨੂੰ ਜਵਾਬ ਦੇਣ ਕਿ ਉਨ੍ਹਾਂ ਉੱਤੇ ਕੇਸ਼ ਬਣਦਾ ਹੈ ਜਾਂ ਨਹੀਂ ਬਣਦਾ ?(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਨੈਕਸਟ ਕਾਲ ਅਟੈਂਸ਼ਨ ਅਮਨ ਅਰੋੜਾ (ਵਿਘਨ ਸ਼ੋਰ).. ....

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਹਾਈ ਕੋਰਟ ਵਿੱਚ ਬਾਦਲ ਸਾਹਿਬ ਨੂੰ ਲਿਆ ਕੇ ਖੜ੍ਹਾ ਕੀਤਾ। ਇਹ ਗਵਰਨਰ ਸਾਹਿਬ ਦੇ ਕੋਲ ਗਏ। ਬਾਦਲ ਸਾਹਿਬ ਨੇ ਪਟੀਸ਼ਨ ਪੁਆਈ ਅਤੇ ਹਾਈ ਕੋਰਟ ਵੱਲੋਂ ** ** ਕਰਕੇ ਛੱਡੀ ਤੇ ** ** ਚਲੇ ਗਏ। ਇਹ ** ** ਇਹ ** ** ਇਸ ਦਾ ** ** ਚੈੱਕ ਕਰਵਾਓ ** ** ਦਾ ਹੋਵੇਗਾ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਇਹ ਸਾਰਾ ਕੁਝ ਕੱਟ ਦਿਓ।ਕੱਟ ਦਿਓ। ਰੰਧਾਵਾ ਜੀ।

**ਸਹਿਕਾਰਤਾ ਮੰਤਰੀ :** ਉਹ ਤਾਂ ਵੈਸੇ ਹੀ ਕੱਟੇ ਗਏ ਹਨ, ਚਾਹੇ ਕੱਟੋ ਜਾਂ ਨਾ ਕੱਟੋ। ਇਸ ਵਿੱਚ ਕਿਹੜੀ ਗੱਲ ਹੈ ? (ਹਾਸਾ)

---

** ** Expunged as ordered by the Chair.

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਂਸ਼ਨ ਪੇਸ਼ ਹੋ ਲੈਣ ਦਿਓ। ਸੀ.ਐਮ. ਸਾਹਿਬ ਨੇ ਜਵਾਬ ਦੇਣਾ ਹੈ।

**ਸਹਿਕਾਰਤਾ ਮੰਤਰੀ :** ਇੱਕ ਮਿੰਟ ਅਮਨ ਜੀ, ਪਲੀਜ਼ ਤੁਸੀਂ ਬੈਠੋ। ਸਪੀਕਰ ਸਾਹਿਬ, ਇੱਕ ਮਿੰਟ ਜੀ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇੱਕ ਚੀਜ਼ ਪੁੱਛਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ....(ਵਿਘਨ)(ਸ਼ੋਰ)

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਾਡਾ ਵੀ ਜਵਾਬ ਦੇ ਦਿਓ ਜੀ।

**ਸਹਿਕਾਰਤਾ ਮੰਤਰੀ :** ਜਵਾਬ ਦੇ ਦਿੰਦੇ ਹਾਂ, ਤੁਸੀਂ ਨਾ ਕੁਝ ਕਰੋ, ਤੁਸੀਂ ਤਾਂ ** ** ਵਾਂਗੂੰ ਬੋਲੀ ਜਾਣਾ (ਹਾਸਾ) ਸਪੀਕਰ ਸਾਹਿਬ, ਪੰਜਾਬ ਵਿੱਚ ਜਦੋਂ ਆਰਬਿਟ ਬੱਸ ਵਿੱਚ ਕੁੜੀ ਦਾ ਰੇਪ ਹੋਇਆ ਤਾਂ ਉਦੋਂ ਕੈਪਟਨ ਸਾਹਿਬ, ਉਸ ਵੇਲੇ ਕਾਂਗਰਸ ਦੇ ਪ੍ਰੈਜ਼ੀਡੈਂਟ ਸਨ। ਅਸੀਂ ਸਾਰੇ ਮੋਗੇ ਹਸਪਤਾਲ ਵਿੱਚ ਗਏ ਸੀ। ਅਸੀਂ ਉਸ ਕੁੜੀ ਦੇ ਮਾਂ ਅਤੇ ਪਿਓ ਦੋਵਾਂ ਨੂੰ ਮਿਲੇ। ਇਹੋ ਜਿਹੜੇ ਸਾਹਮਣੇ ਬੈਠੇ ਹਨ, ਇਹ ਸਰਕਾਰੀ ਖਜ਼ਾਨੇ ਦੇ ਵਿੱਚੋਂ ਉਸ ਪਰਿਵਾਰ ਨੂੰ ਮੁਆਵਜ਼ਾ ਦਿੱਤਾ। ਆਪਣੇ ਕੋਲੋਂ ਨਹੀਂ ਦਿੱਤਾ। ਇਨ੍ਹਾਂ ਨੇ ਪੰਜਾਬ ਗੌਰਮਿੰਟ ਨੂੰ ਲੁੱਟਿਆ ਅਤੇ ਕੁੱਟਿਆ। ਇਹ ਉਸ ਪਰਿਵਾਰ ਨੂੰ ਆਪਣੇ ਕੋਲੋਂ ਉਸ ਵੇਲੇ ਕੈਸ਼ ਪੰਜ ਲੱਖ ਰੁਪਿਆ ਦੇ ਕੇ ਆਏ ਸਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਨਵਜੋਤ ਸਿੱਧੂ ਤੇ ਪਰਚਾ ਕੀਤਾ ਜਾਵੇ ਪਰੰਤੂ ਮੈਂ ਕਹਾਂਗਾ ਕਿ ਕੀ ਇਨ੍ਹਾਂ ਦੇ ਪਰਿਵਾਰ ਉੱਤੇ ਉਸ ਵੇਲੇ ਐਫ.ਆਈ.ਆਰ. ਦਰਜ ਹੋਣੀ ਚਾਹੀਦੀ ਸੀ ਜਾਂ ਨਹੀਂ ? ਸਪੀਕਰ ਸਾਹਿਬ, ** ** ਫੜ੍ਹ ਕੇ ਅੰਦਰ ਦੇਣੇ ਚਾਹੀਦੇ ਸਨ । ਜਿਸ ਨੂੰ ਪਤਾ ਲੱਗੇ ਕਿ ਮਾਲਕ ਦਾ ਕਸੂਰ ਹੁੰਦਾ ਹੈ ਜਾਂ ਡਰਾਈਵਰ ਦਾ ਹੁੰਦਾ ਹੈ, ਰਾਜਾ ਵੜਿੰਗ ਜੀ ਬੈਠੇ ਹਨ, ਇਹ ਦੱਸਿਆ ਸੀ ਕਿ ਦੀਪ ਬੱਸ ਸਰਵਿਸ ਦੇ ਐਕਸੀਡੈਂਟ ਹੋਇਆ ਹੈ। ਉਸ ਵਿੱਚ ਮੈਂ ਕਹਾਂਗਾ ਕਿ ਡਰਾਈਵਰ ਤੇ ਪਰਚਾ ਨਹੀਂ ਹੋਣਾ ਚਾਹੀਦਾ ਬਲਕਿ ਦੀਪ ਢਿੱਲੋਂ ਤੇ ਪਰਚਾ ਹੋਣਾ ਚਾਹੀਦਾ ਹੈ, ਜਿਹੜਾ ਬੱਸ ਦਾ ਮਾਲਕ ਹੈ। ਤੀਸਰੀ ਗੱਲ, ਜਿਹੜਾ ਪੰਜਾਬ ਅੱਜ ਤੱਕ ਉੱਚੀ-ਉੱਚੀ ਰੋਂਦਾ ਹੈ, ਜਿਹੜੇ ਘਰਾਂ ਵਿੱਚ ਬੱਚੇ ਚਿੱਟੇ ਦੇ ਕਾਰਨ ਖਤਮ ਹੋ ਗਏ ਹਨ ਔਰ ਸਾਰਾ ਪੰਜਾਬ ਕਹਿੰਦਾ ਹੈ ਕਿ ** ** (ਵਿਘਨ, ਸ਼ੋਰ) ਅੱਜ ਸਾਨੂੰ ਜਿਹੜੇ ਮਾਨਯੋਗ ਹਾਈਕੋਰਟ ਵਿੱਚ ਕੇਸ ਪੈਂਡਿੰਗ ਪਏ ਹਨ, ਜਿਹੜੀਆਂ ਦੋਵੇਂ, ਤਿੰਨੇ ਰਿਪੋਰਟਾਂ ਪਈਆਂ ਹਨ, ਹਾਈ ਕੋਰਟ

** Expunged as ordered by the Chair.

ਦੇ ਜੱਜ ਸਾਹਿਬ, ਚੀਫ ਜਸਟਿਸ ਸਾਹਿਬ ਨੂੰ ਅਪੀਲ ਕਰੀਏ ਕਿ ਉਹ ਰਿਪੋਰਟਾਂ ਵਾਪਸ ਭੇਜਣ, ਜਿਹੜੀਆਂ ਬੰਦ ਲਿਫਾਫੇ ਵਿੱਚ ਪਈਆਂ ਹਨ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਇਨਸਾਫ ਦੇ ਸਕੀਏ। ਇਸ ਦੇ ਨਾਲ ਹੀ ਮੈਂ ਹਾਊਸ ਦੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਹੀ ਸੀਟਾਂ ਤੇ ਬੈਠ ਕੇ ਰੌਲਾ ਪਾਉਂਦੇ ਹੁੰਦੇ ਸੀ ਕਿ ** ** ਇਸ ਦੇ ਨਾਲ ਹੀ ਜਿਹੜੇ ਰੇਪ ਦੇ ਕੇਸਿਜ਼ ਹਨ, ਉਹ ਫਾਸਟ ਟਰੈਕ ਵਿੱਚ ਲਿਆਂਦੇ ਜਾਣ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ** ** ਹਨ, ਉਨ੍ਹਾਂ ਦੇ ਕੇਸ ਵੀ ਫਾਸਟ ਟਰੈਕ ਵਿੱਚ ਲਿਆਂਦੇ ਜਾਣ ਕਿਉਂਕਿ ਪੰਜਾਬ ਦੀ ਨੌਜਵਾਨੀ ਨੂੰ ਖਤਮ ਕਰਨ ਵਿੱਚ ਸਭ ਤੋਂ ਵੱਡਾ ** ** ਦਾ ਹੱਥ ਹੈ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਹਾਊਸ ਦੇ ਵਿਚ ਬੈਠੇ ਹਨ ਜਾਂ ਸਾਡੇ ਆਪੋਜ਼ੀਸ਼ਨ ਦੇ ਮਾਨਯੋਗ ਲੀਡਰ ਵੀ ਆ ਕੇ ਬੈਠੇ ਹਨ। ਜਿਹੜੇ ਇਨ੍ਹਾਂ ਦੇ ਨਹੀਂ ਬਣੇ ਤਾਂ ਪੰਜਾਬ ਦੇ ਕਿੱਥੋਂ ਬਣ ਜਾਣਗੇ? ਜਿਨ੍ਹਾਂ ਨੇ ਇਨ੍ਹਾਂ ਨੂੰ ਜਾਗ ਲਾਈ। ਇਨ੍ਹਾਂ ਨੇ ਸਿਖਾਇਆ ਕਿ ਕਿਵੇਂ ਹੋਟਲ ਚਲਦੇ ਹਨ। ਜੇ ਉਨ੍ਹਾਂ ਨੂੰ ਛੱਡ ਗਏ ਹਨ ਤਾਂ ਪੰਜਾਬ ਦੇ ਕਿੱਥੋਂ ਬਣ ਜਾਣਗੇ। ਇਸ ਕਰਕੇ ਮੈਂ ਇਨ੍ਹਾਂ ਦਾ ਸਵਾਗਤ ਕਰਦਾ ਹਾਂ ਕਿ ਇਹ ਇੱਥੇ ਆਏ ਹਨ (ਵਿਰੋਧੀ ਧਿਰ ਵੱਲ ਇਸ਼ਾਰਾ ਕਰਦੇ ਹੋਏ) ਧੰਨਵਾਦ ਸਪੀਕਰ ਸਾਹਿਬ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਤੇ ਇਲਜ਼ਾਮ ਲਾਇਆ ਹੈ, ਮੇਰੀ ਗੱਲ ਇੱਕ ਮਿੰਟ ਸੁਣ ਲਓ। ਮੈਂ ਅੱਠ ਪਰਿਵਾਰਾਂ ਨੂੰ 8-8 ਹਜ਼ਾਰ ਰੁਪਿਆ ਦੇ ਰਿਹਾ ਹਾਂ, ਉਨ੍ਹਾਂ ਵਿਚੋਂ ਦੋ ਚਲੇ ਗਏ ਸੀ। ਬਾਕੀਆਂ ਨੂੰ ਸੀ.ਐਮ. ਸਾਹਿਬ ਦੇ ਸਾਹਮਣੇ ਖੜ੍ਹ ਕੇ ਇਹ ਕਿਹਾ ਸੀ ਕਿ ਅਸੀਂ ਨੌਕਰੀ ਦਿਆਂਗੇ। ਉਸ ਦੀ ਪ੍ਰੋਵੀਜ਼ਨ ਬਣਾ ਕੇ ਉਸ ਦਾ ਪ੍ਰਾਸੈੱਸ ਵੀ ਪੂਰੀ ਤਰ੍ਹਾਂ ਚੱਲ ਰਿਹਾ ਹੈ। We are hiring TCS, ਉਨ੍ਹਾਂ ਨੂੰ ਪਰੈਰੋਗੇਟਿਵ ਜ਼ਰੂਰ ਦਿੱਤਾ ਜਾਵੇਗਾ। ਮੈਂ ਇਹ ਗੱਲ ਸੀ.ਐਮ. ਸਾਹਿਬ ਦੇ ਸਾਹਮਣੇ ਅਨਾਊਂਸ ਕੀਤੀ ਸੀ। ਲੇਕਿਨ ਇਹ ਚਾਰ ਮਹੀਨਿਆਂ ਦੇ ਵਿਚ ਹੀ ਇੰਨੇ ਉਤੇਜਿਤ ਹੋ ਗਏ। ਇਹ ਦੱਸਣ ਕਿ ਇਨ੍ਹਾਂ ਦੀ ਸਰਕਾਰ ਵੇਲੇ ਏਨੇ ਹਾਦਸੇ ਹੋਏ ਇਨ੍ਹਾਂ ਨੇ ਕਿਸੇ ਨੂੰ ਕੀ ਦਿੱਤਾ? ਇਨ੍ਹਾਂ ਨੇ ਆਪਣੀ ਜੇਬ ਵਿਚੋਂ ਦਿੱਤਾ ਹੋਵੇ ਤਾਂ ਦੱਸਣ। ਇਹ ਉੱਥੇ ਜਾ ਕੇ ਬੁੱਕਲਾਂ ਦੇ ਵਿਚ ਲੈ ਕੇ ਪਾਲੀਟਿਕਸ ਕਰਦੇ ਸੀ। ਲਾਸ਼ਾਂ ਦੇ ਉੱਤੇ ਰਾਜਨੀਤੀ ਕਰਦੇ ਸੀ। ਇਨ੍ਹਾਂ ਨੇ ਕਿਸੇ ਨੂੰ ਕੀ ਦਿੱਤਾ। ਇਨ੍ਹਾਂ ਨੇ ਛਬੀਲ ਦੇ ਪਿੱਛੇ ਖੜ੍ਹ ਕੇ ਸੰਤਾਂ ਤੇ ਗੋਲੀਆਂ ਚਲਾਈਆਂ। ਇਨ੍ਹਾਂ ਨੇ ਇੰਸਪੈਕਟਰ ਨੂੰ ਚੁਰਾਹੇ ਵਿਚ ਮਾਰ ਕੇ ਇਨ੍ਹਾਂ ਦੇ ਗੁੰਡੇ ਉਸ ਦੀ ਛਾਤੀ ਤੇ ਚੜ੍ਹ ਕੇ ਅਕਾਲੀ ਦਲ ਜ਼ਿੰਦਾਬਾਦ ਦੇ ਨਾਅਰੇ ਲਗਾ ਰਹੇ ਸੀ। ਇੱਕ ਡੋਡਾ ਕਾਂਡ ਹੋਇਆ ਇਨ੍ਹਾਂ ਨੇ ਕਿਸੇ ਨੂੰ ਕੀ ਦਿੱਤਾ? ਇਸੇ ਕਰਕੇ ਇਹ ਅੱਜ 14 ਸੀਟਾਂ ਦੇ ਉੱਤੇ ਹਨ। ਸਪੀਕਰ ਸਾਹਿਬ, ਇਸ ਨੂੰ ਕਹੋ ਕਿ ਇਹ ਮੇਰੇ ਸਾਹਮਣੇ ਆ ਕੇ ਬਹਿਸ ਕਰੇ ਜੇ ** ਸਾਰੇ ਪੰਜਾਬ ਤੋਂ ਨਾ ਭੱਜਣ ਤਾਂ ਮੇਰਾ ਨਾਮ ਸਿੱਧੂ ਨਹੀਂ। (ਥੰਪਿੰਗ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

---

** Expunged as ordered by the Chair.

**ਮਾਨਯੋਗ ਸਪੀਕਰ :** ਅਮਨ ਜੀ ਦੀ ਕਾਲ ਅਟੈਂਸ਼ਨ ਹੈ, ਅਮਨ ਜੀ ਬੋਲੋ ਹੁਣ, ਸਿੱਧੂ ਸਾਹਿਬ ਤੁਸੀਂ ਬੈਠ ਜਾਓ। ਸੰਧੂ ਜੀ, ਮੇਰੀ ਰਿਕੁਐਸਟ ਹੈ। ਮੈਂ ਇੱਕ ਕਾਲ ਅਟੈਂਸ਼ਨ ਨੂੰ ਸਾਰਾ ਦਿਨ ਲੈ ਕੇ ਨਹੀਂ ਬੈਠਣਾ। ਇਹ ਕਾਲ ਅਟੈਂਸ਼ਨ ਹੋ ਗਈ ਹੈ। ਇਸ ਤਰ੍ਹਾਂ ਮੈਂ ਟਾਈਮ ਨਹੀਂ ਦੇਣਾ। ਹਾਂ ਜੀ , ਬੋਲੋ ਅਮਨ ਜੀ। ਇੱਕ ਕਾਲ ਅਟੈਂਸ਼ਨ ਨੇ ਸਾਰਾ ਦਿਨ ਨਹੀਂ ਚੱਲਣਾ। ਹਾਂ ਜੀ, ਅਮਨ ਜੀ।

-----

## (ਕ੍ਰਮ ਨੰ: 32)

**ਸ਼੍ਰੀ ਅਮਨ ਅਰੋੜਾ :** ਸ਼੍ਰੀ ਮਾਨ ਜੀ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਰਾਜ ਵਿਚ ਸ਼ੋਰ ਪ੍ਰਦੂਸ਼ਣ ਲਾਊਡ ਸਪੀਕਰਾਂ ਦੇ ਸ਼ੋਰ ਦੀ ਬੜੀ ਸਮੱਸਿਆ ਹੈ।ਅੱਜ ਕਲ ਸਕੂਲਾਂ ਵਿਚ ਬੱਚਿਆਂ ਦੇ ਇਮਤਿਹਾਨ ਬੜੇ ਨੇੜੇ ਹਨ ਅਤੇ ਉਨ੍ਹਾਂ ਦੀ ਪੜ੍ਹਾਈ ਵਿਚ ਬੜਾ ਵਿਘਨ ਪੈਂਦਾ ਹੈ।ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਤੇ ਆਮ ਜਨਤਾ ਨੂੰ ਕਈ ਵਾਰੀ ਹਦਾਇਤ ਕੀਤੀ ਗਈ ਸੀ ਕਿ ਗੁਰਦੁਆਰਾ ਸਾਹਿਬ ਅਤੇ ਹੋਰ ਧਾਰਮਿਕ ਅਸਥਾਨਾਂ ਵਿਚ ਸਪੀਕਰਾਂ ਦੀ ਆਵਾਜ਼ ਗੁਰੂ ਘਰਾਂ ਦੇ ਅੰਦਰ ਰਹਿਣੀ ਚਾਹੀਦੀ ਹੈ ਅਤੇ ਅਰਦਾਸ ਸਮੇਂ ਸਪੀਕਰ ਦੀ ਆਵਾਜ਼ ਬੰਦ ਜਾਂ ਘੱਟ ਕਰ ਦਿੱਤੀ ਜਾਵੇ ਤਾਂ ਕਿ ਆਵਾਜ਼ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਇਸੇ ਤਰ੍ਹਾਂ ਮੁੱਖ ਮੰਤਰੀ ਜੀ ਨੇ ਵੀ ਇਸ ਹਾਊਸ ਦੇ ਵਿਚ ਕਿਹਾ ਸੀ ਕਿ ਇੱਕ All party meeting ਸੱਦ ਕੇ ਉਸ ਵਿਚ ਲਾਊਡ ਸਪੀਕਰਾਂ ਤੋਂ ਹੁੰਦੀ noise pollution ਤੇ ਜਲਦੀ ਹੀ ਵਿਚਾਰ ਕਰਕੇ ਮਸਲਾ ਹੱਲ ਕੀਤਾ ਜਾਵੇਗਾ।ਸੁਪਰੀਮ ਕੋਰਟ ਨੇ ਵੀ ਸਾਰੇ ਧਾਰਮਿਕ ਅਸਥਾਨਾਂ ਅਤੇ ਮੈਰਿਜ ਪੈਲੇਸਾਂ ਵਿਚ noise pollution ਨੂੰ ਕੰਟਰੋਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। ਰਾਜ ਵਿਚ ਵਿਦਿਆਰਥੀਆਂ, ਮਰੀਜ਼ਾਂ ਅਤੇ ਆਮ ਲੋਕਾਂ ਦੀ ਮੰਗ ਹੈ ਕਿ noise pollution ਨੂੰ ਕੰਟਰੋਲ ਕਰਨ ਲਈ ਸਪੀਕਰਾਂ ਤੇ ਪਾਬੰਦੀ ਲਾਈ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ। ਸਾਰੇ ਧਾਰਮਿਕ ਸਥਾਨ, ਮੰਦਰ, ਜਗਰਾਤੇ, ਗੁਰੂ ਘਰ ਇਨ੍ਹਾਂ ਸਾਰੀਆਂ ਥਾਵਾਂ ਨੂੰ ਵੀ ਇਨਕਲੂਡ ਕੀਤਾ ਜਾਵੇ। (ਵਿਘਨ)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਇਹ ਜਿਹੜੀ ਕਾਲ ਅਟੈਂਸ਼ਨ ਪਾਈ ਹੈ, ਇਹ ਮੁੱਦਾ ਪਹਿਲਾਂ ਵੀ ਆਇਆ ਸੀ ਅਸੀਂ ਇਸ ਤੇ ਬੜੀ ਸਖਤੀ ਨਾਲ ਡਿਪਟੀ ਕਮਿਸ਼ਨਰਜ਼ ਨੂੰ ਇੰਸਟਰਕਸ਼ਨਜ਼ ਭੇਜੀਆਂ ਸਨ।ਡਿਪਟੀ ਕਮਿਸ਼ਨਰ ਨੇ ਅੱਗੇ ਸਬ-ਡਵੀਜ਼ਨ ਨੂੰ ਭੇਜੀਆਂ ਹਨ ਕਿ ਇਹ noise pollution ਹੈ this must be

checked immediately. ਇਸ ਵਾਸਤੇ ਸ਼੍ਰੋਮਣੀ ਕਮੇਟੀ ਨੇ ਵੀ ਸਾਰੇ ਗੁਰਦੁਆਰਿਆਂ ਵਿਚ ਸਾਰੀਆਂ ਮੈਨੇਜਮੈਂਟ ਨੂੰ ਹੁਕਮ ਭੇਜਿਆ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੇ ਵੀ ਇਹ ਹੁਕਮਨਾਮਾ ਭੇਜਿਆ ਹੈ ਕਿ ਗੁਰੂ ਘਰਾਂ ਵਿਚ ਇਹ ਬਿਲਕੁਲ ਨਹੀਂ ਹੋਣਾ ਚਾਹੀਦਾ, ਬਿਲਕੁਲ ਜ਼ਿਆਦਾ ਅਵਾਜ਼ ਨਹੀਂ ਹੋਣੀ ਚਾਹੀਦੀ। We will ensure ਇਸ ਵਿਚ ਜੋ ਵੀ ਸਖਤੀ ਕਰਨੀ ਪਈ, ਅਸੀਂ ਕਰਾਂਗੇ। ਬੱਚਿਆਂ ਦੀ ਪੜ੍ਹਾਈ ਹੈ। ਜਨਰਲ ਪਬਲਿਕ ਵਿਚ ਇਹ ਕੁਝ ਹੁੰਦਾ ਹੈ ਕਿ ਸਾਰੀ ਰਾਤ ਲੱਗੇ ਰਹਿਣ ਅਤੇ ਰੌਲਾ ਪਾਉਂਦੇ ਰਹਿਣ this is not going to be allowed and I will ensure that this is stopped.

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸੀ.ਐਮ. ਸਾਹਿਬ ਦਾ ਅਤੇ ਸਰਕਾਰ ਦਾ ਧੰਨਵਾਦ ਕਰਨਾ ਚਾਹਾਂਗਾ। ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਇਸ ਵਿਚ ਕੋਈ ਧਰਮ ਦਾ ਇਸ਼ੂ ਨਹੀਂ ਹੈ। ਮੈਨੂੰ ਬਲਕਿ ਖੁਸ਼ੀ ਹੈ ਅਤੇ ਮਾਣ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਨੇ ਤਿੰਨ ਵਾਰੀ ਲੈਟਰਜ਼ ਇਸ਼ੂ ਕੀਤੀਆਂ ਹਨ ਅਤੇ ਉਸ ਵਿੱਚ ਪੰਜੇ ਤਖਤ ਸਾਹਿਬਾਨ ਦੇ ਸਿਗਨੇਚਰ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਕੰਟਰੋਲ ਹੋਣੀ ਚਾਹੀਦੀ ਹੈ। ਸਰ, ਮੈਂ ਇਸ ਨੂੰ ਐਪਰੀਸ਼ੀਏਟ ਕਰਦਾ ਹਾਂ ਅਤੇ ਇਸ ਗੱਲ ਦੀ ਮੈਨੂੰ ਬਹੁਤ ਖੁਸ਼ੀ ਹੈ ਔਰ ਇਕੱਲਾ ਗੁਰਦੁਆਰਾ ਸਾਹਿਬ ਨਹੀਂ, ਮੰਦਰਾਂ ਦੇ ਵਿੱਚ, ਮਸਜਿਦਾਂ ਦੇ ਵਿੱਚ, ਖਾਸ ਤੌਰ ਤੇ ਮੈਰਿਜ ਪੈਲੇਸਿਜ਼ ਦੇ ਵਿੱਚ, ਰਾਤ ਨੂੰ ਜਗਰਾਤਿਆਂ ਦੇ ਵਿੱਚ, ਸਪੀਕਰਾਂ ਦੀ ਅਵਾਜ਼ ਕਾਰਨ ਬੱਚਿਆਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਜਿਹੜੇ ਮਰੀਜ਼ ਹਨ, ਉਨ੍ਹਾਂ ਦੀ ਸਿਹਤ ਖਰਾਬ ਹੋ ਰਹੀ ਹੈ। ਇਸ ਦੇ ਲਈ, ਸਰ, ਸੀ.ਐਮ. ਸਾਹਿਬ ਨੇ ਪਹਿਲਾਂ ਵੀ ਆਸ਼ਵਾਸਨ ਦਿੱਤਾ ਸੀ। ਮੈਂ ਇੱਕ ਵਾਰ ਨਹੀਂ, ਤੀਜੀ ਵਾਰ ਇਹ ਮਸਲਾ ਚੁੱਕ ਰਿਹਾ ਹਾਂ। ਸਰ ਨੇ ਇੱਕ ਆਲ ਪਾਰਟੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਸੀ ਪਰ ਅਜੇ ਤੱਕ ਉਸ ਤੇ ਕੋਈ ਕਾਰਵਾਈ ਨਹੀਂ ਹੋਈ ਹੈ। ਸਰ, ਇਸ ਦੇ ਉਪਰ ਬਹੁਤ ਸਾਰੀਆਂ ਸੁਪਰੀਮ ਕੋਰਟ ਦੀਆਂ ਜੱਜਮੈਂਟਸ ਵੀ ਹਨ। ਮੈਨੂੰ ਖੁਸ਼ੀ ਹੁੰਦੀ ਹੈ ਕਿ ਮੁੰਬਈ ਦੇ ਇੱਕ ਗੁਰਦੁਆਰਾ ਸਾਹਿਬ ਨੇ, I have a news for that, ਉਨ੍ਹਾਂ ਨੇ ਆਪ ਆਪਣੇ ਡਿਵੋਟੀਜ਼ ਨੂੰ ਕਿਹਾ ਹੈ, 10,000 ਮਾਈਕ੍ਰੋਫੋਨ ਡਿਸਟ੍ਰੀਬਿਊਟ ਕੀਤੇ ਹਨ, so that people do not get distracted. ਸੋ, ਮੇਰੀ ਤੁਹਾਨੂੰ ਬੇਨਤੀ ਇਹ ਹੈ ਕਿ ਇਹ ਤਾਂ ਨਹੀਂ ਹੈ ਕਿ ਧਰਮ ਸਿਰਫ ਲਾਊਡ ਸਪੀਕਰਾਂ ਨਾਲ ਹੀ ਚਲਦਾ ਹੈ। ਲਾਊਡ ਸਪੀਕਰ ਤਾਂ 1924 ਦੇ ਵਿੱਚ ਡਿਵੈਲਪ ਹੋਏ ਹਨ, ਉਸ ਤੋਂ ਪਹਿਲਾਂ ਵੀ ਧਾਰਮਿਕ ਪ੍ਰੋਗਰਾਮ ਹੁੰਦੇ ਰਹਿੰਦੇ ਸੀ। ਮੇਰੀ ਬੇਨਤੀ ਇਹ ਹੈ ਕਿ ਸਰ, ਇਸ ਨੂੰ ਪ੍ਰਾਇਰਟੀ ਤੇ ਲਵੋ ਕਿਉਂਕਿ ਬੱਚਿਆਂ ਦੇ ਐਗਜ਼ਾਮ ਸਿਰ ਤੇ ਹਨ, ਉਹ ਬਹੁਤ ਡਿਸਟਰਬ ਹੁੰਦੇ ਹਨ। ਮੈਂ ਸਰਕਾਰ ਨੂੰ ਇਹੀ ਬੇਨਤੀ ਕਰਾਂਗਾ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਕਹਿੰਦੇ ਹਨ, ਸਾਰੇ ਹੀ ਇਸ ਗੱਲ ਤੇ ਰਾਜ਼ੀ ਹਨ। ਸ਼੍ਰੋਮਣੀ ਕਮੇਟੀ ਰਾਜ਼ੀ ਹੈ, ਸ੍ਰੀ ਅਕਾਲ ਤਖਤ ਸਾਹਿਬ ਰਾਜ਼ੀ ਹੈ, ਸਾਰੀ ਆਪੋਜ਼ੀਸ਼ਨ ਰਾਜ਼ੀ ਹੈ, ਗੌਰਮਿੰਟ ਰਾਜ਼ੀ ਹੈ। ਸਾਰੇ ਹੀ ਰਾਜ਼ੀ ਹਨ ਕਿ ਇਹ ਗੱਲ ਹੋਣੀ ਚਾਹੀਦੀ ਹੈ। ਹੁਣ it is administrative matter, ਜਿਥੇ ਨਹੀਂ ਹੋ ਰਿਹਾ, ਉਹ ਸਾਡਾ ਕੰਮ ਹੈ, we will deal with it.

**ਸ਼੍ਰੀ ਅਮਨ ਅਰੋੜਾ** : ਧੰਨਵਾਦ ਜੀ।

**ਸ਼੍ਰੀ ਰਾਜਿੰਦਰ ਬੇਰੀ :** ਸਪੀਕਰ ਸਾਹਿਬ .....

**ਮਾਨਯੋਗ ਸਪੀਕਰ :** ਕਾਲ ਅਟੈਨਸ਼ਨ ਤੇ ਅੱਗੇ ਹੋਰ ਸਵਾਲ ਨਹੀਂ ਹੁੰਦਾ... (ਵਿਘਨ).... ਕਾਲ ਅਟੈਨਸ਼ਨ ਤੇ ਸਵਾਲ ਨਹੀਂ ਹੁੰਦਾ।

----------

## MOTION UNDER RULE 16

**ਮਾਨਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ। ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ .....(ਵਿਘਨ)....

**ਮਾਨਯੋਗ ਸਪੀਕਰ :** ਅੱਜ ਬਜਟ ਤੇ ਬੋਲ ਲੈਣਾ, ਬਜਟ ਤੇ ਬਹਿਸ ਦੌਰਾਨ ਬੋਲ ਲੈਣਾ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## PAPER LAID ON THE TABLE OF THE HOUSE

**ਮਾਨਯੋਗ ਸਪੀਕਰ :** ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼। ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਆਰਡੀਨੈਂਸ, 2019 (2019 ਦਾ ਪੰਜਾਬ ਆਰਡੀਨੈਂਸ ਨੰ: 1) ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

------------

## RESUMPTION OF GENERAL DISCUSSION ON THE BUDGET ESTIMATES FOR THE YEAR 2019-20

**ਮਾਨਯੋਗ ਸਪੀਕਰ :** ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। ਸ਼੍ਰੀ ਤਰਸੇਮ ਸਿੰਘ ਡੀ.ਸੀ., ਐਮ.ਐਲ.ਏ. ਮਿਤੀ 22.2.2019 ਨੂੰ ਬਜਟ ਅਨੁਮਾਨਾਂ ਤੇ ਆਮ ਬਹਿਸ ਤੇ ਬੋਲ ਰਹੇ ਸਨ ਤਾਂ ਉਸ ਸਮੇਂ ਸਦਨ ਦੀ ਕਾਰਵਾਈ ਖਤਮ ਹੋ ਗਈ ਸੀ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨ।

**ਸਰਦਾਰ ਤਰਸੇਮ ਸਿੰਘ ਡੀ.ਸੀ. :** ਬਹੁਤ ਧੰਨਵਾਦ, ਸਪੀਕਰ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ .....

**ਮਾਨਯੋਗ ਸਪੀਕਰ :** ਬਜਟ ਤੇ ਬਹਿਸ ਹੈ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇੱਕ ਮਿੰਟ ਹੀ ਲੈਣਾ ਹੈ।

**ਮਾਨਯੋਗ ਸਪੀਕਰ :** ਇੱਕ ਮਿੰਟ, ਇੱਕ ਮਿੰਟ। ਹਾਂ ਜੀ, ਬੈਂਸ ਸਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਇੱਕ ਕਾਲ ਅਟੈਨਸ਼ਨ ਦਿੱਤਾ ਸੀ। ਉਹ ਜਨਾਬ ਨੇ ਐਡਮਿਟ ਵੀ ਕਰ ਲਿਆ ਹੈ ਪਰ ਆਇਆ ਨਹੀਂ।

**ਮਾਨਯੋਗ ਸਪੀਕਰ :** ਨਹੀਂ, ਲੱਗਿਆ ਨਹੀਂ ਸੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਇਹ ਮੇਰੇ ਕੋਲ ਹੈ ਜੀ। ਮੈਂ ਤੁਹਾਡੇ ਕੋਲ ਭੇਜ ਦਿੰਦਾ ਹਾਂ। ਕਿਰਪਾ ਕਰਕੇ ਮੈਨੂੰ ਜਾਣਕਾਰੀ ਦੇ ਦਿਓ।

**ਮਾਨਯੋਗ ਸਪੀਕਰ :** ਨਹੀਂ, ਬੈਂਸ ਸਾਹਿਬ ਇੱਕ ਦਿਨ ਵਿੱਚ ਤਿੰਨ ਹੀ ਲਗਦੇ ਹੁੰਦੇ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਇਹ ਤੁਹਾਡੇ ਵੱਲੋਂ ਐਡਮਿਟ ਹੋ ਕੇ ਮੈਨੂੰ ਮਿਲਿਆ ਹੈ। ਮੋਹਰ ਲੱਗੀ ਹੋਈ ਹੈ।

**ਮਾਨਯੋਗ ਸਪੀਕਰ :** ਨਹੀਂ, ਉਹ ਨੰਬਰ ਹੋਏਗਾ, ਇਕ ਦਿਨ ਦੇ ਬਿਜ਼ਨਸ 'ਚ ਅਡਮਿਸ਼ਨ ਤਿੰਨਾਂ ਦੀ ਹੀ ਹੁੰਦੀ ਹੈ। ਉਹ ਸੀਰੀਅਲ ਵਾਈਜ਼ ਨੰਬਰ ਹੁੰਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਮੇਰਾ ਇੱਕੋ ਹੀ ਲੱਗਿਆ ਹੈ। ਦੂਸਰਾ ਮੈਨੂੰ ਇਹ ਮਿਲਿਆ ਸੀ।

**ਮਾਨਯੋਗ ਸਪੀਕਰ :** ਇੱਕ ਦਿਨ ਵਿੱਚ ਕਾਲ ਅਟੈਂਸ਼ਨਾਂ ਤਿੰਨ ਹੀ ਲੱਗਣੀਆਂ ਹੁੰਦੀਆਂ ਹਨ, ਲੱਗਣੀਆਂ ਤਿੰਨੇ ਹੁੰਦੀਆਂ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਮੈਨੂੰ ਤਾਂ ਐਡਮਿਟ ਹੋ ਕੇ ਤੁਹਾਡੇ ਵੱਲੋਂ ਹੀ ਆਇਆ ਹੈ।

**ਮਾਨਯੋਗ ਸਪੀਕਰ :** ਮੈਂ ਕਹਿੰਦਾ ਹਾਂ ਐਡਮਿਟ ਹੋ ਗਈ ਲੇਕਿਨ ਸੀਰੀਅਲ ਵਾਈਜ਼ ਪਹਿਲੀਆਂ ਤਿੰਨ ਕਾਲ ਅਟੈਂਸ਼ਨਾਂ ਹੀ ਲੱਗਣੀਆਂ ਹੁੰਦੀਆਂ ਹਨ, ਜਿਹੜੀਆਂ ਪਹਿਲੀਆਂ ਤਿੰਨ ਹੁੰਦੀਆਂ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਠੀਕ ਹੈ ਜੀ।

**ਮਾਨਯੋਗ ਸਪੀਕਰ :** ਹਾਂ ਜੀ ਡੀ.ਸੀ. ਸਾਹਿਬ।

**ਸਰਦਾਰ ਤਰਸੇਮ ਸਿੰਘ ਡੀ.ਸੀ. :** ਸਪੀਕਰ ਸਾਹਿਬ, ਟਾਈਮ ਦੱਸ ਦਿੰਦੇ ਤਾਂ ਬੜੀ ਮਿਹਰਬਾਨੀ ਜੀ।

**ਮਾਨਯੋਗ ਸਪੀਕਰ :** ਜਲਦੀ ਖਤਮ ਕਰ ਦਿਓ, ਬੋਲ ਤਾਂ ਤੁਸੀਂ ਉਸ ਦਿਨ ਵੀ ਲਿਆ ਸੀ।

**ਸਰਦਾਰ ਤਰਸੇਮ ਸਿੰਘ ਡੀ.ਸੀ. (ਅਟਾਰੀ, ਐਸ.ਸੀ.) :** ਓ.ਕੇ. ਸਰ। ਸਰ, ਲੀਡਰ ਆਫ ਦਿ ਹਾਊਸ ਕੈਪਟਨ ਅਮਰਿੰਦਰ ਸਿੰਘ ਜੀ ਸਦਨ ਦੇ ਵਿੱਚ ਹਾਜ਼ਰ ਹਨ। ਇਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਜੋ ਬਜਟ ਪੇਸ਼ ਕੀਤਾ ਹੈ, it is wonderful piece of Economics. I am really grateful to the Minister that he has done a wonderful job for the State of Punjab and has left no stone unturned to save the people of Punjab who were facing disaster during the last ten years of the earlier regime ਕਿਉਂਕਿ ਉਸ ਸਮੇਂ ਦੌਰਾਨ ਇਸ ਸਮਾਜ ਦੇ ਵਿਚ ਜਿਹੜਾ ਕਿਸਾਨ ਸੀ, ਦੁਨੀਆ ਦਾ ਪਾਲਣਹਾਰਾ ਸੀ, ਉਹ ਕਰਜ਼ੇ ਦੇ ਬੋਝ ਕਾਰਨ ਹੇਠਾਂ ਮੂਧੇ ਮੂੰਹ ਡਿੱਗਾ ਔਰ ਖੁਦਕੁਸ਼ੀਆਂ ਦੇ ਰਾਹ

[ਸਰਦਾਰ ਤਰਸੇਮ ਸਿੰਘ ਡੀ.ਸੀ.]

ਉਤੇ ਚੱਲਿਆ। ਨੌਜਵਾਨ ਜਿਹੜੇ ਸੀ, ਉਹ ਸਰਕਾਰ ਤੇ ਸਰਕਾਰੀ ਤੰਤਰ ਦੀ ਮਿਲੀਭੁਗਤ ਨਾਲ ਨਸ਼ਿਆਂ ਦੇ ਵਿਚ ਧੱਸ ਗਏ, ਗਰੀਬ ਬੱਚੀਆਂ ਦੇ ਸ਼ਗਨ ਸਕੀਮ ਤੇ ਉਨ੍ਹਾਂ ਦਾ ਜਿਹੜਾ ਸਕਾਲਰਸ਼ਿਪ ਸੀ, ਉਸ ਨੂੰ ਖੁਰਦ-ਬੁਰਦ ਕਰ ਦਿੱਤਾ । ਪੰਜਾਬ ਦੇ ਬਹਾਦੁਰ ਲੋਕ ਜਿਹੜੇ ਹਮਲਾਵਰਾਂ ਤੋਂ ਔਰਤਾਂ ਨੂੰ ਪਿਛਲੀ ਸਾਰੀ ਹਿਸਟਰੀ ਵਿੱਚ ਬਚਾਉਂਦੇ ਰਹੇ ਉਹ ਮਾਸੂਮ ਬੱਚੀਆਂ ਨੂੰ ਭਰੂਣ ਦੇ ਵਿੱਚ ਹੀ ਮਾਰਨ ਲੱਗ ਗਏ ਔਰ ਕੁੜੀਆਂ ਮਾਰਨ ਵਿਚ ਪੰਜਾਬ ਇੱਕ ਨੰਬਰ ਦੀ ਸਟੇਟ ਬਣ ਗਿਆ। ਇੰਡਸਟਰੀ ਸੂਬੇ ਤੋਂ ਬਾਹਰ ਚਲੀ ਗਈ ਯਾਨੀ ਕਿ ਇੰਡਸਟਰੀ ਬਾਹਰਲੇ ਸੂਬਿਆਂ ਨੂੰ ਚਲੀ ਗਈ ਔਰ ਬੇਰੁਜ਼ਗਾਰੀ ਵੱਧ ਗਈ। ਇਨ੍ਹਾਂ ਸਾਰੀਆਂ ਮੁਸੀਬਤਾਂ ਦੇ ਵਿਚੋਂ ਕੱਢਣ ਲਈ ਸਾਡੇ ਬਹੁਤ ਹੀ ਕਾਬਿਲ ਫਾਈਨਾਂਸ ਮਨਿਸਟਰ ਸਾਹਿਬ ਨੇ ਐਸਾ ਬਜਟ ਪੇਸ਼ ਕੀਤਾ ਹੈ ਜੋ ਬਹੁਤ ਹੀ visionary, ਬਹੁਤ ਹੀ pragmatic ਅਤੇ ਬੜੀ ਸੋਚ ਸਮਝ ਤੇ ਦੂਰ ਦ੍ਰਿਸ਼ਟੀ ਨਾਲ ਪੇਸ਼ ਕੀਤਾ । ਇਸ ਨੇ ਨਾ ਸਿਰਫ ਇਕਾਨਮੀ ਨੂੰ ਮਜ਼ਬੂਤ ਕੀਤਾ ਹੈ ਬਲਕਿ ਇਨਕਲੂਸਿਵ ਕੰਸੈਪਟ ਦੀ ਗਰੋਥ ਉਤੇ ਚਲਦਿਆਂ ਹੋਇਆਂ ਰਾਜ ਦੀ ਆਲ ਰਾਊਂਡ ਡਿਵੈਲਪਮੈਂਟ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ । ਮੈਂ ਮੁਕਾਬਲਾ ਨਹੀਂ ਕਰਨਾ ਚਾਹੁੰਦਾ ਲੇਕਿਨ I would like to tell the House that ਸਾਡੇ ਬਹੁਤ ਹੀ ਸਤਿਕਾਰਯੋਗ ਡਾਕਟਰ ਮਨਮੋਹਨ ਸਿੰਘ ਜੀ, ਸਾਬਕਾ ਪ੍ਰਾਈਮ ਮਨਿਸਟਰ ਉਨ੍ਹਾਂ ਨੇ 1991-92 ਵਿੱਚ ਜਦੋਂ ਹਿੰਦੁਸਤਾਨ ਨੂੰ ਬੈਂਕਰਪਸੀ ਤੋਂ ਬਚਾਇਆ ਸੀ, ਅਜਿਹੀਆਂ ਦੋ ਸਕੀਮਾਂ ਲਿਆਂਦੀਆਂ ਕਿ ਉਸ ਤੋਂ ਪਹਿਲਾਂ ਹਿੰਦੁਸਤਾਨ ਜਿਹੜਾ ਬਿਲਕੁਲ ਮਰਨ ਕਿਨਾਰੇ ਸੀ, ਦੋ ਸਕੀਮਾਂ ਲਿਆ ਕੇ ਹਿੰਦੁਸਤਾਨ ਨੂੰ ਬਚਾਇਆ ਸੀ, ਉਸੇ ਤਰ੍ਹਾਂ ਹੀ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਇਹ ਬਜਟ ਲਿਆ ਕੇ ਪੰਜਾਬ ਦੀ ਜਨਤਾ ਨੂੰ ਜਿਹੜੀਆਂ ਪਿਛਲੀ ਸਰਕਾਰ ਵੇਲੇ ਬਹੁਤ ਹੀ ਜ਼ਿਆਦਾ ਬਿਮਾਰੀਆਂ ਲੱਗੀਆਂ ਹੋਈਆਂ ਸਨ, ਉਨ੍ਹਾਂ ਸਾਰੀਆਂ ਤੋਂ ਕੱਢਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ I am thankful.

ਸਪੀਕਰ ਸਾਹਿਬ, ਮੇਰੇ ਸਾਹਮਣੇ ਵਾਲੇ ਵੀਰ ਉਠ ਕੇ ਚਲੇ ਗਏ ਹਨ । ਮੈਂ ਉਨ੍ਹਾਂ ਨਾਲ ਗੱਲ ਕਰਨੀ ਚਾਹੁੰਦਾ ਸੀ ਕਿ they should have thanked the Finance Minister ਕਿ ਇਨ੍ਹਾਂ ਨੇ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ। They should have said that he is an asset to the Government ਕਿਉਂਕਿ ਇਹੋ ਜਿਹੇ ਬਜਟ ਲਿਆਂਦੇ ਹਨ ਕਿ ਇਸ ਡੁੱਬਦੀ ਲੋਕਾਈ ਨੂੰ ਇਨ੍ਹਾਂ ਨੇ ਸੰਭਾਲਣ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਇਸ ਦੇ ਲਈ ਹੌਂਸਲਾ ਚਾਹੀਦਾ ਹੈ, ਇਸ ਦੇ ਲਈ ਹਿੰਮਤ ਚਾਹੀਦੀ ਹੈ। I have heard their comments on the Budget when they were speaking. They had a cynical approach towards the Budget which is reflected through their concocted comments on the Budget.

ਮੇਰੇ ਇਕ ਬਹੁਤ ਹੀ ਸੂਝਵਾਨ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਬਜਟ ਜਿਹੜਾ ਹੈ ਇਹ ਬਿਲਕੁਲ ਇਕ ਦਮ ਗੁਬਾਰਾ ਹੈ, ਇਸ ਦੇ ਵਿਚ ਹੈ ਹੀ ਕੁਝ ਨਹੀਂ ਔਰ ਨਾਲ ਦੀ ਨਾਲ ਇੰਨੀ ਗੱਲ ਕਹਿ ਕੇ ਕਿਸੇ ਦੀ ਖਾਤਰ, ਕਿਸੇ ਦੀ ਤਾਰੀਫ ਵਿਚ ਇੱਕ ਪੋਇਮ ਪੜ੍ਹਨੀ ਸ਼ੁਰੂ ਕਰ ਦਿੱਤੀ, is it discussion on the Budget? ਔਰ ਉਸ ਦਾ ਕੋਈ ਸਿਰ ਪੈਰ ਨਹੀਂ ਸੀ। ਮੈਂ ਇਹ ਕਹਿੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਸੀ ਕਿ ਜਿਸ ਤਰ੍ਹਾਂ ਅਸੀਂ ਚੱਲੇ, ਜੋ ਕਰਕੇ ਚੱਲੇ ਹਾਂ, ਜੋ ਛੱਡ ਕੇ ਚਲੇ ਹਾਂ, ਸਰਕਾਰ ਚੱਲਣੀ ਨਹੀਂ they were saying vehemently all this ਲੇਕਿਨ ਜਦੋਂ ਇਨ੍ਹਾਂ ਨੂੰ ਪਤਾ ਲੱਗਿਆ ਕਿ ਦੂਸਰੇ ਬਜਟ ਵੀ ਫਾਈਨਾਂਸ ਮਨਿਸਟਰ ਇਹੋ ਜਿਹੇ ਲਿਆਏ ਹਨ ਤਾਂ ਇਹ ਇਕਦਮ ਤੈਸ਼ ਵਿੱਚ ਆ ਗਏ, ਇਕਦਮ ਘਬਰਾਹਟ ਵਿੱਚ ਆ ਗਏ । ਗੱਲ ਇਹ ਨਹੀਂ ਕਿ ਇਹ ਬਜਟ ਨੂੰ ਸੁਣ ਕੇ ਤੈਸ਼ ਵਿਚ ਆਏ ਜਾਂ ਘਬਰਾਹਟ ਵਿਚ ਆਏ, ਇਹ ਬਜਟ ਫਾਈਨਾਂਸ ਮਨਿਸਟਰ ਸਾਹਿਬ ਨੇ ਇੰਨਾ ਵਧੀਆ ਪੇਸ਼ ਕੀਤਾ ਹੈ ਕਿ ਇਹ ਸੋਚਣ ਲੱਗ ਗਏ ਹਨ। ਘਬਰਾਹਟ ਇਹ ਨਹੀਂ ਹੈ ਕਿ 14 ਰਹਿ ਗਏ ਹਾਂ, ਘਬਰਾਹਟ ਇਸ ਗੱਲ ਦੀ ਹੈ ਕਿ ਹੁਣ ਇਨ੍ਹਾਂ ਨੂੰ ਲੱਗਦਾ ਹੈ ਕਿ ਆਉਣ ਵਾਲੀ ਸਰਕਾਰ ਵੀ ਕਾਂਗਰਸ ਦੀ ਹੋਵੇਗੀ। ਸਾਬਕਾ ਫਾਈਨਾਂਸ ਮਨਿਸਟਰ ਨੇ ਬਜਟ ਉਤੇ ਬੋਲਿਆ ਹੈ, ਬੜੇ ਕਾਬਲ ਹਨ ਲੇਕਿਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸੀ.ਸੀ.ਐਲ. ਉਤੇ ਉਨ੍ਹਾਂ ਨੇ ਜਵਾਬ ਨਹੀਂ ਦਿੱਤਾ। ਜਿਹੜਾ 31000 ਕਰੋੜ ਦਾ ਗੈਪ ਹੈ, ਇਸ ਨੂੰ ਆਖਰੀ ਦਿਨ ਉਨ੍ਹਾਂ ਦੀ ਸਰਕਾਰ ਨੇ ਲੋਨ ਵਿਚ ਕਿਉਂ ਕਨਵਰਟ ਕੀਤਾ? ਇਸ ਦਾ ਕੋਈ ਜਵਾਬ ਨਹੀਂ ਦਿੱਤਾ। ਸਾਡੇ ਫਾਈਨਾਂਸ ਮਨਿਸਟਰ ਦੀਆਂ concerted efforts ਨੂੰ, 15ਵਾਂ ਫਾਈਨਾਂਸ ਕਮਿਸ਼ਨ ਜਿਹੜਾ ਇੱਥੇ ਆਇਆ ਹੈ, they appreciated the Finance Minister and they have constituted a committee which will present a time bound resolution to look into the CCL limit which is very big burden on our economy. ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਜਟ ਹੈ, ਇਹ ਕਿਸਾਨਾਂ ਵਾਸਤੇ, ਐਸ.ਸੀ./ਬੀ.ਸੀ. ਵਾਸਤੇ, ਔਰਤਾਂ ਵਾਸਤੇ, ਐਜੂਕੇਸ਼ਨ ਵਾਸਤੇ, ਹੈਲਥ ਵਾਸਤੇ ਬਹੁਤ ਵੱਡੀ boon ਹੈ ਅਤੇ ਬਹੁਤ ਬਰੀਕੀ ਨਾਲ ਵਿਚਾਰ ਕਰਕੇ ਜਿੱਥੇ ਕਿਸਾਨਾਂ ਵਾਸਤੇ ਕੈਪਟਨ ਸਾਹਿਬ ਦਾ flagship programme ਸੀ ਕਿ ਕਰਜ਼ੇ ਮਾਫ ਕਰਾਂਗੇ ਅਤੇ 10.25 ਲੱਖ farmer identify ਹੋਏ ਹਨ ਉਸ ਅਧੀਨ 5.84 ਕਿਸਾਨਾਂ ਨੂੰ ਹੁਣ ਤੱਕ ਦੋ ਲੱਖ ਦਾ ਕਰਜ਼ਾ ਮਾਫ ਕਰ ਦਿੱਤਾ ਹੈ। ਇਹ ਕੋਈ ਛੋਟੀ ਗੱਲ ਨਹੀਂ

ਹੈ। ਇਹ ਜਿਹੜੇ ਰੌਲਾ ਪਾਉਂਦੇ ਹਨ, ਇਨ੍ਹਾਂ ਨੇ 10 ਸਾਲ ਕੀ ਕੀਤਾ ਹੈ? ਇਨ੍ਹਾਂ ਨੇ ਮੂਧੇ ਮੂੰਹ ਡਿੱਗੀ ਕਿਸਾਨੀ ਨੂੰ ਕਦੇ ਉਥੱਲ ਕੇ ਨਹੀਂ ਦੇਖਿਆ ਕਿ ਇਹ ਜਿਊਂਦਾ ਹੈ ਕਿ ਮੁਰਦਾ ਹੈ।

ਜਿਹੜੀ ਕਿਸਾਨਾਂ ਨੂੰ on agricultural implements subsidy ਹੈ, ਇਹ 50% ਹੈ, to the centres, ਜਿਥੋਂ ਇਹ hire ਕਰਦੇ ਹਨ, ਉਨ੍ਹਾਂ ਨੂੰ 80% ਦਿੱਤੀ ਹੈ। Welfare and development of agriculture ਲਈ 14,000 ਕਰੋੜ ਰੁਪਏ ਦਾ ਬਜਟ ਰੱਖਿਆ ਹੈ। Free power to the agriculture sector is continuing and ਹੋਰ ਜਿੰਨੇ ਸਹਾਇਕ ਧੰਦੇ ਹਨ, ਉਨ੍ਹਾਂ ਵਾਸਤੇ ਕਿਸਾਨਾਂ ਨੂੰ encourage ਕੀਤਾ ਜਾ ਰਿਹਾ ਹੈ, ਜਿਵੇਂ poultry, dairy, goatery, farming, piggery etc. ਤਾਂ ਕਿ ਕਿਸਾਨਾਂ ਦੀ ਆਮਦਨ ਡਬਲ ਕੀਤੀ ਜਾ ਸਕੇ। ਮੰਡੀ ਇਨਫ੍ਰਾਸਟ੍ਰਕਚਰ, ਜਿਹੜੀ ਕਿ ਕਿਸਾਨਾਂ ਲਈ ਬਹੁਤ ਜ਼ਰੂਰੀ ਹੁੰਦੀ ਹੈ, ਉਸ ਲਈ 750 ਕਰੋੜ ਰੁਪਿਆ ਬਜਟ ਵਿੱਚ ਰੱਖਿਆ ਹੈ, ਇਹ ਬਹੁਤ ਵੱਡੀ ਅਮਾਊਂਟ ਹੈ। ਜਿੱਥੇ ਮੈਂ ਐਸ.ਸੀ./ਬੀ.ਸੀ. ਵਾਸਤੇ ਬਜਟ ਦੀ ਗੱਲ ਕਰਦਾ ਹਾਂ, ਜਿਹੜੇ ਐਸ.ਸੀਜ਼ ਬੱਚੇ ਹਨ, ਉਨ੍ਹਾਂ ਵਿਚੋਂ 80% ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਬੈਕਵਰਡ ਕਾਸਟ ਦੇ 10% ਅਤੇ ਹੋਰ ਗਰੀਬ ਵਰਗਾਂ ਦੇ 10% ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਹਨ। ਜਿੰਨਾ ਬਜਟ education field ਨੂੰ ਦਿੱਤਾ ਗਿਆ ਹੈ, ਇਸ ਦਾ 80% ਐਸ.ਸੀਜ਼ ਨੂੰ ਜਾਣਾ ਹੈ, ਜਿਹੜਾ ਕਿ ਬਹੁਤ ਹੀ ਵਧੀਆ ਉਪਰਾਲਾ ਹੈ।

**Mr. Speaker :** Thank you, wind up ਕਰੋ...wind up ਕਰੋ।

**ਸਰਦਾਰ ਤਰਸੇਮ ਸਿੰਘ ਡੀ.ਸੀ. :** ਸਪੀਕਰ ਸਾਹਿਬ, ਮੈਂ ਦੋ ਮਿੰਟ ਵਿੱਚ ਖਤਮ ਕਰ ਦਿੰਦਾ ਹਾਂ। ਮੈਂ ਫਾਈਨਾਂਸ ਮਨਿਸਟਰ ਜੀ ਨੂੰ ਇਹ ਕਹਿਣਾ ਚਾਹੁੰਦਾ ਹਾਂ, Napoleon Hill ਦੀ ਕਿਤਾਬ THINK AND GROW RICH ਵਿੱਚ ਉਸ ਨੇ ਕੁਝ ਸਤਰਾਂ ਕਿਸੇ poem ਦੀਆਂ ਦਿੱਤੀਆਂ ਹਨ। It says "Life's battles don't always go to the stronger or faster man but soon or late the man who wins, Is the man WHO THINKS HE CAN. So, Finance Minister has a very strong will power and determination and he is likely to lead the state of Punjab into a very golden future in the coming years. So, I would like to thank the Chief Minister and Finance Minister, I would like to thank them for the wonderful job they have done for the State and the people but this 'thank you' word, we speak so many times in a day that when

you want to speak it from the heart, these words are totally inadequately expressive but as I don't have any other words. I say to the Finance Minister, thank you very much. We are really grateful to you for the herculean job you have completed.

**ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ) :** ਧੰਨਵਾਦ, ਆਨਰੇਬਲ ਸਪੀਕਰ ਸਾਹਿਬ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਸਾਡੇ ਫਾਈਨਾਂਸ ਮਨਿਸਟਰ ਮਨਪ੍ਰੀਤ ਬਾਦਲ ਜੀ ਨੇ ਸਾਬਤ ਕਰ ਦਿੱਤਾ ਹੈ ਕਿ ਸਟੇਟ ਲਈ ਚੰਗਾ ਬਜਟ ਕਿਸ ਤਰੀਕੇ ਨਾਲ ਲਿਆਉਣਾ ਹੈ। ਮੈਨੂੰ ਯਾਦ ਹੈ, ਇੱਥੇ ਪਿਛਲੀ ਵਾਰ ਅਵਾਜ਼ਾਂ ਆ ਰਹੀਆਂ ਸਨ ਅਤੇ ਵਾਰ ਵਾਰ ਇਹ ਕਹਿ ਰਹੇ ਸੀ, ਜਪਾਨ ਦੀ ਗੱਲ ਹੋਈ, ਯੂ.ਐਸ.ਏ. ਦੀ ਗੱਲ ਹੋਈ ਕਿ ਉਨ੍ਹਾਂ ਨੇ ਬੇਸ਼ੁਮਾਰ ਕਰਜ਼ਾ ਲੈ ਕੇ ਰੱਖਿਆ ਹੋਇਆ ਹੈ ਅਤੇ ਜੇਕਰ ਅਸੀਂ ਲੈ ਲਿਆ ਤਾਂ ਕਿਹੜੀ ਗੱਲ ਹੈ। ਲੇਕਿਨ ਮੈਂ ਦੁੱਖ ਨਾਲ ਕਹਿਣ ਲੱਗਿਆ ਹਾਂ ਕਿ ਅੱਜ ਜੋ ਪੰਜਾਬ ਦੇ ਹਾਲਾਤ ਹਨ, ਇਸ ਵੇਲੇ ਹਰ ਗਰੀਬ ਉਸ ਕਰਜ਼ੇ ਦੀ ਵਜ੍ਹਾ ਕਰਕੇ he is bleeding to death. ਮਨਪ੍ਰੀਤ ਜੀ, ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀਂ ਇਕ ਇਹੋ ਜਿਹੀ ਵਧੀਆ ਸ਼ੁਰੂਆਤ ਕੀਤੀ ਹੈ ਕਿ ਪੰਜਾਬ ਨੂੰ ਤੁਸੀਂ ਮੁੜ ਉਸ ਕਰਜ਼ੇ ਵਿਚੋਂ ਬਾਹਰ ਕੱਢਣ ਲੱਗੇ ਹੋ ਔਰ ਹੌਲੀ ਹੌਲੀ ਉਹ ਕਰਜ਼ਾ ਤੁਸੀਂ ਲਾਹੁਣ ਲੱਗੇ ਹੋ। ਇਹ ਬਹੁਤ ਹੀ ਵਧੀਆ ਬਜਟ ਹੈ।

ਮੈਂ ਹੁਣ ਫਾਰਮਰਜ਼ ਵੈਲਫੇਅਰ 'ਤੇ ਗੱਲ ਕਰਾਂਗਾ। ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਫੈਸਲਾ ਕੀਤਾ ਸੀ, ਇਲੈਕਸ਼ਨ ਤੋਂ ਪਹਿਲਾਂ ਪ੍ਰਣ ਕੀਤਾ ਸੀ ਕਿ ਮੈਂ ਹਰ ਗਰੀਬ ਜ਼ਿਮੀਂਦਾਰ ਭਰਾ ਦਾ ਕਰਜ਼ਾ ਲਾਹਵਾਂਗਾ, ਤੁਸੀਂ ਖੁਦਕੁਸ਼ੀ ਨਾ ਕਰਿਓ। ਉਨ੍ਹਾਂ ਨੇ ਸ਼ੁਰੂਆਤ ਕੀਤੀ। ਇਹ ਦੋ ਲੱਖ ਰੁਪਏ ਤੋਂ ਸ਼ੁਰੂਆਤ ਕੀਤੀ। ਇਸ ਵੇਲੇ ਹੁਣ ਤੱਕ 5 ਲੱਖ, 83 ਹਜ਼ਾਰ ਜ਼ਿਮੀਂਦਾਰ ਭਰਾ ਹਨ ਜ਼ਿਨ੍ਹਾਂ ਦਾ ਕੈਪਟਨ ਅਮਰਿੰਦਰ ਸਿੰਘ ਜੀ ਨੇ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਕਰਜ਼ਾ ਮੁਆਫ ਕਰਵਾਇਆ ਹੈ। (ਥੰਪਿੰਗ) ਇਹ 4,726 ਕਰੋੜ ਰੁਪਏ ਦੀ ਰਕਮ ਗਈ ਹੈ? ਅਸੀਂ ਇਸ ਵਾਸਤੇ ਧੰਨਵਾਦ ਕਰਦੇ ਹਾਂ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ, ਤੁਸੀਂ ਇੱਕ ਹੋਰ ਚੀਜ਼ ਬਹੁਤ ਵਧੀਆ ਕਰਨ ਜਾ ਰਹੇ ਹੋ ਕਿ ਜਿਹੜੇ ਲੈਂਡਲੈੱਸ ਲੇਬਰਰਜ਼ ਹਨ, ਉਨ੍ਹਾਂ ਦੇ ਕਰਜ਼ੇ ਮੁਆਫ ਕਰਨ ਵਾਸਤੇ ਵੀ ਤੁਸੀਂ 3,000 ਕਰੋੜ ਰੁਪਏ ਬਜਟ ਵਿੱਚ ਰੱਖੇ ਹਨ। ਉਸ ਵਾਸਤੇ ਅਸੀਂ ਤੁਹਾਡਾ ਖਾਸ ਧੰਨਵਾਦ ਕਰਦੇ ਹਾਂ।

ਫਰੀ ਪਾਵਰ ਦੀ ਗੱਲ ਹੈ। ਇਹ ਹਮੇਸ਼ਾ ਕਹਿਣ ਲੱਗ ਪੈਂਦੇ ਹਨ ਕਿ ਕਾਂਗਰਸ ਸਰਕਾਰ ਆਵੇਗੀ ਤਾਂ ਟਿਊਬਵੈੱਲਾਂ ਤੇ ਬਿਜਲੀ ਦੇ ਬਿੱਲ ਲਾਵੇਗੀ। ਸਪੀਕਰ ਸਾਹਿਬ,

[ਸਰਦਾਰ ਹਰਪ੍ਰਤਾਪ ਸਿੰਘ]
ਮੈਂ ਬੇਨਤੀ ਕਰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਇੱਕ ਗੱਲ ਉਦੋਂ ਵੀ ਕਹੀ ਸੀ ਕਿ ਮੈਂ ਕਦੇ ਵੀ ਆਉਣ ਵਾਲੇ ਸਮੇਂ ਵਿੱਚ ਜ਼ਿਮੀਂਦਾਰ ਤੇ ਬਿਜਲੀ ਦਾ ਬਿਲ ਨਹੀਂ ਲਾਵਾਂਗਾ। ਉਨ੍ਹਾਂ ਨੇ ਫੈਸਲਾ ਕਰਕੇ ਇਹ ਵਿਖਾ ਦਿੱਤਾ ਹੈ ਔਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਐਤਕੀਂ ਐਲੋਕੇਸ਼ਨ ਵਧਾ ਕੇ 8,969 ਕਰੋੜ ਰੁਪਿਆ ਫਰੀ ਟਿਊਬਵੈੱਲ ਪਾਵਰ ਲਈ ਦਿੱਤਾ ਹੈ। ਇਸ ਵਾਸਤੇ ਅਸੀਂ ਧੰਨਵਾਦ ਕਰਦੇ ਹਾਂ। (ਥੰਪਿੰਗ)

ਇੱਕ ਗੱਲ ਡਾਈਵਰਸੀਫਿਕੇਸ਼ਨ ਦੀ ਚੱਲੀ ਹੈ। ਉਸ ਦਾ ਇੱਕ ਕਾਰਨ ਹੈ, ਡਾਈਵਰਸੀਫਿਕੇਸ਼ਨ ਲਿਆਉਣ ਦੀ ਗੱਲ ਚਲਾਉਣ ਦੀ ਕੀ ਵਜ੍ਹਾ ਹੈ? ਇਸ ਵੇਲੇ ਇਨ੍ਹਾਂ ਨੇ ਸਟੱਡੀ ਕੀਤੀ ਹੈ ਕਿ ਪੰਜਾਬ ਦਾ ਵਾਟਰ ਲੈਵਲ ਥੱਲੇ ਜਾ ਰਿਹਾ ਹੈ। 10 ਲੱਖ ਹੈਕਟੇਅਰ ਪੈਡੀ ਦੇ ਚੱਕਰ ਥੱਲਿਉਂ ਕੱਢ ਕੇ ਦੂਸਰੀਆਂ ਫਸਲਾਂ ਦੇ ਪਾਸੇ ਲੈ ਕੇ ਜਾਵਾਂਗੇ, ਤਾਂ ਕਿਤੇ ਜਾ ਕੇ ਸਾਡੇ ਇੱਥੇ ਪਾਣੀ ਦੀ ਬੱਚਤ ਹੋਣੀ ਹੈ। ਇਸ ਵਾਸਤੇ ਇਨ੍ਹਾਂ ਨੇ ਹੌਰਟੀਕਲਚਰ ਦੀ ਸ਼ੁਰੂਆਤ ਕੀਤੀ। ਮੈਂ ਖੁਦ ਹਾਰਟੀਕਲਚਰ ਵਿੱਚ ਬਿਲੀਵ ਕਰਦਾ ਹਾਂ। ਮੈਂ 20 ਏਕੜ ਵਿੱਚ ਨਾਖ ਲਗਾਈ ਹੈ ਲੇਕਿਨ ਅੱਜ ਉਸ ਬਾਗ ਵਿੱਚ ਮਾਮੂਲੀ ਪਾਣੀ ਲਗਦਾ ਹੈ, ਦੋ ਟਿਊਬਵੈੱਲ ਲਗਾਏ ਹਨ ਅਤੇ ਨਾਲ ਹੀ ਮੇਰੇ ਝੋਨੇ ਦੇ ਖੇਤ ਹਨ ਜਿੱਥੇ ਰਾਤ ਦਿਨ ਪਾਣੀ ਲੱਗਿਆ ਰਹਿੰਦਾ ਹੈ। ਉਥੇ ਦਿਨ ਰਾਤ ਟਿਊਬਵੈੱਲ ਚਲਦਾ ਹੈ। ਸਰਦਾਰ ਮਨਪ੍ਰੀਤ ਸਿੰਘ ਜੀ, ਇਹ ਬਹੁਤ ਵਧੀਆ ਕਦਮ ਹੈ, ਅੱਗੇ ਵਧੋ, ਸਾਨੂੰ ਡਾਈਵਰਸੀਫਿਕੇਸ਼ਨ ਚਾਹੀਦੀ ਹੈ। ਇਹ ਤਾਂ ਇਕੱਲੇ ਹੌਰਟੀਕਲਰ ਦੀ ਗੱਲ ਹੈ, ਸਾਡੇ ਏਰੀਏ ਵਿੱਚ ਤਾਂ ਨਾਖ ਉਗਦੀ ਹੈ ਲੇਕਿਨ ਤੁਹਾਡੇ ਵਾਲੇ ਪਾਸੇ ਕਿੰਨੂ ਤੇ ਆਮਲਾ ਹੁੰਦਾ ਹੈ। ਹੁਸ਼ਿਆਰਪੁਰ ਵਾਲੇ ਪਾਸੇ ਵੀ ਕਿੰਨੂ ਬਹੁਤ ਉਗਦਾ ਹੈ। ਤੁਸੀਂ ਇਸ ਨੂੰ ਬੜਾਵਾ ਦਿਉ। ਮੈਂ ਤੁਹਾਨੂੰ ਦਾਅਵੇ ਨਾਲ ਕਹਿੰਦਾ ਹਾਂ ਕਿ ਹਰ ਜ਼ਿਮੀਂਦਾਰ ਇਸ ਵੱਲ ਵਧੇਗਾ ਅਤੇ ਪੈਡੀ ਨੂੰ ਛੱਡੇਗਾ। ਤੁਸੀਂ ਬਹੁਤ ਵਧੀਆ ਗੱਲ ਕੀਤੀ ਹੈ। ਇੱਕ ਇੰਡੀਵਿਜੁਅਲ ਕੁਇੱਕ ਫਰੀਜ਼ਿੰਗ ਦੀ ਗੱਲ ਹੈ। ਤੁਸੀਂ dehydration of fresh fruits and vegetables ਦੇ ਯੂਨਿਟ ਲਗਾਉਣ ਜਾ ਰਹੇ ਹੋ, ਇਹ ਜ਼ਿਮੀਂਦਾਰ ਲਈ ਬਹੁਤ ਵੱਡੀ ਗੱਲ ਹੈ। ਜ਼ਿਮੀਂਦਾਰ ਹਮੇਸ਼ਾ ਮਰਦਾ ਕਿਉਂ ਹੈ? ਜਦੋਂ ਉਸ ਦੀ ਫਸਲ ਆ ਜਾਂਦੀ ਹੈ ਤਾਂ ਉਸ ਦੀ ਮਾਰਕੀਟਿੰਗ ਨਹੀਂ ਹੁੰਦੀ ਅਤੇ ਉਸ ਦੀ ਜਿਹੜੀ ਏਜ ਹੁੰਦੀ ਹੈ, ਉਹ ਬਹੁਤ ਘੱਟ ਹੁੰਦੀ ਹੈ, ਸਮਾਂ ਬਹੁਤ ਘੱਟ ਹੁੰਦਾ ਹੈ। ਕਿਸਾਨ ਨੂੰ ਉਹ ਮਾਰਕੀਟ ਵਿੱਚ, ਮੰਡੀ ਵਿੱਚ ਸੁੱਟਣੀ ਪੈਂਦੀ ਹੈ। ਉਸ ਨਾਲ ਕੀ ਹੁੰਦਾ ਹੈ ਕਿ ਕਿਸਾਨ ਦੀ ਫਸਲ ਰੁਲ ਜਾਂਦੀ ਹੈ। ਉਸ ਨੂੰ ਘੱਟ ਰੇਟ ਮਿਲਦਾ ਹੈ ਅਤੇ ਘਾਟੇ ਵਿੱਚ ਆ ਕੇ ਕਿਸਾਨ ਘਰ ਬੈਠ ਜਾਂਦਾ ਹੈ। ਲੇਕਿਨ ਗੱਲ ਉਸ ਦੇ ਵੱਸ ਦੀ ਨਹੀਂ ਰਹਿੰਦੀ। ਇਸ ਕਰਕੇ ਤੁਸੀਂ ਜੋ ਕੀਤਾ ਹੈ, ਇਹ ਬਹੁਤ ਵਧੀਆ ਗੱਲ ਕੀਤੀ ਹੈ।

ਇੱਥੇ ਕੇਨ ਗਰੋਅਰਜ਼ ਦੀ ਗੱਲ ਹੋਈ ਹੈ। ਰੰਧਾਵਾ ਸਾਹਿਬ, ਇਸ ਸਮੇਂ ਇੱਥੇ ਬੈਠੇ ਨਹੀਂ ਹਨ ਲੇਕਿਨ ਮੈਂ ਅੱਜ ਇੱਕ ਬੇਨਤੀ ਕਰਕੇ ਚੱਲਿਆ ਹਾਂ, ਰੰਧਾਵਾ ਸਾਹਿਬ ਨੇ ਪ੍ਰਣ ਕੀਤਾ ਹੈ, ਹਰ ਉਸ ਸ਼ੂਗਰ ਮਿੱਲ ਲਈ ਕੋਸ਼ਿਸ਼ ਕਰਨੀ ਹੈ ਕਿ ਉਸ ਨਾਲ ਪਾਵਰ ਕੋ ਜੈਨਰੇਸ਼ਨ ਪਲਾਂਟ ਲਗਾਉਣਾ ਹੈ। ਸਾਡੇ ਕੋਲ ਅਜਨਾਲੇ ਵਿਖੇ ਸ਼ੂਗਰ ਮਿੱਲ ਹੈ, ਉਥੇ ਇਹ ਅਨਾਊਂਸਮੈਂਟ ਕਰਕੇ ਆਏ ਹਨ ਕਿ ਇੱਥੇ ਮੈਂ ਪਲਾਂਟ ਲਗਵਾਵਾਂਗਾ। ਸਾਨੂੰ ਪਤਾ ਹੈ ਕਿ ਜਿਸ ਦਿਨ ਉਹ ਲੱਗ ਗਿਆ ਤਾਂ ਸਾਨੂੰ 22 ਕਰੋੜ ਰੁਪਿਆ ਇਕੱਲੀ ਬਿਜਲੀ ਤੋਂ ਮਿਲੇਗਾ। ਅਸੀਂ ਆਪਣੇ ਜ਼ਿਮੀਂਦਾਰ ਭਰਾਵਾਂ ਨੂੰ 22 ਕਰੋੜ ਰੁਪਿਆ ਦੇਵਾਂਗੇ। ਮੈਂ ਧੰਨਵਾਦ ਕਰਦਾ ਹਾਂ। ਲੇਕਿਨ ਮਨਪ੍ਰੀਤ ਜੀ ਇੱਕ ਗੱਲ ਗੌਰ ਨਾਲ ਕਰਨਾ। ਮੈਂ ਕੇਨ ਗਰੋਅਰਜ਼ ਦੀ ਗੱਲ ਕਰਨ ਲੱਗਾ ਹਾਂ। ਧਿਆਨ ਨਾਲ ਸੁਣਨਾ, ਮੈਂ ਬੇਨਤੀ ਕਰਨ ਲੱਗਾ ਹਾਂ। ਮੈਂ ਰੰਧਾਵਾ ਸਾਹਿਬ ਨਾਲ ਗਿਆ ਸੀ, ਮੈਂ ਦੋ ਚੀਜ਼ਾਂ ਸਟੱਡੀ ਕਰਕੇ ਆਇਆ ਹਾਂ। ਇੱਕ ਟਿਸ਼ੂ ਕਲਚਰ ਹੈ, ਟਿਸ਼ੂ ਕਲਚਰ ਦੇ ਨਾਲ ਜਿਹੜਾ ਸ਼ੂਗਰਕੇਨ ਦਾ ਸੀਡ ਤਿਆਰ ਹੋਣਾ ਹੈ, ਉਸ ਦੇ ਨਾਲ ਕਮ-ਜ਼-ਕਮ 10% ਤੋਂ 20% ਪ੍ਰੋਡਕਸ਼ਨ ਵਧਦੀ ਹੈ, ਜਦੋਂ ਤੁਸੀਂ ਜ਼ਿਮੀਂਦਾਰ ਨੂੰ ਦਿੰਦੇ ਹੋ। ਇਹ ਤੁਸੀਂ ਸਾਨੂੰ ਕਰਕੇ ਦਿਓ, ਕਿਸਾਨ ਦਾ ਇਸ ਨਾਲ ਬਹੁਤ ਫਾਇਦਾ ਹੋਵੇਗਾ। ਮੇਰੀ ਦੂਜੀ ਬੇਨਤੀ ਹੈ ਕਿ ਤੁਸੀਂ ਇਕ ਨਵੀਂ ਸਕੀਮ ਚਾਲੂ ਕਰੋ। ਜਿਹੜੀ ਹਾਰਵੈਸਟਿੰਗ ਆਫ ਸ਼ੂਗਰ ਕੇਨ ਹੈ। ਜਦੋਂ ਲੇਬਰ ਦੀ ਲੋੜ ਪੈਂਦੀ ਹੈ ਤਾਂ ਲੇਬਰ ਮਹਿੰਗੀ ਹੋ ਜਾਂਦੀ ਹੈ। ਜ਼ਿਮੀਂਦਾਰ ਨੂੰ ਆਪਣੀ ਜੇਬ ਵਿਚੋਂ ਬਹੁਤ ਕੁਝ ਦੇਣਾ ਪੈਂਦਾ ਹੈ। ਕੇਨ ਹਾਰਵੈਸਟਰ ਅਮਰੀਕਾ ਅਤੇ ਹੋਰ ਵਿਕਸਤ ਮੁਲਕਾਂ ਵਿਚ ਚੱਲ ਰਹੇ ਹਨ। ਇਹੋ ਜਿਹੇ ਯਤਨ ਸਾਨੂੰ ਵੀ ਕਰਨੇ ਚਾਹੀਦੇ ਹਨ, ਇਸ ਨਾਲ ਲੇਬਰ ਦੀ ਕਾਸਟ ਬਹੁਤ ਘੱਟ ਜਾਵੇਗੀ। ਮੈਂ ਹੁਣ ਐਨੀਮਲ ਹਸਬੈਂਡਰੀ ਦੀ ਗੱਲ ਕਰਨ ਲੱਗਿਆ ਹਾਂ।ਪਸ਼ੂ ਪਾਲਣ ਮੰਤਰੀ ਜੀ ਨੇ ਡੇਅਰੀ ਡਿਵੈਲਪਮੈਂਟ ਦੀ ਸ਼ੁਰੂਆਤ ਕੀਤੀ ਹੈ ਲੇਕਿਨ ਮੈਂ ਦੱਸਦਾ ਹਾਂ ਕਿ ਮੇਰੇ ਸਾਹਮਣੇ ਬੈਠੇ ਭਰਾ, ਜੋ ਹੁਣ ਚਲੇ ਗਏ ਹਨ, ਇਨ੍ਹਾਂ ਦੀਆਂ ਸਰਕਾਰਾਂ ਰਹੀਆਂ, ਸਾਡੀ ਵੀ ਹੁਣ ਸਰਕਾਰ ਹੈ। ਇਹ ਮੈਨੂੰ ਇਕ ਗੱਲ ਦੱਸਣ ਕਿ ਜਿਹੜੀ ਅਡਲਟਰੇਸ਼ਨ ਆਫ ਮਿਲਕ ਹੈ, ਅਡਲਟਰੇਸ਼ਨ ਆਫ ਖੋਆ, ਅਡਲਟਰੇਸ਼ਨ ਆਫ ਪਨੀਰ ਹੈ।ਇਸ ਲਈ ਕੌਣ ਜ਼ਿੰਮੇਵਾਰ ਹੈ? ਇਹ ਉਹ ਲੋਕ ਹਨ ਜੋ ਸਾਡੇ ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਮਾਰ ਕੇ ਸੁੱਟ ਦੇਣਗੇ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹੋ ਜਿਹੇ ਲੋਕਾਂ ਨੂੰ ਨਾ ਬਖਸ਼ਿਓ। ਇਨ੍ਹਾਂ ਲੋਕਾਂ ਨੂੰ ਸਜ਼ਾ ਹੋਣੀ ਚਾਹੀਦੀ ਹੈ। ਇਸ ਨਾਲੋਂ ਮਾੜੀ ਤੇ ਘਿਣਾਉਣੀ ਚੀਜ਼ ਕੋਈ ਨਹੀਂ। ਇਹ ਮਿਲਾਵਟੀ ਦੁੱਧ ਯੂਰੀਏ ਤੋਂ, ਵਾਈਟ ਪੇਂਟ ਤੋਂ ਬਣਾਇਆ ਜਾਂਦਾ ਹੈ। ਜਿਸ ਬੱਚੇ ਨੇ ਉਹ ਦੁੱਧ ਪੀਣਾ ਹੈ, ਉਸ ਦੀ ਫਿਜ਼ੀਕਲ ਸਟਰੈਂਥ ਕੀ ਬਣਨੀ ਹੈ, ਬੇੜਾ ਗਰਕ ਕਰਕੇ ਰੱਖ ਦੇਣਾ ਹੈ। ਜਦੋਂ ਮੈਂ ਸਕੂਲ ਪੜ੍ਹਦਾ ਸੀ, ਪੀ.ਪੀ.ਐਸ.ਨਾਭੇ ਵਿਚ ਪੜ੍ਹੇ ਹੋਏ ਮੇਰੇ

[ਸਰਦਾਰ ਹਰਪ੍ਰਤਾਪ ਸਿੰਘ]

ਪੰਜ ਐਮ.ਐਲ.ਏ. ਸਾਥੀ ਇਥੇ ਬੈਠੇ ਹਨ। ਮੈਂ ਆਪਣੇ ਸਕੂਲ ਵਿਚ ਅਥਲੈਟਿਕ ਟੀਮ ਦਾ ਕੈਪਟਨ ਸੀ। ਮੇਰੇ ਟੇਬਲ ਤੇ ਸਪੈਸ਼ਲੀ ਇਕ ਕੇਤਲੀ ਦੁੱਧ ਦੀ ਅਤੇ ਰਾਤ ਦੇ ਭਿਓਂ ਕੇ ਰੱਖੇ ਹੋਏ ਚਨੇ ਹੁੰਦੇ ਸੀ ਕਿਉਂਕਿ It is the best source of Protein and calcium. ਮੈਂ ਸਮਝਦਾ ਹਾਂ ਕਿ ਜੇਕਰ ਤੁਸੀਂ ਸਾਡੇ ਬੱਚਿਆਂ ਦੀ ਜਵਾਨੀ ਬਚਾਉਣੀ ਹੈ ਤਾਂ ਉਨ੍ਹਾਂ ਨੂੰ ਸਾਫ ਸੁਥਰਾ ਦੁੱਧ ਦਿਓ। ਮੈਨੂੰ ਯਾਦ ਹੈ ਕਿ ਜਦੋਂ ਮੈਂ ਛੋਟਾ ਸੀ ਤਾਂ ਮੈਂ ਖਾਲਸਾ ਕਾਲਜ ਵਿਚ ਪਰਵੀਨ ਕੁਮਾਰ ਨੂੰ ਦੇਖਣ ਜਾਂਦਾ ਸੀ ਜਿਸ ਨੇ ਮਹਾਂਭਾਰਤ ਵਿਚ ਭੀਮ ਦਾ ਰੋਲ ਕੀਤਾ ਸੀ। ਉਸ ਦਾ ਕੱਦ ਛੇ ਫੁੱਟ ਛੇ ਇੰਚ ਸੀ। ਉਹ ਡਿਸਕਸ ਥਰੋਅ ਕਰਦਾ ਹੁੰਦਾ ਸੀ। ਅਸੀਂ ਉਸ ਨੂੰ ਦੇਖਣਾ, ਉਸ ਨੇ ਪਰੈਕਟਿਸ ਤੋਂ ਬਾਅਦ ਦੁੱਧ ਪੀਣਾ, ਬਾਲਟੀ ਦੇ ਵਿਚ ਦੁੱਧ ਪੀਂਦਾ ਸੀ। ਮੈਂ ਇਸ ਕਰਕੇ ਇਸ ਗੱਲ ਤੇ ਜ਼ੋਰ ਦੇ ਰਿਹਾ ਹਾਂ ਕਿ ਜੇਕਰ ਤੁਸੀਂ ਪੰਜਾਬ ਦੇ ਬੱਚਿਆਂ ਦਾ ਭਵਿੱਖ ਉਜਵਲ ਬਣਾਉਣਾ ਹੈ, ਜੇਕਰ ਉਨ੍ਹਾਂ ਨੂੰ ਅਥਲੀਟ ਬਣਾਉਣਾ ਹੈ, ਜੇਕਰ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਦਿਵਾਉਣੀਆਂ ਹਨ ਤਾਂ ਮਨਪ੍ਰੀਤ ਜੀ ਇਸ ਵੱਲ ਜ਼ਰੂਰ ਧਿਆਨ ਦਿਓ ਅਤੇ ਕਾਨੂੰਨ ਬਣਾ ਦਿਓ ਕਿ ਜਿਹੜੇ ਬੰਦੇ ਅਡਲਟਰੇਸ਼ਨ ਕਰਦੇ ਹਨ they should be behind the bars. ਉਨ੍ਹਾਂ ਨੂੰ ਅੰਦਰ ਦੇ ਦਿਓ ਤਾਂ ਜਾ ਕੇ ਸਾਡੇ ਪੰਜਾਬ ਦਾ ਸੁਧਾਰ ਹੋਵੇਗਾ। ਇਕ ਨਵੀਂ ਚੀਜ਼ ਪਸ਼ੂ ਪਾਲਣ ਮੰਤਰੀ ਜੀ ਨੇ ਇੰਟਰੋਡਿਊਸ ਕੀਤੀ ਹੈ, ਸੈਕਸ ਸਾਰਟਿੰਗ ਸੀਮਨ ਟੈਕਨਾਲੋਜੀ। ਇਹ ਪ੍ਰਾਜੈਕਟ ਨਾਭੇ ਵਿਚ ਲੱਗਣਾ ਹੈ। ਇਹ ਬਹੁਤ ਵੱਡੀ ਗੱਲ ਹੋਣ ਜਾ ਰਹੀ ਹੈ। ਅਵਾਰਾ ਪਸ਼ੂਆਂ ਦੀ ਸਾਰੇ ਮਾਲਵੇ ਅਤੇ ਮਾਝੇ ਵਿਚ ਬਹੁਤ ਵੱਡੀ ਮੁਸ਼ਕਿਲ ਬਣੀ ਹੋਈ ਹੈ। ਇਸ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਵਾਓ। ਸਪੀਕਰ ਸਾਹਿਬ, ਮੈਂ ਡਰੱਗਸ ਦੀ ਗੱਲ ਕਰਨੀ ਹੈ। ਇਥੇ ਸ਼ੋਰ-ਸ਼ਰਾਬਾ ਹੋਇਆ। ਮੈਂ ਇਸ ਅਜ਼ੀਮ ਸਦਨ ਵਿਚ ਅੱਜ ਇਕ ਗੱਲ ਕਹਿਣ ਲੱਗਿਆ ਹਾਂ ਕਿ ਉਹ ਕੌਣ ਵਿਅਕਤੀ ਜ਼ਿੰਮੇਵਾਰ ਸਨ ਜਿਨ੍ਹਾਂ ਨੇ ਸਾਡੇ ਬੱਚਿਆਂ ਨੂੰ ਨਸ਼ਿਆਂ ਤੇ ਲਾਇਆ ਹੈ। ਉਹ ਤਸਕਰ ਡਰੱਗਸ ਲਿਆ ਲਿਆ ਸੁੱਟੀ ਜਾਂਦੇ ਸੀ।ਸਮੈਕ ਅਤੇ ਹੈਰੋਇਨ, ਇਹਨਾਂ ਦੋ ਚੀਜ਼ਾਂ ਨਾਲ ਸਾਡਾ ਬਹੁਤ ਨੁਕਸਾਨ ਹੋਇਆ ਹੈ। ਇਥੇ ਸਾਰੇ ਐਮ.ਐਲ.ਏ. ਸਾਹਿਬਾਨ ਬੈਠੇ ਹਨ ਜੋ ਆਪਣੇ ਆਪਣੇ ਹਲਕੇ ਨੂੰ ਰਿਪ੍ਰੈਜ਼ੈਂਟ ਕਰਦੇ ਹਨ। ਮੈਂ ਆਪਣੇ ਹਲਕੇ ਵਿਚ ਇਕ ਪ੍ਰਣ ਕੀਤਾ ਹੈ ਕਿ ਮੈਂ ਕਿਸੇ ਵੀ ਤਸਕਰ ਵਾਸਤੇ ਚਾਹੇ ਉਹ ਸਮੈਕ ਦਾ ਹੈ ਜਾਂ ਹੈਰੋਇਨ ਦਾ ਹੈ, ਥਾਣੇ ਵਿੱਚ ਸਿਫਾਰਸ਼ ਨਹੀਂ ਕਰਾਂਗਾ। ਆਓ ਅਸੀਂ ਸਾਰੇ ਇਥੇ ਇਕ ਪ੍ਰਣ ਕਰੀਏ ਕਿ ਕੋਈ ਵੀ ਐਮ.ਐਲ.ਏ. ਕਿਸੇ ਵੀ ਤਸਕਰ ਦੀ ਥਾਣੇ ਵਿਚ ਸਿਫਾਰਸ਼ ਨਾ ਕਰੇ। ਇਨ੍ਹਾਂ ਨੂੰ ਫੜ੍ਹ ਕੇ ਜੇਲ੍ਹ ਵਿਚ ਦੇ ਦਿਓ ਤਾਂ ਜਾ ਕੇ ਇਹ ਚੀਜ਼ ਘਟੇਗੀ। ਜਿਹੜੇ ਸਰਪ੍ਰਸਤੀ ਕਰਦੇ ਹਨ, ਜਿਹੜੇ ਪੈਸੇ ਲੈਂਦੇ ਹਨ, ਉਨ੍ਹਾਂ ਨੇ ਕਦੀ ਵੀ ਇਸ ਚੀਜ਼ ਨੂੰ ਖਤਮ ਨਹੀਂ ਹੋਣ ਦੇਣਾ। ਸਾਡੇ ਬੱਚਿਆਂ ਨਾਲ ਬਹੁਤ ਵੱਡਾ ਖਿਲਵਾੜ ਹੋ ਰਿਹਾ ਹੈ। ਅੱਜ ਮੈਂ ਕਿਉਂ ਦੁਖੀ ਹੋ ਕੇ ਬੋਲ

ਰਿਹਾ ਹਾਂ। ਮੈਂ ਬਾਬਾ ਬੁੱਢਾ ਸਾਹਿਬ ਗੁਰਦੁਆਰਾ ਸਾਹਿਬ ਗਿਆ। ਉਥੇ ਇੱਕ ਮਾਂ ਕੀ ਅਰਦਾਸ ਕਰਵਾਉਂਦੀ ਵੇਖੀ, ਅਰਦਾਸੀਏ ਸਿੰਘ ਨੂੰ ਬੇਨਤੀ ਕਰਕੇ ਅਰਦਾਸ ਕੀ ਕਰਵਾ ਰਹੀ ਹੈ, ਉਸ ਨੂੰ ਮੈਂ ਸੁਣਿਆ। ਉਸ ਨੇ ਇੱਕ ਗੱਲ ਕੀਤੀ ਕਿ ਹੇ ਵਾਹਿਗੁਰੂ, ਹੇ ਅਕਾਲ ਪੁਰਖ, ਜਾਂ ਤੇ ਮੇਰੇ ਬੱਚੇ ਨੂੰ ਜਿਹੜੇ ਨਸ਼ਿਆਂ ਵਿੱਚ ਉਹ ਲੱਗ ਗਿਆ ਹੈ, ਇਹ ਹਟਾ ਦਿਓ ਨਹੀਂ ਤਾਂ ਮੈਨੂੰ ਬੱਚਾ ਨਹੀਂ ਚਾਹੀਦਾ ਹੈ, ਇਸ ਨੂੰ ਆਪਣੇ ਕੋਲ ਬੁਲਾ ਲਿਓ। ਇੱਕ ਮਾਂ ਤਰਲੇ ਕਰਕੇ ਇੱਕ ਬੱਚੇ ਦੀ ਦਾਤ ਲੈਂਦੀ ਹੈ, ਮੁੜ ਕੇ ਉਹੀ ਮਾਂ ਦੁਖੀ ਹੋ ਕੇ ਦੁਆ ਕਰਦੀ ਹੈ ਕਿ ਹੇ ਵਾਹਿਗੁਰੂ , ਅਕਾਲ ਪੁਰਖ ਇਸ ਨੂੰ ਤੂੰ ਵਾਪਸ ਲੈ ਲੈ । ਉਹ ਕੌਣ ਵਿਅਕਤੀ ਜ਼ਿੰਮੇਵਾਰ ਹਨ? ਇਥੇ ਗੱਲਾਂ ਕਰਕੇ ਸਾਰੇ ਗਏ ਸਨ, ਮੈਂ ਉਸ ਵੇਲੇ ਉੱਠਿਆ ਨਹੀਂ ਕਿਉਂਕਿ ਸ਼ੋਰ-ਸ਼ਰਾਬਾ ਸੀ, ਕਿ ਮੈਨੂੰ ਪਤਾ ਸੀ ਕਿ ਮੈਨੂੰ ਮੌਕਾ ਨਹੀਂ ਮਿਲਣਾ ਹੈ। ਮੈਂ ਇੱਕ ਗੱਲ ਜ਼ਰੂਰੀ ਕਹਿਣੀ ਹੈ ਕਿ ਜ਼ਿੰਮੇਵਾਰ ਉਹ ਸਨ ਜਿਨ੍ਹਾਂ ਦੀਆਂ 10 ਸਾਲਾਂ ਦੀਆਂ ਸਰਕਾਰਾਂ ਨੇ ਸਾਡਾ ਸਤਿਆਨਾਸ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਣ ਕੀਤਾ ਕਿ ਮੈਂ ਡਰੱਗਜ਼ ਨੂੰ ਖਤਮ ਕਰ ਦੇਣਾ ਹੈ, ਮੈਂ ਇਸ ਚੀਜ਼ ਦਾ ਖਾਤਮਾ ਕਰਨਾ ਹੈ ਅਤੇ ਅਸੀਂ ਉਨ੍ਹਾਂ ਦੇ ਮਗਰ ਲੱਗੇ ਹਾਂ। OOAT Clinics ਤੋਂ ਇੱਕ ਗੋਲੀ ਮਿਲਦੀ ਹੈ ਅਤੇ ਗੋਲੀ ਖਾਣ ਤੋਂ ਬਾਅਦ patient ਨੂੰ ਸਮੈਕ ਨਹੀਂ ਚਾਹੀਦੀ। Depends upon the quantity ਜਿੰਨੀ ਕੁ ਵੀ patient ਨੂੰ ਆਦਤ ਹੈ, ਗੋਲੀ ਇੱਕ ਦਿਨ ਦੀ ਇੱਕ ਹੀ ਕਾਫੀ ਹੈ ।ਫਿਰ patient ਨੂੰ ਨਾ ਸਮੈਕ ਚਾਹੀਦੀ ਹੈ ਅਤੇ ਨਾ ਹੈਰੋਇਨ ਚਾਹੀਦੀ ਹੈ ।

**ਮਾਨਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਤੁਸੀਂ ਹੁਣ ਵਾਈਂਡ ਅੱਪ ਕਰ ਲਓ।

**ਸਰਦਾਰ ਹਰਪ੍ਰਤਾਪ ਸਿੰਘ:** ਹਾਂ ਜੀ, ਵਾਈਂਡ ਅੱਪ ਕਰਨ ਲੱਗਿਆ ਜੀ। Drug abuse prevention ਲਈ ਬੜੇ ਅਫਸਰ ਬਣੇ ਹਨ ਅਤੇ ਬੜਾ programme ਬਣਿਆ। ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਜ਼ਰੂਰ ਕਰਨੀ ਹੈ, ਉਸ ਦੇ ਵਿੱਚ ਮੈਂ ਆਪਣਾ ਹਲਕਾ ਵੀ ਕਵਰ ਕਰਾਂਗਾ।

*1.07 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਰਦਾਰ ਪਰਗਟ ਸਿੰਘ ਪੋਆਰ, ਮੈਂਬਰ, ਪੈਨਲ ਆਫ ਚੇਅਰਮੈੱਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸਰਦਾਰ ਹਰਪ੍ਰਤਾਪ ਸਿੰਘ:** ਮੈਨੂੰ ਯਾਦ ਹੈ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ, ਅਸੀਂ ਸਾਰੇ ਪਾਕਿਸਤਾਨ ਜਾ ਕੇ ਕਰਤਾਰਪੁਰ ਸਾਹਿਬ ਗੁਰਦੁਆਰਾ ਸਾਹਿਬ ਨਤਮਸਤਕ ਹੋ ਕੇ ਆਏ ਹਾਂ।ਇੰਨੀ ਦੁਨੀਆ ਉਥੋਂ ਦੀ ਮੰਨਦੀ ਹੈ, ਉਨ੍ਹਾਂ ਨੂੰ ਪੀਰਾਂ ਦੀ ਜਗ੍ਹਾ ਕਹਿੰਦੇ ਹਨ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਅਸੀਂ ਤਾਂ ਸਿੱਖ ਧਰਮ

ਦੇ ਵਿੱਚ ਹਾਂ, ਤੁਸੀਂ ਇੱਥੇ ਕਿਉਂ ਆ ਕੇ ਮੱਥਾ ਟੇਕਦੇ ਹੋ? ਉਨ੍ਹਾਂ ਨੇ ਇੱਕ ਗੱਲ ਕਹੀ ਕਿ ਪਤਾ ਨਹੀਂ ਇਸ ਧਰਤੀ ਵਿੱਚ ਕੀ ਤਾਕਤ ਹੈ, ਕੀ ਸ਼ਕਤੀ ਹੈ, ਜਿਹੜੀ ਵੀ ਚੀਜ਼ ਇੱਥੇ ਦੁਆ ਅਰਦਾਸ ਕਰਕੇ ਮੰਗੀਏ ਉਹ ਪੂਰੀ ਹੋ ਜਾਂਦੀ ਹੈ। ਅੱਜ ਸਾਡੀਆਂ ਦੁਆਵਾਂ, ਅਰਦਾਸਾਂ ਚਾਹੇ ਉਹ ਅਮਰੀਕਾ, ਯੂਰਪ ਅਤੇ ਚਾਹੇ ਉਹ ਹਿੰਦੋਸਤਾਨ ਦੇ ਕਿਸੇ ਕੋਨੇ ਵਿੱਚ ਸਿੱਖ ਬੈਠਾ ਉਸ ਦੀ ਦੁਆ-ਅਰਦਾਸ ਸੀ ਕਿ ਇਹ ਲਾਂਘਾ ਖੁੱਲ੍ਹਣਾ ਚਾਹੀਦਾ ਹੈ ਅਤੇ ਇਹ ਲਾਂਘਾ ਖੁੱਲ੍ਹਣ ਜਾ ਰਿਹਾ ਹੈ। ਮੈਂ, ਮਨਪ੍ਰੀਤ ਸਿੰਘ, ਤੁਹਾਡਾ ਸਪੈਸ਼ਲੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਲਈ 300 ਕਰੋੜ ਰੁਪਿਆ ਰੱਖਿਆ। ਤੁਹਾਡਾ ਬਹੁਤ ਬਹੁਤ ਧੰਨਵਾਦ ਹੈ। ਸੈਂਟਰ ਸਰਕਾਰ ਨੇ ਪਤਾ ਨਹੀਂ ਸਾਨੂੰ ਕਦੋਂ ਦੇਣਾ ਹੈ। ਸ੍ਰੀ ਸੋਮ ਪ੍ਰਕਾਸ਼ ਜੀ ਬਹੁਤ ਕਾਬਲ ਅਤੇ ਬਹੁਤ ਵਧੀਆ ਐਮ.ਐਲ.ਏ ਹਨ, ਇਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਲਾਜ਼ਮੀ ਤੌਰ ਤੇ ਸਾਡਾ ਸੁਨੇਹਾ ਮੋਦੀ ਜੀ ਨੂੰ ਪਹੁੰਚਾ ਦਿਓ ਕਿਤੇ ਸਾਨੂੰ ਵੀ ਥੋੜ੍ਹਾ-ਬਹੁਤਾ ਹਿੱਸਾ ਪਾ ਦਿਓ, ਅਸੀਂ ਧੰਨਵਾਦੀ ਹੋਵਾਂਗੇ। ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਇੱਕ ਬੇਨਤੀ ਹੋਰ ਹੈ। ਸਰਦਾਰ ਮਨਪ੍ਰੀਤ ਜੀ, ਅੰਮ੍ਰਿਤਸਰ ਸ਼ਹਿਰ ਨੂੰ ਤੁਸੀਂ ਇੱਕ iconic city ਕਹਿ ਰਹੇ ਹੋ ਔਰ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਸਾਰਿਆਂ ਨਾਲੋਂ ਜ਼ਿਆਦਾ footfall or visited ਸ਼ਹਿਰ ਅੰਮ੍ਰਿਤਸਰ ਸ਼ਹਿਰ ਹੈ। ਸ੍ਰੀ ਹਰਿਮੰਦਰ ਸਾਹਿਬ, ਜਲ੍ਹਿਆਂਵਾਲਾ ਬਾਗ, ਦੁਰਗਿਆਨਾ ਮੰਦਿਰ, ਰਾਮ ਤੀਰਥ ਮੰਦਿਰ ਅਤੇ ਉਥੇ ਨਵੀਆਂ ਨਵੀਆਂ ਚੀਜ਼ਾਂ ਆਈਆਂ ਹਨ, ਉਹ ਹਨ ਗੋਬਿੰਦਗੜ੍ਹ ਫੋਰਟ, ਵਾਰ ਮੈਮੋਰੀਅਲ ਅਤੇ ਇੱਕ ਸਾਰੀ ਦੁਨੀਆ ਵੇਖਣ ਆਉਂਦੀ ਹੈ, ਉਹ ਹੈ Retreat Ceremony at Attari Wagah border. ਮੈਂ ਸਮਝਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਨੂੰ ਅਜਿਹਾ ਬਣਾ ਦਿਓ ਕਿ ਜਦੋਂ ਉਹ ਲਾਂਘਾ ਖੁੱਲ੍ਹੇਗਾ ਤਾਂ ਅੰਮ੍ਰਿਤਸਰ-ਅਜਨਾਲਾ-ਰਮਦਾਸ-ਡੇਰਾ ਬਾਬਾ ਨਾਨਕ, ਇਹ ਰੂਟ ਬਣ ਜਾਏ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕੀਤੀ ਸੀ, ਉਨ੍ਹਾਂ ਨੂੰ ਮੈਂ ਕਿਹਾ ਸੀ ਕਿ ਜਿਹੜਾ ਰਾਜਾਸਾਂਸੀ ਏਅਰਪੋਰਟ ਹੈ ਇਸ ਤੋਂ ਲੈ ਕੇ ਅਜਨਾਲਾ-ਰਮਦਾਸ-ਡੇਰਾ ਬਾਬਾ ਨਾਨਕ। ਰਮਦਾਸ ਤੱਕ ਹੀ ਕਰ ਦਿਉ ਅਤੇ ਉਸ ਨੂੰ ਬਾਬਾ ਬੁੱਢਾ ਸਾਹਿਬ ਮਾਰਗ ਨਾਂ ਦੇ ਦਿਉ। ਇੱਕ ਚੀਜ਼ ਮੈਂ ਕਹਿਣੀ ਹੈ ਕਿ ਬਾਬਾ ਬੁੱਢਾ ਸਾਹਿਬ ਨੇ 120 ਸਾਲ ਰਮਦਾਸ ਵਿੱਚ ਖੇਤੀ ਵੀ ਕੀਤੀ, ਭਗਤੀ ਵੀ ਕੀਤੀ, ਉੱਥੇ ਤਪ ਅਸਥਾਨ ਗੁਰਦੁਆਰਾ ਸਾਹਿਬ ਹੈ। ਜਦੋਂ ਅਖੀਰਲੇ ਸਾਹ ਲਏ, ਉਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਛੇਵੇਂ ਪਾਤਸ਼ਾਹ ਦੇ ਹੱਥਾਂ ਵਿੱਚ ਆਖਰੀ ਸਾਹ ਲਏ, ਉਨ੍ਹਾਂ ਨੇ ਆਖਰੀ ਅਰਦਾਸਾਂ ਕੀਤੀਆਂ। ਅੱਜ ਉੱਥੇ ਬਾਬਾ ਬੁੱਢਾ ਜੀ ਸਮਾਧਾਂ ਗੁਰਦੁਆਰਾ ਹੈ।

**ਸ੍ਰੀ ਸਭਾਪਤੀ :** ਧੰਨਵਾਦ ਜੀ।

**ਸਰਦਾਰ ਹਰਪ੍ਰਤਾਪ ਸਿੰਘ:** ਇੰਨੀ ਦੁਨੀਆ ਉੱਥੇ ਆਉਂਦੀ ਹੈ, ਪੁੱਤ ਦੀ ਦਾਤ ਮੰਗਦੀ ਹੈ, ਮੱਥਾ ਟੇਕਣ ਆਉਂਦੀ ਹੈ। ਬੜੀ ਇਤਿਹਾਸਕ ਜਗ੍ਹਾ ਹੈ। ਸਾਨੂੰ ਇਹ ਰੂਟ ਦੇ ਦਿਉ, ਸਾਨੂੰ ਇਹ ਸੜਕ ਇਹੋ ਜਿਹੀ ਬਣਾ ਦਿਉ। ਤੁਸੀਂ ਇਸ ਨੂੰ ਰਿਲੀਜਿਅਸ ਟੂਰਿਜ਼ਮ ਕਹਿੰਦੇ ਹੋ ਔਰ ਕਰਤਾਰਪੁਰ ਸਾਹਿਬ ਅਸੀਂ ਮੱਥਾ ਟੇਕਣ ਜਾਣਾ ਹੈ। ਇਹੋ ਹੀ ਰੂਟ ਬਣੇ ਅਤੇ ਬਾਰਡਰ ਦਾ ਇਲਾਕਾ ਵੀ ਵਧੀਆ ਅਤੇ ਖੁਸ਼ਹਾਲ ਹੋ ਸਕੇ। ਸਾਡੀ ਕਿਸਮਤ ਖੁੱਲ੍ਹ ਜਾਵੇਗੀ। ਮਨਪ੍ਰੀਤ ਜੀ, ਇਸ ਗੱਲ ਨੂੰ ਤਵੱਜੋ ਜ਼ਰੂਰ ਦਿਉ।

ਇੱਕ ਬੇਨਤੀ ਇਸ ਦੇ ਨਾਲ ਇਹ ਹੈ ਕਿ ਰਮਦਾਸ, ਬਾਬਾ ਬੁੱਢਾ ਜੀ ਦਾ ਬਹੁਤ ਪੁਰਾਣਾ ਅਤੇ ਇਤਿਹਾਸਕ ਸ਼ਹਿਰ ਹੈ। ਜਿਨ੍ਹਾਂ ਨੇ ਪੰਜ ਗੁਰੂ ਸਾਹਿਬਾਨ ਨੂੰ ਗੁਰਿਆਈ ਤਿਲਕ ਲਗਾਇਆ, ਜਿਹੜੇ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਹੈੱਡ ਗਰੰਥੀ ਬਣੇ। ਉਨ੍ਹਾਂ ਦੀ ਇਹ ਜਗ੍ਹਾ ਹੈ। ਸਾਡੇ ਉੱਥੇ ਪ੍ਰਾਇਮਰੀ ਹੈਲਥ ਸੈਂਟਰ ਰਮਦਾਸ ਹੈ, ਬੇਨਤੀ ਹੈ ਕਿ ਉਸ ਨੂੰ ਅੱਪਗਰੇਡ ਕਰਵਾ ਦਿਉ। ਉਸ ਇਲਾਕੇ ਵਿੱਚ ਸਾਡੇ ਕੋਲ ਕੁਝ ਨਹੀਂ ਹੈ। ਉਥੇ ਸੀ.ਐਚ.ਸੀ. ਬਣਾ ਦਿਉ, ਕਮਿਊਨਿਟੀ ਹੈਲਥ ਸੈਂਟਰ ਬਣਾ ਦਿਉ, ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ।

ਸਰ, ਇੱਕ ਬੇਨਤੀ ਹੋਰ ਕਰ ਲੈਣ ਦਿਓ।

**ਸ਼੍ਰੀ ਸਭਾਪਤੀ :** ਧੰਨਵਾਦ, ਹਰਪ੍ਰਤਾਪ ਜੀ।

**ਸਰਦਾਰ ਹਰਪ੍ਰਤਾਪ ਸਿੰਘ:** ਇੱਕ ਲਾਸਟ ਜੀ। ਉਥੇ ਆਲੇ-ਦੁਆਲੇ ਲੜਕੀਆਂ ਦਾ ਕਾਲਜ ਕੋਈ ਨਹੀਂ ਹੈ। ਜੇ ਕਿਤੇ ਕਿਰਪਾ ਕਰ ਦਿਉ, ਬਾਬਾ ਬੁੱਢਾ ਸਾਹਿਬ ਜੀ ਦੀ, ਗੁਰੂ ਨਾਨਕ ਦੇਵ ਜੀ ਦੀ ਸ਼ਰਧਾ ਵਿੱਚ ਜੇਕਰ ਸਾਨੂੰ ਲੜਕੀਆਂ ਦਾ ਕਾਲਜ ਮਿਲ ਜਾਵੇ । ਕਹਿੰਦੇ ਹਨ ਕਿ ਐਜੂਕੇਸ਼ਨ ਬਹੁਤ ਵੱਡੀ ਚੀਜ਼ ਹੈ। The roots of education are bitter but the fruit is sweet. ਸਾਡੀਆਂ ਬੇਟੀਆਂ ਕਿਤੇ ਪੜ੍ਹ ਗਈਆਂ ਤਾਂ ਆਉਣ ਵਾਲੇ ਸਮਾਜ ਨੂੰ ਚੰਗਾ ਬਣਾ ਦੇਣਗੀਆਂ, ਇਹ ਸਾਨੂੰ ਪੂਰਾ ਯਕੀਨ ਹੈ। ਇਹ ਅਸੀਂ ਤੁਹਾਡੇ ਕੋਲੋਂ ਚੀਜ਼ ਮੰਗਣੀ ਹੈ।

ਅਖੀਰ ਤੇ ਮਨਪ੍ਰੀਤ ਜੀ, we are proud of you, we are thankful to you for the wonderful budget you have given us. ਪਾਰਟੀ ਵੀ ਤੁਹਾਡੇ ਤੇ ਮਾਣ ਕਰਦੀ ਹੈ ਅਤੇ ਇਸ ਵੇਲੇ ਸਾਰਾ ਪੰਜਾਬ ਇਸ ਗੱਲ ਦਾ ਫਖ਼ਰ ਮਹਿਸੂਸ ਕਰ ਰਿਹਾ ਹੈ ਕਿ ਮਨਪ੍ਰੀਤ ਬਾਦਲ ਜੀ ਨੇ ਬਹੁਤ ਵਧੀਆ ਬਜਟ ਦਿੱਤਾ ਹੈ। ਮੈਂ ਧੰਨਵਾਦ ਕਰਦਾ ਹਾਂ। ਬਹੁਤ-ਬਹੁਤ ਸ਼ੁਕਰਾਨਾ, ਮਨਪ੍ਰੀਤ ਜੀ, ਧੰਨਵਾਦ ਜੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸ਼੍ਰੀ ਸਭਾਪਤੀ :** ਸੰਗਤ ਸਿੰਘ ਗਿਲਜੀਆਂ ਜੀ। 10 ਮਿੰਟ। ਆਪਣਾ ਟਾਈਮ ਜ਼ਰੂਰ ਯਾਦ ਰੱਖਿਆ ਕਰੋ ਜੀ।

**ਸਰਦਾਰ ਸੰਗਤ ਸਿੰਘ ਗਿਲਜੀਆਂ (ਉੜਮੁੜ) :** ਧੰਨਵਾਦ ਜੀ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ, ਤੁਸੀਂ ਮੈਨੂੰ 2019-20 ਦੇ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਪੰਜਾਬ, ਸਾਡੇ ਫਾਇਨਾਂਸ ਮਨਿਸਟਰ, ਮਨਪ੍ਰੀਤ ਸਿੰਘ ਜੀ ਜਿਨ੍ਹਾਂ ਨੇ ਇਹ ਬਜਟ ਲਿਆਂਦਾ ਹੈ, ਮੈਂ ਇਸ ਦੀ ਬਹੁਤ ਸ਼ਲਾਘਾ ਕਰਦਾ ਹਾਂ। ਮੈਨੂੰ ਇਸ ਸਦਨ ਵਿੱਚ ਤੀਜੀ ਵਾਰੀ ਆਉਣ ਦਾ ਮੌਕਾ ਮੇਰੇ ਹਲਕੇ ਦੇ ਲੋਕਾਂ ਨੇ ਦਿੱਤਾ ਹੈ। ਮੈਂ ਪਹਿਲੀ ਵਾਰੀ ਦੇਖਿਆ ਹੈ ਕਿ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਬਹੁਤ ਅੱਛਾ ਬਜਟ ਪੇਸ਼ ਕੀਤਾ ਹੈ, ਮੈਂ ਉਨ੍ਹਾਂ ਦਾ ਬਹੁਤ ਰਿਣੀ ਹਾਂ। ਜਿਸ ਦਿਨ ਬਜਟ ਪੇਸ਼ ਹੋਇਆ ਹੈ, ਮੈਂ ਉਸ ਦਿਨ ਸੋਚ ਰਿਹਾ ਸੀ ਕਿ ਸਭ ਤੋਂ ਪਹਿਲਾਂ ਮੈਂ ਵਪਾਰੀ ਵੀ ਹਾਂ, ਮੈਂ ਕਿਸਾਨ ਵੀ ਹਾਂ, ਮੈਂ ਐਨ.ਆਰ.ਆਈ. ਵੀ ਹਾਂ। ਮੈਂ ਖੇਤੀ ਨਾਲ ਵੀ ਸਬੰਧ ਰੱਖਦਾ ਹਾਂ। ਪਹਿਲੀ ਗੱਲ, ਮੈਂ ਪਿਛਲੀ ਸਰਕਾਰ ਦੀ ਗੱਲ ਕਰਾਂ ਕਿ ਜਿਹੜਾ ਵੈਟ ਹੈ, ਤੁਸੀਂ ਮਨਪ੍ਰੀਤ ਜੀ ਬਹੁਤ ਵੱਡਾ ਫੈਸਲਾ ਕੀਤਾ ਹੈ ਕਿ ਤੁਸੀਂ 5/-ਰੁਪਏ ਪੈਟਰੋਲ ਅਤੇ 1/-ਰੁਪਿਆ ਡੀਜ਼ਲ ਤੇ ਵੈਟ ਘਟਾਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਦੇ ਨਾਲ ਪੈਟਰੋਲ ਤੇ ਵੈਟ 28% ਤੋਂ ਘਟ ਕੇ ਸਿੱਧਾ ਹੀ 20.4% ਤੇ ਆ ਗਿਆ ਹੈ। ਜਿਹੜਾ ਡੀਜ਼ਲ ਤੇ 1/-ਰੁਪਿਆ ਘਟਾਇਆ ਹੈ, ਉਹ ਸਿੱਧਾ ਹੀ ਕਿਸਾਨਾਂ ਨੂੰ, ਇੰਡਸਟਰੀ ਨੂੰ, ਆਮ ਲੋਕਾਂ ਨੂੰ, ਆਮ ਬੱਚਿਆਂ ਨੂੰ ਜਿਹੜੇ ਪੈਟਰੋਲ ਪੁਆਉਂਦੇ ਹਨ ਅਤੇ ਆਮ ਇੰਡਸਟਰੀ ਜਿਹੜੀ ਪੈਟਰੋਲ ਦਾ ਇਸਤੇਮਾਲ ਕਰਦੀ ਹੈ, ਆਮ ਲੋਕ ਜਿਹੜੇ ਹਨ, ਜਿਹੜੇ ਬਾਰਡਰ ਦੇ ਏਰੀਏ ਤੇ ਪੰਪ ਲੱਗੇ ਹੋਏ ਹਨ, ਉਨ੍ਹਾਂ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ। ਕਿਉਂਕਿ ਜਿਹੜੇ ਚੰਡੀਗੜ੍ਹ ਦੇ ਲਾਗੇ ਪੰਪ ਸਨ, ਇਹ ਸਾਰੇ ਬੰਦ ਸਨ।ਇਨ੍ਹਾਂ ਵਿੱਚ ਰੇਟ ਦਾ ਬੜਾ ਵੱਡਾ ਫਰਕ ਸੀ। ਤੁਸੀਂ ਬਹੁਤ ਵੱਡਾ ਫੈਸਲਾ ਕੀਤਾ ਹੈ। ਮੇਰੇ ਕੋਲ ਵੀ ਪੰਪ ਤੇ ਸਟਾਕ ਕਾਫੀ ਪਿਆ ਸੀ, ਸਾਡੇ ਪੰਪ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਪਰ ਮੈਂ ਇਸ ਦੀ ਸ਼ਲਾਘਾ ਕਰਦਾ ਹਾਂ ਕਿ ਜਿੱਥੇ ਤੁਸੀਂ ਇਹ ਫੈਸਲਾ ਲਿਆ ਹੈ, ਆਮ ਲੋਕਾਂ ਦੇ ਵਪਾਰ ਖੁੱਲ੍ਹੇ ਹਨ, ਲੋਕਾਂ ਨੂੰ ਸਹੂਲਤ ਮਿਲੀ ਹੈ, ਮੈਂ ਤੁਹਾਡਾ ਰਿਣੀ ਹਾਂ।ਚੇਅਰਮੈਨ ਸਾਹਿਬ, ਸਾਡੇ ਪੰਜ ਜ਼ਿਲ੍ਹਿਆਂ ਵਿੱਚ ਜਿਹੜੇ ਕੰਢੀ ਦੇ ਨਾਲ ਲਗਦੇ ਹਨ, ਕੰਢੀ ਦੇ 1414 ਪਿੰਡ ਹਨ। ਸਰਕਾਰ ਨੇ ਇੱਕ ਬਹੁਤ ਵੱਡਾ ਫੈਸਲਾ ਲਿਆ ਹੈ, ਸਾਡੇ ਮੰਤਰੀ ਸਾਹਿਬ ਨੇ ਫੈਸਲਾ ਲਿਆ ਹੈ ਕਿ 100 ਕਰੋੜ ਰੁਪਏ ਇਸ ਬਜਟ ਵਿੱਚ ਕੰਢੀ ਦੇ ਲੋਕਾਂ ਲਈ ਰੱਖਿਆ ਹੈ ਕਿਉਂਕਿ ਪਿਛਲੀ ਸਰਕਾਰ ਨੇ ਕੰਢੀ ਦੇ ਲੋਕਾਂ ਲਈ ਕੋਈ ਵੀ ਸਹੂਲਤ ਨਹੀਂ ਦਿੱਤੀ ਸੀ। ਇਨ੍ਹਾਂ ਨੇ

ਕੰਡਿਆਲੀ ਤਾਰ ਦੀ ਵੀ ਗੱਲ ਕੀਤੀ ਸੀ, ਅਵਾਰਾ ਡੰਗਰਾਂ ਦੀ ਵੀ ਗੱਲ ਕੀਤੀ ਸੀ, ਇਨ੍ਹਾਂ ਨੇ ਪੀਣ ਵਾਲੇ ਪਾਣੀ ਦੀ ਵੀ ਗੱਲ ਕੀਤੀ ਸੀ, ਇਨ੍ਹਾਂ ਨੇ ਸਿੰਚਾਈ ਦੀ ਵੀ ਗੱਲ ਕੀਤੀ ਸੀ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਇੱਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਦਸ ਸਾਲਾਂ ਵਿੱਚ ਅੱਜ ਸਿੰਚਾਈ ਦਾ ਉਹ ਹਾਲ ਹੋਇਆ ਹੈ ਕਿ ਜਿਹੜੇ ਸਾਡੇ ਕੱਚੇ ਡੈਮ ਸਨ, ਜਿਨ੍ਹਾਂ ਵਿੱਚ ਪਾਈਪ ਪਾ ਕੇ ਪਾਣੀ ਖੇਤਾਂ ਨੂੰ ਦੇਣਾ ਸੀ, ਮੇਰਾ ਖਿਆਲ ਹੈ ਕਿ ਦਸ ਸਾਲ ਜਿੰਨਾ ਪੈਸਾ ਇਹ ਸਰਕਾਰ ਬਰਬਾਦ ਕਰਕੇ ਗਈ ਹੈ, ਅੱਜ ਤੱਕ ਕਿਸੇ ਨੇ ਨਹੀਂ ਕੀਤਾ ਹੈ। ਉਹ ਕੱਚੇ ਡੈਮਾਂ ਦਾ ਪਾਣੀ ਅੱਜ ਤੱਕ ਨਹੀਂ ਨਿਕਲ ਸਕਿਆ ਹੈ। ਪਾਈਪਾਂ ਤੇ ਕਰੋੜਾਂ ਰੁਪਏ ਦਾ ਖਰਚਾ ਆਇਆ ਸੀ, ਉਹ ਉਸ ਤਰ੍ਹਾਂ ਹੀ ਬੰਦ ਪਏ ਹਨ। ਜਿਹੜੇ ਉਸ ਸਮੇਂ ਸਿੰਚਾਈ ਲਈ ਟਿਊਬਵੈੱਲ ਚਲਦੇ ਸਨ, ਉਨ੍ਹਾਂ ਵਿੱਚੋਂ ਤਕਰੀਬਨ 50% ਬੰਦ ਹੋ ਗਏ ਹਨ ਤਾਂ ਸਾਡੀ ਸਰਕਾਰ ਨੇ ਆ ਕੇ ਪਿਛਲੇ ਬਜਟ ਵਿੱਚ ਜਿੱਥੇ 50 ਕਰੋੜ ਰੁਪਏ ਟਿਊਬਵੈੱਲ ਵਾਸਤੇ ਰੱਖੇ ਸਨ ਜਾਂ ਪੀਣ ਵਾਲੇ ਪਾਣੀ ਦੀ ਗੱਲ ਕੀਤੀ ਸੀ, ਉਹ ਵੀ ਸਾਨੂੰ ਦਿੱਤਾ ਹੈ। ਮੈਂ ਸਰਕਾਰ ਦੀ ਬਹੁਤ ਵੱਡੀ ਸ਼ਲਾਘਾ ਕਰਦਾ ਹਾਂ ਕਿ ਇਨ੍ਹਾਂ ਨੇ ਕੰਢੀ ਦੇ ਲੋਕਾਂ ਦਾ ਬਹੁਤ ਵੱਡਾ ਖਿਆਲ ਰੱਖਿਆ ਹੈ। ਚੇਅਰਮੈਨ ਸਾਹਿਬ, ਸਿੱਖਿਆ, ਸਿਹਤ ਅਤੇ ਉਦਯੋਗ ਵਿੱਚ ਕੰਢੀ ਦੇ ਲੋਕਾਂ ਨਾਲ ਬਹੁਤ ਵਿਤਕਰਾ ਹੁੰਦਾ ਰਿਹਾ ਹੈ ਪਰ ਸਰਕਾਰ ਨੇ 100 ਕਰੋੜ ਰੁਪਏ ਦੇ ਕੇ ਸਾਡੇ ਕੰਢੀ ਦੇ ਲੋਕਾਂ ਨੂੰ ਬਹੁਤ ਵੱਡਾ ਇਨਸਾਫ ਦਿੱਤਾ ਹੈ। ਮੈਂ ਇਨ੍ਹਾਂ ਦਾ ਬਹੁਤ-ਬਹੁਤ ਰਿਣੀ ਹਾਂ। ਚੇਅਰਮੈਨ ਸਾਹਿਬ, ਪਿੰਡਾਂ ਦੀ ਸਮਾਰਟ ਮੁਹਿੰਮ ਵਾਸਤੇ ਜਿਹੜਾ ਸਰਕਾਰ ਨੇ 2600 ਕਰੋੜ ਰੁਪਏ ਰੱਖਿਆ ਹੈ, ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਰੱਖਿਆ ਹੈ, ਸਾਡੇ ਪਿੰਡਾਂ ਦਾ ਬੁਨਿਆਦੀ ਢਾਂਚਾ ਵਧੀਆ ਕਰਨ ਵਾਸਤੇ ਰੱਖਿਆ ਹੈ। ਇਹ ਬਹੁਤ ਵਧੀਆ ਗੱਲ ਹੈ। ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਸੀ ਤਾਂ ਪਿੰਡਾਂ ਦੀ ਪਾਣੀ ਦੀ ਸਮੱਸਿਆ, ਛੱਪੜਾਂ ਦੀ ਸਮੱਸਿਆ, ਹਮੇਸ਼ਾ ਹੀ ਰਹਿੰਦੀ ਸੀ। ਹੁਣ 70 ਸਾਲ ਹੋ ਗਏ ਹਨ, ਅਸੀਂ ਗਲੀਆਂ, ਨਾਲੀਆਂ ਵਿੱਚ ਹੀ ਫਸੇ ਹਾਂ। ਉਦੋਂ ਪਾਣੀ ਪੀਣ ਲਈ ਨਲਕੇ ਹੁੰਦੇ ਸਨ ਅਤੇ ਅੱਜ ਘਰ-ਘਰ ਮੋਟਰਾਂ ਲੱਗ ਗਈਆਂ ਹਨ। ਪਿੰਡਾਂ ਵਿੱਚ ਨਿਕਾਸੀ ਦੀ ਜਿਹੜੀ ਪ੍ਰੋਬਲਮ ਹੈ, ਇਹ ਸਾਨੂੰ ਜਲਦੀ ਖਤਮ ਕਰਨੀ ਪਵੇਗੀ। ਇਹ ਜਿਹੜੇ 2600 ਕਰੋੜ ਰੁਪਏ ਰੱਖੇ ਹਨ, ਮੈਂ ਸਰਕਾਰ ਅੱਗੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਪਿੰਡਾਂ ਦੇ ਛੱਪੜਾਂ ਦੀ ਜਿਹੜੀ ਪ੍ਰੋਬਲਮ ਹੈ, ਉੱਥੇ ਕੱਚੇ ਟੋਭੇ ਬਣਾ ਕੇ ਉਨ੍ਹਾਂ ਦੇ ਆਲੇ-ਦੁਆਲੇ ਦਰੱਖਤ ਲਗਾਏ ਜਾਣ ਤਾਂ ਕਿ ਪਾਣੀ ਦੀ ਨਿਕਾਸੀ ਦੀ ਪ੍ਰੋਬਲਮ, ਪਿੰਡਾਂ ਦੀ ਡਿਵੈਲਪਮੈਂਟ ਵਿੱਚ ਰੁਕਾਵਟ ਨਾ ਬਣੇ। ਇਸ ਦੇ ਨਾਲ ਹੀ ਮੈਂ ਜਿੱਥੇ ਸਾਡੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਕਹਾਂਗਾ ਕਿ ਸਾਡੀ ਸਰਕਾਰ ਨੇ ਹਰ ਹਲਕੇ ਵਿੱਚ ਤਕਰੀਬਨ ਚਾਰ-ਚਾਰ ਸੌ ਕਿਲੋਮੀਟਰ ਸੜਕਾਂ ਬਣਾਈਆਂ,

ਮੈਨੂੰ ਗੱਲ ਯਾਦ ਆ ਰਹੀ ਹੈ ਕਿ ਸਾਲ 2007-12, 2012-17 ਤੱਕ ਮੇਰੇ ਸਾਹਮਣੇ ਬੈਠੇ ਵੀਰ, ਜਿਨ੍ਹਾਂ ਨੇ ਦਸ ਸਾਲ ਰਾਜਭਾਗ ਦਾ ਆਨੰਦ ਮਾਣਿਆ ਹੈ। ਮੈਂ ਪੂਰੇ ਪੰਜਾਬ ਦੀ ਗੱਲ ਕਰਦਾ ਹਾਂ ਕਿ ਦਸ ਸਾਲ ਵਿੱਚ ਇਨ੍ਹਾਂ ਨੇ ਇੱਕ ਵੀ ਸੜਕ ਦੀ ਰਿਪੇਅਰ ਨਹੀਂ ਕੀਤੀ ਹੈ। ਜਦੋਂ ਆਪਾਂ ਸੜਕਾਂ ਤੇ ਜਾਂਦੇ ਸੀ ਤਾਂ ਗੋਡੇ-ਗੋਡੇ ਟੋਏ ਹੁੰਦੇ ਸਨ। (ਵਿਘਨ) ਦਸ ਦਿਓ, ਜੇ ਗੱਲ ਗਲਤ ਹੈ। ਮਹਾਰਾਜ, ਤੁਸੀਂ ਜਾਂਦੇ -ਜਾਂਦੇ ਜਿਹੜੀਆਂ ਥੋੜ੍ਹੀਆਂ ਬਹੁਤੀਆਂ ਸੜਕਾਂ ਬਣਾ ਕੇ ਗਏ ਹੋ, ਤੁਸੀਂ ਉਸ ਦੇ ਪੈਸੇ ਵੀ ਨਹੀਂ ਦੇ ਕੇ ਗਏ। ਉਹ ਪੈਸੇ ਸਾਨੂੰ ਦੇਣੇ ਪਏ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਰ, ਪੁਆਇੰਟ ਆਫ ਆਰਡਰ।

**ਸ਼੍ਰੀ ਸਭਾਪਤੀ:** ਬੈਠ ਜਾਓ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਰ, ਇੱਕ ਮਿੰਟ ਮੈਂ ਗੱਲ ਕਰਨੀ ਚਾਹੁੰਦਾ ਹਾਂ। ਸੜਕਾਂ ਦੀ ਗੱਲ ਆਈ ਹੈ, ਇੱਕ ਮਿੰਟ ਦੇ ਦਿਓ ਜੀ।

**ਸ਼੍ਰੀ ਸਭਾਪਤੀ:** ਤੁਸੀਂ ਬਾਅਦ ਵਿੱਚ ਬੋਲਣਾ ਹੈ, ਜੋ ਕਹਿਣਾ ਹੋਇਆ ਕਹਿ ਲੈਣਾ। ਬਾਅਦ ਵਿੱਚ ਤੁਹਾਡਾ ਟਾਈਮ ਹੈ ਤਾਂ ਦੂਜੇ ਦਾ ਟਾਈਮ ਕਿਉਂ ਡਿਸਟਰਬ ਕਰਦੇ ਹੋ। ਤੁਸੀਂ ਬਾਅਦ ਵਿੱਚ ਬੋਲਣਾ ਹੈ, ਬੋਲ ਲੈਣਾ, ਕਹਿ ਲੈਣਾ।ਕੰਟੀਨਿਊ ਜੀ, ਕੰਟੀਨਿਊ ਗਿਲਜ਼ੀਆਂ ਸਾਹਿਬ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਸਤਿਕਾਰਯੋਗ ਚੇਅਰਮੈਨ ਸਾਹਿਬ, ਕਰਜ਼ਾ ਮਾਫੀ ਦੀ ਗੱਲ ਸਾਡੀ ਸਰਕਾਰ ਲੈ ਕੇ ਆਈ ਹੈ। ਅੱਜ ਤੱਕ ਅਸੀਂ 4736 ਕਰੋੜ ਰੁਪਏ ਦਾ ਕਰਜ਼ਾ ਢਾਈ ਕਿੱਲੇ ਤੇ ਪੰਜ ਕਿੱਲੇ ਵਾਲੇ ਤਕਰੀਬਨ 5 ਲੱਖ 85 ਹਜ਼ਾਰ ਕਿਸਾਨਾਂ ਨੂੰ ਮਾਫ ਕਰ ਚੁੱਕੇ ਹਾਂ। ਇਸ ਦੀ ਰਾਹਤ ਦਿੱਤੀ ਹੈ। ਚੇਅਰਮੈਨ ਸਾਹਿਬ, 3000 ਕਰੋੜ ਰੁਪਏ ਸਰਕਾਰ ਨੇ ਇਸ ਬਜਟ ਵਿੱਚ ਹੋਰ ਰੱਖਿਆ ਹੈ ਜਿਸ ਵਿੱਚ ਕਿਸਾਨ, ਕਿਸਾਨ ਮਜ਼ਦੂਰ ਜਿਨ੍ਹਾਂ ਦਾ ਬਹੁਤ ਥੋੜ੍ਹਾ ਕਰਜ਼ਾ ਹੈ, ਕਿਸਾਨ ਮਜ਼ਦੂਰਾਂ ਦਾ ਸੁਸਾਇਟੀਆਂ ਦਾ 20-20 ਹਜ਼ਾਰ ਦਾ ਕਰਜ਼ਾ ਹੈ। ਉਸ ਵਾਸਤੇ ਪੈਸਾ ਰੱਖਿਆ ਹੈ। ਸਰਕਾਰ ਨੇ ਜੋ ਇਹ ਪੈਸਾ ਰੱਖਿਆ ਹੈ ਮੈਂ ਇਸ ਵਾਸਤੇ ਸਰਕਾਰ ਦੀ ਬਹੁਤ ਵੱਡੀ ਸ਼ਲਾਘਾ ਕਰਦਾ ਹਾਂ ਕਿ ਇਹ ਬਹੁਤ ਚੰਗਾ ਫੈਸਲਾ ਲਿਆ ਹੈ ਤਾਂ ਕਿ ਇਸ ਨਾਲ ਜਿਹੜੇ ਸਾਡੇ ਖੇਤ ਮਜ਼ਦੂਰ ਹਨ, ਉਨ੍ਹਾਂ ਨੂੰ ਵੀ ਬਹੁਤ ਵੱਡੀ ਰਾਹਤ ਮਿਲੇਗੀ। ਬੁਨਿਆਦੀ ਢਾਂਚੇ ਤਹਿਤ 750 ਕਰੋੜ ਰੁਪਿਆ ਮੰਡੀਆਂ ਵਾਸਤੇ ਰੱਖਿਆ ਹੈ, ਕਿਉਂਕਿ ਮੈਂ ਜਿੱਥੇ ਆੜ੍ਹਤ ਦਾ ਕੰਮ ਕਰਦਾ ਹਾਂ ਨਾਲ ਹੀ ਮੈਂ ਖੇਤੀ ਵੀ ਕਰਦਾ ਸੀ।

ਇਹ ਪਹਿਲੀ ਵਾਰ ਫੈਸਲਾ ਹੋਇਆ ਹੈ ਕਿ ਜਿਹੜੇ ਟੁੱਟੇ ਫੜ੍ਹ ਹਨ, ਜਿਨ੍ਹਾਂ ਦੇ ਉੱਪਰ ਸ਼ੈੱਡ ਵੀ ਨਹੀਂ ਹਨ। ਕਿਸਾਨ ਜਦੋਂ ਝੋਨਾ ਜਾਂ ਕਣਕ ਲੈ ਕੇ ਮੰਡੀਆਂ ਵਿੱਚ ਜਾਂਦਾ ਸੀ ਤਾਂ ਉੱਥੇ ਗੋਡੇ-ਗੋਡੇ ਤੱਕ ਟੋਏ ਸਨ। ਇਹ ਸਰਕਾਰ ਦਾ ਬਹੁਤ ਵੱਡਾ ਫੈਸਲਾ ਹੈ ਕਿ ਸਰਕਾਰ ਨੇ 750 ਕਰੋੜ ਰੁਪਿਆ ਫੜ੍ਹਾਂ ਅਤੇ ਸ਼ੈੱਡਾਂ ਵਾਸਤੇ ਰੱਖਿਆ ਹੈ। ਤੁਹਾਨੂੰ ਪਤਾ ਹੀ ਹੈ ਕਿ ਹੁਣ ਕਿੰਨਾ ਬੱਦਲ ਵਰਿਆ ਹੈ, ਕਿੰਨੀ ਬਾਰਿਸ਼ ਨਾਲ ਕਣਕ, ਆਲੂ ਅਤੇ ਕਿੰਨੀਆਂ ਹੀ ਸਬਜ਼ੀਆਂ ਖਰਾਬ ਹੋਈਆਂ ਹਨ। ਮੰਡੀਆਂ ਦੇ ਵਿੱਚ ਬਿਹਤਰੀ ਵਾਸਤੇ, ਸਰਕਾਰ ਨੇ ਇਹ ਫੈਸਲਾ ਕੀਤਾ ਹੈ। ਜਿੱਥੇ ਸਰਕਾਰ ਨੇ 750 ਕਰੋੜ ਰੁਪਿਆ ਰੱਖਿਆ ਹੈ, ਉੱਥੇ ਜਦੋਂ ਦੀ ਸਾਡੀ ਸਰਕਾਰ ਬਣੀ ਹੈ, ਸਾਡੀ ਸਰਕਾਰ ਨੇ ਚਾਰ ਫਸਲਾਂ ਦੀ ਖਰੀਦ ਕੀਤੀ ਹੈ। ਮੈਨੂੰ ਯਾਦ ਹੈ ਕਿ ਪਹਿਲਾਂ 10 ਸਾਲ ਮੰਡੀ ਦੇ ਵਿੱਚ ਮੈਂ ਬੜਾ ਸੰਤਾਪ ਭੋਗਿਆ। ਜਦੋਂ ਕਿਸਾਨ ਮੰਡੀ ਵਿੱਚ ਝੋਨਾ ਜਾਂ ਕਣਕ ਲੈ ਕੇ ਆਉਂਦਾ ਸੀ ਤਾਂ 8-8, 10-10 ਦਿਨ ਕਿਸਾਨ ਨੂੰ ਬੈਠਣਾ ਪੈਂਦਾ ਸੀ। ਇਨ੍ਹਾਂ ਕੋਲੋ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕੋਈ ਚੰਗੀ ਪਾਲਿਸੀ ਨਹੀਂ ਬਣ ਸਕੀ।

**ਸ਼੍ਰੀ ਸਭਾਪਤੀ:** ਗਿਲਜੀਆਂ ਸਾਹਿਬ, ਵਾਈਂਡ ਅੱਪ ਕਰ ਲਓ। ਤੁਹਾਡਾ 10 ਮਿੰਟ ਦਾ ਸਮਾਂ ਸੀ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਚੇਅਰਮੈਨ ਸਾਹਿਬ, ਕੋਈ ਨਹੀਂ ਜੀ। ਇਸ ਕਰਕੇ ਚਾਰੇ ਫਸਲਾਂ ਝੋਨੇ ਅਤੇ ਕਣਕ ਦੀਆਂ ਸਾਡੀ ਸਰਕਾਰ ਨੇ ਬਹੁਤ ਤਰੀਕੇ ਨਾਲ ਪੇਮੈਂਟ ਦਿੱਤੀ ਹੈ, ਰੋਜ਼ਾਨਾ ਖਰੀਦ ਹੋਈ, ਲਿਫਟਿੰਗ ਦਾ ਯੋਗ ਪ੍ਰਬੰਧ ਹੋਇਆ ਹੈ। ਕਿਸੇ ਵੀ ਕਿਸਾਨ ਦਾ ਸਾਨੂੰ ਮੰਡੀਆਂ ਵਿੱਚ ਉਲਾਂਭਾ ਨਹੀਂ ਆਇਆ, ਇਹ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਹੈ। ਚੇਅਰਮੈਨ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਸ਼ਤਾਬਦੀ ਵਾਸਤੇ ਸਰਕਾਰ ਨੇ 300 ਕਰੋੜ ਰੁਪਿਆ ਰੱਖਿਆ ਹੈ, ਇਹ ਵੀ ਬਹੁਤ ਵੱਡੀ ਰਾਸ਼ੀ ਹੈ। ਸੈਂਟਰ ਵਾਲੇ ਇੱਥੇ ਰੌਲਾ ਹੀ ਪਾਉਂਦੇ ਰਹਿ ਗਏ, ਹੁਣੇ ਸੋਮ ਪ੍ਰਕਾਸ਼ ਜੀ ਨਾਲ ਮੇਰਾ ਕੋਈ ਵੀਰ ਗੱਲ ਕਰ ਰਿਹਾ ਸੀ। ਵੈਸੇ ਤਾਂ ਸੈਂਟਰ ਦਾ ਵੀ ਹੱਕ ਬਣਦਾ ਸੀ। ਗੁਰੂ ਸਾਹਿਬ ਨੇ ਹਮੇਸ਼ਾ ਹੀ ਸਾਂਝੀਵਾਲਤਾ ਦੀ ਗੱਲ ਕੀਤੀ ਹੈ, ਵਡਾਲਾ ਸਾਹਿਬ ਵੀ ਅਰਦਾਸਾਂ ਕਰਦੇ ਰਹੇ, ਕੋਰੀਡੋਰ ਵੀ ਬਣ ਰਿਹਾ ਹੈ ਅਤੇ ਸੱਚੇ ਪਾਤਸ਼ਾਹ ਜੀ ਬਖਸ਼ਿਸ਼ ਕਰਨ ਕਿ ਸਾਰਿਆਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਹੋਣ। ਮੈਂ ਸੀ.ਐਮ. ਦਾ ਵੀ ਧੰਨਵਾਦੀ ਹਾਂ ਅਤੇ ਸਿੱਧੂ ਸਾਹਿਬ ਦਾ ਵੀ ਧੰਨਵਾਦੀ ਹਾਂ ਕਿਉਂਕਿ ਉਨ੍ਹਾਂ ਨੇ ਪਾਕਿਸਤਾਨ ਵਿੱਚ ਜਾ ਕੇ ਸਰਕਾਰ ਨਾਲ ਗੱਲਬਾਤ ਕੀਤੀ। ਕੋਈ ਵੱਡੀ ਗੱਲ ਨਹੀਂ, ਚੰਗੇ ਕੰਮ ਵਾਸਤੇ ਗੱਲ ਕਰਨੀ ਕੋਈ ਮਾੜੀ ਨਹੀਂ ਹੁੰਦੀ। ਮਾੜਾ ਕੰਮ ਕਰਕੇ ਕੋਈ ਗੱਲ ਕਰੇ, ਫਿਰ ਅਸੀਂ ਉਸ ਦੀ ਨਿੰਦਿਆ ਕਰਦੇ ਹਾਂ। ਚੰਗੇ ਕੰਮ ਦੀ

ਨਿੰਦਿਆ ਨਹੀਂ ਕਰਨੀ ਚਾਹੀਦੀ, ਮੇਰੇ ਵੀਰੋ, (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਸਿੱਧੂ ਸਾਹਿਬ ਗਏ ਸੀ ਤਾਂ ਸਾਡੀ ਸਤਿਕਾਰਯੋਗ ਭੈਣ ਜੀ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਵੀ ਗਏ ਸਨ। ਉਸ ਦਿਨ ਵੀ ਸਾਡਾ ਇਹੋ ਝਗੜਾ ਹੋ ਰਿਹਾ ਸੀ। ਇਹ ਕਹਿੰਦੇ ਸੀ ਕਿ ਸਿੱਧੂ ਸਾਹਿਬ ਕੀ ਕਰਨ ਗਏ? ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਭੈਣ ਜੀ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਕੀ ਕਰਨ ਗਈ ਸੀ? ਇਸ ਕਰਕੇ ਮੇਰੇ ਪਿਆਰੇ ਸਾਥੀਓ ਚੰਗੇ ਕੰਮ ਵਿੱਚ ਵਿਘਨ ਨਹੀਂ ਪਾਉਣਾ ਚਾਹੀਦਾ। ਮੈਂ ਇੱਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ, ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਜਿੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਦੀ ਚੇਅਰ ਸਥਾਪਿਤ ਕੀਤੀ ਹੈ, ਸਤਿਗੁਰੂ ਰਾਮ ਸਿੰਘ ਜੀ ਦੀ ਚੇਅਰ ਸਥਾਪਿਤ ਕੀਤੀ ਹੈ।ਮੇਰੇ ਗੁਰੂ ਬ੍ਰਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲੇ ਸਨ।ਸੰਤ ਜੀ ਅਸੈਂਬਲੀ ਵਿੱਚ 2 ਵਾਰ ਐਮ.ਐਲ.ਏ. ਰਹੇ, 25 ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ। ਡਿਸਟ੍ਰਿਕਟ ਕਪੂਰਥਲੇ ਵਿੱਚ ਆ ਕੇ, ਉਨ੍ਹਾਂ ਨੇ ਕਾਫੀ ਚਿਰ ਭਲਾਈ ਦਾ ਕੰਮ ਕੀਤਾ। ਅੱਜ ਉਸ ਡੇਰੇ ਵਿੱਚ ਬੀਬੀ ਜਗੀਰ ਕੌਰ ਜੀ ਬੈਠੇ ਹਨ। ਮੈਂ ਸਰਕਾਰ ਦਾ, ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਮਨਪ੍ਰੀਤ ਸਿੰਘ ਬਾਦਲ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਬੇਨਤੀ ਮੰਨ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਚੇਅਰ ਸਥਾਪਿਤ ਕੀਤੀ ਹੈ। ਮੈਂ, ਮੇਰਾ ਪਰਿਵਾਰ ਔਰ ਮੇਰੀ ਸਾਰੀ ਬਰਾਦਰੀ ਮਨਪ੍ਰੀਤ ਸਿੰਘ ਜੀ ਬਾਦਲ ਅਤੇ ਕੈਪਟਨ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹੈ ਕਿ ਉਨ੍ਹਾਂ ਨੇ ਅੱਛਾ ਉਪਰਾਲਾ ਕੀਤਾ ਹੈ। ਸੰਤ ਜੀ ਨੇ ਪਾਕਿਸਤਾਨ ਵਿੱਚ ਵੀ ਸਕੂਲ ਖੋਲ੍ਹੇ ਸਨ ਅਤੇ ਇੱਧਰ ਆ ਕੇ ਵੀ ਸਕੂਲ ਚਲਾਏ ਸਨ। ਉਹ ਰਾਜਨੀਤਿਕ ਵੀ ਸਨ ਅਤੇ ਲੋਕਾਂ ਨੂੰ ਧਰਮ ਦੇ ਨਾਲ ਵੀ ਜੋੜਦੇ ਸਨ। ਇੰਨਾ ਵੱਡਾ ਉਪਰਾਲਾ ਕੋਈ ਨਹੀਂ ਕਰ ਸਕਦਾ, ਜੋ ਉਹ ਕਰਕੇ ਗਏ ਹਨ। ਇਸ ਲਈ ਮੈਂ ਸਰਕਾਰ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਸ਼੍ਰੀ ਸਭਾਪਤੀ:** ਧੰਨਵਾਦ, ਗਿਲਜੀਆਂ ਸਾਹਿਬ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਮੇਰੇ ਪਿਆਰੇ ਸਾਥੀਓ ਆਪਾਂ ਨੂੰ ਚੰਗੇ ਕੰਮ ਲਈ ਸਾਰਿਆਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ, ਰੌਲੇ-ਰੱਪੇ ਵਿੱਚ ਸੈਸ਼ਨ ਨਹੀਂ ਲੰਘਾਉਣਾ ਚਾਹੀਦਾ।ਆਪਾਂ ਰੋਜ਼ ਕਹਿੰਦੇ ਸੀ ਕਿ ਸੈਸ਼ਨ ਬਹੁਤ ਛੋਟਾ ਹੈ ਪਰ ਹੁਣ ਤਾਂ ਸੈਸ਼ਨ ਵੀ ਲੰਬਾ ਹੋ ਗਿਆ। ਬੈਠ ਕੇ ਗੱਲ ਸੁਣਨੀ ਚਾਹੀਦੀ ਹੈ, ਅਸੀਂ ਆਪਣੇ ਹਲਕੇ ਵਿੱਚੋਂ ਚੁਣ ਕੇ ਆਏ ਹਾਂ। ਜੇ ਅਸੀਂ ਆਪਣੀ ਗੱਲ ਨਹੀਂ ਰੱਖ ਸਕਦੇ ਤਾਂ ਫਿਰ ਲੋਕਾਂ ਤੱਕ ਸਾਡੀ ਗੱਲ ਚੰਗੀ ਨਹੀਂ ਜਾਏਗੀ। ਸੋ, ਇਸ ਲਈ ਮੈਂ ਇਸ ਬਜਟ ਦੀ ਬਹੁਤ

ਵੱਡੀ ਹਮਾਇਤ ਕਰਦਾ ਹਾਂ ਅਤੇ ਸੱਚੇ ਪਾਤਸ਼ਾਹ ਜੀ ਅੱਗੇ ਅਰਦਾਸ ਕਰਦਾ ਹਾਂ ਕਿ ਸਾਡਾ ਪੰਜਾਬ ਚੜ੍ਹਦੀ ਕਲਾ ਵਿੱਚ ਹੋਵੇ, ਪੰਜਾਬ ਦੇ ਕਿਸਾਨ, ਪੰਜਾਬ ਦੇ ਮੁਲਾਜ਼ਮ, ਪੰਜਾਬ ਦੀ ਇੰਡਸਟਰੀ ਹਮੇਸ਼ਾ ਹੀ ਤਕੜੀ ਹੋਵੇ ਤਾਂ ਜੋ ਪੰਜਾਬ ਆਉਣ ਵਾਲੇ ਸਮੇਂ ਵਿੱਚ ਖੁਸ਼ਹਾਲ ਹੋ ਸਕੇ। ਬਹੁਤ-ਬਹੁਤ ਧੰਨਵਾਦ। ਜੈ ਹਿੰਦ।(ਥੰਪਿੰਗ)

**ਸ਼੍ਰੀ ਸਭਾਪਤੀ:** ਅਮਨ ਜੀ, ਤੁਹਾਡਾ ਦਸ ਮਿੰਟ ਦਾ ਟਾਈਮ ਹੈ।

**ਸ਼੍ਰੀ ਅਮਨ ਅਰੋੜਾ:** ਸਰ, 15 ਮਿੰਟ ਹਨ ਜੀ। ਚੈੱਕ ਕਰੋ।

**ਸ਼੍ਰੀ ਸਭਾਪਤੀ:** ਤੁਹਾਡੀ ਜਿਹੜੀ ਲਿਸਟ ਆਈ ਹੈ, ਉਸ ਵਿੱਚ ਦਸ ਮਿੰਟ ਹਨ।

**ਸ਼੍ਰੀ ਅਮਨ ਅਰੋੜਾ (ਸੁਨਾਮ):** ਚੇਅਰਮੈਨ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਚੇਅਰਮੈਨ ਸਾਹਿਬ, ਪਹਿਲਾਂ ਤਾਂ ਸਰਕਾਰ ਦੀ ਕਿੰਨੀ-ਕੁ ਸਿਨਸੈਰਿਟੀ ਹੈ, ਕਿੰਨੀ-ਕੁ ਕੁਮਿੱਟਮੈਂਟ ਹੈ, ਜੇਕਰ ਟਰੇਜ਼ਰੀ ਬੈਂਚਿਜ਼ ਵੱਲ ਨਜ਼ਰ ਮਾਰੋਗੇ ਤਾਂ ਮੇਰਾ ਖਿਆਲ ਹੈ ਕਿ ਸਿਰਫ 18 ਵਿੱਚੋਂ 5 ਮੰਤਰੀ ਹੀ ਬੈਠੇ ਹਨ। ਆਫੀਸਰ ਲਾਬੀ ਵੱਲ ਨਜ਼ਰ ਮਾਰੋਗੇ ਤਾਂ I won't get into the detail that is your prerogative. ਸਰ, ਮੇਰੀ ਬੇਨਤੀ ਇਹ ਹੈ ਕਿ .....

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ ਜੀ। ਸਰ, ਇਨ੍ਹਾਂ ਨੇ ਕਿਹਾ ਹੈ ਕਿ ਆਫੀਸਰ ਗੈਲਰੀ ਵਿੱਚ, ਲਾਬੀ ਵਿੱਚ ਬੰਦੇ ਬੈਠੇ ਨਹੀਂ ਹਨ। ਚੀਫ ਸੈਕ੍ਰੇਟਰੀ ਸਾਹਿਬ ਨੇ ਦਸ ਆਫੀਸਰਜ਼ ਦਾ ਰੋਸਟਰ ਬਣਾਇਆ ਹੈ, ਉਸ ਰੋਸਟਰ ਮੁਤਾਬਿਕ, ਜਿਨ੍ਹਾਂ ਆਫੀਸਰਜ਼ ਦੀ ਡਿਊਟੀ, ਜਿਹੜੀ ਡੇਟ ਦੀ ਹੋਵੇਗੀ, ਉਹ ਹੀ ਬੈਠਣਗੇ। ਮੈਂ ਹਾਊਸ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਆਫੀਸਰਜ਼ ਦਾ ਆਉਣਾ ਜ਼ਰੂਰੀ ਨਹੀਂ ਹੈ। ਉਹ ਰੋਸਟਰ ਮੁਤਾਬਿਕ ਆਉਣਗੇ।

**ਸ਼੍ਰੀ ਅਮਨ ਅਰੋੜਾ:** ਸਰ, ਮੰਤਰੀਆਂ ਬਾਰੇ ਗੌਰ ਕਰ ਲਓ ਜੀ, ਤੁਹਾਡੇ ਸਣੇ ਪੰਜ ਹਨ ਜੀ।

**ਸੰਸਦੀ ਮਾਮਲੇ ਮੰਤਰੀ :** ਕੋਈ ਨਹੀਂ ਜੀ, ਫਾਈਨਾਂਸ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ, ਉਹ ਇੱਥੇ ਬੈਠੇ ਹਨ। ਸਾਰੇ ਬੈਠੇ ਹਨ, ਤੁਹਾਡੀ ਬੈਕ ਐਂਡ ਕਾਲ ਤੇ ਹਾਂ। ਤੁਸੀਂ ਘਬਰਾਉਂਦੇ ਕਿਉਂ ਹੋ ? ਇਸ ਗੱਲ ਲਈ ਬਿਲਕੁਲ ਵੀ ਨਾ ਘਬਰਾਓ।

**ਸ਼੍ਰੀ ਅਮਨ ਅਰੋੜਾ:** ਸਰ, ਮਿਹਰਬਾਨੀ ਜੀ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ)(ਬੈਠੇ-ਬੈਠੇ):** ਖਹਿਰਾ ਕਿੱਥੇ ਹੈ?

**ਸ਼੍ਰੀ ਅਮਨ ਅਰੋੜਾ:** ਤੁਸੀਂ ਰੱਖ ਲਓ। (ਹਾਸਾ) ਚੇਅਰਮੈਨ ਸਾਹਿਬ, ਮੈਂ ਮਨਪ੍ਰੀਤ

ਬਾਦਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਵਧੀਆ ਤਰੀਕੇ ਨਾਲ ਬਜਟ ਪੇਸ਼ ਕੀਤਾ। ਮੈਂ ਵਧੀਆ ਤਰੀਕੇ ਨਾਲ ਇਸ ਕਰਕੇ ਕਹਿ ਰਿਹਾ ਹਾਂ ਕਿ ਫਿਗਰਜ਼ ਵਿੱਚ ਇਸ ਤਰ੍ਹਾਂ ਦੀ jugglery ਹੋਈ, ਇਸ ਤਰ੍ਹਾਂ ਦੇ ਕੌਤਕ ਅਤੇ ਕਰਤੱਬ ਹੋਏ ਹਨ ਕਿ ਛੇਤੀ-ਛੇਤੀ ਬੰਦੇ ਦੇ ਹਿਸਾਬ ਵਿੱਚ ਗੱਲ ਸਮਝ ਹੀ ਨਹੀਂ ਆਉਂਦੀ। ਚੇਅਰਮੈਨ ਸਾਹਿਬ, ਜੇਕਰ ਮੈਂ ਡਿਟੇਲ ਦੇ ਵਿੱਚ ਜਾਵਾਂ ਤਾਂ ਜਿਹੜੇ ਪੰਜਾਬ ਦੇ ਕੀ-ਸੈਕਟਰਜ਼ ਹਨ, ਉਸ ਵਿੱਚ ਆਪਾਂ ਗੱਲ ਕਰੀਏ ਜਿਵੇਂ ਐਨਰਜੀ, ਐਗਰੀਕਲਚਰ, ਐਜੂਕੇਸ਼ਨ, ਪੁਲਿਸ, ਹੈਲਥ, ਸੋਸ਼ਲ ਵੈਲਫੇਅਰ, ਵਾਟਰ ਸਪਲਾਈ, ਹਾਊਸਿੰਗ, ਇਰੀਗੇਸ਼ਨ, ਰੂਰਲ ਡਿਵੈਲਪਮੈਂਟ, ਟਰਾਂਸਪੋਰਟ, ਵੈਲਫੇਅਰ ਐਸ.ਸੀਜ਼, ਬੀ.ਸੀਜ਼, ਸਰ, ਇਸ ਵਿੱਚ ਜੇਕਰ ਆਪਾਂ ਟੋਟਲ ਐਕਸਪੈਂਡੀਚਰ ਦੀ ਗੱਲ ਕਰੀਏ ਤਾਂ ਪਿਛਲੇ ਸਾਲ 2018-19 ਵਿੱਚ 52,901 ਕਰੋੜ ਬਜਟਿਡ ਸੀ ਔਰ ਰਿਵਾਈਜ਼ ਦੇ ਵਿੱਚ 49,216 ਰਹਿ ਗਿਆ ਯਾਨੀ ਕਿ ਤਕਰੀਬਨ 3700/- ਕਰੋੜ ਘੱਟ ਖਰਚ ਕੀਤਾ ਗਿਆ । ਸਰ, ਇਹ ਇਸ ਵਾਰ ਦਾ ਨਹੀਂ ਹੈ ਕਿਉਂਕਿ ਇਹ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਹੈ। ਲੰਬੇ ਸਮੇਂ ਤੋਂ ਇੱਕ ਪ੍ਰੈਕਟਿਸ ਚੱਲਦੀ ਆ ਰਹੀ ਹੈ। ਸਰ, ਜਿਹੜੀਆਂ ਐਕਚੂਅਲ ਫਿਗਰਜ਼ ਹਨ, ਉਹ ਤਾਂ ਤੀਜੇ ਸਾਲ ਆਉਣੀਆਂ ਹਨ। ਪਹਿਲਾਂ ਬਜਟਿਡ ਆਉਣਗੀਆਂ, ਫਿਰ ਰਿਵਾਈਜ਼ਡ ਆਉਣਗੀਆਂ ਅਤੇ ਫਿਰ ਐਕਚੂਅਲਜ਼ ਆਉਣਗੀਆਂ। ਸਰਕਾਰਾਂ ਥਾਪੜਾ ਲੈਣ ਵਾਸਤੇ, ਆਪਣੀ ਸਰਾਹਣਾ ਕਰਨ ਵਾਸਤੇ, ਇਹ ਫਿਗਰਜ਼ ਇਨਫਲੇਟ ਕਰ ਦਿੰਦੀਆਂ ਹਨ। ਜੇਕਰ ਆਪਾਂ ਐਕਚੂਅਲ ਫਿਗਰਜ਼ 2017-18 ਦੀ ਗੱਲ ਕਰੀਏ ਤਾਂ ਜਿਹੜਾ ਟੋਟਲ ਬਜਟਿਡ ਐਕਸੀਪੈਂਡੀਚਰ ਸੀ, ਉਹ 1,18,238 ਕਰੋੜ ਰੱਖਿਆ ਗਿਆ ਸੀ ਤੇ ਰਿਵਾਈਜ਼ ਹੋ ਕੇ 1,12,000 ਕਰੋੜ ਰਹਿ ਗਿਆ ਅਤੇ ਜਦੋਂ ਪੂਰੇ ਪੰਜਾਬ ਵਿੱਚ, ਕੀ-ਸੈਕਟਰਜ਼ ਦੇ ਉੱਤੇ ਐਕਚੂਅਲ ਖਰਚ ਹੋਇਆ ਤਾਂ ਉਹ 1,00,547 ਕਰੋੜ ਰਹਿ ਗਿਆ। ਸਰ, ਇਹ jugglery ਬੜੇ ਲੰਮੇ ਸਮੇ ਂ ਤੋਂ ਚੱਲ ਰਹੀ ਹੈ। ਸਰ, ਇਸ ਸਾਲ ਜਿਹੜਾ 3585 ਕਰੋੜ unspent ਰਹਿ ਗਿਆ ਹੈ ਕਿਉਂਕਿ ਬਜਟ ਜ਼ਿਆਦਾ ਕੀਤੇ ਗਏ ਪਰੰਤੂ ਖਰਚ ਨਹੀਂ ਹੋਏ। ਹੁਣ ਇਸ ਵਿੱਚ ਦੋ ਗੱਲਾਂ ਹਨ ਕਿ ਜਾਂ ਤਾਂ ਸਰਕਾਰ ਕੋਲ ਪੈਸੇ ਹੀ ਨਹੀਂ ਸਨ, ਸਰਕਾਰ ਕੋਲ ਵੈਸੇ ਹੀ ਫਿਗਰ ਰੱਖ ਦਿੱਤੀ ਔਰ ਜੇ ਇਨ੍ਹਾਂ ਮਹਿਕਮਿਆਂ ਦੇ ਵਿੱਚ ਪੈਸਾ ਪਿਆ ਸੀ ਤੇ ਖਰਚ ਨਹੀਂ ਹੋਇਆ ਤਾਂ ਫਿਰ ਇਹ ਸਰਕਾਰ ਤੇ ਮੇਜਰ ਸਵਾਲ ਖੜ੍ਹਾ ਹੁੰਦਾ ਹੈ ਕਿ ਸਰਕਾਰ ਅਤੇ ਸਰਕਾਰ ਦੇ ਜਿਹੜੇ ਮਹਿਕਮੇ ਹਨ, ਉਹ ਕੰਪੀਟੈਂਟ ਨਹੀਂ ਹਨ। ਸਰ, ਜੇਕਰ ਰੱਖਿਆ ਹੋਇਆ ਪੈਸਾ ਕੀ-ਸੈਕਟਰਜ਼ ਦੇ ਉੱਪਰ ਖਰਚ ਨਹੀਂ ਹੋਇਆ ਤਾਂ ਮੈਂ ਸਮਝਦਾ ਹਾਂ ਕਿ ਇਹ ਕਾਨਫੀਡੈਂਸ ਦੇ ਉੱਪਰ ਸਵਾਲ ਖੜ੍ਹਾ ਹੁੰਦਾ ਹੈ। ਦੂਜੀ ਗੱਲ, ਸਰ ਜਦੋਂ ਆਪਾਂ 'Budget

At A Glance' ਦੀ ਗੱਲ ਕਰੀਏ ਤਾਂ ਪੁਆਇੰਟ ਨੰਬਰ 9 'Non Debt Receipts' ਚੁੱਕ ਲਓ ਜਾਂ ਅਦਰ ਰਿਸੀਟਸ ਕਹਿ ਲਓ ਜਾਂ ਮਿਸਲੇਨੀਅਸ ਕਹਿ ਲਓ। ਸਰ, 2018-19 ਦੀ ਬਜਟ ਤਕਰੀਰ ਵਿੱਚ ਇਹ ਬਜਟਿਡ 56 ਕਰੋੜ ਸੀ ਔਰ ਐਤਕੀ ਦੀ ਤਕਰੀਰ ਵਿੱਚ ਰਿਵਾਈਜ਼ਡ ਹੋ ਕੇ 743 ਕਰੋੜ ਰੁਪਏ ਦਰਸਾਏ ਗਏ ਹਨ। ਸਰ, ਹੁਣ 2019-20 ਵਿੱਚ ਬਜਟਿਡ 15685 ਕਰੋੜ ਰੱਖੇ ਗਏ ਹਨ। ਪਿਛਲੇ ਸਾਲ 56 ਕਰੋੜ ਸੀ ਅਤੇ ਇਸ ਸਾਲ 15685 ਕਰੋੜ ਦਰਸਾਏ ਗਏ ਹਨ। ਸਰ, ਮੈਂ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਹੜਾ ਆਪਣੇ ਹੱਥ ਕੁਬੇਰ ਦਾ ਖਜ਼ਾਨਾ ਲੱਗਿਆ ਹੈ ਕਿ 56 ਕਰੋੜ ਤੋਂ 15685 ਕਰੋੜ ਤੇ ਇਕਦਮ ਹੀ ਪਹੁੰਚ ਗਏ ? ਸਰ, ਇਹ ਸਿਰਫ ਇਕੱਲੀ ਫਿਸਕਲ ਡੈਫੀਸਿਟ ਘੱਟ ਸ਼ੋਅ ਕਰਨ ਲਈ, ਇਹ ਇਕੱਲੀ ਟੋਪੀ ਘੁਮਾਉਣ ਦਾ ਕੰਮ ਕੀਤਾ ਗਿਆ ਹੈ, ਹੋਰ ਇਸ ਤੋਂ ਇਲਾਵਾ ਕੋਈ ਕੰਮ ਨਹੀਂ। ਸਰ, jugglery ਜਾਂ ਕਰਤੱਬ, ਕੌਤਕ ਕਿਉਂ ਕੀਤੇ ਜਾਂਦੇ ਹਨ ? ਜੇਕਰ ਆਪਾਂ 2018-19 ਦੀਆਂ ਬਜਟਿਡ ਰਿਸੀਟਸ ਦੇਖ ਲਈਏ ਤਾਂ 73,868 ਕਰੋੜ ਸਨ, 2018-19 ਦੀਆਂ ਰਿਵਾਈਜ਼ਡ ਹੋ ਕੇ 71,142 ਕਰੋੜ, ਯਾਨੀ ਕਿ ਜਿਹੜੀਆਂ ਰਿਸੀਟਸ ਹਨ, ਉਹ ਤਿੰਨ ਪਰਸੈਂਟ ਘੱਟ ਗਈਆਂ। ਇਸ ਵਾਰ ਕਿਹਾ ਗਿਆ ਹੈ ਕਿ ਅਸੀਂ ਬਜਟ ਵਿੱਚ 94,195 ਕਰੋੜ ਯਾਨੀ ਕਿ 33 ਪਰਸੈਂਟ ਵਧਾ ਕੇ, ਸਾਡੇ ਕੋਲ ਹੋਰ ਪੈਸਾ ਆ ਜਾਵੇਗਾ, ਜਦੋਂ ਕਿ ਪਿਛਲਾ ਰਿਕਾਰਡ ਇਹ ਹੈ ਕਿ ਸਾਡੇ ਕੋਲ ਤਿੰਨ ਪਰਸੈਂਟ ਘੱਟ ਆਏ ਹਨ ਯਾਨੀ ਕਿ ਇਸ ਸਾਲ ਵਿਚ 2726 ਕਰੋੜ ਰੁਪਿਆ ਘੱਟ ਆਇਆ ਹੈ। ਜੇ ਅਸੀਂ ਬੌਰੋਇੰਗ ਦੀ ਗੱਲ ਕਰ ਲਈਏ ਤਾਂ ਸਾਲ 2018-19 ਦੇ ਬਜਟ ਵਿਚ ਬੌਰੋਇੰਗ 49 ਹਜ਼ਾਰ 55 ਕਰੋੜ ਸਨ ਤੇ ਰਿਵਾਈਜ਼ ਹੋ ਗਈਆਂ 53947 ਕਰੋੜ ਯਾਨੀ ਕਿ ਅਸੀਂ 10 ਪ੍ਰਤੀਸ਼ਤ ਲੋਨ ਲਿਆ, 4892 ਕਰੋੜ ਅਸੀਂ ਵਾਧੂ ਸਿਰ ਚੜ੍ਹਾ ਲਿਆ। ਰਿਸੀਟਸ ਘਟ ਗਈਆਂ, ਐਕਸਪੈਂਡੀਚਰ ਘਟ ਗਿਆ ਤੇ ਬੌਰੋਇੰਗਜ਼ ਵਧ ਗਈਆਂ। ਸਰ, ਜੇ ਰੈਵੇਨਿਊ ਡੈਫੇਸਿਟ ਦੀ ਗੱਲ ਕਰ ਲਈਏ ਤਾਂ Fourteenth Finance Commission ਕਹਿੰਦਾ ਹੈ ਕਿ It should be zero ਇਸ ਸਾਲ ਐਫ.ਐਮ ਸਾਹਿਬ ਆਪ ਮੰਨ ਰਹੇ ਹਨ ਕਿ 11,687 ਕਰੋੜ ਜਿਹੜਾ ਹੈ, ਉਹ ਇੰਡੀਆ ਵਿੱਚ ਸੈਕਿੰਡ ਹਾਈਐਸਟ ਹੈ ਆਫਟਰ ਜੰਮੂ-ਕਸ਼ਮੀਰ, ਅਸੀਂ ਜੰਮੂ-ਕਸ਼ਮੀਰ ਤੋਂ ਬਾਅਦ ਦੂਜੇ ਨੰਬਰ ਤੇ ਹਾਂ। ਇਹ ਤਕਰੀਬਨ 12 ਹਜ਼ਾਰ ਕਰੋੜ ਹੈ, ਜਦੋਂ ਕਿ ਇਹ ਜ਼ੀਰੋ ਹੋਣਾ ਚਾਹੀਦਾ ਹੈ, ਦੂਜੀ ਅੱਗੇ ਫਿਸਕਲ ਡੈਫੇਸਿਟ ਦੀ ਗੱਲ ਕਰ ਲਈਏ ਤਾਂ FRBM ਐਕਟ ਇਹ ਕਹਿੰਦਾ ਹੈ ਕਿ 3% ਹੋਣਾ ਚਾਹੀਦਾ ਹੈ, ਆਪਣਾ 3.4% ਹੋ ਕੇ 19,658 ਕਰੋੜ ਬਣ ਜਾਂਦਾ ਹੈ। ਇਹ ਵੀ ਆਫਟਰ ਜੰਮੂ-ਕਸ਼ਮੀਰ

ਸੈਕਿੰਡ ਹਾਈਐਸਟ ਹੈ । ਸਰ, ਹੁਣ ਆਪਾਂ ਪਬਲਿਕ ਡੈੱਟ ਦੀ ਗੱਲ ਕਰ ਲਈਏ। ਇਹ ਸਾਲ 2016-17 ਵਿਚ 1,82,526 ਕਰੋੜ ਆ ਗਿਆ ਇਹ ਇਨ੍ਹਾਂ ਦੀਆਂ ਫਿੱਗਰਜ਼ ਹਨ ਮੈਂ ਇਸ ਵਿਚ ਕੁਝ ਵੀ ਐਡ ਨਹੀਂ ਕਰ ਰਿਹਾ। ਇਹ ਸਾਲ 2017-18 ਦੇ ਵਿਚ 195978 ਕਰੋੜ ਹੋ ਗਿਆ। ਇਹ ਸਾਲ 2018-19 ਦੇ ਵਿਚ 211523 ਕਰੋੜ ਹੋ ਗਿਆ। ਇਹ ਸਾਲ 2019-20 ਦੇ ਵਿਚ 229612 ਕਰੋੜ ਹੋ ਗਿਆ ਤੇ ਹੁਣ ਸਰਕਾਰ ਕਹਿ ਰਹੀ ਹੈ ਕਿ ਇਹ ਕਰਜ਼ਾ ਤਿੰਨ ਸਾਲਾਂ ਵਿਚ 47 ਹਜ਼ਾਰ 86 ਕਰੋੜ ਰੁਪਿਆ ਹੋ ਜਾਣਾ ਹੈ। ਸਰ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ no doubt ਇਹ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ) ਪੰਜਾਬ ਦੇ ਸਿਰ ਕਰਜ਼ਾ ਚਾੜ੍ਹ ਗਏ । ਇਨ੍ਹਾਂ ਵੇਲੇ ਦਸਾਂ ਸਾਲਾਂ ਵਿਚ 1 ਲੱਖ 32 ਹਜ਼ਾਰ ਕਰੋੜ ਯਾਨੀ ਕਿ ਤਕਰੀਬਨ 13 ਹਜ਼ਾਰ ਕਰੋੜ ਹਰ ਸਾਲ ਕਰਜ਼ਾ ਚੜ੍ਹਦਾ ਰਿਹਾ। ਇਨ੍ਹਾਂ ਤਿੰਨਾਂ ਸਾਲਾਂ ਦੇ ਵਿਚ ਪੰਜਾਬ ਸਰਕਾਰ ਸਿਰ 47 ਹਜ਼ਾਰ ਕਰੋੜ ਯਾਨੀ ਕਿ 16 ਹਜ਼ਾਰ ਕਰੋੜ ਐਕਸਟਰਾ ਚੜ੍ਹ ਗਿਆ। ਆਪਾਂ ਕਿਹੜੀ ਫਿਸਕਲ ਮੈਨੇਜਮੈਂਟ ਦੀ ਗੱਲ ਕਰ ਰਹੇ ਹਾਂ?

*1.31 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸ਼੍ਰੀ ਅਮਨ ਅਰੋੜਾ :** ਹੁਣ ਆਪਾਂ ਗੱਲ ਕਰ ਲਈਏ ਕਿ ਕਿਹੜੇ K/Tower key sectors ਦੇ ਵਿਚ ਕੀ ਸਪੈਂਡਿੰਗ ਹੋਈ ਹੈ। ਸਰ, ਐਜੂਕੇਸ਼ਨ ਦੇ ਵਿਚ 27 ਸਟੇਟਾਂ ਵਿਚੋਂ ਜਿਹੜੀ ਐਵਰੇਜ਼ ਹੈ ਉਹ 15.9% ਹੈ ਅਤੇ ਪੰਜਾਬ ਦੀ 11.4% ਹੈ ਦਿੱਲੀ ਦੀ 26% ਹੈ, ਜੇਕਰ ਆਪਾਂ ਹੈਲਥ ਦੀ ਗੱਲ ਕਰ ਲਈਏ ਤਾਂ 27 ਸਟੇਟਾਂ ਦੀ ਐਵਰੇਜ਼ 5.2% ਹੈ ਅਤੇ ਪੰਜਾਬ ਦੀ 3.7% ਹੈ, ਦਿੱਲੀ ਦੀ 16% ਹੈ। ਰੂਰਲ ਡਿਵੈਲਪਮੈਂਟ ਹਿੰਦੁਸਤਾਨ ਦੇ ਵਿਚ 6.1% ਹੈ ਅਤੇ ਪੰਜਾਬ ਦੀ 1.6% ਹੈ। ਰੋਡਜ਼ ਅਤੇ ਬਰਿੱਜਾਂ ਦੀ ਗੱਲ ਕਰ ਲਈਏ ਤਾਂ 26 ਸਟੇਟਾਂ ਦੀ 4.3% ਹੈ ਅਤੇ ਪੰਜਾਬ ਦੀ 1.2% ਹੈ। ਇਹ ਫਿੱਗਰਾਂ ਤਾਂ ਇਸ ਤਰੀਕੇ ਨਾਲ fudge ਕੀਤੀਆਂ ਗਈਆਂ ਹਨ, ਸਿਰਫ ਆਪਣੀ ਪਿੱਠ ਥਪਥਪਾਉਣ ਲਈ ਮੇਜ਼ ਥਪਥਪਾਉਣ ਲਈ ਫਿੱਗਰਾਂ ਰੱਖ ਦਿੱਤੀਆਂ ਗਈਆਂ ਹਨ। ਇਹ ਤਾਂ ਉਹ ਕੰਮ ਚੱਲ ਰਿਹਾ ਹੈ ਕਿ ਮਾਈ ਨੂੰ ਕੈਂਸਰ ਹੋਇਆ ਪਿਆ ਹੈ ਤੇ ਆਪਾਂ ਉਸ ਨੂੰ ਸੋਹਣਾ ਵਿਖਾਉਣ ਲਈ ਬਿਊਟੀ ਪਾਰਲਰ ਚੁੱਕੀ ਫਿਰਦੇ ਹਾਂ। ਸਰ, ਜੋ ਵੀ ਐਕਚੂਅਲ ਪ੍ਰਾਬਲਮ ਹੈ, ਉਸ ਨੂੰ ਤਾਂ ਕੋਈ ਵੀ ਐਡਰੈੱਸ ਨਹੀਂ ਕਰ ਰਿਹਾ। ਸਰ, ਇਸ ਤੋਂ ਬਾਅਦ ਪਿਛਲੇ ਲੰਮੇ ਸਮੇਂ ਤੋਂ ਜਿਹੜਾ ਬਜਟ ਹੈ ਇਹ ਸਿਰਫ ਅਕਾਊਂਟੈਂਸੀ ਦਾ ਪ੍ਰਾਸੈੱਸ ਬਣ ਕੇ ਰਹਿ ਗਿਆ ਹੈ। ਬਜਟ ਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ ਸਰਕਾਰ ਦੀ ਪੰਜਾਂ ਸਾਲਾਂ ਦੀ

ਰੋਡਮੈਪ ਕੀ ਹੈ, ਵਿਜ਼ਨ ਕੀ ਹੈ, ਉਹ ਇਸ ਵਿਚ ਝਲਕਣਾ ਚਾਹੀਦਾ ਹੈ।ਪੰਜਾਬ ਐਗਰੀਕਲਚਰ ਸਟੇਟ ਹੈ, ਸਾਲ 2011-12 ਵਿਚ ਪੰਜਾਬ ਦੀ ਗਰੋਥ ਰੇਟ ਘੱਟ ਕੇ 30.80 ਪ੍ਰਤੀਸ਼ਤ ਤੇ ਅੱਜ 2018-19 ਵਿਚ ਘੱਟ ਕੇ 24.40% ਹੋ ਗਈ ਹੈ।ਐਗਰੀਕਲਚਰ ਗਰੋਥ ਘੱਟ ਰਹੀ ਹੈ। ਸੀ.ਐਮ. ਸਾਹਿਬ ਨੇ ਗੱਲ ਕੀਤੀ ਕਿ ਵੀਹ ਸਾਲਾਂ ਦੇ ਵਿਚ ਪੰਜਾਬ ਰੇਗਿਸਤਾਨ ਬਣ ਜਾਏਗਾ।ਮੈਂ ਵੀ ਇਹ ਗੱਲ ਕੀਤੀ ਸੀ।ਇਹ ਗਵਰਨਰ ਐਡਰੈੱਸ ਦੇ ਵਿਚ ਵੀ ਹੈ।ਐਫ.ਐਮ ਸਾਹਿਬ ਨੇ ਕਿਹਾ ਹੈ ਕਿ ਅਸੀਂ 10 ਲੱਖ ਹੈਕਟੇਅਰ ਰਕਬਾ ਪੈਡੀ ਹੇਠੋਂ ਕੱਢਣਾ ਹੈ।ਅਸਲੀਅਤ ਇਹ ਹੈ ਕਿ ਤੁਹਾਡਾ ਜੋ ਬਜਟ ਹੈ ਇਸ ਵਿਚ ਇਕਨਾਮਿਕ ਸਰਵੇ ਦਾ ਦਸ ਨੰਬਰ ਪੇਜ਼ ਚੁੱਕ ਲਈਏ ਤਾਂ ਪੰਜਾਬ ਵਿਚ ਤਿੰਨ ਲੱਖ ਹੈਕਟੇਅਰ ਵਿਚ ਪੈਡੀ ਹੋਰ ਵੱਧ ਲੱਗਣ ਲੱਗ ਪਈ ਹੈ।

**ਮਾਨਯੋਗ ਡਿਪਟੀ ਸਪੀਕਰ :** ਵਾਈਂਡ ਅੱਪ ਕਰੋ, ਵਾਈਂਡ ਅੱਪ।ਬਾਕੀਆਂ ਨੂੰ ਵੀ ਟਾਈਮ ਦੇਣਾ ਹੈ ਅਤੇ ਤੁਹਾਡਾ ਟਾਈਮ 1.23 ਤੋਂ ਸ਼ੁਰੂ ਹੋਇਆ ਹੈ।

**ਸ਼੍ਰੀ ਅਮਨ ਅਰੋੜਾ:** ਸਰ, ਆਪਾਂ ਉਂਝ ਤਾਂ ਕਹਿੰਦੇ ਹਾਂ ਕਿ ਪਾਣੀ ਥੱਲੇ ਜਾ ਰਿਹਾ ਹੈ। ਇੱਕ ਐਡ ਆਈ ਸੀ ਕਿ ਅਸੀਂ 20 ਸਾਲਾਂ ਦੇ ਵਿਚ ਵੀਹ ਹਜ਼ਾਰ ਸੋਲਰ ਪੰਪ ਲਾਉਣਾ ਹੈ।ਇਸ ਨਾਲ ਤੁਸੀਂ ਬਿਜਲੀ ਤਾਂ ਬਚਾ ਲਓਗੇ ਪਰ ਪਾਣੀ ਤਾਂ ਥੱਲੇ ਜਾਏਗਾ।ਜਦਕਿ ਹੋਣਾ ਇਹ ਚਾਹੀਦਾ ਹੈ ਕਿ ਜਿਹੜੇ ਹੁਣ ਪੰਪ ਲੱਗੇ ਹੋਏ ਹਨ ਉਨ੍ਹਾਂ ਨੂੰ ਤੁਸੀਂ ਸੋਲਰ ਤੇ ਲੈ ਕੇ ਜਾਓ, ਨੈੱਟ ਮੀਟਰਿੰਗ ਤੇ ਲੈ ਕੇ ਜਾਓ।ਇਸ ਨਾਲ ਫਾਇਦਾ ਇਹ ਹੋਵੇਗਾ ਕਿ ਜਿੰਨਾ ਪਾਣੀ ਹੋਏਗਾ ਕਿਸਾਨ ਓਨਾ ਹੀ ਯੂਜ਼ ਕਰੇਗਾ। ਪਾਣੀ ਦਾ ਵਾਟਰ ਟੇਬਲ ਵੀ ਸਾਂਭਿਆ ਜਾਏਗਾ, ਬਿਜਲੀ ਵੀ ਬਚ ਜਾਏਗੀ। ਔਰ ਨੈੱਟ ਮੀਟਰਿੰਗ ਕਰਕੇ ਵੇਚਣ ਨਾਲ ਬਿਜਲੀ ਸਰਕਾਰ ਨੂੰ ਵੇਚ ਉਸ ਦੀ ਕਿਸਾਨ ਨੂੰ ਕਮਾਈ ਸ਼ੁਰੂ ਹੋ ਜਾਵੇਗੀ। ਸਰ, ਇਸ ਵਿੱਚ ਇਹ ਵੀ ਨਹੀਂ ਹੈ ਕਿ ਇਕੱਲੇ ਮਨਪ੍ਰੀਤ ਜੀ ਦਾ ਦੋਸ਼ ਹੈ, ਮੈਂ ਸਮਝਦਾ ਹਾਂ ਕਿ ਸਰਕਾਰ ਦੀ ਹੋਲੈਸਟਿਕ ਅਪਰੋਚ ਹੈ। ਜੇਕਰ ਪੈਸਾ ਕਿਤੋਂ ਆਏਗਾ ਤਾਂ ਹੀ ਲੱਗੇਗਾ। ਸਾਡੀ ਸਰਕਾਰ ਚਲੋ ਇਸ ਵਾਰ ਨਹੀਂ ਬਣੀ, ਸੀ.ਐਮ. ਕੈਪਟਨ ਸਾਹਿਬ ਬਣ ਗਏ ਅਤੇ ਸਾਨੂੰ ਇਸ ਗੱਲ ਦਾ ਦਿਲਾਸਾ ਹੋਇਆ ਹੈ ਕਿ ਪੰਜਾਬ ਸੇਫ ਹੱਥਾਂ ਦੇ ਵਿੱਚ ਚਲਿਆ ਗਿਆ ਕਿਉਂਕਿ 2002 ਤੋਂ 2007 ਤੱਕ ਅਸੀਂ ਇਨ੍ਹਾਂ ਦੀ ਐਡਮਿਨਿਸਟ੍ਰੇਸ਼ਨ ਦੇਖੀ ਸੀ ਪਰ ਜਿਹੜੀ ਸਟੇਟਸਮੈਨ ਵਾਲੀ ਸਿਪਿਰਟ ਹੈ, ਉਹ ਇਸ ਵਾਰ ਸਾਨੂੰ ਰੜਕ ਰਹੀ ਹੈ, ਸਰ, ਹੁਣ ਜੇ ਆਪਾਂ ਗੱਲ ਕਰ ਲਈਏ ਕਿ ਪੈਸਾ ਕਿਥੋਂ ਆਏਗਾ?।

**ਮਾਨਯੋਗ ਡਿਪਟੀ ਸਪੀਕਰ :** ਅਮਨ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਅਮਨ ਜੀ, ਟਾਈਮ ਹੋ ਗਿਆ ਹੈ। ਪਲੀਜ਼।

**ਸ਼੍ਰੀ ਅਮਨ ਅਰੋੜਾ :** ਸਰ, ਦੋ ਮਿੰਟ, ਵਾਈਂਡ ਅੱਪ ਕਰਨ ਲੱਗਿਆ ਹਾਂ।

**ਮਾਨਯੋਗ ਡਿਪਟੀ ਸਪੀਕਰ :** ਫਿਰ ਦੂਸਰਿਆਂ ਦਾ ਟਾਈਮ ਕੱਟਿਆ ਜਾਵੇਗਾ।

**ਸ਼੍ਰੀ ਅਮਨ ਅਰੋੜਾ :** ਸਰ, ਇੱਕ ਮਿੰਟ। ਵਾਈਂਡ ਅੱਪ ਕਰਨ ਲੱਗਿਆ ਹਾਂ।

**ਮਾਨਯੋਗ ਡਿਪਟੀ ਸਪੀਕਰ :** ਬਸ ਇੱਕ ਮਿੰਟ ਲੈ ਲਵੋ।

**ਸ਼੍ਰੀ ਅਮਨ ਅਰੋੜਾ :** ਸਰ, ਟਰਾਂਸਪੋਰਟ ਦੀ ਗੱਲ ਕਰ ਲਈਏ। ਰਾਜਾ ਜੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) ਆਪ ਕਹਿ ਚੁੱਕੇ ਹਨ ਕਿ ਕਿਵੇਂ ਮਾਫੀਆ ਚੱਲ ਰਿਹਾ ਹੈ। ਲਿਕੁਅਰ ਦੇ ਵਿੱਚ ਐਫ.ਐਮ. ਸਾਹਿਬ ਨੇ ਕਿਹਾ ਸੀ ਕਿ ਕਾਰਪੋਰੇਸ਼ਨ ਬਣਾਵਾਂਗੇ ਪਰੰਤੂ ਕੁਝ ਨਹੀਂ ਹੋਇਆ। ਮਾਈਨਿੰਗ ਦੇ ਵਿੱਚ ਸਿੱਧੂ ਸਾਹਿਬ ਕਹਿ ਚੁੱਕੇ ਹਨ ਕਿ ਤੇਲੰਗਾਨਾ 4000 ਕਰੋੜ ਕਮਾਉਂਦਾ ਹੈ, ਅਸੀਂ 52 ਕਰੋੜ ਰੁਪਏ ਤੇ ਖੜ੍ਹ ਗਏ ਹਾਂ। ਪਾਵਰ ਦੇ ਵਿੱਚ ਜਿਹੜੇ ਪਾਵਰ ਪਰਚੇਜ਼ ਐਗਰੀਮੈਂਟ ਹੋਏ ਸੀ, ਉਸ ਦੇ ਵਿੱਚ ਰਾਣਾ ਗੁਰਜੀਤ ਜੀ ਕਹਿ ਚੁੱਕੇ ਹਨ, ਉਸ ਦੇ ਉਤੇ ਗੁਰਪ੍ਰੀਤ ਸਿੰਘ ਕਾਂਗੜ ਜੀ ਕਹਿ ਚੁੱਕੇ ਹਨ, ਅਸੀਂ ਕਹਿ ਚੁੱਕੇ ਹਾਂ ਲੇਕਿਨ ਕੁਝ ਨਹੀਂ ਹੋ ਰਿਹਾ। ਸਰ, ਇਹ ਸਾਰਾ ਕੁਝ ਜਦੋਂ ਮੈਂ ਪੜ੍ਹ ਰਿਹਾ ਸੀ ਤਾਂ ਰਾਤ ਨੂੰ ਮੇਰੇ ਵੀ ਸੁਪਨੇ ਦੇ ਵਿੱਚ ਅਲਾਮਾ ਇਕਬਾਲ ਜੀ ਆਏ ਔਰ ਉਨ੍ਹਾਂ ਨੇ ਮੈਨੂੰ.....

**ਮਾਨਯੋਗ ਡਿਪਟੀ ਸਪੀਕਰ :** ਅਮਨ ਜੀ, ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀ ਅਮਨ ਅਰੋੜਾ :** ਮੈਂ ਵਾਈਂਡ ਅੱਪ ਕਰਨ ਲੱਗਿਆ ਹਾਂ। ਉਨ੍ਹਾਂ ਨੇ ਮੈਨੂੰ ਸ਼ੇਅਰ ਸੁਣਾਇਆ, ਉਹ ਕੀ ਸੁਣਾਇਆ? ਸ਼ੇਅਰ ਤਾਂ ਮੈਂ ਭੁੱਲ ਗਿਆ ਪਰ ਉਸ ਦਾ ਮਤਲਬ ਕੀ ਸੀ, ਉਹ ਮੈਂ ਦੱਸ ਦਿੰਦਾ ਹਾਂ।ਉਨ੍ਹਾਂ ਨੇ ਮੇਰੀ ਡਿਊਟੀ ਲਗਾਈ ਹੈ ਕਿ ਮੌਜੂਦਾ ਐਫ.ਐਮ. ਸਾਹਿਬ ਨੂੰ ਅਤੇ ਸਾਬਕਾ ਐਫ.ਐਮ. ਸਾਹਿਬ ਨੂੰ ਜਾ ਕੇ ਹੱਥ ਜੋੜ ਕੇ ਕਹੋ ਕਿ ਭਾਈ ਪੰਜਾਬ ਦੇ ਵਿੱਚ ਨਾ ਤਾਂ ਮੇਰਾ ਕਿਸੇ ਖੱਡ ਦੇ ਵਿੱਚ ਹਿੱਸਾ ਹੈ, ਨਾ ਮੇਰਾ ਕੋਈ ਸ਼ਰਾਬ ਦਾ ਠੇਕਾ ਹੈ, ਨਾ ਮੇਰਾ ਕੋਈ ਪਾਵਰ ਪਲਾਂਟ ਹੈ ਅਤੇ ਨਾ ਹੀ ਮੇਰਾ ਕੋਈ ਮਾਈਨਿੰਗ ਦੇ ਵਿੱਚ ਹਿੱਸਾ ਹੈ ਅਤੇ ਦੋ ਸਾਲਾਂ ਦੇ ਹੀ ਰਿੜਕੀ ਜਾਂਦੇ ਹੋ, ਮੈਨੂੰ ਕਿਰਪਾ ਕਰਕੇ ਮਧਾਣੀ ਦੇ ਵਿੱਚੋਂ ਕਢਾਓ ਅਤੇ ਜਿਹੜੇ ਕੰਮਾਂ...

**Mr. Deputy Speaker:** Thank you. Thank you.

**ਸ਼੍ਰੀ ਅਮਨ ਅਰੋੜਾ :** ਜਿਹੜੇ ਕੰਮਾਂ ਵੱਲ ਧਿਆਨ ਦੇਣਾ ਹੈ ....

**Mr. Deputy Speaker:** Thank you. Thank you.

**ਸ਼੍ਰੀ ਅਮਨ ਅਰੋੜਾ :** ਜਿਥੋਂ ਪੈਸਾ ਆਉਣਾ ਹੈ, ਉਥੇ ਧਿਆਨ ਦਿਓ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ :** ਅਮਨ ਜੀ, ਥੈਂਕ ਯੂ। ਸਰਦਾਰ ਅਵਤਾਰ ਸਿੰਘ ਜੂਨੀਅਰ ਜੀ। ਅਵਤਾਰ ਜੀ, ਤੁਹਾਡਾ ਪੰਜ ਮਿੰਟ ਟਾਈਮ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਡਿਪਟੀ ਸਪੀਕਰ ਸਾਹਿਬ, ਹੋਰ ਮਾੜਾ ਜਿਹਾ ਘਟਾ ਲੈਣਾ ਸੀ।

**ਮਾਨਯੋਗ ਡਿਪਟੀ ਸਪੀਕਰ :** ਜੋ ਟਾਈਮ ਪਾਰਟੀ ਦਾ ਹੈ, ਇਸ ਬਾਰੇ ਤੁਸੀਂ ਹੀ ਫੈਸਲਾ ਕੀਤਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਦੁਆਬੇ ਵਾਲਾ ਹੀ ਕੰਮ ਹੈ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਅਤਿ ਧੰਨਵਾਦੀ ਹਾਂ ਅਤੇ ਤੁਹਾਡਾ ਸ਼ੁਕਰਾਨਾ ਵੀ ਕਰਦਾ ਹਾਂ ਕਿ ਤੁਸੀਂ ਮੈਨੂੰ ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਥੱਲੇ ਚਲਦੀ ਹੋਈ ਸਰਕਾਰ ਦੇ ਬਜਟ 2019-20 ਤੇ ਬੋਲਣ ਦਾ ਮੌਕਾ ਦਿੱਤਾ। ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਦੋ ਸਾਲ ਪਹਿਲਾਂ ਪੰਜਾਬ ਦੀ ਜਨਤਾ ਨੇ ਬੜੀ ਦੂਰ-ਅੰਦੇਸ਼ੀ ਦਿਖਾਉਂਦੇ ਹੋਏ ਕੈਪਟਨ ਸਾਹਿਬ ਨੂੰ ਪੰਜਾਬ ਦੀ ਵਾਗਡੋਰ ਸੰਭਾਲਣ ਲਈ ਦਿੱਤੀ ਅਤੇ ਕੈਪਟਨ ਸਾਹਿਬ ਨੇ ਉਸ ਸਮੇਂ ਦੇ ਵਿੱਤੀ ਹਾਲਤ ਨੂੰ ਦੇਖਦੇ ਹੋਏ, ਆਪਣੇ ਬੜੇ ਹੀ ਹੋਣਹਾਰ ਅਤੇ ਕਾਬਲ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਵਿੱਤ ਮੰਤਰਾਲੇ ਦੀ ਵਾਗਡੋਰ ਸੰਭਾਲੀ। ਸਰ, ਜਦੋਂ ਮਨਪ੍ਰੀਤ ਸਿੰਘ ਬਾਦਲ ਜੀ ਨੇ ਪਹਿਲਾ ਬਜਟ ਇਸ ਆਗਸਟ ਹਾਊਸ ਵਿੱਚ ਪੇਸ਼ ਕੀਤਾ ਤਾਂ ਉਦੋਂ ਉਨ੍ਹਾਂ ਨੇ ਪੰਜਾਬੀਆਂ ਦੇ ਨਾਲ ਇੱਕ ਵਾਅਦਾ ਕੀਤਾ ਸੀ। ਉਸ ਬਜਟ ਸਪੀਚ ਦੇ ਵਿੱਚ ਮਨਪ੍ਰੀਤ ਸਿੰਘ ਬਾਦਲ ਜੀ ਨੇ ਇਸ ਆਗਸਟ ਹਾਊਸ ਵਿੱਚ ਖੜ੍ਹੇ ਹੋ ਕੇ ਇਹ ਕਿਹਾ ਸੀ ਕਿ ਇਹ ਬਜਟ ਡੈਫਿਸਿਟ ਹੋਏਗਾ ਅਤੇ ਅਗਲਾ ਬਜਟ ਵੀ ਬਜਟ ਡੈਫਿਸਿਟ ਹੋਏਗਾ ਪਰ ਜਦੋਂ ਮੈ ਚੌਥਾ ਬਜਟ ਪੇਸ਼ ਕਰਾਂਗਾ, ਉਹ ਸਰਪਲੱਸ ਵਾਲਾ ਬਜਟ ਹੋਏਗਾ। ਇਸ ਸਾਲ ਦੀਆਂ ਬਜਟ ਤਜਵੀਜ਼ਾਂ ਦੇਖਦੇ ਹੋਏ ਮੈਨੂੰ ਪੂਰਨ ਵਿਸ਼ਵਾਸ

[ਸ਼੍ਰੀ ਅਵਤਾਰ ਸਿੰਘ ਜੂਨੀਅਰ]

ਹੈ ...(ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਨੇ ਹੱਥ ਨਾਲ ਇਸ਼ਾਰਾ ਕੀਤਾ) ਸਰ, ਤੁਸੀਂ ਤਾਂ ਨਾ ਹੱਥ ਮਾਰੋ। ਸਰ, ਅਗਲੇ ਸਾਲ ਦਾ ਜਿਹੜਾ ਬਜਟ ਹੋਏਗਾ, ਉਹ ਪੂਰਨ ਸਰਪਲੱਸ ਹੋਣ ਦੇ ਯੋਗ ਹੈ ....(ਵਿਘਨ).... ਸਰ, ਇੱਕ ਪੰਡਿਤ ਤੁਹਾਡੇ ਨਾਲ ਦਾ ਵੀ ਹੈ। ਜੇਕਰ ਅਸੀਂ ਬਣ ਗਏ ਤਾਂ ਮਾੜੇ ਹੋ ਗਏ।

**Mr. Deputy Speaker:** Avtar ji, address the Chair.

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਜਟ ਦੇ ਪੈਰ੍ਹਾ ਨੰ: 14 ਤੋਂ ਲੈ ਕੇ 21 ਤੱਕ ਤੁਹਾਡਾ ਧਿਆਨ ਲੈ ਕੇ ਜਾਣਾ ਚਾਹੁੰਦਾ ਹਾਂ ਜਿਸ ਵਿਚ ਬੜੇ ਵਿਸਥਾਰ ਨਾਲ ਸੂਬੇ ਦੀ ਵਿੱਤੀ ਹਾਲਤ ਬਾਰੇ ਦੱਸਿਆ ਗਿਆ ਹੈ। ਅਗਰ ਆਪਾਂ gross State Domestic Product ਦੀ ਗੱਲ ਕਰੀਏ ਤਾਂ ਉਹ ਇਸ ਸਾਲ ਵਧਿਆ ਹੈ ਤੇ ਜਿਹੜਾ ਫਿਸਕਲ ਡੈਫੀਸਿਟ ਹੈ ਉਸ ਦੇ ਵਿਚ ਕਾਫੀ ਗਿਰਾਵਟ ਆਈ ਹੈ ਅਤੇ debt to (ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਪਲੀਜ਼, ਅਵਤਾਰ ਜੀ ਇੱਧਰ ਧਿਆਨ ਦਿਉ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਤੁਸੀਂ ਤਾਂ ਸੀਨੀਅਰ ਮੋਸਟ ਮੰਤਰੀ ਰਹੇ ਹੋ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਵੱਲ ਇਸ਼ਾਰਾ) ਸਰ, ਜਿਹੜਾ debt to GST ratio ਹੈ, ਉਸ ਵਿੱਚ ਕਾਫੀ ਗਿਰਵਾਟ ਵੀ ਆਈ ਹੈ, ਇਸ ਦੇ ਸਦਕੇ per capita income of the state has increased from 1,41,552 crore to 1,53,061 crore. ਸਰ, ਇਹ ਜਿਹੜਾ ਬਜਟ ਦਾ ਖੇਲ ਹੈ, ਇਹ ਅੰਕੜਿਆਂ ਦਾ ਖੇਲ ਹੈ, ਇਸ ਵਿੱਚ ਸਾਬਕਾ ਫਾਈਨਾਂਸ ਮਨਿਸਟਰ ਸਾਹਿਬ ਤਾਂ ਬਹੁਤ ਹੀ ਮਾਹਰ ਰਹੇ ਹਨ ਅਤੇ ਜਿਵੇਂ ਉਨ੍ਹਾਂ ਨੇ ਆਪਣੇ ਅੰਕੜਿਆਂ ਦੇ ਵਿੱਚ ਦੱਸਿਆ ਵੀ ਹੈ, ਇਹ ਅਨੁਮਾਨ ਉਤੇ ਬਹੁਤ ਜ਼ਿਆਦਾ ਆਧਾਰਿਤ ਹੈ। ਸਰ, ਇਹ ਅਨੁਮਾਨ ਕਦੇ ਵੱਧ ਜਾਂਦੇ ਹਨ ਤੇ ਕਦੇ ਘੱਟ ਜਾਂਦੇ ਹਨ ..

**ਮਾਨਯੋਗ ਡਿਪਟੀ ਸਪੀਕਰ:** ਸ਼੍ਰੀ ਅਵਤਾਰ ਸਿੰਘ ਜੀ, ਤੁਹਾਡੇ ਦੋ ਮਿੰਟ ਰਹਿ ਗਏ ਹਨ। ਤੁਸੀਂ ਦੋ ਮਿੰਟ ਵਿਚ ਵਾਈਂਡ ਅੱਪ ਕਰਨਾ ਹੈ ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਤੁਹਾਨੂੰ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਅਨੁਮਾਨ ਕਦੇ ਵੱਧ ਜਾਂਦੇ ਹਨ ਤੇ ਕਦੇ ਘੱਟ ਜਾਂਦੇ ਹਨ ਪਰ ਸਾਡੀ ਨੀਅਤ, ਕੈਪਟਨ ਸਾਹਿਬ ਦੀ ਨੀਅਤ, ਫਾਈਨਾਂਸ ਮਨਿਸਟਰ ਸਾਹਿਬ ਦੀ ਨੀਅਤ ਬਿਲਕੁਲ ਸਾਫ ਹੈ। ਅਸੀਂ ਪੰਜਾਬ ਨੂੰ ਕੈਪਟਨ ਸਾਹਿਬ ਦੀ

ਰਹਿਨੁਮਾਈ ਥੱਲੇ ਅਤੇ ਐਫ.ਐਮ. ਸਾਹਿਬ ਦੀ ਰਹਿਨੁਮਾਈ ਥੱਲੇ ਉਸ ਬੁਲੰਦੀਆਂ ਉਤੇ ਮੁੜ ਲੈ ਕੇ ਜਾਵਾਂਗੇ ਜਿਥੇ ਕਦੇ ਪੰਜਾਬ ਹੁੰਦਾ ਸੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੁਣ ਟਾਈਮ ਕੱਟੀ ਜਾਂਦੇ ਹੋ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਪਲੀਜ਼।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਬੇਨਤੀ ਹੈ ਕਿ ਕਾਫੀ ਹੱਦ ਤੱਕ ਬੋਲਣਾ ਸੀ ਲੇਕਿਨ ਫਿਰ ਮੈਂ ਕਾਫੀ ਸ਼ਾਰਟ ਕਰਦੇ ਹੋਏ ਇਕ ਬੇਨਤੀ ਜ਼ਰੂਰ ਕਰਾਂਗਾ। ਸਰ, ਕੈਪਟਨ ਸਾਹਿਬ ਨੇ ਔਰ ਗਵਰਨਰ ਸਾਹਿਬ ਨੇ ਬੜੀ ਹੀ ਚਿੰਤਾਜਨਕ ਰੂਪ ਰੇਖਾ ਪੰਜਾਬ ਦੀ ਦੱਸੀ ਹੈ ਜਿਸ ਵਿਚ ਸੀ.ਐਮ.ਸਾਹਿਬ ਨੇ ਇਹ ਬਿਆਨ ਕੀਤਾ ਹੈ ਕਿ ਅਗਲੇ ਵੀਹ ਸਾਲਾਂ ਵਿਚ ਪੰਜਾਬ ਡੇਜ਼ਰਟ ਵਿੱਚ ਤਬਦੀਲ ਹੋ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਅਗਰ ਤੁਹਾਡੀ ਪਰਮਿਸ਼ਨ ਹੋਵੇ ਤਾਂ ਕੁਝ ਲਾਈਨਾਂ ਹਨ, ਸਵੀਡਨ ਦੀ ਇੱਕ ਬੇਟੀ ਹੈ ਜਿਸ ਨੇ ਯੂ.ਐਨ.ਓ. ਵਿੱਚ ਬੋਲਦੇ ਹੋਏ ਇੱਕ ਸਪੀਚ ਦਿੱਤੀ। ਅਗਰ ਤੁਹਾਡੀ ਪਰਮਿਸ਼ਨ ਹੋਵੇ ਤਾਂ ਮੈਂ ਉਨ੍ਹਾਂ ਦਾ ਥੋੜ੍ਹਾ ਜਿਹਾ ਹਿੱਸਾ ਪੜ੍ਹ ਕੇ ਸੁਣਾਉਣ ਦੀ ਇਜਾਜ਼ਤ ਮੰਗਦਾ ਹਾਂ। Sir, this speech is by Greta Thunberg at COP24 in Poland.

My name is Greta Thunberg. I am 15 years old. I am from Sweden. I speak on behalf of Climate Justice. Many people say that Sweden is just a small country and it does not matter what we do. But I have learnt you are never too small to make a difference. And if a few children can get headlines all over the world just by not going to school, then imagine what we could all do together if we really want to. But to do that, we have to speak clearly no matter how uncomfortable that may be. You only speak of green eternal economic growth because you are too scared of being unpopular. You can only talk about moving forward with the same bad ideas that got us into this mess, even when the only sensible thing to do is pull the emergency brake. You are not mature enough to tell it like us. Even that burden you leave us, to children. But I don't care about being popular. I care about climate justice and the living planet. Our civilization is being sacrificed for the opportunity of a very small number of people to continue making enormous amount of money. Our biosphere is being sacrificed so that the rich people in countries like mine can live in luxury".

**Mr. Deputy Speaker:** Thank you, Avtar ji.

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਇੱਕ ਹੰਬਲ ਰਿਕੁਐਸਟ ਹੈ ਕਿ ਜਿਸ ਮੁੱਦੇ ਨੂੰ ਮੈਂ ਟੱਚ ਕਰਨ ਲੱਗਿਆ ਹਾਂ, ਉਸ ਲਈ ਮੈਨੂੰ ਦੋ ਮਿੰਟ ਦਾ ਸਮਾਂ ਹੋਰ ਦੇ ਦਿਉ, ਬਾਕੀ ਮੈਂ ਸਾਰਾ ਛੱਡ ਦਿਆਂਗਾ।

**Mr. Deputy Speaker:** Please carry on, carry on.

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਡਿਪਟੀ ਸਪੀਕਰ ਸਾਹਿਬ, ਆਪਾਂ ਉਸ ਮੌਕੇ ਤੇ ਖੜ੍ਹੇ ਹਾਂ, ਜਿੱਥੇ ਸਾਡੀ future generation ਸਾਨੂੰ ਦੇਖੇਗੀ। ਐਫ.ਐਮ. ਸਾਹਿਬ ਨੇ ਆਪਣੀ ਸਪੀਚ ਵਿੱਚ ਕਿਹਾ ਹੈ ਕਿ ਸਾਡੀ ਅਗਲੀ ਜਨਰੇਸ਼ਨ ਸਾਡੇ ਤੇ ਲਾਹਨਤ ਪਾਵੇਗੀ ਜੇਕਰ ਅਸੀਂ ਕਰਜ਼ਾ ਛੱਡ ਕੇ ਚਲੇ ਗਏ। ਸਰ, ਜੇ ਕਰਜ਼ਾ ਛੱਡਣ ਤੇ ਲਾਹਨਤ ਨਹੀਂ ਪਾਵੇਗੀ ਤਾਂ ਇਸ ਬਾਰੇ ਜ਼ਰੂਰ ਲਾਹਨਤ ਪਾਵੇਗੀ ਜੇਕਰ ਅਸੀਂ ਕਰਜ਼ਾ ਲਾਹੁਣ ਦੀ ਹਿੰਮਤ ਵੀ ਉਨ੍ਹਾਂ ਨੂੰ ਨਾ ਦਿੱਤੀ। ਇਹੋ ਜਿਹੇ ਮੌਕੇ ਤੇ ਅਸੀਂ ਖੜ੍ਹੇ ਹਾਂ। ਸੰਧਵਾਂ ਸਾਹਿਬ ਨੇ ਬੜੇ ਵਿਸਥਾਰ ਨਾਲ ਬੋਲਿਆ ਸੀ ਕਿ ਸਾਨੂੰ ਇਸ ਸਮੇਂ ਲੋੜ ਹੈ ਕਿ ਅਸੀਂ ਆਪਣੇ planet ਨੂੰ, ਆਪਣੇ ਦੇਸ਼ ਨੂੰ ਅਤੇ ਆਪਣੇ ਪ੍ਰਦੇਸ਼ ਨੂੰ ਬਚਾਈਏ। ਸਰ, ਮੇਰੀ ਚੇਅਰ ਨੂੰ ਵੀ ਇਹੀ humble request ਹੈ, ਸੀ.ਐਮ. ਸਾਹਿਬ ਨੂੰ ਵੀ ਇਹੀ ਹੈ ਕਿ ਪਹਿਲਾਂ ਇਸ august House ਦੀ ਇਕ ਕਮੇਟੀ ਗਠਿਤ ਕੀਤੀ ਜਾਵੇ ਜੋ climate change ਵਾਸਤੇ ਅਗਲੇ 10 ਸਾਲਾਂ ਲਈ ਇਕ road plan ਬਣਾਵੇ ਜਿਸ ਵਿੱਚ we can shift from all these polluting, ਜੋ ਸਾਰਾ ਮਾਹੌਲ pollute ਕਰ ਰਹੀਆਂ ਹਨ, ਉਨ੍ਹਾਂ ਨੂੰ change ਕਰਕੇ non-polluting ਵੱਲ ਲੈ ਕੇ ਜਾਈਏ।

ਮੇਰੀ ਤੁਹਾਡੇ ਕੋਲ ਇਹੀ ਗੁਜਾਰਿਸ਼ ਹੈ ਕਿ ਜੇਕਰ ਆਪਾਂ ਟ੍ਰਾਂਸਪੋਰਟ ਦੀ ਗੱਲ ਕਰੀਏ, ਹਰ ਕੋਈ ਟ੍ਰਾਂਸਪੋਰਟ ਮਾਫੀਆ ਦੀ ਗੱਲ ਕਰਦਾ ਹੈ। ਟ੍ਰਾਂਸਪੋਰਟ ਇਕ ਅਜਿਹਾ ਕਿੱਤਾ ਹੈ, ਜਿਸ ਨੂੰ ਸਭ ਤੋਂ ਜ਼ਿਆਦਾ ਗਰੀਬ ਆਦਮੀ ਯੂਜ਼ ਕਰਦਾ ਹੈ ਅਤੇ ਸਭ ਤੋਂ ਜ਼ਿਆਦਾ ਰੋਡ ਟੈਕਸ ਟ੍ਰਾਂਸਪੋਰਟ ਮਹਿਕਮੇ ਤੇ ਲੱਗਿਆ ਹੋਇਆ ਹੈ। ਟੋਲ ਸਭ ਤੋਂ ਜ਼ਿਆਦਾ ਇਸ ਤੇ ਹੈ। ਜੇਕਰ ਆਪਾਂ ਵਰਲਡ ਦੇ ਡਿਵੈਲਪਡ ਕੰਟਰੀਜ਼ ਵਿੱਚ ਜਾਈਏ, they are exempted from it, whereas Hindustan ਵਿੱਚ ਸਭ ਤੋਂ ਜ਼ਿਆਦਾ ਟੋਲ ਟੈਕਸ ਇਸ ਤੇ ਹੈ। ਅਗਰ ਆਪਾਂ electronic transport ਦੀ ਗੱਲ ਕਰੀਏ ਤਾਂ ਹਾਲੇ ਤੱਕ ਸਿਰਫ ਹਿਮਾਚਲ ਪ੍ਰਦੇਸ਼ ਹੈ, ਜਿਸ ਵਿੱਚ electronic vehicle ਆਇਆ ਹੈ। ਮੇਰੀ ਐਫ.ਐਮ. ਸਾਹਿਬ ਨੂੰ ਗੁਜਾਰਿਸ਼ ਹੈ ਕਿ ਇਸ ਸਾਲ ਬਜਟ ਵਿੱਚ

ਇਸ ਦੀ ਤਜਵੀਜ਼ ਜ਼ਰੂਰ ਕੀਤੀ ਜਾਵੇ ਅਤੇ ਪੰਜਾਬ ਰੋਡਵੇਜ਼ ਵਿੱਚ electronic vehicles ਲਿਆਂਦੇ ਜਾਣ। ਚੀਨ ਵਿੱਚ ਪਿਛਲੇ ਸਾਲ ਲਗਭਗ 7 ਲੱਖ electric car purchase ਕੀਤੀਆਂ ਗਈਆਂ ਹਨ, ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹਨ। ਜੇਕਰ whole world combine ਕੀਤਾ ਜਾਵੇ ਤਾਂ ਇਕੱਲੇ ਚੀਨ ਵਿੱਚ ਉਸ ਤੋਂ ਵੱਧ ਖਰੀਦੀਆਂ ਗਈਆਂ ਹਨ। ਹਿੰਦੁਸਤਾਨ ਵਿੱਚ ਸਿਰਫ .02% ਖਰੀਦੀਆਂ ਗਈਆਂ ਹਨ। ਮੈਂ ਫੇਰ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਤੇ ਸਟੇਟ ਜੀ.ਐਸ.ਟੀ. waive off ਕੀਤਾ ਜਾਵੇ ਅਤੇ ਦੂਜਾ, registration charges waive off ਕੀਤੇ ਜਾਣ ਤਾਂ ਜੋ ਲੋਕਾਂ ਦਾ ਰੁਝਾਨ electric vehicles ਵੱਲ ਲਿਜਾ ਸਕੀਏ। ਅਗਲੇ 10 ਸਾਲਾਂ ਵਿੱਚ ਅਜਿਹੇ charging points ਬਣਾ ਦਿੱਤੇ ਜਾਣ ਪਰ ਹਾਲੇ ਅਸੀਂ infrastructure development ਵਾਲੇ ਪਾਸੇ ਚੱਲੇ ਹੀ ਨਹੀਂ ਹਾਂ। ਸੀ.ਐਮ. ਸਾਹਿਬ, ਜੇਕਰ ਇਸ ਵਿੱਚ ਤਜਵੀਜ਼ ਕੀਤੀ ਜਾਵੇ ਕਿ ਅਗਲੇ ਸਾਲਾਂ ਵਿੱਚ ਵੱਖ-ਵੱਖ ਥਾਵਾਂ ਤੇ charging points ਬਣਾਏ ਜਾ ਸਕਣ ਤਾਂ ਹੀ ਆਪਾਂ ਇਸ ਪਾਸੇ successful ਹੋ ਸਕਦੇ ਹਾਂ।

*1.48 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਜੇਕਰ ਮੈਂ ਤੁਹਾਡਾ ਧਿਆਨ ਪੈਰਾਗ੍ਰਾਫ 24 ਵੱਲ ਲੈ ਕੇ ਜਾਵਾਂ, ਜਿਸ ਵਿੱਚ ਤਿੰਨ ਮਹਿਕਮਿਆਂ ਵੱਲ ਸਭ ਤੋਂ ਵੱਧ Allocation of Budget ਕੀਤੀ ਗਈ ਹੈ, agriculture, Health and Education, ਇਸ august House ਦਾ ਹਰ ਮੈਂਬਰ farmer's suicide ਕਾਰਨ ਬਹੁਤ ਗਮਗੀਨ ਹੈ। ਅਗਰ ਦੇਖਿਆ ਜਾਵੇ ਤਾਂ ਇਹ ਤਿੰਨੋਂ ਮਹਿਕਮੇ inter-connected ਹਨ। ਸਾਲ 1980 ਵਿੱਚ ਜਦੋਂ ਪੰਜਾਬ ਬਜਟ ਦਾ ਲਗਭਗ ਇਕ ਤਿਹਾਈ Health and Education ਨੂੰ ਜਾਂਦਾ ਸੀ ਤਾਂ ਸਾਡਾ ਫਾਰਮਰ ਬਹੁਤ ਖੁਸ਼ਹਾਲ ਸੀ ਪਰ ਅਨਫਾਰਚੂਨੇਟਲੀ ਸਾਡਾ ਹੈਲਥ ਡਿਪਾਰਟਮੈਂਟ ਵੀ deplete ਹੋ ਗਿਆ, ਐਜੂਕੇਸ਼ਨ ਡਿਪਾਰਟਮੈਂਟ ਵਾਸਤੇ ਵੀ budgetary allocation ਕਾਫੀ ਘੱਟ ਗਈ ਹੈ। ਮੈਂ ਐਫ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਲਗਭਗ 11% ਹੈਲਥ ਡਿਪਾਰਟਮੈਂਟ ਨੂੰ ਅਤੇ 9.7% ਐਜੂਕੇਸ਼ਨ ਡਿਪਾਰਟਮੈਂਟ ਨੂੰ ਵਾਧਾ ਦਿੱਤਾ ਹੈ। ਸਰ, ਅਮਨ ਅਰੋੜਾ ਸਾਹਿਬ ਹੁਣ ਚਲੇ ਗਏ ਹਨ। ਮੈਂਬਰ ਸਾਹਿਬ ਨੇ ਦੱਸਿਆ ਕਿ ਦਿੱਲੀ ਵਿੱਚ ਲਗਭਗ 26% ਦੀ ਐਲੋਕੇਸ਼ਨ ਇਕੱਲੇ ਹੈਲਥ ਸੈਕਟਰ ਨੂੰ ਹੈ। ਅਗਰ ਆਪਾਂ ਜ਼ਿੰਮੀਦਾਰ ਨੂੰ ਇਸ ਦਲਦਲ ਵਿਚੋਂ ਬਾਹਰ ਕੱਢਣਾ ਚਾਹੁੰਦੇ ਹਾਂ ਤਾਂ ਹੈਲਥ ਅਤੇ ਐਜੂਕੇਸ਼ਨ ਡਿਪਾਰਟਮੈਂਟ ਨੂੰ ਤਕੜਾ ਕਰਨਾ ਪੈਣਾ ਹੈ ਤਾਂ ਹੀ ਆਪਾਂ ਇਨ੍ਹਾਂ ਚੀਜ਼ਾਂ ਵਿਚੋਂ ਕੱਢ ਸਕਦੇ ਹਾਂ। ਕਿਉਂਕਿ ਜ਼ਿੰਮੀਦਾਰਾਂ ਦਾ

ਬਹੁਤ ਵੱਡਾ ਖਰਚਾ ਜਾਂ ਤਾਂ ਬਿਮਾਰੀਆਂ ਤੇ ਹੋ ਜਾਂਦਾ ਹੈ ਜਾਂ ਐਜੂਕੇਸ਼ਨ ਤੇ ਖਰਚ ਹੋ ਜਾਂਦਾ ਹੈ।

ਸਰ, ਆਖੀਰ ਵਿੱਚ ਮੈਂ ਦੁਆਬੇ ਬਾਰੇ ਥੋੜ੍ਹੀਆਂ ਬਹੁਤੀਆਂ ਗੱਲਾਂ ਕਰਨੀਆਂ ਚਾਹੁੰਦਾ ਹਾਂ। ਮੈਂ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ Dhogri road, Jalandhar ਵਿੱਚ ਸਾਨੂੰ ਪਟੈਟੋ ਰਿਸਰਚ ਸੈਂਟਰ ਦਿੱਤਾ ਹੈ, ਜਿਵੇਂ ਕਿ ਅਜਨਾਲਾ ਸਾਹਿਬ ਨੇ ਦੱਸਿਆ ਹੈ ਕਿ ਉਸ ਵਿੱਚ...

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਲਵਾਂਗਾ। ਦੋ ਮਿੰਟ ਬਾਅਦ ਮੈਂ ਬੈਠ ਜਾਵਾਂਗਾ। ਸਰ, ਜੇ ਦੁਆਬੇ ਦੀ ਗੱਲ ਕਰੀਏ, ਸਾਡੇ ਜਲੰਧਰ ਵਿੱਚ ਡੇਅਰੀ ਕੰਪਲੈਕਸ ਹੈ। ਉਥੇ ਪਿਛਲੇ 10 ਸਾਲਾਂ ਤੋਂ ਡੇਅਰੀ ਕੰਪਲੈਕਸ ਹੈ। ਮੇਰੀ ਰਿਕੁਐਸਟ ਹੈ ਕਿ ਉਥੇ ਬਾਇਓਮਾਸ ਗੈਸ ਪਲਾਂਟ ਲਗਾਉਣ ਦੀ ਪ੍ਰੋਵੀਜ਼ਨ ਵੀ ਹੈ ਪਰ ਅਨਫਾਰਚੂਨੇਟਲੀ ਇਹ ਪਿਛਲੇ ਦਸਾਂ ਸਾਲਾਂ ਵਿੱਚ ਨਹੀਂ ਲੱਗਿਆ। ਮੈਂ ਐਫ.ਐਮ. ਸਾਹਿਬ ਨੂੰ ਇਹੀ ਬੇਨਤੀ ਕਰਾਂਗਾ ਕਿ ਬਾਇਓਮਾਸ ਗੈਸ ਪਲਾਂਟ ਲਈ ਸਾਡੇ ਕੋਲ ਜਗ੍ਹਾ ਵੀ ਹੈ, ਐਤਕੀਂ ਇਹ ਪੈਸੇ ਜ਼ਰੂਰ ਐਲੋਕੇਟ ਕਰ ਦੇਣ ਤਾਂ ਕਿ ਅਸੀਂ ਉਸ ਚੀਜ਼ ਨੂੰ ਜ਼ਰੂਰ ਲਾਗੂ ਕਰ ਸਕੀਏ। ਇਸ ਸਮੇਂ ਅਸੀਂ ਉਸ ਦਾ ਵੇਸਟ ਸਤਲੁਜ ਦੇ ਵਿੱਚ ਪਾ ਰਹੇ ਹਾਂ, ਅਸੀਂ ਚਾਹੁੰਦੇ ਹਾਂ ਕਿ ਉਹ ਵੀ ਟਰੀਟ ਹੋ ਕੇ ਜਾ ਸਕੇ।

ਸਰ, ਮੇਰੀ ਬੇਨਤੀ ਹੈ, ਇਸ ਸਮੇਂ ਸਿੱਧੂ ਸਾਹਿਬ, ਸਥਾਨਕ ਸਰਕਾਰ ਮੰਤਰੀ ਬੈਠੇ ਨਹੀਂ ਹਨ। ਅਮਰੀਕਾ ਦੀ ਤਰਜ਼ ਉਤੇ ਜਿਵੇਂ ਕੈਲੇਫੋਰਨੀਆ ਵਿੱਚ ਹੁੰਦਾ ਹੈ ਕਿ ਜਦੋਂ ਕਿਸੇ ਵੀ ਨਵੇਂ ਘਰ ਦੀ ਉਸਾਰੀ ਹੁੰਦੀ ਹੈ, 50% of that house ਇਲੈਕਟ੍ਰੀਸਿਟੀ ਕੰਜ਼ਪਸ਼ਨ ਉਸ ਨੂੰ ਸੋਲਰ ਪੈਨਲ ਤੇ ਆਪ ਕਰਨੀ ਪੈਂਦੀ ਹੈ। ਅਗਰ ਇਹ ਇੱਥੇ ਵੀ ਐਕਟ ਵਿੱਚ ਸੰਸ਼ੋਧਨ ਲਿਆ ਕੇ ਅਜਿਹਾ ਕੀਤਾ ਜਾਵੇ ਤਾਂ ਮੈਂ ਬਹੁਤ-ਬਹੁਤ ਧੰਨਵਾਦੀ ਹੋਵਾਂਗਾ। (ਥੰਪਿਗ)

ਸਰ, ਮੈਂ ਸਿਰਫ ਦੋ ਮਿੰਟ ਹੋਰ ਲਵਾਂਗਾ। ਸਾਡੀ ਬਹੁਤ ਵੱਡੀ ਪ੍ਰਾਬਲਮ ਫਾਰੈਸਟ ਡਿਪਾਰਟਮੈਂਟ ਨਾਲ ਸਬੰਧਿਤ ਹੈ। ਸਾਡੇ ਮੰਤਰੀ ਸਾਹਿਬ ਸਰਦਾਰ ਸਾਧੂ ਸਿੰਘ ਧਰਮਸੋਤ ਜੀ ਨੇ ਫਾਰੈਸਟ ਵਿੱਚ ਬਹੁਤ ਵਾਧੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੇ ਹਰ ਪਿੰਡ ਵਿੱਚ ਗਊ ਚਰਾਂਦਾਂ ਲੈਂਡ ਹੈ, which is under the illegal occupation by a lot of people. ਸਰ, ਮੇਰੀ ਸੀ.ਐਮ. ਸਾਹਿਬ ਨੂੰ ਇਹੀ

ਬੇਨਤੀ ਹੋਵੇਗੀ ਕਿ ਇਨ੍ਹਾਂ ਕਬਜ਼ਿਆਂ ਨੂੰ ਛੁਡਵਾ ਕੇ ਉਸ ਤੇ ਫਾਰੈਸਟ ਏਰੀਆ ਵਧਾਇਆ ਜਾਵੇ। ਇਸ ਸਮੇਂ ਵਰਲਡ ਵਿੱਚ ਸਿਰਫ 31% ਫਾਰੈਸਟ ਏਰੀਆ ਰਹਿ ਗਿਆ ਹੈ। ਜਦੋਂ ਪੰਜਾਬ ਤੇ ਹਿੰਦੁਸਤਾਨ ਅਜ਼ਾਦ ਹੋਇਆ, ਉਦੋਂ ਪੰਜਾਬ ਦੀ ਧਰਤੀ ਤੇ 50% ਫਾਰੈਸਟ ਏਰੀਆ ਸੀ ਅਤੇ ਸੰਨ 1966 ਦੀ ਵੰਡ ਤੋਂ ਲੈ ਕੇ ਹੁਣ ਤੱਕ ਫਾਰੈਸਟ ਏਰੀਆ ਸਿਮਟ ਕੇ ਸਿਰਫ 7-8% ਤੱਕ ਰਹਿ ਗਿਆ ਹੈ। ਸਪੀਕਰ ਸਾਹਿਬ, ਆਪਾਂ ਲਗਭਗ ਦਿਨ ਵਿੱਚ 20,000 ਵਾਰੀ ਸਾਹ ਲੈਂਦੇ ਹਾਂ। ਜੇਕਰ ਪੰਜਾਬ ਵਿੱਚ ਬੱਚਿਆਂ ਦੀ ਗਰੋਥ ਘਟੀ ਹੈ ਅਤੇ ਹੈਲਥ ਇਸ਼ੂਜ਼ ਆਏ ਹਨ ਤਾਂ ਉਸ ਵਿੱਚ ਸਭ ਤੋਂ ਵੱਡਾ ਕਾਰਨ ਏਅਰ ਪੋਲਿਊਸ਼ਨ ਦਾ ਹੈ। ਮੇਰੀ ਬੇਨਤੀ ਹੈ ਕਿ ਜਿਹੜੀ ਗਊ ਚਰਾਂਦ ਲੈਂਡ ਇਲਲੀਗਲ ਆਕੂਪੇਸ਼ਨ ਥੱਲੇ ਹੈ, ਉਸਨੂੰ ਛੁਡਵਾ ਕੇ ਉਹ ਟੋਟਲ ਏਰੀਆ ਫਾਰੈਸਟ ਡਿਪਾਰਟਮੈਂਟ ਨੂੰ ਟਰਾਂਸਫਰ ਕਰਨ ਦੀ ਤਜਵੀਜ਼ ਕੀਤੀ ਜਾਵੇ।

ਸਪੀਕਰ ਸਾਹਿਬ, ਸ਼ਾਹਪੁਰ ਕੰਢੀ ਡੈਮ ਦੇ ਉਤੇ ਸੀ.ਐਮ. ਸਾਹਿਬ ਨੇ ਬਹੁਤ ਹੀ ਸ਼ਲਾਘਾਯੋਗ ਯਤਨ ਕਰਦੇ ਹੋਏ ਜੰਮੂ ਕਸ਼ਮੀਰ ਦੇ ਨਾਲ ਐਗਰੀਮੈਂਟ ਕੀਤਾ ਅਤੇ ਹੁਣ ਉਸ ਦੀ ਉਸਾਰੀ ਸ਼ੁਰੂ ਹੋਣ ਲੱਗੀ ਹੈ। ਉਸ ਦੇ ਨਾਲ ਤਕਰੀਬਨ 3% ਤੋਂ 4% ਐਮ.ਏ.ਐਫ. ਪਾਣੀ ਆਪਾਂ ਨੂੰ ਮਿਲਣਾ ਹੈ। ਉਸ ਬਾਰੇ ਮੇਰੀ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਇਹੀ ਬੇਨਤੀ ਹੈ ਕਿ ਦੁਆਬੇ ਨੂੰ ਜ਼ਰੂਰ ਯਾਦ ਰੱਖਣਾ, ਦੁਆਬੇ ਨੂੰ ਨਾ ਭੁੱਲਿਆ ਜਾਵੇ।

ਸਰ, ਮੇਰਾ ਇੱਕ ਲਾਸਟ ਪੁਆਇੰਟ ਹੈ। ਇਸ ਤੋਂ ਬਾਅਦ ਮੈਂ ਬੈਠ ਜਾਵਾਂਗਾ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੀ ਸਰਕਾਰ ਨੇ ਇੱਕ ਐਕਟ ਪਾਸ ਕੀਤਾ ਸੀ ਕਿ all carry bags will be banned in Punjab. ਸਰ, ਇਹ ਬਹੁਤ ਹੀ ਸ਼ਲਾਘਾਯੋਗ ਐਕਟ ਸੀ ਪਰ ਅਨਫਾਰਚੂਨੇਟਲੀ ਗਰਾਊਂਡ ਲੈਵਲ ਤੇ ਇਸ ਦੀ ਇੰਪਲੀਮੈਂਟੇਸ਼ਨ ਨਹੀਂ ਹੋ ਰਹੀ। Sir, by the year 2030, there will be more plastic bags in the ocean than the fishes , ਮੇਰੀ ਹੰਬਲ ਰਿਕੁਐਸਟ ਹੈ ਕਿ ਪਲੀਜ਼ ਇਸ ਚੀਜ਼ ਨੂੰ ਜ਼ਰੂਰ ਲਾਗੂ ਕਰਵਾਇਆ ਜਾਵੇ। (ਥੰਪਿੰਗ) ਸਰ, ਮੈਂ ਐਫ.ਐਮ. ਸਾਹਿਬ ਅਤੇ ਸੀ.ਐਮ. ਸਾਹਿਬ ਦਾ ਕੋਟਨਿ-ਕੋਟਿ ਧੰਨਵਾਦੀ ਹਾਂ। ਸਪੀਕਰ ਸਾਹਿਬ, ਤੁਸੀਂ ਮੈਨੂੰ ਇੱਥੇ ਬੋਲਣ ਦਾ ਬਹੁਤ ਮੌਕਾ ਦਿੱਤਾ ਹੈ। ਮੈਂ ਟਾਈਮ ਕੁਝ ਜ਼ਿਆਦਾ ਲੈ ਲਿਆ ਹੈ ਪਰ ਮੈਂ ਐਫ.ਐਮ. ਸਾਹਿਬ ਦਾ ਬਹੁਤ-ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇੰਨਾ ਵਧੀਆ ਬਜਟ ਪੇਸ਼ ਕੀਤਾ ਹੈ ਪਰ ਸਰ, ਦੁਆਬੇ ਨੂੰ ਤੁਸੀਂ ਫਿਰ ਥੋੜ੍ਹਾ ਜਿਹਾ ਮਿਸ ਕਰ ਗਏ ਹੋ। ਮੇਰੀ ਇਹੀ ਬੇਨਤੀ ਹੈ ਕਿ ਥੋੜ੍ਹਾ ਜ਼ਿਹਾ ਦੁਆਬੇ ਵੱਲ ਜ਼ਰੂਰ ਧਿਆਨ ਦਿਉ। ਧੰਨਵਾਦ ਜੀ। ਜੈ ਭਾਰਤ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਵਿੱਤ ਮੰਤਰੀ ਜੀ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਉਸ ਬਾਰੇ ਵੱਖ-ਵੱਖ ਰਾਏ ਆਈ ਹੈ। ਇਕ ਬੁਲਾਰੇ ਨੇ ਕਿਹਾ ਹੈ ਕਿ ਇਹ ਪੀ.ਚਿਦੰਬਰਮ ਦਾ ਬਜਟ ਹੈ ਅਤੇ ਕਿਸੇ ਨੇ ਕਿਹਾ ਹੈ ਕਿ ਇਹ ਝੂਠ ਦਾ ਪੁਲੰਦਾ ਹੈ। ਸਪੀਕਰ ਸਾਹਿਬ, ਬਜਟ ਚੰਗਾ ਹੈ ਜਾਂ ਮਾੜਾ ਹੈ, ਇਸ ਦਾ ਮਾਪਦੰਡ ਲੋਕਾਂ ਦਾ ਰਿਐਕਸ਼ਨ ਹੁੰਦਾ ਹੈ। ਆਪਾਂ ਗੱਲ ਸਰਕਾਰੀ ਮੁਲਾਜ਼ਮਾਂ ਤੋਂ ਸ਼ੁਰੂ ਕਰਦੇ ਹਾਂ। ਉਹ ਸਾਡੀ ਰੀੜ੍ਹ ਦੀ ਹੱਡੀ ਹਨ। ਉਹ ਅੱਜ ਡੀ.ਏ. ਦੀ ਕਿਸ਼ਤਾਂ ਨਾ ਮਿਲਣ ਕਰਕੇ ਚੀਕਾਂ ਮਾਰਦੇ ਹਨ। ਕਿੰਨੀਆਂ ਡੀ.ਏ. ਦੀਆਂ ਕਿਸ਼ਤਾਂ ਪੈਂਡਿੰਗ ਹਨ। ਇਹ ਪਹਿਲੀ ਵਾਰ ਇਸ ਸਰਕਾਰ ਵਿਚ ਹੋਇਆ ਹੈ। ਮੁਲਾਜ਼ਮ ਰੋਂਦੇ ਹਨ। ਕਿੰਨੇ ਸਮੇਂ ਤੋਂ ਪੇਅ ਕਮਿਸ਼ਨ ਬੈਠਿਆ ਹੋਇਆ ਹੈ, ਮੁਲਾਜ਼ਮ ਉਡੀਕ ਰਹੇ ਹਨ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਲਾਰੇ ਲਾਏ ਹੁੰਦੇ ਹਨ ਕਿ ਸਾਨੂੰ ਪੇਅ ਕਮਿਸ਼ਨ ਮਿਲੇਗਾ, ਏਰੀਅਰ ਮਿਲੇਗਾ। ਵਿੱਤ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਹੁਣ ਸਾਡੀ ਪੁਜ਼ੀਸ਼ਨ ਕਾਫੀ ਠੀਕ ਹੋ ਗਈ ਹੈ ਪਰ ਹਾਲੇ ਤੱਕ ਹੋਇਆ ਕੁਝ ਨਹੀਂ। ਬਜਟ ਵਿਚ ਪੇਅ ਕਮਿਸ਼ਨ ਬਾਰੇ ਕੁਝ ਨਹੀਂ ਕਿਹਾ ਗਿਆ। ਅਧਿਆਪਕ ਵਰਗ ਵੀ ਹੁਣੇ-ਹੁਣੇ ਤਾਜ਼ੀ ਤਾਜ਼ੀ ਕੁੱਟ ਖਾ ਕੇ ਹਟਿਆ ਹੈ। ਉਨ੍ਹਾਂ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੈ। ਨਰਸਾਂ ਦੀ ਕੀ ਹਾਲਤ ਹੋਈ ਹੈ, ਉਹ ਵੀ ਸਾਨੂੰ ਪਤਾ ਹੈ। ਕੱਚੇ ਮੁਲਾਜ਼ਮ, ਜਿਹੜੇ ਕੰਟਰੈਕਟ ਤੇ ਲੱਗੇ ਹੋਏ ਹਨ, ਉਹ ਕਈ ਸਾਲਾਂ ਤੋਂ ਪੱਕੇ ਹੋਣ ਦੀ ਉਡੀਕ ਵਿਚ ਹਨ। ਸਾਡੀ ਸਰਕਾਰ ਨੇ ਉਨ੍ਹਾਂ ਨੂੰ ਪੱਕਿਆਂ ਕਰਨ ਲਈ ਇਕ ਬਿਲ ਲਿਆਂਦਾ ਸੀ ਪਰ ਉਹ ਵੀ ਵਾਪਸ ਹੋ ਗਿਆ। ਮੁਲਾਜ਼ਮ ਵਿਚਾਰੇ ਚੀਕਾਂ ਮਾਰ ਰਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਬਜਟ ਕਿਸ ਪਾਸੇ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਇਕ ਮਸਲਾ ਉਠਾਉਣਾ ਚਾਹੁੰਦਾ ਸੀ, ਸਪੀਕਰ ਸਾਹਿਬ, ** ** ਮੈਂ ਜ਼ੀਰੋ ਆਵਰ ਵਿਚ ਕਈ ਵਾਰ ਉੱਠਿਆ ਸੀ, ਮੈਂ ਇਕ ਪੁਆਇੰਟ ਉਠਾਉਣਾ ਚਾਹੁੰਦਾ ਸੀ ਕਿ ਕੇਂਦਰ ਸਰਕਾਰ ਨੇ Constitution ਅਮੈਂਡ ਕੀਤਾ ਹੈ। 124ਵੀਂ ਅਮੈਂਡਮੈਂਟ ਲਿਆ ਕੇ ਸਵਰਨ ਜਾਤੀ ਦੇ ਗਰੀਬ ਲੋਕਾਂ ਲਈ 10 ਫੀਸਦੀ ਰਿਜ਼ਰਵੇਸ਼ਨ ਕੀਤੀ ਹੈ। ਚੰਗਾ ਹੁੰਦਾ ਜੇਕਰ ਮੁੱਖ ਮੰਤਰੀ ਜੀ ਅਤੇ ਇਹ ਸਰਕਾਰ ਵੀ ਉਹ 10 ਫੀਸਦੀ ਰਿਜ਼ਰਵੇਸ਼ਨ ਹਰਿਆਣਾ, ਰਾਜਸਥਾਨ ਅਤੇ ਹੋਰ ਰਾਜਾਂ ਦੀ ਤਰਜ਼ ਤੇ ਲਿਆਂਦੀ। ਬਾਜਵਾ ਜੀ, ਤੁਸੀਂ ਇਹ ਲਿਆਓ ਤਾਂ ਕਿ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਦਾ ਫਾਇਦਾ ਹੋ ਸਕੇ। ਹੁਣ ਵੀ ਕਰ ਲਓ, ਬ੍ਰਹਮ ਮਹਿੰਦਰਾ ਜੀ ਬਿਲ ਲਿਆਉਣ। ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਕਾਂਗਰਸ ਸਰਕਾਰ

---

** ** Expunged as ordered by the Hon'ble Speaker.

ਐਸ.ਸੀਜ਼ ਦੀ ਬਹੁਤ ਸੇਵਾ ਕਰਦੀ ਹੈ। ਪਰਮੋਸ਼ਨਾਂ ਵਿਚ ਰਿਜ਼ਰਵੇਸ਼ਨ ਦੀ ਗੱਲ ਕੀਤੀ ਗਈ ਹੈ। ਤੁਹਾਡੇ ਆਪਣੇ ਕਾਂਗਰਸੀ ਐਮ.ਐਲ.ਏ. ਹੀ ਬੋਲੇ ਹਨ ਕਿ ਅਸੀਂ ਪਰਮੋਸ਼ਨਾਂ ਵਿਚ ਰਿਜ਼ਰਵੇਸ਼ਨ ਦਾ ਬਿਲ ਤਾਂ ਪਾਸ ਕਰ ਦਿੱਤਾ ਹੈ ਪਰ ਇਹ ਲਾਗੂ ਨਹੀਂ ਹੋਈ। ਕਿੰਨਾ ਬੈਕਲਾਗ ਪਿਆ ਹੈ, ਉਹ ਭਰਿਆ ਨਹੀਂ ਗਿਆ। ਮੈਂ ਇਕ ਬਹੁਤ ਗੰਭੀਰ ਗੱਲ ਕਰਨ ਲੱਗਿਆ ਹਾਂ।

ਸਾਡੇ ਹਲਕੇ ਵਿਚ ਖੁਰਾਲਗੜ੍ਹ ਇਕ ਬਹੁਤ ਪਵਿੱਤਰ ਸਥਾਨ ਹੈ। ਉਹ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਉਥੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦਗਾਰ ਬਣ ਰਹੀ ਹੈ ਜਿਸ ਤੇ ਕਰੀਬ 100 ਕਰੋੜ ਰੁਪਿਆ ਖਰਚ ਹੋਣਾ ਹੈ। ਮੈਂ ਪਿਛਲੀ ਵਾਰੀ 856 ਨੰਬਰ ਸਵਾਲ ਲਗਾਇਆ ਸੀ, ਜਿਸ ਦਾ ਜਵਾਬ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਜੀ ਨੇ ਦਿੱਤਾ ਸੀ ਅਤੇ ਵਿੱਤ ਮੰਤਰੀ ਜੀ ਦਾ ਰੈਫਰੈਂਸ ਦਿੱਤਾ ਸੀ ਕਿ ਵਿੱਤ ਮੰਤਰੀ ਜੀ ਇਸ ਵਾਰ ਖੁਰਾਲਗੜ੍ਹ ਗਏ ਸੀ ਅਤੇ ਐਸ਼ੋਰੈਂਸ ਦੇ ਕੇ ਗਏ ਹਨ ਕਿ ਇਹ ਸਾਡੇ ਲਈ ਬਹੁਤ ਪਵਿੱਤਰ ਸਥਾਨ ਹੈ, ਸਾਡਾ ਮਾਣ ਹੈ, ਸਾਡੀ ਇੱਜ਼ਤ ਹੈ ਔਰ ਅਸੀਂ ਇਸ ਨੂੰ ਮੁਕੰਮਲ ਕਰਾਂਗੇ। ਇਹ ਵੀ ਕਿਹਾ ਸੀ ਕਿ ਇਹ ਸਾਡੀ ਐਸ਼ੋਰੈਂਸ ਹੈ, ਇਹ ਸਾਡਾ ਮਾਣ ਹੈ, ਸਾਡਾ ਸਨਮਾਨ ਹੈ, ਸਾਡੀ ਪੱਗ ਦੇ ਲੜ ਹਨ। ਇਸ ਕਰਕੇ ਇਸ ਨੂੰ ਅਸੀਂ ਮੁਕੰਮਲ ਕਰਾਂਗੇ। ਸਪੀਕਰ ਸਾਹਿਬ, ਉਦੋਂ ਤੁਸੀਂ ਕਿਹਾ ਸੀ ਕਿ ਸੋਮ ਪ੍ਰਕਾਸ਼ ਜੀ ਐਸ਼ੋਰੈਂਸ ਆ ਗਈ ਹੈ, ਹੁਣ ਬੈਠ ਜਾਓ। ਸਰ, ਤੁਹਾਡੀ ਗਵਾਹੀ ਹੋਈ। ਵਿੱਤ ਮੰਤਰੀ ਜੀ ਉਥੇ ਜਾ ਕੇ ਆਏ ਸੀ, ਐਸ਼ੋਰੈਂਸ ਦੇ ਕੇ ਆਏ ਸੀ। ਇਥੇ ਗੜ੍ਹਸ਼ੰਕਰ ਦੇ ਐਮ.ਐਲ.ਏ. ਸਾਹਿਬ ਬੈਠੇ ਹਨ। ਉਥੇ ਕੰਮ ਤਾਂ ਮੁਕੰਮਲ ਕੀ ਹੋਣਾ ਸੀ, ਉਥੇ ਜਿਹੜੇ ਚੌਕੀਦਾਰ ਸੀ, ਉਹ ਵੀ ਚਲੇ ਗਏ ਹਨ। ਉਥੇ 100 ਫੀਸਦੀ ਕੰਮ ਬੰਦ ਪਿਆ ਹੈ। ਐਸ਼ੋਰੈਂਸ ਦਾ ਕੀ ਮਤਲਬ ਹੈ? ਹਾਊਸ ਦੇ ਵਿਚ ਆਪਾਂ ਐਸ਼ੋਰੈਂਸ ਦਿੰਦੇ ਹਾਂ ਅਤੇ ਤੁਹਾਡੀ ਗਵਾਹੀ ਪੈਂਦੀ ਹੈ ਫਿਰ ਤਾਂ ਇਹ ਹਾਊਸ ਦਾ ਵੀ ਅਪਮਾਨ ਹੈ। ਅਸੀਂ ਇਸ ਪਵਿੱਤਰ ਸਥਾਨ ਤੇ ਖੜ੍ਹ ਕੇ ਇਹ ਗੱਲਾਂ ਕਰਦੇ ਹਾਂ, ਫਿਰ ਉਸ ਦਾ ਲਾਭ ਕੀ ਹੈ? ਮੇਰੀ ਬੇਨਤੀ ਹੈ ਕਿ ਵਿੱਤ ਮੰਤਰੀ ਜੀ ਤੁਸੀਂ ਉਥੇ ਬੋਲ ਕੇ, ਕਹਿ ਕੇ ਆਏ ਸੀ ਕਿ ਅਸੀਂ ਇਸ ਨੂੰ ਪੂਰਾ ਕਰਾਂਗੇ। ਉਸ ਦੇ ਲਈ ਤੁਸੀਂ ਕੋਈ ਪੈਸਾ ਹੀ ਨਹੀਂ ਰੱਖਿਆ ਹੈ। ਐਸ਼ਿਓਰੈਂਸ ਪਿਛਲੇ ਸਾਲ ਦੀ ਸੀ, ਇਸ ਸਾਲ ਵੀ ਪੂਰਾ ਨਹੀਂ ਹੋਇਆ। ਇਸ ਵਾਰ ਵੀ ਕੋਈ ਪੈਸਾ ਨਹੀਂ ਰੱਖਿਆ ਹੈ।

ਇਸ ਦੇ ਨਾਲ ਹੀ 200 ਯੂਨਿਟ ਬਿਜਲੀ ਦੇ ਵੀ ਮੁਆਫ ਕਰਨ ਦੀ ਗੱਲ ਕੀਤੀ ਸੀ।ਉਸ ਬਾਰੇ ਅਸੀਂ ਹਾਊਸ ਵਿੱਚ ਪਹਿਲਾਂ ਵੀ ਬੜਾ ਰੌਲਾ ਪਾਇਆ ਪਰ ਕੁਝ ਹੋ

[ਸ਼੍ਰੀ ਸੋਮ ਪ੍ਰਕਾਸ਼]

ਨਹੀਂ ਰਿਹਾ ਹੈ। ਗਰੀਬਾਂ ਨੂੰ ਜਿਹੜੇ 200 ਯੂਨਿਟ ਦੇ ਪੈਸੇ ਲਗਾ ਦਿੱਤੇ , ਉਸ ਦੇ ਨਾਲ ਸਾਡੀ ਹਾਲਤ ਖਰਾਬ ਹੋਈ ਹੈ।

ਜਿਹੜੀ ਸਰਕਾਰ ਗਰੀਬ ਬੱਚਿਆਂ ਲਈ ਜਿਹੜੇ ਕਿ ਪੜ੍ਹਨ ਵਾਲੇ ਹਨ, ਸਰਦੀਆਂ ਦੇ ਵਿੱਚ ਗਰਮ ਯੂਨੀਫਾਰਮ ਨਹੀਂ ਦੇ ਸਕੀ, ਇਸ ਤੋਂ ਵੱਧ ਪਾਪ ਜਾਂ ਗੁਨਾਹ ਹੋਰ ਕੀ ਹੋ ਸਕਦਾ ਹੈ? ਅਸੀਂ ਸਾਰੇ ਕੋਟ ਪਾਉਂਦੇ ਹਾਂ, ਥੱਲੇ ਨੂੰ ਵੀ ਇੰਨੇ ਕੱਪੜੇ ਪਾਉਂਦੇ ਹਾਂ। ਗਰੀਬ ਬੱਚਿਆਂ ਨੂੰ ਅਸੀਂ winter uniform ਨਹੀਂ ਦੇ ਸਕੇ ਅਤੇ ਅਸੀਂ ਇਹ ਕਹਿੰਦੇ ਹਾਂ ਕਿ ਬਜਟ ਬਹੁਤ ਵਧੀਆ ਆਇਆ ਹੈ। ਕਿੰਨੀਆਂ ਵੈਲਫੇਅਰ ਦੀਆਂ ਸਕੀਮਾਂ ਸਨ, ਸਾਈਕਲ ਦੀ ਸਕੀਮ, ਸ਼ਗਨ ਦੀ ਸਕੀਮ, ਜਿੰਮ ਦੀ ਸਕੀਮ, ਤੀਰਥ ਯਾਤਰਾ, ਨੌਕਰੀਆਂ ਤੁਸੀਂ ਕਿਹਾ ਘਰ-ਘਰ ਦੇਣੀਆਂ, ਕਰਜ਼ਾ ਮੁਆਫ ਕਰ ਦੇਣਾ, ਫੋਨ ਦੇਣੇ ਹਨ। ਸਾਰੇ ਗੱਲਾਂ ਹੀ ਗੱਲਾਂ ਰਹਿ ਗਈਆਂ ਹਨ, ਹੋਇਆ ਕੁਝ ਨਹੀਂ। (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਫੋਨ ਤਾਂ ਤੁਸੀਂ ਬਾਹਰ ਵੰਡ ਦਿੱਤੇ ਸੀ।

ਸਰ, ਮੈਂ ਇਸ ਦੇ ਨਾਲ ਹੀ ਸ਼ਹਿਰਾਂ ਬਾਰੇ ਗੱਲ ਕਰਨੀ ਚਾਹਾਂਗਾ। ਸਾਡੀ ਸਰਕਾਰ ਵੇਲੇ 100% ਸੀਵਰੇਜ ਤੇ ਪਾਣੀ ਦੀ ਗੱਲ ਅਸੀਂ ਸ਼ੁਰੂ ਕੀਤੀ ਸੀ ਅਤੇ ਬਹੁਤ ਸਾਰੇ ਸ਼ਹਿਰਾਂ ਵਿੱਚ ਕੰਮ ਚੱਲ ਰਿਹਾ ਸੀ। ਮੈਂ ਫਗਵਾੜੇ ਦੀ ਗੱਲ ਕਰਦਾ ਹਾਂ। ਉਥੇ ਬਹੁਤ ਸਾਰੇ ਬਾਜ਼ਾਰ ਅਤੇ ਬਹੁਤ ਸਾਰੀਆਂ ਸੜਕਾਂ ਪੁੱਟੀਆਂ ਪਈਆਂ ਹਨ। 100% ਸੀਵਰੇਜ ਦਾ ਕੰਮ ਸਾਡੀ ਸਰਕਾਰ ਨੇ ਸ਼ੁਰੂ ਕੀਤਾ ਸੀ। ਸੀਵਰੇਜ ਦਾ ਕੰਮ ਹੋ ਗਿਆ, ਸੜਕਾਂ ਦਾ ਕੰਮ ਇਨ੍ਹਾਂ ਨੇ ਬੰਦ ਕਰ ਦਿੱਤਾ, ਪੈਦਲ ਉਥੋਂ ਲੰਘਿਆ ਨਹੀਂ ਜਾਂਦਾ, ਕੋਈ ਰਿਕਸ਼ਾ ਵੀ ਨਹੀਂ ਜਾ ਸਕਦਾ । ਜਦੋਂ ਮੀਂਹ ਪੈਂਦਾ ਹੈ ਲੋਕੀਂ ਡਿੱਗਦੇ ਹਨ, ਲੱਤਾਂ ਟੁੱਟਦੀਆਂ ਹਨ। ਸਾਰੇ ਸਰਕਾਰ ਨੂੰ ਕੋਸਦੇ ਹਨ। 12 ਕਰੋੜ ਰੁਪਿਆ ਸੜਕਾਂ ਦਾ ਉਥੇ ਮਿਲਣਾ ਸੀ, ਉਹ ਵਾਪਸ ਲੈ ਲਿਆ। ਅਸੀਂ ਸੜਕਾਂ ਉਥੇ ਬਣਾ ਨਹੀਂ ਸਕੇ। ਪੈਦਲ ਲੰਘਣਾ ਉਥੇ ਔਖਾ ਹੋਇਆ ਪਿਆ ਹੈ। ਹੁਣ ਜਾਈਏ ਕਿੱਥੇ ਜੀ? 100% ਸੀਵਰੇਜ ਦੀ ਗੱਲ ਵੀ ਵਿੱਚੇ ਹੀ ਰਹਿ ਗਈ। ਇੱਕ ਵਾਰੀ ਮਾਨਯੋਗ ਮੰਤਰੀ ਸਰਦਾਰ ਨਵਜੋਤ ਸਿੰਘ ਸਿੱਧੂ ਸਾਹਿਬ ਉਥੇ ਗਏ ਸੀ। ਉਹ ਭਾਸ਼ਣ ਬੜਾ ਵਧੀਆ ਜ਼ੋਰਦਾਰ ਦਿੰਦੇ ਰਹੇ , poetic language ਵਰਤੀ ਕਿ ਮੈਂ 25 ਕਰੋੜ ਰੁਪਿਆ Announce ਕਰਦਾ ਹਾਂ। Announce ਵੀ ਕਿਸ ਢੰਗ ਨਾਲ ਕੀਤਾ, ਕਹਿੰਦੇ ਜੀ ਕਿ ਮੈਂ ਨੇਕ ਮਾਂ ਦਾ ਦੁੱਧ ਪੀ ਕੇ, ਬਜ਼ੁਰਗਾਂ ਦਾ ਅਸ਼ੀਰਵਾਦ ਲੈ ਕੇ ਤੁਹਾਨੂੰ ਆਪਣੀ ** ** ਦਾ ਲੜ ਸਮਝ ਕੇ (ਲੋਕਾਂ ਨੂੰ) 25 ਕਰੋੜ ਰੁਪਿਆ ਸੀ.ਐਮ ਸਾਹਿਬ ਵੱਲੋਂ announce ਕਰਦਾ ਹਾਂ। ਇਹ ਸਾਲ ਦੀ ਗੱਲ ਹੈ, ਕੋਈ ਪੈਸਾ ਨਹੀਂ ਆਇਆ ਹੈ। ਇਸ ਤਰ੍ਹਾਂ ਹੀ ਇਨ੍ਹਾਂ ਨੇ ਖੁਰਾਲਗੜ੍ਹ ਬਾਰੇ ਕਿਹਾ ਸੀ ਕਿ ** ** ਦਾ ਲੜ ਹੈ, ** ** ਨੂੰ ਪਤਾ ਨਹੀਂ ਕੀ ਸਮਝਦੇ ਹਨ, ** ** ।

** ** Expunged as ordered by the Hon'ble Speaker.

**ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ ਸਰਦਾਰ ਬਲਬੀਰ ਸਿੰਘ ਸਿੱਧੂ:** ** ** ਦੀ ਗੱਲ ਨਾ ਕਰੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। (ਵਿਘਨ)

**ਮਾਨਯੋਗ ਸਪੀਕਰ:** ** ** ਸ਼ਬਦ ਨੂੰ ਐਕਸਪੰਜ ਕਰ ਦਿਓ। ਐਕਸਪੰਜ ਕਰ ਦਿਓ। ਐਕਸਪੰਜ ਕਰ ਦਿੱਤਾ, ਬੈਂਸ ਸਾਹਿਬ। ਬੈਂਸ ਸਾਹਿਬ, ਐਕਸਪੰਜ ਕਰ ਦਿੱਤਾ ਹੈ।

**ਸ਼੍ਰੀ ਸੋਮ ਪ੍ਰਕਾਸ਼**: ਉਨ੍ਹਾਂ ਨੇ ਕਿਹਾ ਕਿ ਮੈਂ ਆਪਣੀ ਪੱਗ ਦਾ ਲੜ ਸਮਝ ਕੇ (ਲੋਕਾਂ ਨੂੰ) 25 ਕਰੋੜ ਰੁਪਿਆ ਸੀ.ਐਮ ਸਾਹਿਬ ਵੱਲੋਂ announce ਕਰਦਾ ਹਾਂ। ਸਰ, ਮੈਨੂੰ ਸਾਲ ਹੋ ਗਿਆ ਹੈ, ਇਨ੍ਹਾਂ ਦੇ ਗਿਆ ਨੂੰ ਸ਼ਾਇਦ 8-9 ਮਹੀਨੇ ਹੋ ਗਏ। ਲੋਕੀਂ ਪੁੱਛਦੇ ਹਨ ਜਿਵੇਂ ਖੁਰਾਲਗੜ੍ਹ ਬਾਰੇ ਕਿਹਾ, ਮੈਂ ਤਾਂ ਉਨ੍ਹਾਂ ਨੂੰ ਕਿਹਾ ਕਿ ** **

**ਮਾਨਯੋਗ ਸਪੀਕਰ :** ਹੁਣ ਆਈਡੀਆ ਖਤਮ ਹੋ ਗਏ। (ਹਾਸਾ) ਟਾਈਮ ਤੁਹਾਡਾ ਖਤਮ ਹੋ ਗਿਆ ਜੀ।

**ਸ਼੍ਰੀ ਸੋਮ ਪ੍ਰਕਾਸ਼ :** ਇੱਕ ਮਿੰਟ ਜੀ। ਸੁਣ ਤਾਂ ਲਉ। ਮੈਂ ਬੇਨਤੀ ਕਰਾਂ ਕਿ ਲੋਕਲ ਗੌਰਮਿੰਟ ਜਿਹੜਾ ਮਹਿਕਮਾ ਹੈ, ਇਸ ਵਿੱਚ ਸਿੱਧੂ ਸਾਹਿਬ ਨੇ ਕਈ ਛਾਪੇ ਮਾਰੇ, ਜਲੰਧਰ ਵੀ ਮਾਰੇ, ਲੁਧਿਆਣਾ ਵੀ ਮਾਰੇ, ਉਸ ਦਾ ਅਸਰ ਕੀ ਹੋਇਆ ਕਿ ਕੁਰੱਪਸ਼ਨ ਦੇ ਰੇਟ ਵਧ ਗਏ। ਇਹ ਫੈਕਟ ਹੈ। ਅਸੀਂ ਪੰਜ-ਛੇ ਸੜਕਾਂ ਕਮਰਸ਼ੀਅਲ ਡਿਕਲੇਅਰ ਕਰਵਾਉਣੀਆਂ ਸਨ। ਜਿਹੜਾ ਰੇਟ ਇੱਥੋਂ ਜਾਂਦਾ ਹੈ ਕਿ ਇੰਨੇ ਪੈਸੇ ਜਮ੍ਹਾਂ ਕਰਵਾਉ, ਇੰਨੇ ਪੈਸੇ ਰਿਸ਼ਵਤ ਦੇ ਦਿਉ ਤਾਂ ਅਸੀਂ ਕਰਾਂਗੇ। ਮੈਂ ਟੀ.ਵੀ. ਤੇ ਬੋਲ ਕੇ ਗਿਆ ਹਾਂ ਕਿ ਪੈਸੇ ਨਾ ਦਿਉ, ਸੜਕਾਂ ਡਿਕਲੇਅਰ ਹੋਣ ਜਾਂ ਨਾ ਹੋਣ, ਅਸੀਂ ਇਸ ਨੂੰ ਪਰਸਿਊ ਕਰਾਂਗੇ। ਐਡੀਸ਼ਨਲ ਚੀਫ ਸੈਕਟਰੀ ਸਾਹਿਬ ਬੈਠੇ ਹਨ, ਉਨ੍ਹਾਂ ਨੇ ਆਸ਼ਵਾਸਨ ਤਾਂ ਦਿੱਤਾ ਹੈ ਕਿ ਜ਼ਰੂਰ ਕਰਾਂਗੇ ਲੇਕਿਨ ਆਪਾਂ ਦੇਖਦੇ ਹਾਂ। ਨਜਾਇਜ਼ ਕਾਲੋਨੀਆਂ ਵੀ ਇੰਨੀਆਂ ਬਣ ਰਹੀਆਂ ਹਨ। ਜਿੰਨੀਆਂ ਨਾਜਾਇਜ਼ ਬਿਲਡਿੰਗਾਂ ਬਣ ਰਹੀਆਂ ਹਨ, ਉਨ੍ਹਾਂ ਦਾ ਕਾਲੋਨਾਈਜ਼ਰ ਜੇਕਰ ਇੱਥੇ ਆ ਕੇ ਮਿਲ ਜਾਂਦਾ ਹੈ ਤਾਂ ਉਸ ਕੋਲ ** ਨਹੀਂ ਤਾਂ ਉਸ ਪਾਸ ਜਾਂ ਕੇ ਰੌਲਾ ਪੈਂਦਾ ਹੈ। ਅਸੀਂ ਕਿੱਧਰ ਜਾਈਏ, ਕਿਸ ਕੋਲ ਜਾ ਕੇ ਕਹੀਏ? ਇੱਥੇ ਗੱਲਾਂ ਕਰਦੇ ਹਨ ਕਿ ਅਸੀਂ ਬਹੁਤ ਵਧੀਆ ਮਹਿਕਮਾ ਚਲਾ ਰਹੇ ਹਾਂ। ਸਭ ਤੋਂ ਜ਼ਿਆਦਾ ਬੁਰਾ ਹਾਲ ਇਸ ਮਹਿਕਮੇ ਦਾ ਹੋਇਆ ਹੈ।

---

** ** Expunged as ordered by the Hon'ble Speaker.

**ਮਾਨਯੋਗ ਸਪੀਕਰ :** ਬੈਠੋ, ਸੋਮ ਪ੍ਰਕਾਸ਼ ਜੀ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਇੱਕ ਮਿੰਟ ਜੀ, ਇੱਕ ਮਿੰਟ ਗੱਲ ਪੂਰੀ ਕਰ ਲੈਣ ਦਿਉ।

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਨੇ ਬੋਲਣਾ ਹੈ।

**ਸ਼੍ਰੀ ਸੋਮ ਪ੍ਰਕਾਸ਼ :** ਸਾਰੇ ਜਣਿਆਂ ਨੂੰ ਦਸ-ਦਸ ਮਿੰਟ ਵੱਧ ਦਿੰਦੇ ਹੋ। ਦੋ ਮਿੰਟ ਹੋਰ ਦੇ ਦਿਉ ਜੀ। ਕੀ ਫਰਕ ਪੈਂਦਾ ਹੈ? ਸਰ, ਮੇਰੀ ਬੇਨਤੀ ਹੈ ਆਪਣੀ ਹੀ ਗੱਲ ਕਰ ਲਈਏ। ਸਾਨੂੰ ਤੁਸੀਂ ਸਕਿਉਰਿਟੀ ਵਹੀਕਲ ਦਿੱਤੇ ਹਨ, 6-6, 7-7, 10-10 ਸਾਲ ਪੁਰਾਣੇ ਵਹੀਕਲ, ਜਿਹੜੇ ਕਿ ਸਕਿਉਰਿਟੀ ਥਰੈਟ ਬਣ ਚੁੱਕੇ ਹਨ। ਐਫ.ਐਮ. ਸਾਹਿਬ ਤੁਹਾਨੂੰ ਬੇਨਤੀ ਹੈ..... (ਵਿਘਨ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ :** ਬੋਲ ਲੈਣ ਦਿਉ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਉਹ ਕਹਿੰਦੇ ਹਨ ਕਿ 10 ਸਾਲ ਪੁਰਾਣੇ ਵਹੀਕਲ ਹਨ। ਪੁਰਾਣੀ ਸਰਕਾਰ ਹੀ ਦੇ ਕੇ ਗਈ ਹੈ।

**ਸ਼੍ਰੀ ਸੋਮ ਪ੍ਰਕਾਸ਼ :** ਰਾਜਾ ਵੜਿੰਗ ਜੀ, ਤੁਹਾਡੀ ਗੱਲ ਮੰਨ ਲਈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਹੁਣ ਕਹਿੰਦੇ ਹਨ ਕਿ ਮੁਲਾਜ਼ਮ ਰੀੜ੍ਹ ਦੀ ਹੱਡੀ ਹਨ, ਪਰਸੋਂ ਕਹਿੰਦੇ ਸੀ ਕਿਸਾਨ ਰੀੜ੍ਹ ਦੀ ਹੱਡੀ ਹੈ।

**ਸ਼੍ਰੀ ਸੋਮ ਪ੍ਰਕਾਸ਼ :** ਬੈਠ ਜਾਉ, ਹੋ ਗਈ ਤੁਹਾਡੀ ਗੱਲ।

**ਮਾਨਯੋਗ ਸਪੀਕਰ :** ਬੈਠੋ, ਬੈਠੋ।

**ਸ਼੍ਰੀ ਸੋਮ ਪ੍ਰਕਾਸ਼ :** ਐਫ.ਐਮ. ਸਾਹਿਬ ਨੂੰ ਬੇਨਤੀ ਹੈ....

**ਮਾਨਯੋਗ ਸਪੀਕਰ :** ਕਰ ਦਿਉ ਬੇਨਤੀ। (ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼ :** ਜਿਹੜੇ ਆਪਾਂ ਵਹੀਕਲ ਵਰਤਦੇ ਹਾਂ, (ਵਿਘਨ) (ਸ਼ੋਰ) ਇੱਕ ਮਿੰਟ ਜੀ, ਸਾਰਿਆਂ ਦੀ ਗੱਲ ਹੈ ਜੀ।

**ਮਾਨਯੋਗ ਸਪੀਕਰ :** ਕਰ ਦਿਉ ਬੇਨਤੀ, ਕਰ ਦਿਉ ਜਲਦੀ।

**ਸ਼੍ਰੀ ਸੋਮ ਪ੍ਰਕਾਸ਼:** ਇੱਕ ਮਿੰਟ ਜੀ, ਪਲੀਜ਼। ਜਿਹੜੇ ਸਾਡੇ ਵਹੀਕਲ ਹਨ, ਉਨ੍ਹਾਂ ਦੇ ਪੈਟਰੋਲ ਦੇ ਪੈਸੇ ਸਾਨੂੰ ਕੋਲੋਂ ਭਰਨੇ ਪੈਂਦੇ ਹਨ, ਸਾਰਿਆਂ ਦੇ 2-2, 3-3 ਲੱਖ ਰੁਪਏ ਦੇ ਬਿਲ ਪੈਂਡਿੰਗ ਪਏ ਹਨ।

**ਮਾਨਯੋਗ ਸਪੀਕਰ :** ਉਹ ਇਜਾਜ਼ਤ ਦੇ ਦਿੱਤੀ ਹੈ, ਐਫ.ਐਮ. ਸਾਹਿਬ ਨੇ ਹੁਕਮ ਕਰ ਦਿੱਤਾ ਹੈ।

**ਸ਼੍ਰੀ ਸੋਮ ਪ੍ਰਕਾਸ਼ :** ਐਫ.ਐਮ. ਸਾਹਿਬ ਉਹ ਬਿਲ ਕਲੀਅਰ ਕਰਵਾ ਦਿਉ ਜੀ। (ਵਿਘਨ) (ਸ਼ੋਰ) ਇੱਕ ਮਿੰਟ ਸੁਣ ਤਾਂ ਲਉ। ਸਰ, ਪਿਛਲੇ ਵਾਰੀ ਬਜਟ ਸੈਸ਼ਨ ਤੋਂ ਬਾਅਦ ਬੜਾ ਰੌਲਾ ਪਿਆ ਕਿ ਐਮ.ਐਲ.ਏਜ਼. ਦੀਆਂ ਤਨਖਾਹਾਂ ਦੁੱਗਣੀਆਂ ਹੋ ਗਈਆਂ, ਤਿੱਗਣੀਆਂ ਹੋ ਗਈਆਂ ਪਰ ਹੋਇਆ ਕੁਝ ਨਹੀਂ। ਸੱਚ ਇਹ ਹੈ ਕਿ ਤਨਖਾਹ ਜਿਹੜੀ ਹੈ (ਵਿਘਨ) (ਸ਼ੋਰ) ਤੁਸੀਂ ਵੀ ਵਿੱਚ ਹਿੱਸਾ ਹੋ, ਐਫ.ਐਮ. ਸਾਹਿਬ ਵੀ ਬੈਠੇ ਹਨ, ਬ੍ਰਹਮ ਮਹਿੰਦਰਾ ਸਾਹਿਬ ਵੀ ਬੈਠੇ ਹਨ। ਪੰਜਾਬ ਵਿੱਚ ਸਾਰੇ ਭੱਤੇ ਮਿਲਾ ਕੇ ਸਾਨੂੰ ਤਨਖਾਹ 84,000/- ਰੁਪਏ ਮਿਲਦੀ ਹੈ। ਜਦੋਂ ਕਿ ਹਰਿਆਣਾ ਵਿੱਚ 1,60,000/- ਰੁਪਏ ਮਿਲਦਾ ਹੈ ਅਤੇ ਹਿਮਾਚਲ ਵਿੱਚ 2,10,000/- ਰੁਪਏ ਮਿਲਦਾ ਹੈ। ਤੇਲੰਗਾਨਾ ਵਿੱਚ 3 ਲੱਖ ਮਿਲਦਾ ਹੈ। ਸਾਡੇ ਰੌਲਾ ਇਹ ਪੈਂਦਾ ਹੈ ਕਿ ਪੰਜਾਬ ਵਿੱਚ ਪਤਾ ਨਹੀਂ ਕੀ ਲੁੱਟ ਲਿਆ ਹੈ। ਸੋ, ਮੇਰੀ ਬੇਨਤੀ ਹੈ.....

**ਮਾਨਯੋਗ ਸਪੀਕਰ :** ਬੈਠੋ ਜੀ। ਸਰਦਾਰ ਸੁਖਬੀਰ ਸਿੰਘ ਬਾਦਲ ਜੀ। ਬਾਦਲ ਸਾਹਿਬ, ਉਠੋ। ਸਰਦਾਰ ਸੁਖਬੀਰ ਸਿੰਘ ਬਾਦਲ।

**ਸ਼੍ਰੀ ਸੋਮ ਪ੍ਰਕਾਸ਼ :** ਜਿਹੜੀ ਗੱਲ ਸ਼ੁਰੂ ਕੀਤੀ ਸੀ, ਉਸ ਨੂੰ ਪੂਰਾ ਕਰ ਲੈਣ ਦਿਉ।

**ਮਾਨਯੋਗ ਸਪੀਕਰ :** ਬੈਠੋ ਜੀ ਬੈਠੋ, ਸੋਮ ਪ੍ਰਕਾਸ਼ ਜੀ, ਹੋ ਗਿਆ।

**ਸ਼੍ਰੀ ਸੋਮ ਪ੍ਰਕਾਸ਼ :** ਸਰ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਜਿਹੜਾ ਬਜਟ ਹੈ ਜੀ, ਤੁਸੀਂ ਆਪਣੇ ਵੱਲੋਂ ਤਾਂ ਬਹੁਤ ਵਧੀਆ ਦਿੱਤਾ ਹੈ....

**ਮਾਨਯੋਗ ਸਪੀਕਰ :** ਬੈਠੋ ਜੀ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਇੱਕ ਮਿੰਟ ਜੀ। ਕਿਸੇ ਨੇ ਕਿਹਾ ਸੀ ਕਿ ਜੇਕਰ ਸਾਰੇ ਮੰਤਰੀ ਬੈਠੇ ਹੋਣ, ਐਫ.ਐਮ. ਸਾਹਿਬ ਦੀ ਬਿਨਾਂ ਪੁੱਛਿਆਂ ਪਛਾਣ ਕਰਨੀ ਹੋਵੇ, ਇਸ ਬਾਰੇ ਕਿਸੇ ਨੇ ਆਰਟੀਕਲ ਲਿਖਿਆ ਸੀ ਕਿ ਜਿਹੜੇ ਚੁੱਪ-ਚਾਪ ਬੈਠੇ ਹੋਣ, ਗੰਭੀਰ ਬੈਠੇ ਹੋਣ, ਬੋਲਦੇ ਘੱਟ ਹੋਣ, ਹੱਸਦੇ ਘੱਟ ਹੋਣ, ਚਿੰਤਤ ਹੋਣ, ਉਹ ਫਾਈਨਾਂਸ ਮਨਿਸਟਰ ਹੋਣਗੇ। (ਸ਼ੋਰ) ਇਸ ਕਰਕੇ ਇਨ੍ਹਾਂ ਨੂੰ ਚਿੰਤਾ ਬਹੁਤ ਹੈ । ਸਾਰਿਆਂ ਦੀ ਚਿੰਤਾ ਹੈ, ਪੈਸੇ ਮੰਗਣ ਵਾਲੇ ਬਹੁਤ ਹਨ।

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਬਾਦਲ ਜੀ। ਸੋਮ ਪ੍ਰਕਾਸ਼ ਜੀ, ਬੈਠ ਜਾਉ ਹੁਣ।

**ਸ਼੍ਰੀ ਸੋਮ ਪ੍ਰਕਾਸ਼ :** ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਬਾਦਲ ਜੀ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਥੰਪਿੰਗ)।

**ਸਰਦਾਰ ਸੁਖਬੀਰ ਸਿੰਘ ਬਾਦਲ (ਜਲਾਲਾਬਾਦ) :** ਸਪੀਕਰ ਸਾਹਿਬ, ਅੱਜ ਤੀਜੇ ਬਜਟ ਤੇ ਡਿਸਕਸ਼ਨ ਹੋ ਰਹੀ ਹੈ। ਇਹ ਪ੍ਰੈਜ਼ੈਂਟ ਸਰਕਾਰ ਦਾ ਤੀਜਾ ਬਜਟ ਹੈ। ਐਫ.ਐਮ. ਸਾਹਿਬ ਦਾ ਤੀਜਾ ਬਜਟ ਹੈ। ਹਰ ਬਜਟ ਵਿੱਚ ਜੋ ਸਪੀਚ ਆਉਂਦੀ ਹੈ, ਇੱਕ ਕਾਪੀ ਛਾਪੀ ਜਾਂਦੀ ਹੈ, ਜਦੋਂ ਬਜਟ ਖਤਮ ਹੋ ਜਾਂਦਾ ਹੈ ਤਾਂ ਸਟੋਰ ਵਿੱਚ ਚਲੀ ਜਾਂਦੀ ਹੈ। ਉਸ ਤੋਂ ਬਾਅਦ ਜੋ ਲਿਖਿਆ ਹੁੰਦਾ ਹੈ, ਉਸ ਵਿੱਚ ਕੋਈ ਅਮਲ ਨਹੀਂ ਹੁੰਦਾ। ਮੈਨੂੰ ਲਗਦਾ ਹੈ ਕਿਸੇ ਸਟੇਟ ਵਿੱਚ ਇੰਨਾ ਫੈਬਰੀਕੇਟਿਡ ਬਜਟ ਨਹੀਂ ਹੋਣਾ ਹੈ। ਕਿਉਂਕਿ ਜਦੋਂ ਬਜਟ ਪੇਸ਼ ਹੁੰਦਾ ਹੈ, ਮੈਨੂੰ ਯਾਦ ਹੈ ਪਹਿਲਾਂ ਲੋਕੀਂ ਵੇਟ ਕਰਦੇ ਹੁੰਦੇ ਸੀ ਕਿ ਬਜਟ ਆਵੇਗਾ ਤਾਂ ਸਾਨੂੰ ਪਤਾ ਨਹੀਂ ਕੀ-ਕੀ ਮਿਲੇਗਾ। ਹੁਣ ਦੇਖਦੇ ਹੀ ਨਹੀਂ ਹਨ ਕਿਉਂਕਿ ਜਦੋਂ ਬਜਟ ਆਇਆ ਤਾਂ ਉਹ ਐਕਸਰਸਾਈਜ਼ ਉਸੇ ਦਿਨ ਦੀ ਹੀ ਹੈ, ਸਾਰਾ ਕੁਝ ਹੀ manipulated ਹੈ, cover-up ਹੈ, deceptive ਹੈ। ਐਤਕੀਂ ਵੀ ਜਦੋਂ ਮੈਂ ਪਹਿਲਾ ਪੇਜ ਪੜ੍ਹਿਆ ਤਾਂ ਵਿੱਤ ਮੰਤਰੀ ਸਾਹਿਬ ਨੇ Winston Churchill ਦੀ ਗੱਲ ਕਹੀ ਕਿ ਉਸ ਨੇ ਆਪਣੀ ਸੈਕਿੰਡ ਵਰਲਡ ਵਾਰ ਵਿੱਚ ਕਿਹਾ ਸੀ ਕਿ "Give us the tools, we will finish the job." ਪੰਜਾਬ ਦੀ ਜਨਤਾ ਨੇ ਟੂਲ ਤਾਂ ਦੇ ਦਿੱਤੇ ਪਰ ਇਨ੍ਹਾਂ ਨੇ ** ** ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤਿੰਨ ਬਜਟ ਪੇਸ਼ ਹੋਏ ਹਨ। ਹਰ ਬਜਟ ਵਿੱਚ ਨਵੇਂ ਨਾਂ ਆ ਜਾਂਦੇ ਹਨ। ਮੈਨੂੰ ਯਾਦ ਹੈ ਜਦੋਂ ਪਹਿਲਾ ਬਜਟ ਹੋਇਆ ਸੀ ਤਾਂ ਬੜੇ ਧੂਮਧਾਮ ਨਾਲ ਕਿਹਾ ਸੀ ਕਿ ਪੰਜਾਬ ਸਰਕਾਰ ਅਸੀਂ ਬਣਾਈ ਹੈ, ਪ੍ਰੀਵੀਅਸ ਦਸ ਸਾਲਾਂ ਵਿੱਚ ਬੁਰਾ ਹਾਲ ਕਰ ਦਿੱਤਾ, ਕਰਜ਼ੇ ਚੜ੍ਹਾ ਦਿੱਤੇ, ਪੂਰਾ ਲੈਕਚਰ ਵਧੀਆ ਦਿੱਤਾ ਅਤੇ ਕਿਹਾ ਕਿ ਮੈਂ ਚਾਰ ਸਾਲਾਂ ਵਿੱਚ ਪੰਜਾਬ ਨੂੰ ਟ੍ਰਾਂਸਫੋਰਮ ਕਰ ਦਿਆਂਗਾ। ਸਪੀਕਰ ਸਾਹਿਬ, ਨਵੀਆਂ ਸਕੀਮਾਂ ਆਈਆਂ, ਯੂਨੀਵਰਸਿਟੀ ਆਫ ਸਪੋਰਟਸ ਪ੍ਰਮੋਸ਼ਨ ਪਟਿਆਲਾ ਹੋਵੇਗਾ, ਮੋਬਾਇਲ ਫੋਨ ਵਾਸਤੇ ਪਹਿਲੇ ਬਜਟ ਵਿੱਚ 10 ਕਰੋੜ ਰੁਪਿਆ ਰੱਖ ਦਿੱਤਾ। ਆਪਣੀ ਗੱਡੀ ਆਪਣਾ ਰੁਜ਼ਗਾਰ ਸਕੀਮ, ਹਰਾ ਟ੍ਰੈਕਟਰ, ਨੀਲਾ ਟਰੈਕਟਰ, ਯਾਰੀ ਐਂਟਰਪ੍ਰਾਈਜ਼, ਸਟੇਟ ਆਫ ਦਿ ਆਰਟ ਇਨਫਰਾਸਟ੍ਰਕਚਰ ਬਨੂੜ ਤੇ ਸ਼ੰਭੂ, ਘਨੌਰ, ਕੰਨਵੈਨਸ਼ਨਲ ਸੈਂਟਰ

** ** Expunged as ordered by the Hon'ble Speaker.

ਲੁਧਿਆਣਾ, ਆਟਾ-ਦਾਲ ਦੇ ਨਾਲ ਚਾਹ ਤੇ ਖੰਡ ਸਾਰਾ ਕੁਝ ਕਿਹਾ ਤੇ ਲੋਕ ਕਹਿੰਦੇ ਕਿ ਵਿੱਤ ਮੰਤਰੀ ਸਾਹਿਬ ਆਏ ਹਨ, ਮੁੱਖ ਮੰਤਰੀ ਜੀ ਆਏ ਹਨ, ਸਹੁੰ ਚੁੱਕ ਕੇ ਆਏ ਹਨ, ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਆਏ ਹਨ, ਹੁਣ ਤਾਂ ਸਮਝੋ ਸਾਰਾ ਕੁਝ ਹੀ ਹੋ ਗਿਆ ਪਰ ਪੂਰਾ ਸਾਲ ਟੱਪ ਗਿਆ ਜੀ। ਅਗਲਾ ਬਜਟ ਆਇਆ, ਕੁਝ ਨਹੀਂ ਹੋਇਆ। ਸਪੀਕਰ ਸਾਹਿਬ, ਅਗਲਾ ਬਜਟ ਫਿਰ ਤੋਂ ਆ ਗਿਆ। ਫਿਰ ਕਿਹਾ ਗਿਆ ਕਿ ਸਪੋਰਟਸ ਯੂਨੀਵਰਸਿਟੀ ਪਟਿਆਲਾ ਵਿਖੇ ਬਣਾਵਾਂਗੇ, ਦੋ ਹੋਰ ਮੈਡੀਕਲ ਕਾਲਜ ਬਣਾਵਾਂਗੇ, super critical thermal plant ਬਣਾਵਾਂਗੇ, ਜੈਤੋ ਦੇ ਫਰੀਡਮ ਮੋਰਚੇ ਦੀ ਅਸੀਂ ਮੈਮੋਰੀਅਲ ਬਣਾਵਾਂਗੇ, ਅਰਬਨ-ਇੰਡਸਟ੍ਰੀਅਲ ਕੌਰੀਡੋਰ ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ, ਚੰਡੀਗੜ੍ਹ, ਹੁਸ਼ਿਆਰਪੁਰ, ਗੁਰਦਾਸਪੁਰ ਸੜਕ ਬਣਾਵਾਂਗੇ, 16 ਨਵੇਂ ਬਸ ਸਟੈਂਡ ਪੀ.ਪੀ.ਪੀ. ਮੋਡ ਤੇ ਅੰਮ੍ਰਿਤਸਰ, ਬਰਨਾਲਾ, ਬਟਾਲਾ ਮੈਨੂੰ ਲਗਦਾ ਹੈ ਸਾਰੇ ਸ਼ਹਿਰ ਗਿਣਾ ਦਿੱਤੇ ਸੀ। ਕੈਟਲ ਫੀਡ ਪਲਾਂਟ, ਸਟੇਟ ਰਿਫਾਈਨਰੀ ਪਤਾ ਨਹੀਂ ਕੀ ਕੀਤਾ ਹੈ ਜੀ। ਕੋਈ ਕੁਝ ਨਹੀਂ ਹੋਇਆ। ਸਾਰਾ ਕੁਝ ਕਾਗਜ਼ਾਂ ਵਿੱਚ ਹੀ ਰਹਿ ਗਿਆ। ਹੁਣ ਫਿਰ ਤੋਂ ਇਹ ਗੱਲਾਂ ਆ ਗਈਆਂ, "ਦਸ ਲੈਵਲ ਮਲਟੀਪਰਪਜ਼ ਸਟੇਡੀਅਮ" ਤਿੰਨ ਹੋਰ ਮੈਡੀਕਲ ਕਾਲਜ, ਮੈਂ ਕਹਿੰਦਾ ਹਾਂ ਕਿ ਪਹਿਲਾਂ ਤਾਂ ਦੋ ਮੈਡੀਕਲ ਕਾਲਜ ਬਣੇ ਨਹੀਂ ਤੇ ਤਿੰਨ ਹੋਰ ਮੈਡੀਕਲ ਕਾਲਜ ਆ ਗਏ ਹਨ। ਆਈਕੋਨਿਕ ਸਪੋਰਟਸ ਕੰਪਲੈਕਸ ਜਲੰਧਰ, ਸਪੋਰਟਸ ਯੂਨੀਵਰਸਿਟੀ ਤਾਂ ਬਣੀ ਨਹੀਂ, ਅੰਮ੍ਰਿਤਸਰ ਆਈਕੋਨਿਕ ਸਿਟੀ, ਦਸ ਕਰੋੜ ਰੁਪਏ, ਆਈਕੋਨਿਕ ਸਿਟੀ ਦਸ ਕਰੋੜ ਰੁਪਏ ਨਾਲ ਬਣਦੀ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਸਰਦਾਰ ਸੁਖਬੀਰ ਸਿੰਘ ਬਾਦਲ:** ਅਸੀਂ ਕਿਸੇ ਨੂੰ ਡਿਸਟਰਬ ਨਹੀਂ ਕੀਤਾ ਹੈ ਜੀ।

**ਮਾਨਯੋਗ ਸਪੀਕਰ:** ਬੋਲ ਲੈਣ ਦਿਓ, ਪਾਹੜਾ ਜੀ, ਪਾਹੜਾ ਜੀ। ਪਾਹੜਾ ਜੀ, ਐਫ.ਐਮ. ਸਾਹਿਬ ਨੇ ਵੀ ਬੋਲਣਾ ਹੈ। ਬੋਲ ਲੈਣ ਦਿਓ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਰ, ਡਿਸਟਰਬ ਨਹੀਂ ਕਰਦੇ ਹਾਂ, ਗੱਲ ਕਰਨੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਇਸ ਤਰ੍ਹਾਂ ਗੱਲਾਂ ਕਰੋਗੇ ਤਾਂ ਸਭ ਨੇ ਬੋਲਣਾ ਹੈ। ਦੱਸੋ, ਕੀ ਕਹਿਣਾ ਹੈ?

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਪੀਕਰ ਸਾਹਿਬ, ਆਨਰੇਬਲ ਐਮ.ਐਲ.ਏ . ਸਾਹਿਬ ਨੇ ਗੱਲ ਕੀਤੀ ਹੈ ਕਿ ਸੀ.ਐਮ. ਸਾਹਿਬ ਨੇ ਪੀ.ਪੀ.ਪੀ. ਮੋਡ ਤੇ ਬੱਸ ਸਟੈਂਡ ਅਨਾਊਂਸ ਕੀਤੇ ਹਨ। ਸਰ, 2012 ਵਿੱਚ ਉਦੋਂ ਇਨ੍ਹਾਂ ਦੀ ਹੀ ਸਰਕਾਰ ਸੀ ਅਤੇ ਇਹੀ ਨੀਂਹ ਪੱਥਰ ਰੱਖ ਕੇ ਆਏ ਸੀ। ਅੱਜ ਸੱਤ ਸਾਲ ਹੋ ਗਏ ਹਨ।

**ਮਾਨਯੋਗ ਸਪੀਕਰ:** ਇਸ ਦਾ ਫਿਰ ਐਫ.ਐਮ. ਸਾਹਿਬ ਜਵਾਬ ਦੇ ਦੇਣਗੇ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਨਹੀਂ ਸਰ, ਮੈਂ ਕਹਿ ਰਿਹਾ ਹਾਂ ਕਿ ਇਹ ਬੱਸ ਸਟੈਂਡ ਬਣ ਰਿਹਾ ਹੈ, ਚਿੰਤਾ ਨਾ ਕਰੋ, ਬਣ ਰਿਹਾ ਹੈ।

**ਮਾਨਯੋਗ ਸਪੀਕਰ:** ਤੁਸੀਂ ਬੈਠੋ, ਬੈਠੋ ਜੀ, ਬੈਠੋ। ਐਫ.ਐਮ. ਸਾਹਿਬ ਜਵਾਬ ਦੇਣਗੇ।

**ਸਰਦਾਰ ਸੁਖਬੀਰ ਸਿੰਘ ਬਾਦਲ**: ਇਨ੍ਹਾਂ ਨੇ ਇੰਨਾ ਕੁਝ ਕਿਹਾ ਹੈ, ਇੱਕ ਛੋਟੀ ਚੀਜ਼ ਹੈ, ਹੈ ਤਾਂ ਬਹੁਤ ਵੱਡੀ ਹੈਰੀਟੇਜ਼ ਸਟ੍ਰੀਟ ਹੈ, ਮੈਂ ਕਹਿੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਹੋਰ ਸਾਰੇ ਕੰਮ ਛੱਡ ਦਿਓ। ਹੈਰੀਟੇਜ਼ ਸਟ੍ਰੀਟ ਜਿਹੜੀ ਬਣਾਈ ਗਈ ਸੀ, ਉਹ ਸੁਖਬੀਰ ਸਿੰਘ ਬਾਦਲ ਦੀ ਨਹੀਂ ਉਹ ਪ੍ਰਮਾਤਮਾ ਦੀ ਬਖਸ਼ਿਸ਼ ਨਾਲ ਬਣੀ ਸੀ। ਤੁਸੀਂ ਇੰਨਾ ਸਾਰਾ ਕੁਝ ਕੀਤਾ ਹੈ, ਉੱਥੇ ਜਾ ਕੇ ਦੇ ਖੋ ਕਿ ਕੀ ਉੱਥੇ ਸਫਾਈ ਹੈ? ਉੱਥੇ ਜਿਹੜੇ ਬੂਟੇ ਲਗਾਏ ਹਨ, ਉਨ੍ਹਾਂ ਨੂੰ ਪਾਣੀ ਹੀ ਨਹੀਂ ਪਾਇਆ ਹੈ। ਜਿਹੜੀ ਆਪਾਂ ਨੂੰ ਬੜੀ ਮਾਣ ਦੀ ਗੱਲ ਸੀ। ਉੱਥੇ ਇੰਨਾ ਮਾੜਾ ਹਾਲ ਹੋ ਗਿਆ ਹੈ। ਮੈਂ ਇਸ ਵਿੱਚ ਕੋਈ ਪੋਲੀਟਿਕਸ ਨਹੀਂ ਕਰਨਾ ਚਾਹੁੰਦਾ ਹਾਂ। ਇਨ੍ਹਾਂ ਨੇ ਜੈਤੋ ਦੇ ਮੈਮੋਰੀਅਲ ਦਾ ਜ਼ਿਕਰ ਕੀਤਾ ਹੈ।ਵੱਡੀਆਂ ਚੀਜ਼ਾਂ ਦਾ ਜ਼ਿਕਰ ਕੀਤਾ ਹੈ। ਜਿਹੜੇ ਪਹਿਲਾਂ ਚਿੱਟੇ ਹਾਥੀ ਕਹੇ ਜਾਂਦੇ ਸੀ, ਅੱਜ ਉਨ੍ਹਾਂ ਨੂੰ ਬੜੇ ਮਾਣ ਨਾਲ ਕਹਿੰਦੇ ਹਾਂ ਕਿ ਲਿਮਕਾ ਬੁੱਕ ਆਫ ਰਿਕਾਰਡਸ ਵਿੱਚ ਇਹ ਚੀਜ਼ਾਂ ਆ ਗਈਆਂ ਹਨ, ਸਾਰੀਆਂ ਚੀਜ਼ਾਂ ਆ ਗਈਆਂ ਹਨ। ਸਪੀਕਰ ਸਾਹਿਬ, ਕੋਈ ਪ੍ਰੋਵੀਜ਼ਨ ਨਹੀਂ ਹੈ, ਸਿਰਫ ਗੱਲਾਂ ਹੀ ਹਨ।

ਹੁਣ ਮੈਂ ਇਕਾਨਮੀ ਦੀ ਗੱਲ ਕਰਨੀ ਚਾਹੁੰਦਾ ਹਾਂ। ਵਿੱਤ ਮੰਤਰੀ ਸਾਹਿਬ ਜਾਂ ਮੁੱਖ ਮੰਤਰੀ ਸਾਹਿਬ ਤੁਹਾਡੀ ਸਰਕਾਰ ਹੈ। ਕੁਝ ਇੰਡੀਕੇਟਰਜ਼ ਹੁੰਦੇ ਹਨ ਕਿ ਸਰਕਾਰ ਅੱਗੇ ਜਾ ਰਹੀ ਹੈ ਜਾਂ ਪਿੱਛੇ ਜਾ ਰਹੀ ਹੈ। ਸਭ ਤੋਂ ਵੱਡਾ ਇੰਡੀਕੇਟਰ ਇਕਨਾਮਿਕ ਗ੍ਰੋਥ ਹੁੰਦਾ ਹੈ। ਜਦੋਂ ਅਸੀਂ ਸਾਲ 2016-17 ਵਿੱਚ ਸਰਕਾਰ ਛੱਡੀ ਤਾਂ 7.16% ਇਕਨਾਮਿਕ ਗਰੋਥ ਸੀ, ਇਹ ਆਫੀਸ਼ੀਅਲ ਫਿਗਰਜ਼ ਹਨ। ਪਹਿਲੇ ਬਜਟ ਤੋਂ

ਬਾਅਦ ਇਕਨਾਮਿਕ ਗਰੋਥ ਘੱਟ ਗਈ, 6.27% ਰਹਿ ਗਈ ਫਿਰ ਦੂਜੇ ਬਜਟ ਤੋਂ ਬਾਅਦ ਇਕਨਾਮਿਕ ਗਰੋਥ ਘੱਟ ਕੇ 5.93% ਤੇ ਆ ਗਈ। ਦੇਖੋ ਜੀ, ਗਰੋਥ ਵਧਣੀ ਚਾਹੀਦੀ ਹੈ ਪਰ ਇੱਥੇ ਘੱਟ ਰਹੀ ਹੈ। ਦੂਜਾ ਇੰਡੀਕੇਟਰ ਹੁੰਦਾ ਹੈ, ਫਿਸਕਲ ਡੈਫੀਸਿਟ। ਸਪੀਕਰ ਸਾਹਿਬ, ਸਾਡੇ ਐਫ.ਐਮ. ਸਾਹਿਬ ਬੈਠੇ ਹਨ। ਅਸੀਂ 3% ਤੋਂ ਵੱਧ ਫਿਸਕਲ ਡੈਫੀਸਿਟ ਨਹੀਂ ਹੋਣ ਦਿੱਤਾ, ਇਨ੍ਹਾਂ ਨੇ 3.5% ਤੇ ਪਹੁੰਚਾ ਦਿੱਤਾ। ਜਿਹੜਾ ਰੈਵੇਨਿਊ ਡੈਫੀਸਿਟ ਹੈ, ਜਦੋਂ ਅਸੀਂ ਸਰਕਾਰ ਛੱਡ ਕੇ ਗਏ ਤਾਂ 1.7% ਸੀ, ਇਨ੍ਹਾਂ ਨੇ ਪਹਿਲੇ ਸਾਲ ਵਿੱਚ 2.1%, ਦੂਜੀ ਵਾਰ 2.3% ਅਤੇ ਹੁਣ 3% ਦੇ ਨੇੜੇ ਚਲਾ ਗਿਆ ਹੈ। ਸਪੀਕਰ ਸਾਹਿਬ, ਕੀ ਕਾਰਨ ਹੈ? ਇਹ ਸਰਕਾਰ ਡਰਾਈਵਰਲੈੱਸ ਸਰਕਾਰ ਹੈ, ਕੋਈ ਡਾਇਰੈਕਸ਼ਨ ਨਹੀਂ, ਕੋਈ ਪਤਾ ਨਹੀਂ ਕਿਹੜੀ ਸੜਕ ਤੇ ਜਾਣਾ ਹੈ, ਕਿੱਧਰ ਵੱਜਣਾ ਹੈ, ਕੋਈ ਪਲੈਨਿੰਗ ਨਹੀਂ, ਕੋਈ ਵਿਜ਼ਨ ਨਹੀਂ, ਕੋਈ ਟਾਰਗੈੱਟ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਗੱਲ ਦੱਸਦਾ ਹਾਂ। ਕੈਪਟਨ ਸਾਹਿਬ, ਪਹਿਲਾਂ ਵੀ 2002-07 ਦੌਰਾਨ ਮੁੱਖ ਮੰਤਰੀ ਬਣੇ। ਮੈਂ ਇੰਡੀਕੇਟਰਸ ਦੱਸਦਾ ਹਾਂ ਕਿ ਜਦੋਂ ਸਰਕਾਰ ਬਣਦੀ ਹੈ ਤਾਂ ਸਟੇਟ ਦਾ ਕੀ ਹਾਲ ਹੁੰਦਾ ਹੈ। ਜਦੋਂ 2002-07 ਦੀ ਸਰਕਾਰ ਬਣੀ, ਜਦੋਂ ਸਾਲ ਸ਼ੁਰੂ ਹੋਇਆ, ਉਦੋਂ ਵੈਟ ਹੁੰਦਾ ਸੀ। ਜਦੋਂ ਇਨ੍ਹਾਂ ਨੇ ਸਰਕਾਰ ਸਾਂਭੀ, ਉਦੋਂ ਵੈਟ 3000 ਕਰੋੜ ਰੁਪਏ ਹੁੰਦਾ ਸੀ ਅਤੇ ਜਦੋਂ 2007 ਵਿੱਚ ਗਏ ਤਾਂ ਵੈਟ 5000 ਕਰੋੜ ਰੁਪਏ ਪ੍ਰਤੀ ਸਾਲ ਹੋ ਗਿਆ। From 3000 Cr. increase to 5000 Cr. ਸਪੀਕਰ ਸਾਹਿਬ, ਜਦੋਂ ਅਸੀਂ 2007 ਵਿੱਚ ਸਰਕਾਰ ਸੰਭਾਲੀ ਤਾਂ ਸਾਨੂੰ 5000 ਕਰੋੜ ਰੁਪਿਆ ਸਾਲ ਦਾ ਆਉਂਦਾ ਸੀ। ਅਸੀਂ 10 ਸਾਲਾਂ ਵਿੱਚ, ਜਿਹੜਾ ਸਾਡਾ ਆਖਰੀ ਸਾਲ ਸੀ, 19000 ਕਰੋੜ ਰੁਪਏ ਪ੍ਰਤੀ ਸਾਲ ਦਾ ਵੈਟ ਅਸੀਂ ਲੈ ਗਏ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਥੰਪਿੰਗ) which is 15% growth per year. ਐਵਰੇਜ ਆ ਗਈ 15% ਗਰੋਥ। ਜਿਹੜੀ ਤੁਸੀਂ ਚਾਰੋਂ ਤਰਫ ਡਿਵੈਲਪਮੈਂਟ ਦੇਖਦੇ ਹੋ ਅਤੇ ਦਿਲੋਂ ਤੁਸੀਂ ਐਪਰੀਸ਼ੀਏਟ ਕਰਦੇ ਹੋ ਪਰ ਤੁਸੀਂ ਜ਼ੁਬਾਨ ਤੇ ਕਹਿ ਨਹੀਂ ਸਕਦੇ। ਇਹ ਉਹ ਕਾਰਨ ਹੈ। ਸਪੀਕਰ ਸਾਹਿਬ, ਮੈਂ ਹੁਣ ਦੱਸਦਾ ਹਾਂ ਜਦੋਂ ਦੀ ਸਰਕਾਰ ਵਾਪਸ ਬਣੀ ਹੈ ਹੁਣ ਇਨ੍ਹਾਂ ਦਾ ਗਰੋਥ ਰੇਟ ਘੱਟ ਕੇ 4.3% ਪ੍ਰਤੀ ਸਾਲ ਹੋ ਗਿਆ। From 15 per cent per year average ਤੋਂ ਘੱਟ ਕੇ ਪਿਛਲੇ 2 ਸਾਲ ਵਿੱਚ 4% ਹੋ ਗਿਆ। ਕੀ ਇਹ ਕਰੀਮਿਨਲ ਐਕਟ ਨਹੀਂ ਹੈ? ਇਹ ਜਿਹੜੀ ਸਰਕਾਰ ਪ੍ਰਾਈਮ ਮਨਿਸਟਰ ਮੋਦੀ ਜੀ ਕਰਕੇ ਸਰਵਾਈਵ ਕਰ ਰਹੀ ਹੈ, ਜੀ.ਐਸ.ਟੀ. ਦੀ ਕੰਪਨਸੇਸ਼ਨ, ਪੰਜਾਬ ਸਰਕਾਰ ਦਾ highest compensation. 35% ਸਰਕਾਰ ਨੂੰ ਮਿਲ ਰਿਹਾ ਹੈ। (ਵਿਘਨ..) ਐਫ.ਐਮ. ਸਾਹਿਬ ਨੇ ਜਵਾਬ ਦੇ ਦੇਣਾ ਹੈ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਮੈਂ ਜਵਾਬ ਦੇ ਦੇਵਾਂਗਾ।

(**ਇੱਕ ਅਵਾਜ਼:** ਜਵਾਬ ਸੁਣ ਕੇ ਜਾਣਾ।)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, 35% ਕੰਪਨਸੇਸ਼ਨ ਪੰਜਾਬ ਸਰਕਾਰ ਨੂੰ ਮਿਲ ਰਿਹਾ ਹੈ। ਬਿਹਾਰ ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਜ਼ਿਆਦਾ ਡਿਵੈਲਪਡ ਸਟੇਟ ਨਹੀਂ ਹੈ। ਉਸ ਨੂੰ ਇਕੱਲਾ 20-21% ਕੰਪਨਸੇਸ਼ਨ ਮਿਲਦਾ ਹੈ। ਸਪੀਕਰ ਸਾਹਿਬ, ਪਾਂਡੀਚਰੀ ਤੋਂ ਬਾਅਦ ਜੇ ਕਿਸੇ ਸਟੇਟ ਦੀ ਸਭ ਤੋਂ highest compensation ਹੈ ਤਾਂ ਉਹ ਪੰਜਾਬ ਸਟੇਟ ਹੈ। ਸਪੀਕਰ ਸਾਹਿਬ, ਐਕਸਾਈਜ਼ ਦੀ ਗੱਲ ਕਰ ਲਓ। ਮੈਂ ਕਿਸੇ ਤੇ ਕੋਈ ਪਰਸਨਲ ਗੱਲ ਨਹੀਂ ਕਰਨਾ ਚਾਹੁੰਦਾ। ਸਪੀਕਰ ਸਾਹਿਬ, ਮੈਂ ਵੈਨਡੇਟਾ ਦੀ ਗੱਲ ਕਰਨਾ ਚਾਹੁੰਦਾ ਹਾਂ। ਇਨ੍ਹਾਂ ਦੀ ਸਰਕਾਰ ਵਿੱਚ ਕੀ ਹੋ ਰਿਹਾ ਹੈ? ਸਾਡੇ ਤੇ ਜੋ ਮਰਜ਼ੀ ਝੂਠੇ ਇਲਜ਼ਾਮ ਲਗਾਈ ਜਾਣ, ਸਾਨੂੰ ਕੋਈ ਫਿਕਰ ਨਹੀਂ। ਕੈਪਟਨ ਸਾਹਿਬ 2002-07 ਵਿੱਚ ਮੁੱਖ ਮੰਤਰੀ ਬਣੇ, ਜਦੋਂ ਇਨ੍ਹਾਂ ਦੀ ਸਰਕਾਰ ਬਣੀ। ਪਹਿਲੇ ਸਾਲ ਇਨ੍ਹਾਂ ਦਾ ਐਕਸਾਈਜ਼ ਦਾ ਰੈਵੇਨਿਊ 1428 ਕਰੋੜ ਰੁਪਏ ਸੀ, ਪੰਜਵੇਂ ਸਾਲ ਜਦੋਂ ਸਾਲ 2007 ਵਿੱਚ ਸਰਕਾਰ ਖਤਮ ਹੋਈ, ਉਦੋਂ ਇਨ੍ਹਾਂ ਦਾ ਐਕਸਾਈਜ਼ ਦਾ ਰੈਵੇਨਿਊ 1363 ਕਰੋੜ ਰੁਪਏ ਸੀ। ਤੁਸੀਂ ਕਦੇ ਐਕਸਾਈਜ਼ 5 ਸਾਲ ਵਿੱਚ ਘਟਦਾ ਵੇਖਿਆ ਹੈ? ਇਸ ਸਰਕਾਰ ਦੇ 5 ਸਾਲ ਵਿੱਚ ਐਕਸਾਈਜ਼ ਘਟਦਾ ਗਿਆ। ਪਹਿਲੇ ਸਾਲ 1363 ਕਰੋੜ ਸੀ ਅਤੇ ਅਸੀਂ 5000 ਕਰੋੜ ਰੁਪਏ ਦੇ ਨੇੜੇ ਪਹੁੰਚਾ ਦਿੱਤਾ ਸੀ, ਉਦੋਂ 4700 ਕਰੋੜ ਰੁਪਏ ਸੀ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਫਿਰ ਕਹਿੰਦੇ ਹਨ ਕਿ ਅਸੀਂ ਮਾਫੀਆ ਨੂੰ ਵਧਾਇਆ ਹੈ। 5 ਸਾਲ ਕੋਈ ਇਨਕਰੀਜ਼ ਨਹੀਂ ਸਿਰਫ ਡਿਕਰੀਜ਼ ਹੋਏ। ਅਸੀਂ 3 ਵਾਰ ਇਨਕਰੀਜ਼ ਕਰ ਦਿੱਤਾ, ਫਿਰ ਇਨ੍ਹਾਂ ਨੇ ਸੰਭਾਲਿਆ ਅਤੇ ਕਿਹਾ ਕਿ ਅਸੀਂ ਪਹਿਲੇ ਸਾਲ 6000 ਕਰੋੜ ਰੁਪਏ ਲੈ ਕੇ ਜਾਵਾਂਗੇ, 6500 ਕਰੋੜ ਰੁਪਏ ਲੈ ਕੇ ਜਾਵਾਂਗੇ। ਸਪੀਕਰ ਸਾਹਿਬ, ਇਹ 5200 ਕਰੋੜ ਰੁਪਏ ਤੇ ਹੀ ਬੈਠੇ ਹਨ। ਅੱਜ ਮੈਂ ਕਿਸੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ ਜਿਹੜੀ ਐਕਸਾਈਜ਼ ਪਾਲਿਸੀ ਇਨ੍ਹਾਂ ਨੇ ਬਣਾਈ ਹੈ।

ਅੱਜ ਪੰਜਾਬ ਦੇ ਸ਼ਰਾਬ ਦੇ ਰੇਟ ਨੌਰਥ-ਇੰਡੀਆ ਵਿੱਚ ਸਭ ਤੋਂ highest ਹਨ, ਕੋਈ ਮਰਜ਼ੀ ਚੀਜ਼ ਲੈ ਲਵੋ। ਇਹ ਪਾਲਿਸੀ ਸਮਗਲਿੰਗ ਨੂੰ ਇਨਕਰੇਜ ਕਰਨ ਵਾਸਤੇ ਬਣੀ ਹੈ। ਅੱਜ ਹਰਿਆਣੇ ਦੀ ਸ਼ਰਾਬ ਕਿਤੇ ਮਰਜ਼ੀ ਤੋਂ ਲੈ ਲਵੋ, ਕਿਸੇ ਕੋਨੇ ਵਿੱਚ ਮੰਗਵਾ ਲਵੋ, ਟਰੱਕਾਂ ਦੇ ਟਰੱਕ ਆ ਰਹੇ ਹਨ। ਇਸ ਦਾ ਪਰਪਜ਼ ਇਹ ਹੈ ਕਿ ਸਮੱਗਲਿੰਗ ਵਿੱਚ ਆਪਣੇ ਬੰਦਿਆਂ ਨੂੰ ਐਡਜਸਟ ਕਰ ਲਓ। ਇਨ੍ਹਾਂ ਦਾ ਸਟੇਟ ਦੀ ਰੈਵੇਨਿਊ ਵੱਲ ਕੋਈ ਧਿਆਨ ਨਹੀਂ ਹੈ। ਮੈਂ ਅੱਜ ਦਾਅਵੇ ਨਾਲ ਕਹਿ ਸਕਦਾ ਹਾਂ ਕਿ

ਡਿਸਟਿਲਰੀਆਂ ਤੋਂ ਟਰੱਕਾਂ ਦੇ ਟਰੱਕ ਆ ਰਹੇ ਹਨ। ਦੋ ਨੰਬਰ ਵਿੱਚ ਨਿਕਲ ਰਹੇ ਹਨ। ਕੋਈ ਰੋਕਣ ਦੀ ਲੋੜ ਨਹੀਂ ਹੈ। ਕੋਈ ਰੈਵੇਨਿਊ ਦੀ ਲੋੜ ਨਹੀਂ ਹੈ, ਇਸ ਲਈ ਹੀ ਰੈਵੇਨਿਊ ਦਾ ਡੈਫੀਸਿਟ ਹੋ ਰਿਹਾ ਹੈ। ਸਪੀਕਰ ਸਾਹਿਬ, ਹੁਣ ਮਾਈਨਿੰਗ ਦੀ ਗੱਲ ਤੇ ਆ ਜਾਓ। ਸਾਨੂੰ ਮਾਈਨਿੰਗ ਮਾਫੀਆ ਕਿਹਾ ਜਾਂਦਾ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ 2017 ਵਿੱਚ ਸਰਕਾਰ ਛੱਡੀ ਸੀ ਤਾਂ ਉਦੋਂ ਮਾਈਨਿੰਗ ਦੀ ਰੈਵੇਨਿਊ 102 ਕਰੋੜ ਰੁਪਏ ਸਾਲ ਦੀ ਸੀ। ਇਨ੍ਹਾਂ ਵੱਲੋਂ ਕਿਹਾ ਜਾਂਦਾ ਸੀ ਕਿ ਬਹੁਤ ਮਾੜੀ ਰੈਵੇਨਿਊ ਹੈ। ਕਹਿੰਦੇ ਸੀ ਕਿ ਲੁੱਟ ਕੇ ਖਾ ਗਏ ਹਨ। ਇੱਕ ਮੰਤਰੀ ਨੇ ਕਿਹਾ ਕਿ ਦੋ ਹਜ਼ਾਰ ਕਰੋੜ ਹੋਣੀ ਚਾਹੀਦੀ ਹੈ, ਕਿਸੇ ਨੇ ਕਿਹਾ ਕਿ ਚਾਰ ਹਜ਼ਾਰ ਕਰੋੜ ਹੋਣੀ ਚਾਹੀਦੀ ਹੈ। ਮਾਨਯੋਗ ਐਫ.ਐਮ. ਸਾਹਿਬ ਦੇ ਬਜਟ ਵਿੱਚ 400 ਕਰੋੜ ਰੁਪਿਆ ਰੱਖਿਆ ਗਿਆ ਹੈ।ਅਸੀਂ ਕਿਹਾ ਕਿ ਜੇ ਦੋ ਹਜ਼ਾਰ ਕਰੋੜ ਰੁਪਏ ਨਹੀਂ ਤਾਂ ਚਲੋ ਚਾਰ ਸੌ ਕਰੋੜ ਰੁਪਏ ਹੀ ਹੋਏ। ਪਰ ਇਹ 102 ਕਰੋੜ ਰੁਪਏ ਤੋਂ ਘੱਟ ਕੇ 32 ਕਰੋੜ ਰੁਪਏ ਹੋ ਗਈ। ਸਪੀਕਰ ਸਾਹਿਬ, ਆਹ ਅਖਬਾਰਾਂ ਦੀਆਂ ਕਟਿੰਗਜ਼ ਹਨ, ਪੰਜਾਬ ਵਿੱਚ 15 ਮਾਈਨਾਂ ਚੱਲ ਰਹੀਆਂ ਹਨ। ਪੰਜਾਬ ਦੀ ਲੀਗਲ ਮਾਈਨਿੰਗ ਜਿਹੜੀ ਸੈਂਕਸ਼ਨਡ ਹੈ, ਉਹ ਪੰਜ-ਛੇ ਪਰਸੈਂਟ ਹੋ ਰਹੀ ਹੈ ਅਤੇ ਬਾਕੀ 95 ਪਰਸੈਂਟ ਪੰਜਾਬ ਦੀ ਮਾਈਨਿੰਗ ਇਲਲੀਗਲ ਹੋ ਰਹੀ ਹੈ। ਇਹ ਸਭ ਸਰਕਾਰ ਦੀ ਸਪੋਰਟ ਕਾਰਨ ਹੋ ਰਿਹਾ ਹੈ। ਸਪੀਕਰ ਸਾਹਿਬ, ਜੇਕਰ ਤੁਸੀਂ ਦੇਖੋ ਤਾਂ ਰਾਤ ਨੂੰ ਟਰੱਕ ਨਿਕਲ ਰਹੇ ਹਨ। ਫਿਰ ਮਾਫੀਆ ਕੌਣ ਹੈ ? ਕਿਹੜੀ ਸਰਕਾਰ ਮਾਫੀਆ ਕਰਾਉਂਦੀ ਹੈ ਜੀ ? ਚਾਹੇ ਮਾਈਨਿੰਗ ਹੈ, ਚਾਹੇ ਲਿਕੁਅਰ ਹੈ, ਉਸ ਵਿੱਚ ਕਿਹੜੀ ਸਰਕਾਰ ਮਾਫੀਆ ਕਹਾਉਂਦੀ ਹੈ ਜੀ ? ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਬਜਟ ਪੇ ਸ਼ ਕੀਤਾ ਹੈ, ਇਹ ਸਾਰਾ ਇੱਕ ਡਰਾਮਾ ਹੈ। ਫਿਗਰ ਵਰਕ ਹੈ। ਮੈਂ ਐਫ.ਐਮ. ਸਾਹਿਬ ਦੀਆਂ ਥੋੜ੍ਹੀਆਂ ਜਿਹੀਆਂ ਫਿਗਰਜ਼ ਦੱਸਣਾ ਚਾਹੁੰਦਾ ਹਾਂ। ਪਹਿਲੇ ਸਾਲ ਜਦੋਂ ਇਨ੍ਹਾਂ ਨੇ ਬਜਟ ਪੇਸ਼ ਕੀਤਾ ਸੀ ਤਾਂ ਕਹਿੰਦੇ ਸੀ ਕਿ ਸਾਡੀਆਂ ਰੈਵੇਨਿਊ ਰਸੀਟਸ 60 ਹਜ਼ਾਰ ਕਰੋੜ ਰੁਪਏ ਐਵਰੇਜ਼ ਦੇ ਹਿਸਾਬ ਨਾਲ ਆਉਣਗੀਆਂ ਪਰੰਤੂ 3200 ਕਰੋੜ ਰੁਪਏ ਦੇ ਘੱਟ ਰੈਵੇਨਿਊ ਨਾਲ 56 ਹਜ਼ਾਰ ਕਰੋੜ ਰੁਪਏ ਹੀ ਆਈਆਂ। ਦੂਜੀ ਵਾਰ ਫਿਰ ਤੋਂ ਬਜਟ ਬਣਾਇਆ ਗਿਆ। ਉਸ ਸਮੇਂ ਜਿਹੜੀ ਰੈਵੇਨਿਊ ਰਸੀਟ ਸ਼ੋਅ ਕੀਤੀ, ਉਸ ਵਿੱਚ 3400 ਕਰੋੜ ਰੁਪਏ ਘੱਟ ਗਿਆ। ਅੱਜ ਸਾਰਿਆਂ ਨੇ ਐਫ.ਐਮ. ਸਾਹਿਬ ਦਾ ਧੰਨਵਾਦ ਕੀਤਾ ਕਿ ਸਾਨੂੰ ਸਕੂਲ ਦੇ ਰਹੇ ਹਨ, ਸਾਨੂੰ ਇਹ ਦੇ ਦਿੱਤਾ ਆਦਿ, ਇਸ ਸਭ ਲਈ ਧੰਨਵਾਦ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪੈਸੇ ਨਹੀਂ ਆਉਣੇ ।(ਹਾਸਾ) ਸਪੀਕਰ ਸਾਹਿਬ, ਇਸ ਦਾ ਰੀਜ਼ਨ ਮੈਂ ਤੁਹਾਨੂੰ ਦੱਸਦਾ ਹਾਂ ਔਰ ਤੁਸੀਂ ਦੇਖੋ ਕਿ ਫਿਗਰਜ਼ ਵਿੱਚ ਕਿੰਨਾ ਫਜਿੰਗ ਹੈ? ਸਪੀਕਰ

ਸਾਹਿਬ, ਇਨ੍ਹਾਂ ਨੇ ਆਪਣੇ ਬਜਟ ਵਿੱਚ, ਆਫੀਸ਼ੀਅਲ ਫਿਗਰਜ਼ ਵਿੱਚ ਕਿਹਾ ਹੈ, 2,323 crore ਤਾਂ ਸਾਡੀ ਪੈਸੇ ਦੀ ਗੈਪ ਹੈ, ਜਿਹੜੀ ਕਿ ਇਨ੍ਹਾਂ ਨੇ ਦੱਸੀ ਨਹੀਂ । ਇਹ ਨਹੀਂ ਦੱਸਿਆ ਕਿ ਇਹ ਪੈਸਾ ਕਿੱਥੋਂ ਆਵੇਗਾ ? ਇਹ ਕਹਿੰਦੇ ਸੀ ਕਿ ਹਰ ਸਾਲ ਰੀਸੋਰਸ ਜਨਰੇਟ ਕਰਾਂਗੇ। ਸਪੀਕਰ ਸਾਹਿਬ, ਇਨ੍ਹਾਂ ਦੇ ਟਰੇਜ਼ਰੀ ਦੇ 6-7 ਹਜ਼ਾਰ ਕਰੋੜ ਰੁਪਏ ਦੇ ਬਿਲ ਪੈਂਡਿੰਗ ਪਏ ਹਨ। ਉਸ ਦਾ ਕੋਈ ਪ੍ਰੋਵੀਜ਼ਨ ਨਹੀਂ ਕਿ ਅਗਲੇ ਸਾਲ ਪੈਸਾ ਕਿੱਥੋਂ ਦੇਣਗੇ ? ਸਪੀਕਰ ਸਾਹਿਬ, ਪਾਵਰਕੌਮ ਨੂੰ ਪੰਜ ਹਜ਼ਾਰ ਕਰੋੜ ਰੁਪਿਆ, ਇਨ੍ਹਾਂ ਦਾ ਪੈਂਡਿੰਗ ਹੈ। ਇਨ੍ਹਾਂ ਨੇ ਬਜਟ ਵਿੱਚ ਨਹੀਂ ਰੱਖਿਆ। ਇਨ੍ਹਾਂ ਨੂੰ ਉਦੋਂ ਹੀ ਪਤਾ ਲੱਗੇਗਾ ਜਦੋਂ ਸਾਰਾ ਕੁਝ ਬੰਦ ਹੋ ਗਿਆ। ਫਿਰ ਕਿੱਥੋਂ ਦੇਣਗੇ? ਸਪੀਕਰ ਸਾਹਿਬ, ਇਨ੍ਹਾਂ ਨੇ ਲਿਖਿਆ ਹੈ ਕਿ ਅਸੀਂ ਐਸ.ਸੀ.ਸਕਾਲਰਸ਼ਿਪ ਲਈ ਪ੍ਰੋਵੀਜ਼ਨ ਕੀਤਾ ਹੈ। ਸਕਾਲਰਸ਼ਿਪ ਦਾ 938 ਕਰੋੜ ਰੁਪਏ, ਇਹ ਸਾਰਾ ਸੈਂਟਰ ਤੋਂ ਆਉਣਾ ਹੈ। ਜਿਹੜੇ 1,663 ਕਰੋੜ ਰੁਪਏ ਸਕਾਲਰਸ਼ਿਪ ਐਸ.ਸੀ. ਦੇ ਪੈਂਡਿੰਗ ਏਰੀਅਰ ਹਨ, ਉਸ ਦੀ ਤਾਂ ਕੋਈ ਪ੍ਰੋਵੀਜ਼ਨ ਹੀ ਨਹੀਂ ਰੱਖੀ। ਸਪੀਕਰ ਸਾਹਿਬ, ਓਲਡ ਏਜ਼ ਪੈਨਸ਼ਨ ਵਿੱਚ ਮਈ-ਨਵੰਬਰ, 2017 ਦੀ 740 ਕਰੋੜ ਰੁਪਏ ਦੀ ਰਾਸ਼ੀ ਪੈਂਡਿੰਗ ਪਈ ਹੈ। ਇਨ੍ਹਾਂ ਨੇ ਆਪਣੇ ਬਜਟ ਦੇ ਵਿੱਚ ਪ੍ਰੋਵੀਜ਼ਨ ਹੀ ਨਹੀਂ ਰੱਖੀ। ਉਹ ਵੀ ਭੁੱਲ ਗਏ। ਸਪੀਕਰ ਸਾਹਿਬ, ਮੁਲਾਜ਼ਮਾਂ ਦਾ ਡੀ.ਏ ਅਤੇ ਏਰੀਅਰ ਤਕਰੀਬਨ 4000 ਕਰੋੜ ਰੁਪਏ ਹੈ, ਉਸ ਦੀ ਕੋਈ ਪ੍ਰੋਵੀਜ਼ਨ ਨਹੀਂ। ਇਸ ਦਾ ਮਤਲਬ ਹੈ ਕਿ ਕੋਈ ਡੀ.ਏ. ਨਹੀਂ ਦੇਣਾ। ਇਹ ਤਾਂ ਇਕੱਲੇ ਹੀ ਕੈਬਨਿਟ ਵਿੱਚ ਫੈਸਲਾ ਕਰ ਦਿੰਦੇ ਹਨ ਕਿ ਅਸੀਂ ਤਾਂ ਛੇ ਪਰਸੈਂਟ ਦੇ ਦਿੱਤਾ, ਹਿਸਾਬ ਜੋੜੀ ਜਾਂਦੇ ਹਨ ਪਰੰਤੂ ਸਪੀਕਰ ਸਾਹਿਬ, ਪੇਅ ਕਮਿਸ਼ਨ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ।ਇਸ ਦਾ ਮਤਲਬ ਇਹ ਹੈ ਕਿ ਸਾਰੇ ਮੁਲਾਜ਼ਮ ਸਾਹਿਬਾਨ ਸਮਝ ਲੈਣ ਕਿ ਇਸ ਸਾਲ ਕੋਈ ਪੇਅ ਕਮਿਸ਼ਨ ਨਹੀਂ ਆਉਣਾ, ਕੋਈ ਡੀ.ਏ. ਨਹੀਂ ਆਉਣਾ ਕਿਉਂਕਿ ਇਨ੍ਹਾਂ ਨੇ ਕੋਈ ਪ੍ਰੋਵੀਜ਼ਨ ਨਹੀਂ ਰੱਖੀ। ਸਪੀਕਰ ਸਾਹਿਬ, ਇਨ੍ਹਾਂ ਕੋਲ ਤਕਰੀਬਨ ਵੈਟ ਰਿਫੰਡ 1500 ਕਰੋੜ ਰੁਪਏ ਬਕਾਇਆ ਹੈ, ਇਨ੍ਹਾਂ ਨੇ ਵੈਟ ਰਿਫੰਡ ਦੇਣਾ ਹੈ।

**ਮਾਨਯੋਗ ਸਪੀਕਰ:** ਹੁਣ ਵਾਈਂਡ ਅੱਪ ਕਰੋ। ਵਾਈਂਡ ਅੱਪ ਕਰੋ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੈਂ ਅਸਲੀਅਤ ਹੀ ਦੱਸ ਰਿਹਾ ਹਾਂ। ਸਾਡੀ ਪਾਰਟੀ ਦੇ 22 ਮਿੰਟ ਬਚੇ ਹਨ।

**ਮਾਨਯੋਗ ਸਪੀਕਰ:** ਨਹੀਂ ਜੀ, 14 ਮਿੰਟ ਹਨ।

**ਸਰਦਾਰ ਸੁਖਬੀਰ ਸਿੰਘ ਬਾਦਲ:** ਨਹੀਂ ਜੀ, 14 ਮਿੰਟ ਨਹੀਂ ਜੀ। ਮੇਰੇ ਜਿਹੜੇ ਦੂਜੇ ਸਪੀਕਰਜ਼ ਹਨ, ਉਨ੍ਹਾਂ ਦਾ ਟਾਈਮ ਵੀ ਮੈਂ ਹੀ ਲੈ ਲਵਾਂਗਾ।(ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲੋਂ ਅਵਾਜ਼ਾਂ-ਹਾਂ ਜੀ, ਹਾਂ ਜੀ। ਸਾਰੇ 22 ਮਿੰਟ ਇਨ੍ਹਾਂ ਨੂੰ ਹੀ ਦੇ ਦਿਓ।)

**ਮਾਨਯੋਗ ਸਪੀਕਰ:** ਤੁਸੀਂ ਮੇਰੀ ਗੱਲ ਸੁਣੋ। ਤੁਹਾਡੇ 14 ਮਿੰਟ ਹੋ ਗਏ ਹਨ। ਤੁਸੀਂ ਦੋ-ਤਿੰਨ ਮਿੰਟ ਦੇ ਵਿੱਚ ਆਪਣੀ ਗੱਲ ਨੂੰ ਵਾਈਂਡ ਅੱਪ ਕਰੋ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੈਨੂੰ ਪੰਜ-ਸੱਤ ਮਿੰਟ ਦਿਓ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਜਿਹੜੀ ਟਾਈਮ ਦੀ ਐਲੋਕੇਸ਼ਨ ਹੋਈ ਹੈ, ਉਸ ਮੁਤਾਬਕ ਤੁਸੀਂ ਠੀਕ ਕਹਿ ਰਹੇ ਹੋ ਕਿ 14 ਮਿੰਟ ਬਣਦੇ ਸੀ। ਹੁਣ ਟਾਈਮ 2.25 ਹੋ ਗਿਆ ਹੈ। ਕੀ ਹਾਊਸ ਐਕਸਟੈਂਡ ਕਰਵਾਉਣਾ ਚਾਹੁੰਦੇ ਹੋ?

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਹਮੇਸ਼ਾ ਸਾਡੇ ਤੇ ਹੀ ਟਾਈਮ ਲਾਗੂ ਹੁੰਦਾ ਹੈ।

**Mr. Speaker :** Let him wind up, let him wind up. ਬ੍ਰਹਮ ਮਹਿੰਦਰਾ ਜੀ ਹਾਊਸ ਦਾ ਟਾਈਮ 3.30 ਵਜੇ ਤੱਕ ਹੈ। ਟੀਨੂ ਜੀ, ਟਾਈਮ ਤੁਹਾਡੇ ਮੁਤਾਬਕ ਨਹੀਂ ਹੋਣਾ ਹੈ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਰ, ਚਾਹੇ ਦੋ-ਚਾਰ ਮਿੰਟ ਵੱਧ ਲੱਗ ਜਾਣ ਪਰ ਅਸਲੀਅਤ ਤਾਂ ਸਾਹਮਣੇ ਆਉਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਤੁਹਾਡੇ ਬੋਲਣ ਲਈ 14 ਮਿੰਟ ਹਨ, ਬਾਕੀ ਦੋ-ਚਾਰ ਮਿੰਟ ਵੱਧ ਬੋਲ ਲਓ। ਤੁਸੀਂ ਆਪਣਾ ਵੀ ਤੇ ਪਾਰਟੀ ਦਾ ਵੀ ਸਾਰਾ ਟਾਈਮ ਲੈ ਲਿਆ। ਬੋਲ ਲਓ, ਬੋਲ ਲਓ, ਦੋ-ਚਾਰ ਮਿੰਟ ਵਿਚ ਵਾਈਂਡ ਅੱਪ ਕਰ ਦਿਓ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, let me continue, 1500 ਕਰੋੜ ਰੁਪਿਆ ਵੈਟ ਦੇ ਰਿਫੰਡ ਦਾ ਹੈ, ਇਸ ਦੀ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ, 200 ਕਰੋੜ ਰੁਪਿਆ ਸ਼ੂਗਰਕੇਨ ਏਰੀਅਰਜ਼ ਲਈ ਹੈ। ਇੱਥੇ ਸਾਢੇ ਤਿੰਨ ਸੌ ਕਰੋੜ ਲਿਖਿਆ ਹੈ ਐਕਚੂਅਲੀ ਇਹ ਸਾਰਾ 550 ਕਰੋੜ ਰੁਪਿਆ due ਹੈ। 200 ਕਰੋੜ ਰੁਪਏ ਦੀ ਤਾਂ ਇਨ੍ਹਾਂ ਨੇ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਰੱਖੀ। ਐਫ.ਐਮ. ਸਾਹਿਬ ਦੀ ਸਪੀਚ ਅਸੀਂ ਵੇਖੀ ਹੈ, ਇਨ੍ਹਾਂ ਦੇ ਸਮੇਂ ਦੌਰਾਨ 179 ਦਿਨ ਓਵਰ ਡਰਾਫਟ ਹੁੰਦਾ ਸੀ, ਅਸੀਂ 100 ਦਿਨ ਤੇ ਲਿਆਏ ਸੀ ਤੇ ਹੁਣ ਇਹ 50 ਦਿਨ ਤੇ ਲਿਆਏ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਬਿਲ ਦੇਣੇ ਹੀ ਨਹੀਂ ਤਾਂ ਬੈਂਕ ਦਾ ਓਵਰਡਰਾਫਟ ਹੋਣਾ ਹੀ ਨਹੀਂ ਜੇ ਪੈਨਸ਼ਨਾਂ ਨਹੀਂ ਦੇਣੀਆਂ, ਡੀ.ਏ. ਨਹੀਂ ਦੇਣੇ ਤਾਂ ਓਵਰਡਰਾਫਟ ਹੋਣਾ ਹੀ ਨਹੀਂ। ਦੂਜੀ ਗੱਲ...(ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਆਪਣੀ ਸੀਟ ਤੇ ਖੜ੍ਹੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਬਾਅਦ ਵਿਚ ਬੋਲ ਲੈਣਾ, ਇੱਕ ਦੂਜੇ ਨੂੰ disrupt ਨਾ ਕਰੋ। ਬੈਠੋ, ਚੀਮਾ ਜੀ। ਬੈਠ ਜਾਓ। ਹਾਂ ਜੀ, ਦੱਸੋ ਕੀ ਕਹਿ ਰਹੇ ਹੋ?

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸੁਖਬੀਰ ਜੀ ਡੀ.ਏ. ਦੀ ਕਿਸ਼ਤ ਅਤੇ ਸਕਾਲਰਸ਼ਿਪ ਦੀ ਗੱਲ ਕਰ ਰਹੇ ਨੇ ਇਨ੍ਹਾਂ ਦੇ ਵੇਲੇ ਲਗਭਗ 12 ਸੌ ਕਰੋੜ ਰੁਪਏ ਦਾ ਸਕਾਲਰਸ਼ਿਪ ਦਾ ਘਪਲਾ ਹੋਇਆ ਸੀ ਔਰ ਇਹ ਪੈਸਾ ਡਾਇਵਰਟ ਕੀਤਾ ਗਿਆ ਸੀ। ਇਨ੍ਹਾਂ ਦੇ ਵੇਲੇ ਦੀ ਡੀ.ਏ. ਦੀ ਕਿਸ਼ਤ 1500 ਕਰੋੜ ਰੁਪਏ ਦੀ ਪੈਂਡਿੰਗ ਪਈ ਹੈ।(ਥੰਪਿੰਗ)

**ਮਾਨਯੋਗ ਸਪੀਕਰ :** ਤੁਸੀਂ ਜਦੋਂ ਬੋਲਣਾ ਹੈ ਉਸ ਵੇਲੇ ਗੱਲ ਕਰ ਲੈਣਾ। ਹੁਣ ਉਨ੍ਹਾਂ ਨੂੰ ਬੋਲਣ ਦਿਓ, ਬੋਲੋ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਇਹ ਅਲਾਇੰਸ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਹੋਣਾ ਨਹੀਂ ਕੋਈ ਫਾਇਦਾ ਨਹੀਂ। ਐਫ.ਐਮ ਸਾਹਿਬ ਨੇ ਜਦੋਂ ਆਪਣੀ ਸਪੀਚ ਸ਼ੁਰੂ ਕੀਤੀ ਤਾਂ ਇਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਕਰਜ਼ਾਈ ਕਰ ਦਿੱਤਾ, ਲੁਟਾ ਦਿੱਤਾ, ਡੁਬੋ ਦਿੱਤਾ, ਸਾਰਾ ਕੁਝ ਲੁੱਟਿਆ ਗਿਆ। ਸਪੀਕਰ ਸਾਹਿਬ, ਅਸੀਂ ਜਿਹੜਾ ਦਸ ਸਾਲਾਂ ਦੇ ਵਿਚ budgetary debt ਲਿਆ ਸੀ ਉਹ 8900 ਕਰੋੜ ਰੁਪਏ ਸੀ। ਇਹ ਐਵਰੇਜ਼ 8900 ਕਰੋੜ ਰੁਪਏ ਆਉਂਦੀ ਹੈ । ਇਨ੍ਹਾਂ ਦੇ ਦੋ ਸਾਲ ਹੋ ਗਏ ਹਨ ਤੀਜਾ ਸਾਲ ਚੱਲ ਰਿਹਾ ਹੈ 47 ਹਜ਼ਾਰ ਕਰੋੜ ਡੈੱਟ ਲੈ ਲਿਆ ਇਕੱਲੇ ਬਜਟ ਲਈ। 10 ਹਜ਼ਾਰ ਕਰੋੜ ਇਨ੍ਹਾਂ ਨੇ ਮੰਡੀ ਬੋਰਡ ਆਰ.ਡੀ.ਐਫ. ਲਈ ਲਿਆ ਹੈ।ਇਨ੍ਹਾਂ ਦੀ ਐਵਰੇਜ਼ ਸਾਢੇ 15 ਹਜ਼ਾਰ ਕਰੋੜ ਤੋਂ ਵੱਧ ਆ ਰਹੀ ਹੈ। ਇਹ ਕਹਿ ਰਹੇ ਹਨ ਕਿ ਅਸੀਂ ਪੰਜਾਬ ਨੂੰ ਬਚਾ ਰਹੇ ਹਾਂ। ਐਫ.ਐਮ. ਸਾਹਿਬ ਕਹਿੰਦੇ ਅਕਾਲੀ ਦਲ ਨੇ ਫਿਊਚਰ ਰੈਵੇਨਿਊ ਸਾਰੀਆਂ ਮੌਰਟਗੇਜ਼ ਕਰ ਦਿੱਤੀਆਂ।ਇਨ੍ਹਾਂ ਕੋਲ ਮੰਡੀ ਬੋਰਡ ਤੇ ਆਰ.ਡੀ.ਐਫ. ਰਹਿ ਗਈਆਂ। ਇਨ੍ਹਾਂ ਨੇ ਪੰਜ ਸਾਲ ਵਾਸਤੇ ਸਾਰਾ ਕੁਝ ਹੀ ਮੌਰਟਗੇਜ ਕਰ ਦਿੱਤਾ।ਮੈਂ ਸਾਰੇ ਐਮ.ਐਲ.ਏਜ਼ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਹਾਡੇ ਕੋਲ ਕੋਈ ਗਰਾਂਟ ਨਹੀਂ ਆਉਣੀ। ਇਹ ਜਿਹੜੀ ਆਈ ਹੈ ਉਹ ਇਕੱਲੀ ਇਲੈਕਸ਼ਨ ਕਰਕੇ ਆਈ ਹੈ। (ਵਿਘਨ ..ਸ਼ੋਰ) ਸਪੀਕਰ ਸਾਹਿਬ, ਅਖੀਰ ਵਿਚ ਮੇਰੇ ਦੋ-ਤਿੰਨ ਪੁਆਇੰਟ ਰਹਿ ਗਏ ਹਨ, I am just winding up. ਇਨ੍ਹਾਂ ਨੇ ਦੋ ਚੀਜ਼ਾਂ ਦਾ ਬੜਾ ਡਰਾਮਾ ਕੀਤਾ ਸੀ। ਮੈਂ ਕੈਪਟਨ ਸਾਹਿਬ ਦੀ ਆਪ ਉਹ ਸਪੀਚ ਸੁਣੀ ਹੈ ਜਿੱਥੇ ਕੈਪਟਨ ਸਾਹਿਬ ਨੇ ਗੁਟਕਾ ਸਾਹਿਬ ਤੇ ਹੱਥ ਰੱਖ ਕੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲ ਹੱਥ ਕੀਤਾ ਤੇ ਕਿਹਾ ਕਿ ਕਿਸਾਨ ਭਰਾਵੋ, ਕੋਈ ਆੜ੍ਹਤੀਏ ਦਾ ਕਰਜ਼ਾ ਦੇਣ ਦੀ ਲੋੜ ਨਹੀਂ, ਕੋਈ ਬੈਂਕ ਦਾ ਲੋਨ ਦੇਣ ਦੀ ਲੋੜ ਨਹੀਂ ਹੈ। ਇਨ੍ਹਾਂ

ਨੇ ਕਿਹਾ ਸੀ ਕਿ ਮੈਂ ਕੈਪਟਨ ਅਮਰਿੰਦਰ ਸਿੰਘ 90 ਹਜ਼ਾਰ ਕਰੋੜ ਰੁਪਿਆ ਮੋੜਾਂਗਾ ਪਰ ਇਨ੍ਹਾਂ ਨੇ ਸਿਰਫ 5% ਹੀ ਦਿੱਤਾ ਹੈ। ਮੈਂ ਕੈਪਟਨ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਤੁਸੀਂ ਵਰਕਿੰਗ ਕੈਪਟੀਲ ਲਿਮਟ ਮੋੜੀ ਹੈ ਇਹ ਉਹ ਕਿਸਾਨ ਲੈਂਦੇ ਹਨ who are well to do, ਇਹ 85% ਰੈਗੂਲਰ ਅਕਾਊਂਟ ਵਾਲੇ ਸੀ ਜਦਕਿ ਉਹ ਮਸਾਂ 15 % ਡਿਫਾਲਟ ਵਾਲੇ ਹਨ। ਜੇ ਤੁਸੀਂ ਮੋੜਨੇ ਸੀ ਤਾਂ ਤੁਹਾਨੂੰ ਪੰਜਾਬ ਸਟੇਟ ਐਗਰੀਕਲਚਰ ਡਿਵੈਲਪਮੈਂਟ ਬੈਂਕ ਦੇ ਮੋੜਨੇ ਚਾਹੀਦੇ ਸਨ ਜਿੱਥੇ ਕਿ ਟਰੈਕਟਰਾਂ ਵਾਸਤੇ ਲੋਨ ਲਿਆ ਜਾਂਦਾ ਹੈ, ਸੰਦਾਂ ਵਾਸਤੇ ਲੋਨ ਲਿਆ ਜਾਂਦਾ ਹੈ, ਉਥੇ ਤੁਸੀਂ ਇੱਕ ਰੁਪਈਆ ਨਹੀਂ ਮੋੜਿਆ। ਉਥੇ 2500 ਕਰੋੜ ਰੁਪਏ ਦੇ ਆਮ ਅਸਲੀ ਕਿਸਾਨ ਡਿਫਾਲਟਰ ਹੋਏ ਪਏ ਹਨ, ਜਿਨ੍ਹਾਂ ਟਰੈਕਟਰਾਂ ਦਾ, ਸੰਦਾਂ ਦਾ ਅਤੇ ਹੋਰ ਚੀਜ਼ਾਂ ਦਾ ਡਿਫਾਲਟ ਹੋਇਆ ਹੈ, ਉਥੇ ਤੁਸੀਂ ਇੱਕ ਰੁਪਿਆ ਨਹੀਂ ਮੋੜਿਆ । ਜਿਹੜੇ ਅਮੀਰ ਕਿਸਾਨ ਹਨ, ਜਿਨ੍ਹਾਂ ਦਾ ਵਰਕਿੰਗ ਕੈਪਟੀਲ ਹੈ, ਜਿਹੜੇ ਲਗਾਤਾਰ ਅਮਾਊਂਟ ਦਿੰਦੇ ਹਨ, ਜਿਹੜੇ ਕਦੇ-ਕਦੇ ਡਿਫਾਲਟਰ ਹੁੰਦੇ ਹਨ, ਉਨ੍ਹਾਂ ਦੇ ਤੁਸੀਂ ਮੋੜੇ ਹਨ।

ਸਪੀਕਰ ਸਾਹਿਬ, ਦੂਜੀ ਗੱਲ, ਮੈਂ ਬੜਾ ਹੈਰਾਨ ਹਾਂ ਜਦੋਂ ਇਹ ਕਹਿੰਦੇ ਹਨ ਘਰ-ਘਰ ਨੌਕਰੀ। ਇਸ ਤੋਂ ਵੱਡਾ ਫਰਾਡ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਨੇ ਅਨਾਊਂਸ ਕੀਤਾ ਕਿ 5,20,000 ਨੌਕਰੀਆਂ ਅਸੀਂ ਦਿੱਤੀਆਂ ਹਨ। ਮੈਂ ਇਨ੍ਹਾਂ ਦੇ ਡਿਪਾਰਟਮੈਂਟ ਨੂੰ ਟੈਲੀਫੋਨ ਕੀਤਾ। ਮੈਂ ਪਤਾ ਕੀਤਾ ਕਿ ਦੱਸਿਓ 5,20,000 ਕਿਹੜੀਆਂ ਹਨ। ਸਪੀਕਰ ਸਹਿਬ, ਮੈਂ ਦੱਸਦਾ ਹਾਂ ਕਿ 5,20,000 ਕਿਹੜੀਆਂ ਹਨ? ਇਸ ਵਿੱਚੋਂ 39,000 ਸਰਕਾਰੀ ਨੌਕਰੀ ਉਹ ਹੈ ਜਿਹੜੀ ਸਾਡੇ ਟਾਈਮ ਐਡਵਰਟਾਈਜ਼ ਕੀਤੀ ਸੀ, ਕਿਸੇ ਦੀ ਇੰਟਰਵਿਊ ਜਾਂ ਹੋਰ ਕੁਝ ਰਹਿੰਦਾ ਸੀ, 39,000 ਉਹ ਹੈ। 2,75,000 ਨੌਕਰੀ ਦੱਸਾਂ ਕਿਹੜੀ ਹੈ, ਇੰਨਾ ਵੱਡਾ ਫਰਾਡ? ਜਿਹੜੀ ਪ੍ਰਾਈਮ ਮਨਿਸਟਰ ਮੁਦਰਾ ਸਕੀਮ ਹੈ, ਪ੍ਰਾਈਮ ਮਨਿਸਟਰ ਇੰਪਲਾਇਮੈਂਟ ਸਕੀਮ ਹੈ, ਸਟੈਂਡ ਅੱਪ ਇੰਡੀਆ, ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ, ਜਿਥੇ ਸੈਲਫ ਇੰਪਲਾਇਮੈਂਟ ਵਾਸਤੇ ਲੋਨ ਮਿਲਦਾ ਹੈ। ਉਹ 2,75,000 ਇਸ ਪੰਜ ਲੱਖ ਵਿੱਚ ਛਪਾ (ਪ੍ਰਿੰਟ) ਦਿੱਤੇ। ਉਹ 2,75000 ਉਹ ਹਨ, ਜਿਨ੍ਹਾਂ ਨੇ ਲੋਨ ਲਿਆ ਹੈ, ਜਿਹੜੇ ਆਪਣਾ ਥੋੜ੍ਹਾ ਮੋਟਾ ਕਿੱਤਾ ਕਰਨਗੇ। ਇਹ ਕਹਿੰਦੇ ਹਨ ਕਿ ਘਰ ਘਰ ਨੌਕਰੀ ਦੇ ਦਿੱਤੀ ਹੈ। ਸਪੀਕਰ ਸਾਹਿਬ, ਜਿਹੜੀ ਹਰ ਸਾਲ, ਪਿਛਲੇ 20 ਸਾਲਾਂ ਤੋਂ ਯੂਨੀਵਰਸਿਟੀਆਂ ਵਿੱਚ ਰਿਕਰੂਟਮੈਂਟ ਹੁੰਦੀ ਸੀ, ਉਥੇ ਕਹਿੰਦੇ ਕਿ 2,00,000 ਉਹ ਦਿੱਤੀ ਹੈ। ਇੰਨਾ ਵੱਡਾ ਫਰਾਡ? ਉਥੇ ਤਾਂ ਫਾਰਮ ਭਰਾਇਆ ਸੀ ਕਿ ਦੱਸੋ ਡੀ.ਐਸ.ਪੀ. ਕਿਸ ਨੂੰ ਬਣਾਉਣਾ ਹੈ, ਥਾਣੇਦਾਰ ਕਿਸ ਨੂੰ ਬਣਾਉਣਾ ਹੈ, ਪਟਵਾਰੀ ਕਿਸ ਨੂੰ ਬਣਾਉਣਾ ਹੈ। ਇਸ ਤੋਂ ਵੱਡਾ ਫਰਾਡ ਕੀ ਹੋ ਸਕਦਾ ਹੈ ਜੀ।

ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਦਸ ਸਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਰਹੀ ਹੈ। ਪਾਵਰ ਪਲਾਂਟ ਬਣਾਏ ਗਏ, ਰੋਡ ਇਨਫਰਾਸਟਰਕਚਰ ਬਣਾਏ ਗਏ, ਏਅਰ ਪੋਰਟ ਬਣਾਏ ਗਏ। 150 ਸ਼ਹਿਰਾਂ ਵਿੱਚ ਸੀਵਰੇਜ ਵਾਟਰ ਦਾ ਕੰਮ ਕੀਤਾ ਗਿਆ। ਮੇਰੇ ਕੋਲ ਲਿਸਟ ਹੈ। ਮੈਂ ਸੌ ਕੰਪਨੀਆਂ ਦੇ ਨਾਮ ਦੇ ਸਕਦਾ ਹਾਂ ਕਿ ਕੀ ਕੀ ਕੰਮ ਹੋਇਆ ਹੈ। ਮੁੱਖ ਮੰਤਰੀ ਜੀ ਬੈਠੇ ਹਨ। ਪਿਛਲੀ ਵਾਰ ਮੈਂ ਪੁੱਛਿਆ ਸੀ। ਪਿਛਲੀ ਵਾਰ, ਮੁੱਖ ਮੰਤਰੀ ਸਾਹਿਬ, ਤੁਸੀਂ ਨਹੀਂ ਸੀ। ਮੰਤਰੀ ਜੀ ਬੈਠੇ ਹਨ। ਪਿਛਲੀ ਸਰਕਾਰ ਦੇ ਦੌਰਾਨ ਮੈਂ ਸਵਾਲ ਪੁੱਛਿਆ ਸੀ ਕਿ ਪੰਜ ਚੀਜ਼ਾਂ ਦੱਸ ਦਿਓ। ਇਹ ਪੰਜ ਨਹੀਂ ਦੱਸ ਸਕੇ। ਇਨ੍ਹਾਂ ਦੇ ਇੱਕ ਮੰਤਰੀ ਨੇ ਖੜ੍ਹੇ ਹੋ ਕੇ ਕਿਹਾ ਕਿ ਕੈਪਟਨ ਸਾਹਿਬ ਨੇ ਪਿਛਲੇ ਪੰਜ ਸਾਲਾਂ ਵਿੱਚ ਪੈਚ ਵਰਕ ਕਰਵਾਇਆ ਸੀ। ਐਤਕੀਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜ ਚੀਜ਼ਾਂ ਦੱਸ ਦਿਓ, ਕੈਪਟਨ ਸਾਹਿਬ, ਇਨ੍ਹਾਂ ਦੋ ਸਾਲਾਂ ਵਿੱਚ ਤੁਸੀਂ ਕੋਈ ਇਨਵੈਸਟਮੈਂਟ ਦਾ ਪ੍ਰੋਜੈਕਟ ਲਿਆਂਦਾ ਹੋਵੇ?

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਰ, ਮੈਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ** ** ਸਰਕਾਰ ਪੰਜਾਬ ਵਿੱਚ ਅੱਜ ਤੱਕ ਨਹੀਂ ਆਈ। (ਸ਼੍ਰੋਮਣੀ ਅਕਾਲੀ ਦਲ ਵੱਲੋਂ ਥੰਪਿੰਗ)

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.) :** ਸਪੀਕਰ ਸਾਹਿਬ, ਤੁਸੀਂ ਮੈਨੂੰ ਪਹਿਲੀ ਵਾਰ ਬਜਟ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਰਕਾਰ ਦਾ ਧਿਆਨ ਜਿਹੜੀ ਪੰਜਾਬ ਦੇ ਵਿੱਚ ਮਹਾਤਮਾ ਗਾਂਧੀ ਰੋਜ਼ਗਾਰ ਗਰੰਟੀ ਯੋਜਨਾ ਦੇ ਤਹਿਤ ਮਜ਼ਦੂਰਾਂ ਨੂੰ ਕਲੇਮ ਦਿੱਤਾ ਜਾਂਦਾ ਹੈ, ਉਸ ਵੱਲ ਦਿਵਾਉਣਾ ਚਾਹੁੰਦਾ ਹਾਂ ਮੈਨੂੰ ਲਗਦਾ ਹੈ ਕਿ ਮਜ਼ਦੂਰਾਂ ਦੇ ਖਾਤਿਆਂ ਦੇ ਵਿੱਚ ਸਿੱਧਾ ਪੈਸਾ ਜਾਣ ਕਰਕੇ, ਅਫਸਰਸ਼ਾਹੀ ਬਿਲਕੁੱਲ ਉਸ ਵਿੱਚ ਧਿਆਨ ਨਹੀਂ ਦਿੰਦੀ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਅਫਸਰਸ਼ਾਹੀ ਉਸ ਦੇ ਵਿੱਚ ਧਿਆਨ ਦਿੰਦੀ ਹੈ ਤਾਂ ਮਨਰੇਗਾ ਸਕੀਮ ਦੇ ਤਹਿਤ ਪਿੰਡਾਂ ਦੀ ਬਹੁਤ ਕਾਇਆ ਕਲਪ ਹੋ ਸਕਦੀ ਹੈ ਜੇ ਮੰਤਰੀ ਸਾਹਿਬ ਪੂਰਾ ਧਿਆਨ ਦੇਣ। ਮੈਂ ਸਮਝਦਾ ਹਾਂ ਕਿ ਪਿਛਲੇ ਸਮੇਂ ਦੌਰਾਨ ਪਿੰਡਾਂ ਦੇ ਮਨਰੇਗਾ ਮਜ਼ਦੂਰਾਂ ਦੀਆਂ ਹਾਜ਼ਰੀਆਂ ਪਿੰਡਾਂ ਦੇ ਬਹੁਤੇ ਸਰਪੰਚ ਗਲਤ ਲਗਾਵਾ ਰਹੇ ਹਨ। ਕੁਝ ਕੁ ਸਰਪੰਚ ਹਨ ਜਿਹੜੇ ਆਪਣੇ ਰਜਿਸਟਰਾਂ

** ** Expunged as ordered by the Hon'ble Speaker.

ਤੇ ਜਾਂ ਆਪਣੀਆਂ ਕਾਪੀਆਂ ਤੇ ਆਪਣੇ ਚਹੇਤਿਆਂ ਤੋਂ ਹਾਜ਼ਰੀਆਂ ਲਗਵਾ ਦਿੰਦੇ ਹਨ ਅਤੇ ਤਕਰੀਬਨ ਹਰੇਕ ਪਿੰਡ ਦੇ ਵਿੱਚ 50-50 ਦੇ ਕਰੀਬ ਆਪਣੇ ਬੰਦਿਆਂ ਦੀਆਂ ਹਾਜ਼ਰੀਆਂ ਵਾਧੂ ਲਗਾ ਕੇ ਉਹ ਪੈਸਾ ਖਾ ਰਹੇ ਹਨ। ਦੂਸਰੀ ਗੱਲ, ਰਾਜ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ, ਜਿਹੜਾ ਮਨਰੇਗਾ ਐਕਟ ਹੈ, ਇਹ ਜਾਂ ਤਾਂ ਇੰਗਲਿਸ਼ ਵਿੱਚ ਛਪਿਆ ਹੋਇਆ ਹੈ ਜਾਂ ਹਿੰਦੀ ਦੇ ਵਿੱਚ ਛਪਿਆ ਹੋਇਆ ਹੈ, ਮਜ਼ਦੂਰਾਂ ਨੂੰ ਜਾਂ ਆਮ ਪਿੰਡਾਂ ਦੇ ਲੋਕਾਂ ਨੂੰ ਮਨਰੇਗਾ ਸਕੀਮ ਬਾਰੇ ਗਿਆਨ ਨਹੀਂ ਹੈ। ਮੈਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਹ ਲਿਟਰੇਚਰ ਪੰਜਾਬੀ ਦੇ ਵਿੱਚ ਜ਼ਰੂਰ ਛਾਪਿਆ ਜਾਵੇ। ਦੂਸਰੀ ਗੱਲ, ਰਾਜ ਸਰਕਾਰ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਦੇ ਜੌਬ ਕਾਰਡ ਅਤੇ ਹਾਜ਼ਰੀ ਯਕੀਨੀ ਬਣਾਈ ਜਾਵੇ ਜਾਂ ਫਿਰ ਬਾਇਓਮੈਟਰਿਕ ਮਸ਼ੀਨਾਂ ਰਾਹੀਂ ਜੇ ਹਾਜ਼ਰੀ ਲੱਗਣ ਲੱਗ ਜਾਵੇ ਤਾਂ ਕਾਫੀ ਹੱਦ ਤੱਕ ਕੁਰੱਪਸ਼ਨ ਬੰਦ ਹੋ ਸਕਦੀ ਹੈ। ਜਿਹੜਾ ਮਹਾਤਮਾ ਗਾਂਧੀ ਯੋਜਨਾ ਐਕਟ ਤਹਿਤ ਲੋਕਾਂ ਨੂੰ 350 ਦਿਨਾਂ ਦੇ ਵਿੱਚੋਂ 100 ਦਿਨ ਦਾ ਕੰਮ ਕਰਨ ਦਾ ਸੰਵਿਧਾਨਿਕ ਹੱਕ ਮਿਲਿਆ ਹੈ, ਉਸ ਦੇ ਤਹਿਤ ਪੰਜਾਬ ਦੇ ਵਿੱਚ 13 ਲੱਖ ਕਾਰਡ ਹੋਲਡਰ ਹਨ। 13 ਲੱਖ ਕਾਰਡ ਹੋਲਡਰਾਂ ਦੇ ਵਿੱਚੋਂ 100 ਦਿਨ ਦੇ ਕੰਮ ਦੇਣ ਦੇ ਨਾਲ 240 ਰੁਪਏ ਦਿਹਾੜੀ ਦੇ ਹਿਸਾਬ ਨਾਲ 3120 ਕਰੋੜ ਰੁਪਿਆ ਬਣਦਾ ਹੈ। ਜਿਸ ਦੇ ਤਹਿਤ 40000 ਪ੍ਰਤੀ ਮੈਂਬਰ ਸਾਲ ਦਾ ਬਜਟ ਬਣਦਾ ਹੈ, ਜੋ 5200 ਕਰੋੜ ਰੁਪਿਆ ਇਕ ਸਾਲ ਵਿਚ ਲਿਆ ਜਾ ਸਕਦਾ ਹੈ। 5200 ਕਰੋੜ ਰੁਪਿਆ ਇਕ ਸਾਲ ਦੇ ਵਿਚ ਪੰਜਾਬ ਦੇ ਵਿੱਚ ਮਨਰੇਗਾ ਮਜ਼ਦੂਰਾਂ ਲਈ ਲਿਆ ਜਾ ਸਕਦਾ ਸੀ ਪਰ ਇਹ ਨਹੀਂ ਹੋ ਸਕਿਆ ਕਿਉਂਕਿ ਅੰਕੜਿਆਂ ਦਾ ਜੋ ਮਰਜ਼ੀ ਆਪਾਂ ਇਧਰ ਹਿਸਾਬ ਕਿਤਾਬ ਲਗਾ ਲਈਏ ਜਾਂ ਜਿਵੇਂ ਮੈਂ ਅੰਕੜੇ ਪਿਛਲੇ ਬਜਟ ਵਿਚ ਦੇਖ ਰਿਹਾ ਸੀ, ਪਿਛਲੇ ਸਾਲ ਦੇ ਜਿਹੜੇ ਬਿਲ ਸੀ ਉਹ ਅਗਲੇ ਸਾਲ ਵਿਚ ਪਾਉਣ ਕਰਕੇ ਜਿਹੜਾ 13.5 ਕਰੋੜ ਰੁਪਿਆ ਆਪਾਂ ਇਸ ਵਿਚ ਦਿਖਾ ਦਿੱਤਾ ਹੈ, ਇਹ ਜਿਹੜੇ ਅੰਕੜੇ ਹਨ, ਇਨ੍ਹਾਂ ਵਿਚ ਬਿਲਕੁਲ ਹੇਰਾਫੇਰੀ ਹੋਈ ਹੈ। ਪੂਰੇ ਪੰਜਾਬ ਵਿੱਚ ਹਰੇਕ ਸਾਲ ਮਨਰੇਗਾ ਉਤੇ ਪੰਜ ਸੌ ਕਰੋੜ ਰੁਪਏ ਹੀ ਖਰਚ ਕੀਤੇ ਜਾਂਦੇ ਹਨ ਜਦ ਕਿ 5200 ਕਰੋੜ ਰੁਪਿਆ ਖਰਚ ਕੀਤਾ ਜਾ ਸਕਦਾ ਹੈ, ਜੇਕਰ ਆਪਾਂ ਇਸ ਸਕੀਮ ਦੇ ਵੱਲ ਧਿਆਨ ਦੇਈਏ। ਆਪਾਂ ਹਰੇ ਕ ਸਾਲ ਜੋ ਪੂਰੇ ਪੰਜਾਬ ਵਿਚ ਮਨਰੇਗਾ ਵਿੱਚ 4700 ਕਰੋੜ ਰੁਪਿਆ ਘੱਟ ਖਰਚ ਰਹੇ ਹਾਂ, ਹਰੇਕ ਸਾਲ ਇਸ ਸਕੀਮ ਦਾ 4700 ਕਰੋੜ ਰੁਪਿਆ ਘੱਟ ਖਰਚਿਆ ਜਾਂਦਾ ਹੈ । ਪਿਛਲੇ ਦਸ ਸਾਲਾਂ ਵਿੱਚ 47000 ਕਰੋੜ ਰੁਪਏ ਖਰਚੇ ਜਾ ਸਕਦੇ ਸਨ । ਮੈਂ ਸਰਕਾਰ ਦਾ ਧਿਆਨ ਹੋਰ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਰੂਲ 12 ਦੇ ਤਹਿਤ ਜਿਹੜੀ ਸਟੇਟ ਇੰਪਲਾਇਮੈਂਟ ਕੌਂਸਲ ਬਣੀ ਹੈ ਉਸ ਦੇ ਤਹਿਤ ਮਨਰੇਗਾ ਦੀ 15 ਮੈਂਬਰੀ ਕਮੇਟੀ ਗਠਿਤ ਹੋਣੀ ਜ਼ਰੂਰੀ ਹੁੰਦੀ ਹੈ ਜਿਸ ਦੇ ਤਹਿਤ ਪੰਜ ਕਿਸਾਨ, ਪੰਜ ਖੇਤ ਮਜ਼ਦੂਰ ਤੇ ਪੰਜ ਬੀਬੀਆਂ ਹੁੰਦੀਆਂ

ਹਨ। ਮੈਂ ਮੰਤਰੀ ਸਾਹਿਬ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਦੋ ਸਾਲਾਂ ਦੇ ਵਿੱਚ ਇਨ੍ਹਾਂ ਦੀ ਇਕ ਵੀ ਮੀਟਿੰਗ ਨਹੀਂ ਹੋਈ। ਤੀਸਰੀ ਗੱਲ ਜਿਹੜੀ ਮਨਰੇਗਾ ਦੇ ਪੈਸੇ ਹਨ ਇਹ ਸਿੱਧੇ ਖਾਤਿਆਂ ਵਿਚ ਹੋਣ ਕਰਕੇ ਜਿਹੜੀ ਅਫਸਰਸ਼ਾਹੀ ਹੈ ਉਹ ਬਿਲਕੁਲ ਇਸ ਵੱਲ ਧਿਆਨ ਨਹੀਂ ਦੇ ਰਹੀ ਜਦਕਿ ਇਹ ਜਿਹੜੀ ਮਨਰੇਗਾ ਦੀ ਸਕੀਮ ਹੈ, ਇਹ ਬਹੁਤ ਕਾਰਗਰ ਸਾਬਤ ਹੋ ਸਕਦੀ ਹੈ ਕਿਉਂਕਿ ਪੰਜ ਏਕੜ ਤੋਂ, ਪੰਜ ਏਕੜ ਵਾਲੇ ਜਾਂ ਤਿੰਨ ਏਕੜ ਵਾਲੇ ਜਿਹੜੇ ਪੰਜਾਬ ਦੇ ਕਿਸਾਨ ਹਨ ਉਹ ਇਸ ਵਿਚ ਬਹੁਤ ਵੱਡਾ ਲਾਭ ਲੈ ਸਕਦੇ ਹਨ ਪਰ ਇਨ੍ਹਾਂ ਨੂੰ ਜਾਂ ਸਾਡੇ ਪੰਜਾਬ ਦੇ ਕਿਸਾਨਾਂ ਨੂੰ ਜਾਂ ਮਜ਼ਦੂਰਾਂ ਨੂੰ ਇਸ ਸਕੀਮ ਬਾਰੇ ਪਤਾ ਹੀ ਨਹੀਂ ਹੈ ਕਿਉਂਕਿ ਉਸ ਵਿਚ ਬਾਗਬਾਨੀ, ਜ਼ਮੀਨ ਹੇਠਲੇ ਪਾਣੀ ਦੀਆਂ ਪਾਈਪਾਂ, ਖਾਲਿਆਂ ਦਾ ਪ੍ਰਬੰਧ ਕਰਨਾ, ਜੈਵਿਕ ਖੇਤੀ, ਗੰਡੋਇਆਂ ਦੀ ਖਾਦ...

**ਮਾਨਯੋਗ ਸਪੀਕਰ:** ਤੁਹਾਡਾ ਟਾਈਮ ਹੋ ਗਿਆ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਰ ਜੀ, ਇੱਕ ਮਿੰਟ ਦੇ ਦਿਉ ਜੀ। ਪਹਿਲੀ ਵਾਰੀ ਬੋਲਣ ਲੱਗਿਆ ਹਾਂ..

**ਮਾਨਯੋਗ ਸਪੀਕਰ:** ਲੈ ਲਵੋ ਜੀ। ਬੋਲ ਲਵੋ, ਬੋਲ ਲਵੋ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਖੇਤੀ ਫਾਰਮ, ਜਿਹੜੇ ਭੱਤੇ ਹਨ ਜੇ ਕਿਸਾਨ ਆਪਣੇ ਖੇਤ ਵਿਚ ਕੰਮ ਕਰਦਾ ਹੈ ਤਾਂ ਉਹ ਮਨਰੇਗਾ ਦੇ ਰਾਹੀਂ ਆਪਣੇ ਪੈਸੇ ਦਿਹਾੜੀ ਉਤੇ ਲੈ ਸਕਦਾ ਹੈ ਇਹ ਜਿਹੜੀ ਸਕੀਮ ਹੈ ਇਸ ਨੂੰ ਵੀ ਜ਼ਰੂਰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਮੈਂ ਇੱਕ ਹੋਰ ਗੱਲ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਆਪਣੇ ਚੋਣ ਮੈਨੀਫੈਸਟੋ ਵਿਚ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਪੰਚਾਇਤ ਵਿਭਾਗ ਵਿਚ ਇਸ ਬਿਮਾਰੀ ਨੂੰ ਖਤਮ ਕਰਨ ਦੇ ਲਈ ਠੋਸ ਉਪਰਾਲੇ ਕੀਤੇ ਜਾਣਗੇ। ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਹੁਣੇ ਹੀ ਆਪਣੀ ਗੈਲਰੀ ਵਿਚ ** ** (ਗੈਲਰੀ ਵੱਲ ਨੂੰ ਇਸ਼ਾਰਾ ਕਰਦੇ ਹੋਏ ) ਮੈਨੂੰ ** ਦੱਸਿਆ ਹੈ ਕਿ ਬਲੌਂਗੀ, ਕੁੰਭੜਾ ਤੇ ਝਿਊਰਹੇੜੀ ਪਿੰਡਾਂ ਵਿੱਚ ਸਰਕਾਰੀ ਗਰਾਂਟਾਂ ਦੀ ਦੁਰਵਰਤੋਂ ਹੋਈ ਹੈ, ਉਥੇ ਕਮਿਊਨਿਟੀ ਹਾਲ ਬਣਿਆ ਸੀ, ਪਹਿਲਾਂ ਅਕਾਲੀ ਦਲ ਦੀ ਸਰਕਾਰ ਵੇਲੇ ਉਹ ਬਣਿਆ ਹੀ ਨਹੀਂ, ਸਰਪੰਚ ਮੈਨੂੰ ਕਹਿੰਦਾ ਜੀ, ਮੈਨੂੰ ਦੱਸ ਦਿਉ ਕਿ ਇਸ ਦੀਆਂ ਚਾਬੀਆਂ ਕਿਥੇ ਹਨ...

**ਮਾਨਯੋਗ ਸਪੀਕਰ:** ਤੁਸੀਂ ਉਨ੍ਹਾਂ ਨੂੰ ਰੈਫਰੈਂਸ ਨਹੀਂ ਕਰ ਸਕਦੇ, ਗੈਲਰੀ ਦੇ ਲੋਕਾਂ ਨੂੰ ਤੁਸੀਂ ਰੈਫਰੈਂਸ ਨਹੀਂ ਕਰ ਸਕਦੇ।

---

** ** Not recorded as ordered by the Chair.

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਠੀਕ ਹੈ ਜੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਪੰਚ ਸਾਹਿਬ ਪੁੱਛਦੇ ਹਨ ਕਿ ਚਾਬੀਆਂ ਕਿੱਥੇ ਹਨ। ਜਦੋਂ ਉਥੇ ਟੀਮ ਜਾਂਚ ਕਰਨ ਗਈ ਤਾਂ ਜਿਹੜਾ ਸਕੂਲ ਦਾ ਕਮਰਾ ਸੀ, ਉਸ ਦੇ ਉਪਰ ਹੀ ਬੈਨਰ ਲਗਾ ਕੇ ਉਸ ਜਾਂਚ ਵਾਲੀ ਟੀਮ ਨੂੰ ਸੰਡੇ ਵਾਲੇ ਦਿਨ ਹੀ ਮੋੜ ਦਿੱਤਾ ਗਿਆ। ਮੈਂ ਮੰਤਰੀ ਸਾਹਿਬ ਜੀ ਦੇ ਧਿਆਨ ਵਿਚ ਹੋਰ ਵੀ ਲਿਆਉਣਾ ਚਾਹੁੰਦਾ ਹਾਂ ਕਿ ਕੋਲਿਆਂਵਾਲੀ ਪਿੰਡ ਵਿੱਚ ਘੱਟੋ-ਘੱਟ 2 ਕਰੋੜ 19 ਲੱਖ ਰੁਪਏ ਦਾ ਘਪਲਾ ਹੋਇਆ, ਜਿਹੜੇ ਮੁੱਖ ਇੰਜੀਨੀਅਰ ਨੇ ਕੀਤਾ ਹੈ, ਉਸ ਉਤੇ ਅਨੇਕਾਂ ਕੇਸ ਚਲਦੇ ਹਨ ਤੇ ਅਨੇਕਾਂ ਹੀ ਵਾਰੀ ਉਸ ਦੀ ਜਾਂਚ ਹੋ ਚੁੱਕੀ ਹੈ ਪਰ ਸਰਕਾਰ ਨੇ ਉਸ ਦੀ ਨੌਕਰੀ ਵਿੱਚ ਦੋ ਸਾਲ ਵਿੱਚ ਵਾਧਾ ਹੋਰ ਦੇ ਦਿੱਤਾ ਹੈ..

**Mr. Speaker:** Thank you, thank you.

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਉਸ ਨੂੰ ਤੁਰੰਤ ਧਿਆਨ ਵਿਚ ਲਿਆ ਕੇ,ਉਸ ਦੀ ਨੌਕਰੀ ਦਾ ਜਿਹੜਾ ਵਾਧਾ ਹੈ, ਉਹ ਵਾਪਸ ਲਿਆ ਜਾਵੇ ਤੇ ਸੀ.ਬੀ.ਆਈ.ਦੀ ਜਾਂਚ ਕਰਵਾਈ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਸਰਦਾਰ ਬਲਵਿੰਦਰ ਸਿੰਘ ਬੈਂਸ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਕਿਸੇ ਵੀ ਸਟੇਟ ਦੀ ਡਿਵੈਲਪਮੈਂਟ ਲਈ ਪੈਸੇ ਉਦੋਂ ਖਰਚ ਹੁੰਦੇ ਹਨ ਜਦੋਂ ਉਥੋਂ ਦੀ ਲਾਅ ਐਂਡ ਆਰਡਰ ਪੁਜ਼ੀਸ਼ਨ ਸਹੀ ਹੋਵੇ। ਅੱਜ ਜਦੋਂ ਮੈਂ ਆਪਣੀ ਸਟੇਟ ਦਾ ਲਾਅ ਐਂਡ ਆਰਡਰ ਵੇਖਦਾ ਹਾਂ, ਪਿਛਲੀ ਗੌਰਮਿੰਟ ਲੰਘ ਕੇ ਗਈ ਹੈ, ਵਿਰੋਧੀ ਧਿਰ ਵਿੱਚ ਵੀ ਨਹੀਂ ਆ ਸਕੀ, ਉਨ੍ਹਾਂ ਦਾ ਲਾਅ ਐਂਡ ਆਰਡਰ ਦੇਖਦਾ ਹਾਂ,ਜਿਹੜੇ ਰਾਜ ਵਿਚ ਸੰਤ ਮਹਿਫੂਜ਼ ਨਾ ਹੋਏ, ਜਿਹੜੇ ਰਾਜ ਵਿੱਚ ਮਾਤਾ ਚੰਦ ਕੌਰ ਵਰਗੀ ਬਜ਼ੁਰਗ ਲੇਡੀ, ਜਿਥੇ ਸੰਤ ਢੱਡਰੀਆਂ ਵਾਲੇ ਤੇ ਗੋਲੀ ਚੱਲੀ ਤੇ ਮੈਨੂੰ ਤਾਂ ਇਹ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਕਈ ਥਾਵਾਂ ਤੇ ਸਿੱਖ ਮਰਿਆਦਾ ਦਾ ਵੀ ਘਾਣ ਹੋਇਆ। ਛਬੀਲ ਲਗਾਈ ਗਈ ਪਰ ਗੋਲੀ ਚੱਲੀ। ਪਰਮੇਸ਼ਰ ਨੇ ਰਾਖੀ ਕੀਤੀ, ਜਾ ਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ, ਉਹ ਬਚ ਗਏ ਪਰ ਕੈਪਟਨ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ, ਤੁਸੀਂ ਕਹਿੰਦੇ ਸੀ ਕਿ ਮੇਰੀ ਸਰਕਾਰ ਆਈ ਤਾਂ 15 ਦਿਨਾਂ ਵਿੱਚ ਲੱਭ ਦੇਵਾਂਗੇ । ਲੱਭਣ ਦੀ ਬਜਾਏ ਅੱਜ ਹਾਲਾਤ ਕਿਹੋ ਜਿਹੇ ਹਨ? ਗੱਲ ਨੂੰ ਗੁੱਸੇ ਵਿੱਚ ਲੈ ਕੇ ਨਾ ਜਾਇਓ। ਲੁਧਿਆਣਾ ਦਾ ਰੇਪ ਕਾਂਡ, ਉਸ ਤੋਂ ਬਾਅਦ ਹੁਣ ਹਾਲਤ ਕੀ ਹੈ? ਲਾਅ ਐਂਡ ਆਰਡਰ ਕਿਹੋ ਜਿਹਾ ਹੈ? ਸੰਘੋਵਾਲ ਪਿੰਡ ਵਿੱਚ 19 ਤਰੀਕ ਨੂੰ ਇਕ ਦਲਿਤ ਬੱਚੀ ਨਾਲ ਛੇੜ-ਛਾੜ ਕੀਤੀ ਗਈ, ਬੱਚੀ ਨੇ ਆਪਣੇ ਮਾਂ ਬਾਪ ਨੂੰ ਦੱਸਿਆ। ਮਾਂ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਬਾਪ ਨੇ ਕੰਪਲੇਂਟ ਕੀਤੀ। ਹਾਲਾਤ ਕੀ ਹਨ? 19 ਤਰੀਕ ਤੋਂ ਲੈ ਕੇ 22 ਤਰੀਕ ਤੱਕ ਪੁਲਿਸ ਸਮਝੌਤਾ ਕਰਵਾਉਂਦੀ ਰਹੀ ਪਰ ਕਾਰਵਾਈ ਨਹੀਂ ਹੋਈ। ਗ੍ਰਹਿ ਮੰਤਰੀ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਅਜਿਹੇ ਕਿਹੜੇ ਫਰਜ਼ੰਦ ਹਨ, ਜਿਨ੍ਹਾਂ ਲਈ ਪੰਜਾਬ ਦੀ ਪੁਲਿਸ ਸਮਝੌਤੇ ਲਈ ਤੁਰੀ ਰਹੀ? ਅਖੀਰ ਕੀ ਹੋਇਆ, 23 ਤਰੀਕ ਨੂੰ ਲੜਕੀ ਨੇ ਸੁਸਾਈਡ ਕਰ ਲਈ। ਇਹ ਦੱਸੋ, ਜਿਸ ਪਿੰਡ ਵਿਚੋਂ ਦਲਿਤ ਉੱਠ ਕੇ ਚਲਾ ਜਾਵੇ, ਮੈਂ ਸੱਚ ਕਹਿੰਦਾ ਹਾਂ ਕਿ ਉਹ ਪਿੰਡ ਇਕ ਦਿਨ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਂਦਾ ਹੈ ਤੇ ਜਿਹੜੇ ਰਾਜ ਵਿੱਚ ਦਲਿਤ ਬੱਚੇ ਦਿਨ-ਦਿਹਾੜੇ ਰੇਪ ਤੇ ਸੁਸਾਈਡ ਦਾ ਸ਼ਿਕਾਰ ਹੋਣ ਅਤੇ ਦੋਸ਼ੀ ਪੁਲਿਸ ਅਫਸਰਾਂ ਦੇ ਖਿਲਾਫ ਕਾਰਵਾਈ ਨਾ ਹੋਵੇ, ਕੀ ਤੁਸੀਂ ਸਹਿਮਤ ਹੋ ਕਿ ਬੱਚੇ ਨੇ ਸੁਸਾਈਡ ਕਰ ਲਈ ਤੇ ਕਾਰਵਾਈ ਨਹੀਂ ਹੋਈ? ਕਹਿੰਦੇ ਹਨ ਕਿ ਥਾਣੇਦਾਰ ਸਾਹਿਬ ਲਾਈਨ ਹਾਜ਼ਰ ਕਰ ਦਿੱਤੇ, ਕਾਰਵਾਈ ਹੋ ਗਈ। ਮੁਅੱਤਲ ਕਿਉਂ ਨਹੀਂ ਕੀਤਾ? ਜਿਸ ਦਿਨ ਇਕ ਮੁਅੱਤਲ ਹੋ ਗਿਆ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਉਸ ਦਿਨ ਪੰਜਾਬ ਦੀ ਧਰਤੀ ਤੇ ਹਾਲਾਤ ਰਾਮ ਰਾਜ ਵਰਗੇ ਹੋਣਗੇ। ਜਿਸ ਦਿਨ ਇਕ ਨੂੰ ਮੁਅੱਤਲ ਕਰ ਦਿੱਤਾ, ਪਤਾ ਲੱਗ ਜਾਵੇਗਾ ਕਿ ਜਿਹੜਾ ਅਜਿਹਾ ਕਰਕੇ ਆ ਗਿਆ, ਉਹ ਨਹੀਂ ਬਚਣਾ। ਇਹ ਹਾਲਾਤ ਵਿਗੜਦੇ ਕਿਉਂ ਜਾਂਦੇ ਹਨ, ਅੱਜ ਉਸ ਥਾਣੇ ਤੋਂ ਮੁਅੱਤਲ ਹੋਇਆ, ਕੱਲ੍ਹ ਨੂੰ ਦੂਸਰੇ ਥਾਣੇ ਦਾ ਚਾਰਜ ਲੈ ਲੈਣਾ ਹੈ। ਉਸ ਨੇ ਕਹਿਣਾ ਹੈ ਕਿ ਮੇਰਾ ਕੀ ਵਿਗੜਿਆ ਹੈ?

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਸਾਨੂੰ ਅਜ਼ਾਦ ਹੋਇਆਂ ਨੂੰ ਤਕਰੀਬਨ 75 ਸਾਲ ਹੋਣ ਲੱਗੇ ਹਨ ਪਰ ਅੱਜ ਹਾਲਾਤ ਕਿਹੋ ਜਿਹੇ ਹਨ। ਜਦੋਂ ਮੈਂ ਐਜੂਕੇਸ਼ਨ ਦੇਖਦਾ ਹਾਂ, 75 ਸਾਲਾਂ ਵਿੱਚ ਅਸੀਂ ਪ੍ਰਾਇਮਰੀ ਸਕੂਲ ਦਾ 'ਕੈਦਾ' ਇਕ ਨਹੀਂ ਕਰ ਸਕੇ। ਪਿਛਲੇ ਦਾਖਲਿਆਂ ਵੇਲੇ ਮੇਰੇ ਕੋਲ ਇਕ ਬੀਬੀ ਆਈ, ਉਸ ਨਾਲ ਇਕ ਛੋਟਾ ਜਿਹਾ ਬੱਚਾ ਸੀ। ਸਪੀਕਰ ਸਾਹਿਬ, ਇਹ ਸੁਣਨ ਵਾਲੀ ਗੱਲ ਹੈ। ਮੇਰੇ ਨੇੜੇ ਜਦੋਂ ਹੋਰ ਵੀ ਸੰਗਤ ਕੁਰਸੀਆਂ ਤੇ ਬੈਠੀ ਸੀ, ਉਹ ਮੇਰੇ ਕੋਲ ਖੜ੍ਹੀ ਹੋ ਕੇ ਰੋਣ ਲੱਗ ਗਈ। ਮੈਂ ਪੁੱਛਿਆ, ਛੋਟੀ ਭੈਣ! ਤੂੰ ਰੋ ਕਿਉਂ ਰਹੀ ਹੈ? ਉਹ ਕਹਿੰਦੀ, ਬੈਂਸ ਸਾਹਿਬ, ਮੈਂ ਵਿਡੋ ਹਾਂ ਅਤੇ ਮੇਰਾ ਇਕ ਬੱਚਾ ਹੈ। ਮੇਰੇ ਕੋਲ ਇਸ ਬੱਚੇ ਦੀਆਂ ਕਿਤਾਬਾਂ ਨਹੀਂ ਹਨ। ਮੈਂ ਉਸ ਨੂੰ ਕਿਹਾ ਕਿ ਤੂੰ ਰੋ ਨਾ, ਮੈਂ ਕਿਤਾਬਾਂ ਲੈ ਦਿੰਦਾ ਹਾਂ। ਉਹ ਕਹਿਣ ਲੱਗੀ, ਬੈਂਸ ਸਾਹਿਬ, ਇਹ ਬਜ਼ਾਰੋਂ ਨਹੀਂ ਮਿਲਣੀਆਂ, ਸਕੂਲ ਤੋਂ ਮਿਲਣੀਆਂ ਹਨ। ਮੈਂ ਕਿਹਾ, ਮੈਨੂੰ ਨੰਬਰ ਦੇ ਦਿਓ। ਮੈਂ ਪ੍ਰਿੰਸੀਪਲ ਨੂੰ ਕਹਿ ਦਿੰਦਾ ਹਾਂ, ਉਹ ਕਿਤਾਬਾਂ ਦੇ ਦੇਵੇਗਾ। ਮੈਂ ਪ੍ਰਿੰਸੀਪਲ ਨੂੰ ਫੋਨ ਕੀਤਾ। ਮੈਂ ਕਿਹਾ, ਪ੍ਰਿੰਸੀਪਲ ਸਾਹਿਬ, ਬੱਚੇ ਨੂੰ ਕਿਤਾਬਾਂ ਦਾ ਸੈੱਟ ਦੇ ਦਿਓ। ਕਹਿਣ ਲੱਗਾ, ਦੇ ਦਿੰਦੇ ਹਾਂ, ਇਹ 3400 ਰੁਪਏ ਦਾ ਹੈ। ਮੈਂ ਕਿਹਾ, ਜੇਕਰ ਪੁਰਾਣਾ ਦੇ ਦਿਓ ਤਾਂ ਇੰਨੇ ਪੈਸਿਆਂ ਵਿੱਚ

ਮੈਂ ਦੋ ਬੱਚੇ ਪੜ੍ਹਾ ਦੇਵਾਂਗਾ। ਇਕ ਬੱਚੇ ਨੂੰ ਹੋਰ ਕਿਤਾਬਾਂ ਲੈ ਦੇਵਾਂਗਾ। ਸਪੀਕਰ ਸਾਹਿਬ, ਐਲ.ਕੇ.ਜੀ. ਦਾ ਬੱਚਾ ਅਤੇ ਪ੍ਰਿੰਸੀਪਲ ਦਾ ਜਵਾਬ ਕੀ ਹੈ, ਸੁਣਿਓ। ਉਹ ਕਹਿਣ ਲੱਗਾ, ਬੈਂਸ ਸਾਹਿਬ, ਹੁਣ ਇਹ ਬੱਚਾ ਪੁਰਾਣੀ ਕਿਤਾਬ ਤੇ ਨਹੀਂ ਪੜ੍ਹ ਸਕਦਾ। ਮੈਂ ਕਿਹਾ,ਇਹ ਕਿਹੜਾ ਐਮ.ਬੀ.ਬੀ.ਐਸ. ਦਾ ਸਿਲੇਬਸ ਹੈ, ਜੋ ਚੇਂਜ ਹੋ ਗਿਆ? ਐਲ.ਕੇ.ਜੀ. ਦਾ ਬੱਚਾ ਹੈ ਤੇ ਤੁਸੀਂ ਕਹਿੰਦੇ ਹੋ ਕਿ ਪੁਰਾਣੀ ਕਿਤਾਬ ਤੇ ਪੜ੍ਹ ਨਹੀਂ ਸਕਦਾ। ਇਸ ਦਾ ਕਾਰਨ ਤਾਂ ਦੱਸੋ? ਸਪੀਕਰ ਸਾਹਿਬ, ਕਾਰਨ ਕੀ ਦੱਸਿਆ? ਸ਼ਰਮ ਨਾਲ ਸਿਰ ਝੁਕ ਗਿਆ। ਦੇਖੋ ਪੰਜਾਬੀ ਦਾ 'ਕੈਦਾ' ਹੈ। ਕਹਿਣ ਲੱਗਾ, ਬੈਂਸ ਸਾਹਿਬ, ਪਿਛਲੇ ਸਾਲ ਵਾਲੇ 'ਕੈਦੇ' ਤੇ 'ਅ' ਅਨਾਰ ਸੀ ਅਤੇ ਇਸ ਵਾਰ 'ਅ' ਅੰਬ ਹੈ। ਤੁਸੀਂ ਦੱਸੋ, ਬੱਚਾ ਕਿਵੇਂ ਪੜ੍ਹੇਗਾ? ਇਹ ਹੱਸਣ ਵਾਲੀ ਗੱਲ ਨਹੀਂ, ਬਹੁਤ ਸੀਰੀਅਸ ਮੈਟਰ ਹੈ। ਮੈਨੂੰ ਕਹਿਣ ਲੱਗਿਆਂ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ ਕਿ ਜਿਹੜੇ ਰਾਜ ਵਿੱਚ ਆਪਾਂ 75 ਸਾਲਾਂ ਵਿੱਚ ਪਹਿਲੀ ਜਮਾਤ ਦਾ 'ਕੈਦਾ' ਇਕ ਨਹੀਂ ਕਰ ਸਕੇ, ਆਪਾਂ ਕੀ ਸੋਚਦੇ ਹਾਂ? ਦਾਖਲੇ ਆਉਣਗੇ, ਮਾਂ-ਬਾਪ ਧੁੱਪ ਵਿੱਚ ਸਕੂਲਾਂ ਦੇ ਬਾਹਰ ਹਾਏ-ਹਾਏ ਕਰਨਗੇ। ਇਸ ਨੂੰ ਕੌਣ ਰੋਕੇਗਾ? ਇਹ ਕੌਣ ਕਹੇਗਾ ਕਿ ਜਿਸ ਨੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਐਫੀਲੀਏਸ਼ਨ ਲੈਣੀ ਹੈ, ਉਸ ਨੂੰ ਫਲਾਣੀਆਂ ਕਿਤਾਬਾਂ ਹੀ ਪੜ੍ਹਾਉਣੀਆਂ ਪੈਣਗੀਆਂ। ਇਹ ਨਹੀਂ ਕਿ ਜਿਹੜਾ ਮਰਜ਼ੀ ਸਕੂਲ ਆਪਣੇ ਕੋਲੋਂ 'ਕੈਦਾ' ਛਾਪੇ। ਮੈਂ ਉਸ ਨੂੰ ਪੁੱਛਿਆ ਕਿ ਅਗਲੇ ਸਾਲ ਕੀ ਕਰੋਗੇ? ਕਹਿਣ ਲੱਗਾ ਕਿ ਅਗਲੇ ਸਾਲ 'ਅ' ਆਲੂ ਕਰ ਲਵਾਂਗੇ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਬੋਲ ਲੈਣ ਦਿਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਬੈਂਸ ਸਾਹਿਬ ਦੀ ਸਾਰੇ ਬੜੀ ਕਦਰ ਕਰਦੇ ਹਨ ਅਤੇ ਇਹ ਚੰਗੇ ਸੁਝਾਅ ਦਿੰਦੇ ਹਨ। ਜੋ ਇਨ੍ਹਾਂ ਨੇ ਪਹਿਲਾਂ ਕੁਝ ਬੋਲਿਆ ਹੈ, ਉਹ ਬਜਟ ਬਾਰੇ ਨਹੀਂ ਹੈ।ਦੂਜੀ ਗੱਲ, ਇਹ 'ਅ' ਆਲੂ ਦੀ ਗੱਲ ਕਰ ਰਹੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹਾ ਕਿਹੜਾ ਟੀਚਰ ਹੈ?

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਜੀ ਕਿ ਅਜਿਹਾ ਹੈ। ਜਦੋਂ ਇਨ੍ਹਾਂ ਨੇ ਗਰਾਊਂਡ ਲੈਵਲ ਤੇ ਜਾਣਾ ਹੀ ਨਹੀਂ ਤਾਂ ਤੁਹਾਨੂੰ ਕਿਵੇਂ ਪਤਾ ਲੱਗੇਗਾ? ਕੀ ਤੁਹਾਡੀ ਸਰਕਾਰ ਦੀ ਇੱਕ ਪਾਲਿਸੀ ਹੈ? ਕੀ ਤੁਹਾਡੇ ਸਾਰੇ ਸਕੂਲਾਂ ਵਿੱਚ ਇੱਕ ਹੀ ਤਰ੍ਹਾਂ ਦੀ ਕਿਤਾਬ ਹੈ? ਐਵੇਂ ਹੀ ਬਹਿਸ ਕਰਨ ਲਈ ਖੜ੍ਹੇ ਹੋ ਗਏ ਹੋ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਇਨ੍ਹਾਂ ਨੇ ਅੱਜ ਤੋਂ ਚਾਰ ਦਿਨ ਪਹਿਲਾਂ ਕਿਹਾ ਸੀ ਕਿ......

**ਮਾਨਯੋਗ ਸਪੀਕਰ:** ਉਹ ਸਕੂਲਾਂ ਵਿੱਚ ਸਿਲੇਬਸ ਦੀ ਗੱਲ ਕਰ ਰਹੇ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਇਹ ਵਿਧਾਨ ਸਭਾ ਨੂੰ ਮਿਸਲੀਡ ਕਰਦੇ ਹਨ। ਇੱਕ ਦਿਨ ਇੱਥੇ ਕੋਆਪਰੇਟਿਵ ਮਨਿਸਟਰ ਨੂੰ ਕਿਹਾ ਸੀ ਕਿ ਜਿਹੜਾ ਇਨ੍ਹਾਂ ਦਾ ਐਮ.ਡੀ. ਸੀ, ਉਸਨੂੰ ਐਕਸਟੈਨਸ਼ਨ ਦੇ ਦਿੱਤੀ ਪ੍ਰੰਤੂ ਉਸ ਦੇ ਖਿਲਾਫ ਕੇਸ ਚਲਦਾ ਹੈ। ਪ੍ਰੰਤੂ ਅੱਜ ਤੱਕ ਉਸ ਦਾ ਕੁਝ ਪਤਾ ਨਹੀਂ ਲੱਗਿਆ। ਮੈਂ ਬਾਤਿਸ਼ ਜੀ ਨੂੰ ਜਾ ਕੇ ਪੁੱਛਿਆ ਕਿ ਕੋਈ ਇਸ ਤਰ੍ਹਾਂ ਦਾ ਕੇਸ ਚਲਦਾ ਹੈ। ਉਹ ਕਹਿੰਦੇ ਕਿ ਕਾਗਜ਼ ਲਿਆਉ। ਅੱਜ ਇਨ੍ਹਾਂ ਨੇ ਕਿਹਾ ਹੈ ਕਿ ਇੱਕ ਮਾਸਟਰ ਕਹਿੰਦਾ ਕਿ ਅਗਲੀ ਵਾਰੀ 'ਅ' ਆਲੂ ਲਿਖਵਾ ਦਿਆਂਗੇ। ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। (ਵਿਘਨ)

**ਸਰਦਾਰ ਬਲਵਿੰਦਰ ਸਿੰਘ ਬੈਂਸ:** ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਥੇ ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ, ਇਹ ਦੱਸ ਦੇਣ। ਪੰਜਾਬ ਦੇ ਸਕੂਲਾਂ ਵਿੱਚ ਅਜਿਹਾ ਹੋ ਰਿਹਾ ਹੈ। (ਵਿਘਨ)(ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਤੁਸੀਂ ਪੰਜਾਂ ਮਿੰਟਾਂ ਵਿੱਚ ਮੁਕਰ ਜਾਂਦੇ ਹੋ। ਹੁਣੇ ਹੀ ਤੁਸੀਂ ਕਿਹਾ ਹੈ ਕਿ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਹੁਣੇ ਹੀ ਤੁਸੀਂ ** ** ਕਿਹਾ ਹੈ। ਕਮਾਲ ਹੋ ਗਈ, ਮੈਂ ਤੁਹਾਡੀ ਗੱਲ ਕਿਵੇਂ ਮੰਨ ਲਵਾਂਗਾ? ਪੰਜ ਮਿੰਟ ਪਹਿਲਾਂ ਹੀ ਤੁਸੀਂ ਕਿਹਾ ਹੈ ** ** । ਹੁਣੇ ਹੀ ਤੁਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹੋ? ਤੁਸੀਂ ਇੱਥੇ 'ਅ ਅੰਬ', 'ਅ ਆਲੂ' ਦੀਆਂ ਗੱਲਾਂ ਕਰਦੇ ਹੋ? ਕੋਈ ਪ੍ਰਿੰਸੀਪਲ ਅਜਿਹਾ ਨਹੀਂ ਕਿ ਇਸ ਤਰ੍ਹਾਂ 'ਅ ਆਲੂ' ਤੋਂ 'ਅ ਅੰਬ' ਲਫਜ਼ ਵਰਤ ਦਿੱਤਾ ਅਤੇ ਕਿਹਾ ਹੋਵੇ ਕਿ 3400 ਰੁਪਏ ਦੀਆਂ ਕਿਤਾਬਾਂ ਲੈ ਲਵੋ। ਇੱਥੇ ਦਰਸ਼ਕ ਵੇਖ ਰਹੇ ਹਨ, ਮੀਡੀਆ ਵੇਖ ਰਿਹਾ ਹੈ। Please, do not mislead the House. (Interruptions) (Noises)

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਉ। ਬੈਠੋ ਜੀ, ਬੈਠੋ। ਹਾਂ ਜੀ, ਬੈਂਸ ਸਾਹਿਬ, ਬੋਲੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਜਿਹੜੀ ਗੱਲ ਇਹ ਕਹਿ ਰਹੇ ਹਨ, ਇਹ ਸੱਜਣ ਅਸਲ ਵਿੱਚ ਕਦੇ ਸਕੂਲ ਵਿੱਚ ਨਹੀਂ ਗਏ। ਸਪੀਕਰ ਸਾਹਿਬ,

**Expunged as ordered by the Chair.

ਮੈਂ ਕਹਿ ਰਿਹਾ ਹਾਂ ਕਿ ਜੇ ਮੈਂ ਝੂਠ ਕਹਿ ਰਿਹਾ ਹੋਵਾਂ, ਮੰਤਰੀ ਸਾਹਿਬ ਵੀ ਇੱਥੇ ਹੀ ਬੈਠੇ ਹਨ... (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਵਲੋਂ ਵਿਘਨ) ਨਾ ਕਰੋ ਜੀ, ਕਿਉਂ ਲੋਕਾਂ ਨੂੰ ਗੁੰਮਰਾਹ ਕਰ ਰਹੇ ਹੋ? ਮੰਤਰੀ ਸਾਹਿਬ ਇਥੇ ਬੈਠੇ ਹਨ, ਇਹ ਦੱਸ ਦੇਣ ਕਿ ਬਲਵਿੰਦਰ ਸਿੰਘ ਬੈਂਸ ਝੂਠ ਬੋਲਦਾ ਹੈ, ਅਸੀਂ ਕਿਤਾਬਾਂ ਲਗਾ ਦਿੱਤੀਆਂ ਹਨ। (ਵਿਘਨ)(ਸ਼ੋਰ) ਮੈਂ ਤੁਹਾਨੂੰ ਇੱਕ ਹੋਰ ਬੇਨਤੀ ਕਰਾਂ? ਮੈਂ ਤਾਂ ਹੀ ਤੁਹਾਨੂੰ ਕਿਹਾ ਹੈ ਕਿ ਮੰਤਰੀ ਸਾਹਿਬ ਬੈਠੇ ਹਨ, ਉਨ੍ਹਾਂ ਨੂੰ ਸਭ ਪਤਾ ਹੈ। ਮੈਂ ਤੁਹਾਨੂੰ ਇਹ ਪੁੱਛਦਾ ਹਾਂ ਕਿ ਤੁਸੀਂ ਕੁਝ ਤਾਂ ਕਹੋ ਪਰ ਇਹ ਗੁੰਮਰਾਹ ਨਾ ਕਰਨ?

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਚੇਅਰ ਨੂੰ ਐਡਰੈਸ ਕਰੋ। ਤੁਹਾਡਾ ਟਾਈਮ ਤਾਂ ਮੁਕ ਗਿਆ ਹੈ। ਹੁਣ ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਮੇਰਾ 15 ਮਿੰਟ ਦਾ ਟਾਈਮ ਹੈ।

**ਮਾਨਯੋਗ ਸਪੀਕਰ:** ਤੁਹਾਡਾ ਛੇ ਮਿੰਟ ਦਾ ਸਮਾਂ ਹੈ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਉਹ ਕਿਉਂ ਜੀ? ਇੱਕ ਦਿਨ ਸਾਨੂੰ 15 ਮਿੰਟ ਦਾ ਸਮਾਂ ਦੇ ਦਿਉ।

**ਮਾਨਯੋਗ ਸਪੀਕਰ:** ਪਾਰਟੀਆਂ ਦੇ ਮੁਤਾਬਕ ਜੋ ਸਮਾਂ ਬਣਦਾ ਹੈ, ਉਹ ਦਿੱਤਾ ਜਾਂਦਾ ਹੈ। ਤੁਸੀਂ ਵੈਸੇ ਆਪਣਾ ਕਨਕਲੂਡ ਕਰ ਲਵੋ। ਲੋਕ ਇਨਸਾਫ ਪਾਰਟੀ ਦਾ ਸਮਾਂ ਛੇ ਮਿੰਟ ਦਾ ਹੈ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੇਰੇ ਛੇ ਮਿੰਟ ਪਿਛਲੇ ਵੀ ਰਹਿੰਦੇ ਹਨ।

**ਮਾਨਯੋਗ ਸਪੀਕਰ:** ਨਹੀਂ ਜੀ, ਮੈਂ ਤੁਹਾਨੂੰ ਗਲਤ ਨਹੀਂ ਕਹਿ ਰਿਹਾ। ਤੁਸੀਂ ਆਪਣੀ ਗੱਲ ਨੂੰ ਕਨਕਲੂਡ ਕਰ ਲਵੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਕੋਈ ਗੱਲ ਨਹੀਂ। ਮੈਂ ਤੁਹਾਡੇ ਚਰਨਾਂ ਵਿੱਚ ਬੇਨਤੀ ਕਰਦਾ ਹਾਂ ਕਿ ਕਿਸੇ ਵੀ ਰਾਜ ਦੀ ਤਰੱਕੀ ਲਈ ਉਥੇ ਦੀ ਜਵਾਨੀ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।(ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੰਬੋਧਨ ਕਰਦੇ ਹੋਏ) ਇਹ ਵੀ ਕਹਿ ਦੇਈਂ ਕਿ ਨਹੀਂ ਹੁੰਦਾ, ਰਾਜਾ ਵੜਿੰਗ ਹੱਸਦਾ ਹੈ, ਮੈਂ ਇਸ ਕਰਕੇ ਕਹਿ ਰਿਹਾ ਹਾਂ। ਸਪੀਕਰ ਸਾਹਿਬ, ਉਦਾਂ ਤਾਂ ਇਹ ਕਹਿ ਦੇਣਗੇ ਕਿ ਇਹ ਵੀ ਨਹੀਂ ਹੁੰਦਾ। ਮੁਲਕ ਦੀ ਤਰੱਕੀ ਵਿੱਚ ਜਵਾਨੀ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ ਪ੍ਰੰਤੂ ਜੋ ਹਾਲਾਤ ਪਿਛਲੇ 10 ਸਾਲ ਰਹੇ, ਗੱਲ ਇਥੋਂ ਤੱਕ ਚਲੀ ਗਈ ਕਿ ਕਈ ਥਾਣਿਆਂ ਦੇ ਬਾਹਰ, ਜੇ ਮੈਂ ਇਹ

ਗੱਲ ਦੱਸਾਂ ਤਾਂ ਤੁਸੀਂ ਕਹਿਣਾ ਹੈ ਕਿ ਕੋਈ ਮਾਂ ਇਹ ਗੱਲ ਨਹੀਂ ਕਹਿ ਸਕਦੀ। ਮੁੰਡਾ ਅੰਦਰ ਹੈ, ਮਾਂ ਬਾਹਰ ਖੜ੍ਹੀ ਹੈ, ਮਾਂ ਐਸ.ਐਚ.ਓ. ਨੂੰ ਜਾ ਕੇ ਕਹਿੰਦੀ ਹੈ ਕਿ ਐਸ.ਐਚ.ਓ. ਸਾਹਿਬ, ਇਹ ਪੁੜੀ ਕਿਸੇ ਢੰਗ ਨਾਲ ਮੇਰੇ ਮੁੰਡੇ ਨੂੰ ਦੇ ਦਿਉ, ਮੇਰਾ ਮੁੰਡਾ ਬਚ ਜਾਵੇਗਾ, ਨਹੀਂ ਤਾਂ ਮੇਰਾ ਮੁੰਡਾ ਮਰ ਜਾਵੇਗਾ। ਸਪੀਕਰ ਸਾਹਿਬ, ਇਸ ਦਾ ਜ਼ਿੰਮੇਵਾਰ ਕੌਣ ਹੈ ਜੀ? ਸਪੀਕਰ ਸਾਹਿਬ, ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਚਲੇ ਗਏ, ਥੋੜ੍ਹੀਆਂ ਸੀਟਾਂ ਤੇ ਆ ਗਏ ਪਰ ਮਾਨਯੋਗ ਸੀ.ਐਮ. ਸਾਹਿਬ ਨੇ ਮੱਥੇ ਨੂੰ ਗੁਟਕਾ ਲਗਾ ਕੇ ਕਿਹਾ ਸੀ ਕਿ ਮੈਂ ਚਾਰ ਹਫ਼ਤਿਆਂ ਵਿੱਚ ਨਸ਼ਾ ਬੰਦ ਕਰ ਦੇਵਾਂਗਾ ਪਰ ਸਪੀਕਰ ਸਾਹਿਬ, ਨਸ਼ਾ ਅੱਜ ਵੀ ਮਿਲ ਰਿਹਾ ਹੈ। ਨਸ਼ਾ ਰੁਕਿਆ ਨਹੀਂ ਹੈ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ (ਬੈਠੇ-ਬੈਠੇ):** ਅਸੀਂ ਨਸ਼ਿਆਂ ਦਾ ਲੱਕ ਤੋੜ ਦਿੱਤਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਫਿਰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਗੱਲਾਂ ਮੇਰੇ ਸਾਥੀ ਕਰ ਰਹੇ ਹਨ ਕਿ ਅਸੀਂ ਲੱਕ ਤੋੜ ਦਿੱਤਾ ਹੈ, ਕੀ ਕੋਈ ਲੱਕ ਟੁੱਟਣ ਤੋਂ ਬਾਅਦ ਤੁਰਦਾ ਹੈ? ਜੇ ਕੋਈ ਤੁਹਾਡਾ ਸਾਥੀ ਬੋਲਦਾ ਹੈ, ਤੁਸੀਂ ਉਸ ਨੂੰ ਸਸਪੈਂਡ ਤਾਂ ਕਰ ਸਕਦੇ ਹੋ ਪਰ ਤੁਸੀਂ ਉਸ ਦੀ ਤਸੱਲੀ ਨਹੀਂ ਕਰਵਾ ਸਕਦੇ। ਇਹ ਮੇਰੇ ਕੋਲ ਬੈਠੇ ਜ਼ੀਰਾ ਸਾਹਿਬ ਬੋਲੇ ਸੀ, ਤੁਸੀਂ ਉਨ੍ਹਾਂ ਨੂੰ ਪਾਰਟੀ ਵਿੱਚੋਂ ਸਸਪੈਂਡ ਕਰ ਦਿੱਤਾ ਕਿ ਇਹ ਗਲਤ ਕਹਿ ਰਿਹਾ ਹੈ। ਸੱਚ ਕਿਤੇ ਨਾ ਕਿਤੇ ਸੁਣਨਾ ਪੈਣਾ ਹੈ। ਜੇ ਨਹੀਂ ਸੁਣਨਾ, ਤੁਹਾਨੂੰ ਮੁਬਾਰਕ, ਹਾਲਤ ਫਿਰ ਤੁਹਾਡੀ ਵੀ ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਵਾਲੀ ਹੋਵੇਗੀ। (ਵਿਘਨ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਜ਼ੀਰਾ ਕੀ ਬੋਲਿਆ?

**ਸਰਦਾਰ ਬਲਵਿੰਦਰ ਸਿੰਘ ਬੈਂਸ:** ਮੈਂ ਕਹਿੰਦਾ ਹਾਂ ਕਿ ਤੁਹਾਨੂੰ ਪਤਾ ਹੀ ਨਹੀਂ ਹੈ ਕਿ ਉਹ ਕੀ ਬੋਲਿਆ ਸੀ। ਉਹ ਬੋਲਦਾ ਹੈ ਕਿ ਨਸ਼ਾ ਵਿਕਦਾ ਹੈ...(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਤੁਹਾਡੇ ਚਰਨਾਂ ਵਿੱਚ ਮੇਰੀ ਬੇ ਨਤੀ ਹੈ ਕਿ ਸਰਕਾਰ ਨੇ ਇੰਡਸਟਰੀ ਲਈ ਬਹੁਤ ਵੱਡੀਆਂ ਗੱਲਾਂ ਕੀਤੀਆਂ ਹਨ ਪਰ ਗੁੱਸਾ ਨਾ ਕਰਿਉ, ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਗੱਲ ਹੈ। ਮੇਰਾ ਖਿਆਲ ਹੈ ਕਿ ਲੁਧਿਆਣੇ ਸ਼ਹਿਰ ਦਾ ਕਰੋੜਾਂ ਰੁਪਿਆ ਵੈਟ ਰਿਫੰਡ ਬਣਦਾ ਹੈ, ਇੰਡਸਟਰੀ ਵਾਲੇ ਵਿਆਜ ਭਰਦੇ ਹਨ ਪ੍ਰੰਤੂ ਸਰਕਾਰ ਨੇ ਇਹ ਰਿਫੰਡ ਨਹੀਂ ਕੀਤਾ। ਨਾ ਪਿਛਲੀ ਸਰਕਾਰ ਨੇ ਕੀਤਾ ਅਤੇ ਨਾ ਹੁਣ ਵਾਲੀ ਸਰਕਾਰ ਨੇ ਕੀਤਾ। ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਆਪਣੇ ਵੱਲੋਂ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ ਅਤੇ ਕਿਹਾ ਹੈ ਕਿ

ਹੁਣ ਚਿਮਨੀਆਂ 'ਚੋਂ ਧੂੰਆਂ ਨਿਕਲਣ ਲੱਗ ਗਿਆ ਹੈ ਪਰ ਇਹ ਨਹੀਂ ਦੇਖਿਆ ਕਿ ਕਿੰਨੀਆਂ ਚਿਮਨੀਆਂ 'ਚੋਂ ਧੂੰਆਂ ਨਿਕਲਣ ਲੱਗ ਗਿਆ ਅਤੇ ਕਿੰਨੀਆਂ ਬੰਦ ਵੀ ਹੋ ਗਈਆਂ। ਮੈਨੂੰ ਲਗਦਾ ਹੈ ਕਿ ਇਸ ਬਜਟ ਵਿਚ ਵੀ ਪਿਛਲਾ ਵੈਟ ਰਿਫੰਡ ਕਰਨ ਦਾ ਕੋਈ ਪ੍ਰੋਵੀਜ਼ਨ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ।

**ਮਾਨਯੋਗ ਸਪੀਕਰ:** ਵਾਈਂਡ ਅੱਪ ਕਰੋ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਵਾਈਂਡ ਅੱਪ ਹੀ ਕਰਨ ਲੱਗਿਆ ਹਾਂ ਜੀ। ਹੈਲਥ ਦੀ ਹਾਲਤ ਦੇਖ ਲਓ। ਸਪੀਕਰ ਸਾਹਿਬ, ਅਸਲ ਵਿਚ ਸਰਕਾਰ ਇਮਾਰਤਾਂ ਦੇ ਨਿਰਮਾਣ ਲਈ ਘੱਟ ਹੁੰਦੀ ਹੈ ਪਰ ਲੋਕਾਂ ਨੂੰ ਸਹੂਲਤ ਦੇਣ ਲਈ ਵੱਧ ਹੁੰਦੀ ਹੈ। ਗੱਲਾਂ ਕਹਿਣ ਨਾਲ ਨਹੀਂ ਹੁੰਦੀਆਂ। ਮੈਂ ਤਾਂ ਦੋ ਸਾਲਾਂ ਵਿਚ ਕੇਵਲ ਇੱਕ ਸਵਾਲ ਕੀਤਾ ਸੀ, ਉਹ ਵੀ ਮੇਰੇ ਹਲਕੇ ਦਾ ਨਹੀਂ ਸੀ। ਸਵਾਲ ਕੀਤਾ ਸੀ ਕਿ ਸਰਹਿੰਦ ਤੋਂ ਪਟਿਆਲੇ ਵਾਲੀ ਸਾਰੀ ਸੜਕ ਟੁੱਟੀ ਪਈ ਹੈ, ਗੱਡੀ ਚੱਲ ਨਹੀਂ ਸਕਦੀ। ਮੈਂ ਸਵਾਲ ਪੁੱਛਿਆ ਸੀ ਕਿ ਕੀ ਉਹ ਸੜਕ ਬਣਾ ਦਿਉਗੇ? ਵਜ਼ੀਰ ਸਾਹਿਬ ਦਾ ਜਵਾਬ ਸੀ ਕਿ ਨਹੀਂ ਜੀ। ਫਿਰ ਮੈਂ ਪੁੱਛਿਆ ਕਿ ਪੈਚ ਲਾ ਦਿਓਂਗੇ ਤਾਂ ਵਜ਼ੀਰ ਸਾਹਿਬ ਦਾ ਜਵਾਬ ਸੀ ਕਿ ਸੋਚਾਂਗੇ। ਜੇ ਮੁੱਖ ਮੰਤਰੀ ਦੇ ਘਰ ਨੂੰ ਜਾਂਦੀ ਸੜਕ ਦੀ ਹਾਲਤ ਐਸੀ ਹੈ ਤਾਂ.....

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਕੋਈ ਪੁਆਇੰਟ ਆਫ ਆਰਡਰ ਨਹੀਂ। ਬੈਂਸ ਸਾਹਿਬ, ਤੁਸੀਂ ਬੈਠੋ, ਤੁਹਾਡਾ ਟਾਈਮ ਹੋ ਗਿਆ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੈਨੂੰ ਵਾਈਂਡ ਅੱਪ ਤਾਂ ਕਰ ਲੈਣ ਦਿਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਦੱਸੋ, ਕੀ ਕਹਿਣਾ ਹੈ? ਇੰਨੇ ਵਿਚ ਤਾਂ ਗੱਲ ਮੁੱਕ ਜਾਣੀ ਸੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸਰਹਿੰਦ-ਪਟਿਆਲਾ ਸੜਕ ਦੀ ਗੱਲ ਕੀਤੀ ਹੈ। ਜਦੋਂ ਇਨ੍ਹਾਂ ਨੇ ਸਵਾਲ ਲਗਾਇਆ ਸੀ, ਉਸ ਤੋਂ ਇਮੀਜੀਏਟ ਬਾਅਦ, ਮਾਨਯੋਗ ਮੁੱਖ ਮੰਤਰੀ ਜੀ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਕੇਵਲ ਸਰਹਿੰਦ-ਪਟਿਆਲਾ ਸੜਕ ਹੀ ਨਹੀਂ ਬਲਕਿ ਸਰਹਿੰਦ ਤੋਂ ਲਾਂਡਰਾਂ ਸੜਕ ਦੀ ਵੀ ਰਿਪੇਅਰ ਕਰ ਦਿੱਤੀ ਗਈ ਸੀ। ਮੇਰਾ ਖਿਆਲ ਹੈ ਕਿ ਇਹ ਮੁੜ ਕੇ ਪਟਿਆਲੇ ਗਏ ਹੀ ਨਹੀਂ। ਸੋ, ਮੇਰੀ ਬੇਨਤੀ ਹੈ ਕਿ ਮੈਂਬਰ ਸਾਹਿਬ ਦੁਬਾਰਾ ਜਾ ਕੇ ਵੇਖ ਲੈਣ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਬੈਂਸ ਸਾਹਿਬ, ਹੁਣ ਵਾਈਂਡ ਅੱਪ ਕਰੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਹੈ ਕਿ ਹੁਣ ਸਰਕਾਰ ਲੋਕਾਂ ਦੀਆਂ ਜੇਬਾਂ ਕੱਟਣ ਜਾ ਰਹੀ ਹੈ। 2013 ਵਿਚ ਵਨ ਟਾਈਮ ਸੈਟਲਮੈਂਟ ਪਾਲਿਸੀ ਬਿਲਡਿੰਗਾਂ ਦਾ ਰੈਜ਼ੀਡੈਂਸ਼ੀਅਲ ਬਿਲਡਿੰਗਾਂ ਦਾ ਰੇਟ 5 ਰੁਪਏ ਫੁੱਟ ਅਤੇ ਕਮਰਸ਼ੀਅਲ ਦਾ 50 ਰੁਪਏ ਫੁੱਟ ਸੀ ਪਰ ਜਿਹੜੀ ਹੁਣ ਵਨ ਟਾਈਮ ਸੈਟਲਮੈਂਟ ਪਾਲਿਸੀ ਆਈ ਹੈ, ਇਸ ਨੂੰ ਦੇਖ ਕੇ ਇੰਜ ਲਗਦਾ ਹੈ ਕਿ ਜਿਵੇਂ ਬਿਲਡਿੰਗ ਹੀ ਸਰਕਾਰ ਨੇ ਬਣਾ ਕੇ ਦੇਣੀ ਹੈ। ਰਿਹਾਇਸ਼ੀ ਏਰੀਏ ਦੀ ਸੈਟਲਮੈਂਟ ਦਾ ਰੇਟ 300 ਰੁਪਏ ਪ੍ਰਤੀ ਸੁਕੇਅਰ ਫੁੱਟ ਅਤੇ ਕਮਰਸ਼ੀਅਲ ਦਾ 1 ਹਜ਼ਾਰ ਰੁਪਏ ਪ੍ਰਤੀ ਸੁਕੇਅਰ ਫੁੱਟ ਰੇਟ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਤਰ੍ਹਾਂ ਲੋਕਾਂ ਨੂੰ ਲੁੱਟ ਰਹੀ ਹੈ।ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਅਤੇ ਖਜ਼ਾਨਾ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਲੋਕਾਂ ਨੂੰ ਸਹੂਲਤ ਦੇਣ ਲਈ ਸਰਕਾਰ ਬਣਾਈ ਹੈ, ਤੁਸੀਂ ਲੋਕਾਂ ਨੂੰ ਬਿਲਡਿੰਗ ਬਣਾ ਕੇ ਨਹੀਂ ਦੇਣੀ। 1 ਹਜ਼ਾਰ ਰੁਪਿਆ ਸ਼ਕੇਅਰ ਫੁੱਟ ਵਿਚ ਤਾਂ ਬਿਲਡਿੰਗ ਬਣ ਜਾਂਦੀ ਹੈ ਤੇ ਤੁਸੀਂ ਪੈਨੇਲਟੀ ਹੀ ਇਕ ਹਜ਼ਾਰ ਰੁਪਿਆ ਪ੍ਰਤੀ ਸੁਕੇਅਰ ਫੁੱਟ ਰੱਖ ਦਿੱਤੀ ਹੈ। ਮੈਂ ਇਸ ਬਜਟ ਨੂੰ ਕੰਡੈਮ ਕਰਦਾ ਹਾਂ।

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। ਸ਼੍ਰੀ ਕੰਵਰ ਸੰਧੂ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਇਥੇ ਕਾਫੀ ਇਲਜ਼ਾਮ, ਦਾਅਵੇ, ਕਾਊਂਟਰ ਦਾਅਵੇ ਹੋ ਗਏ ਹਨ, ਮੈਂ ਉਨ੍ਹਾਂ ਗੱਲਾਂ ਵਿਚ ਨਹੀਂ ਪੈਣਾ। ਮੈਂ ਦੋ-ਤਿੰਨ ਵੱਖਰੀਆਂ ਗੱਲਾਂ ਕਰਨੀਆਂ ਹਨ। ਸਪੀਕਰ ਸਾਹਿਬ, ਬਜਟ ਸਪੀਚ ਦੇ 9ਵੇਂ ਅਤੇ 10ਵੇਂ ਪੈਰੇ ਵਿਚ ਬਹੁਤ ਇੰਪਾਰਟੈਂਟ ਇਨਫਰਮੇਸ਼ਨ ਦਾ ਜ਼ਿਕਰ ਹੈ। ਜਿਹੜੀ ਸੀ.ਸੀ.ਐਲ. ਸੀ, ਉਸ ਤੇ ਸਰਕਾਰ ਕੋਲ ਸਬੂਤ ਹੈ ਕਿ ਜਿਹੜਾ 30-31 ਹਜ਼ਾਰ ਕਰੋੜ ਰੁਪਏ ਦਾ ਮਸਲਾ ਹੈ, ਕੇਂਦਰ ਸਰਕਾਰ ਆਪਣੇ ਤੇ ਇਹ ਜ਼ਿੰਮੇਵਾਰੀ ਲੈਣਾ ਚਾਹੁੰਦੀ ਸੀ ਜਾਂ ਬੈਂਕਾਂ ਤੇ ਇਹ ਜ਼ਿੰਮੇਵਾਰੀ ਪਾਉਣਾ ਚਾਹੁੰਦੀ ਸੀ ਪਰ ਉਸ ਵੇਲੇ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਤੇ ਇਹ ਬੋਝ ਪਾ ਦਿੱਤਾ। ਮੇਰੇ ਹਿਸਾਬ ਨਾਲ ਇਹ ਬਹੁਤ ਅਹਿਮ ਜਾਣਕਾਰੀ ਹੈ ਕਿਉਂਕਿ ਉਸ ਵੇਲੇ ਦੇ ਵਿੱਤ ਮੰਤਰੀ ਨੇ ਕਿਹਾ ਹੈ ਕਿ ਇਸ ਵਿਚ ਜੋ ਕੁਝ ਹੋਇਆ ਹੈ ਉਹ ਕਾਨੂੰਨ ਦੇ ਮੁਤਾਬਿਕ ਹੋਇਆ ਹੈ ਔਰ there is nothing wrong in it. ਇਹ ਪੰਜਾਬ ਦੇ ਲੋਕਾਂ ਨੂੰ ਦੱਸਣ, ਹਾਊਸ ਨੂੰ ਦੱਸਣ ਕਿ

ਤੁਹਾਡੇ ਕੋਲ ਇਹੋ ਜਿਹੀ ਕਿਹੜੀ ਜਾਣਕਾਰੀ ਹੈ। ਇਹ ਬਹੁਤ ਅਹਿਮ ਹੈ, 30-31 ਹਜ਼ਾਰ ਕਰੋੜ ਦੀ ਜਾਣਕਾਰੀ ਹੈ।ਤੁਸੀਂ ਕਿਹਾ ਹੈ ਕਿ ਤੁਹਾਡੇ ਕੋਲ ਕਾਗਜ਼ਾਤ ਅਤੇ ਸਾਰੇ ਸਬੂਤ ਮੌਜੂਦ ਹਨ, ਸੋ ਹੁਣ ਤੁਸੀਂ ਉਨ੍ਹਾਂ ਸਬੂਤਾਂ ਬਾਰੇ ਸਾਰੇ ਹਾਊਸ ਨੂੰ ਦੱਸੋ। ਦੂਸਰੀ ਗੱਲ ਹੈ ਕਿ ਪਿੱਛੇ ਜਿਹੇ 15ਵਾਂ ਵਿੱਤ ਕਮਿਸ਼ਨ ਇਥੇ ਆਇਆ ਸੀ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਪੰਜਾਬ ਦੀ ਵਿੱਤੀ ਹਾਲਤ ਕੀ ਹੈ। ਸਾਨੂੰ ਪਤਾ ਹੀ ਹੈ ਕਿ ਇਸ ਵੇਲੇ ਸਾਡਾ ਕਰਜ਼ਾ 2 ਲੱਖ 12 ਹਜ਼ਾਰ ਕਰੋੜ ਦੇ ਕਰੀਬ ਹੈ ਤੇ ਅਗਲੇ ਸਾਲ ਤੱਕ ਹੋਰ 2.30 ਲੱਖ ਕਰੋੜ ਰੁਪਏ ਜਾਂ 2.31 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਏਗਾ। ਮੇਰਾ ਆਪਣਾ ਮੰਨਣਾ ਹੈ ਕਿ revenue receipts ਉਹੋ ਜਿਹੀਆਂ ਨਹੀਂ ਆ ਰਹੀਆਂ ਜਿਹੋ ਜਿਹੀ ਸਾਨੂੰ ਆਸ ਹੁੰਦੀ ਹੈ। ਇਹ ਕਰਜ਼ਾ ਇਸੇ ਤਰ੍ਹਾਂ ਹੀ ਵਧਦਾ ਰਹਿਣਾ ਹੈ ਅਤੇ ਸ਼ਾਇਦ ਅਗਲੇ ਸਾਲ ਤੱਕ ਜਾਂ ਉਸ ਤੋਂ ਅਗਲੇ ਸਾਲ ਤੱਕ 2 ਲੱਖ 50 ਕਰੋੜ ਰੁਪਏ ਤੱਕ ਵੱਧ ਸਕਦਾ ਹੈ। ਮੈਂ ਚਾਹੁੰਦਾ ਹਾਂ ਕਿ ਵਿੱਤ ਮੰਤਰੀ ਸਾਹਿਬ ਇਸ ਗੱਲ ਨੂੰ ਐਕਸਪਲੇਨ ਕਰਨ, ਜਦੋਂ ਉਹ ਜਵਾਬ ਦੇਣਗੇ। ਜਦੋਂ 15ਵੀਂ Finance Commission ਦੀ ਟੀਮ ਆਈ ਸੀ, ਕੀ ਅਸੀਂ ਉਨ੍ਹਾਂ ਅੱਗੇ ਇੱਕ Special Category State ਦਾ ਦਰਜਾ ਮੰਗਿਆ? ਕੀ ਉਸ ਦੀ ਅਸੀਂ ਮੰਗ ਰੱਖੀ ਹੈ? ਮੇਰਾ ਮੰਨਣਾ ਹੈ ਕਿ ਜੇ ਆਂਧਰਾ ਪ੍ਰਦੇਸ਼ ਇਹ ਮੰਗ ਕਰ ਰਿਹਾ ਹੈ, ਜੇ 11 ਸਟੇਟਸ ਨੂੰ ਅੱਜ ਵੀ Special Category States ਦਾ ਦਰਜਾ ਮਿਲਿਆ ਹੈ ਤਾਂ ਅਸੀਂ ਇਹ ਮੰਗ ਕਿਉਂ ਨਹੀਂ ਰੱਖਦੇ? ਹੁਣ ਤੱਕ ਇਹ ਮੰਗ ਕਿਉਂ ਨਹੀਂ ਰੱਖੀ ਗਈ? ਮੈਨੂੰ ਪਤਾ ਹੈ ਕਿ 14ਵੇਂ ਫਾਈਨਾਂਸ ਕਮਿਸ਼ਨ ਵੇਲੇ ਜਿਹੜੀ ਫੰਡਜ਼ ਦੀ, Centre and State Taxes devolution ਸੀ, ਉਸ ਦੇ ਵਿੱਚ ਤਬਦੀਲੀ ਆਈ ਹੈ। ਸੋ, ਹੁਣ ਇਹ ਉਹ ਮਾਇਨਾ ਨਹੀਂ ਰੱਖਦੀ। Special status ਜੋ ਕਿਸੇ ਵੇਲੇ ਹੁੰਦਾ ਸੀ ਪਰ ਅੱਜ ਵੀ 70/30 funds devolution ਹੈ, ਇਹ 90/10 ਰੇਸ਼ੋ ਵਿੱਚ ਤਬਦੀਲ ਹੋ ਜਾਂਦਾ ਹੈ ਜੇ Special Category Status ਮਿਲ ਜਾਵੇ। ਇਸ ਦੇ ਪੰਜ criteria ਹਨ। Hilly terrain ਹੋਵੇ, low population ਹੋਵੇ ਅਤੇ on border strategic location ਹੋਵੇ ਜਿਸ ਨੇੜੇ ਤੁਹਾਡਾ ਸੂਬਾ ਹੋਵੇ, economic backwardness ਹੋਵੇ and non-viable nature of State's finances ਹੋਣ। ਇਹ ਪੰਜ criterias ਹਨ। Andhra Pradesh ਸਿਰਫ ਇੱਕ ਵਿੱਚ fit in ਕਰਦਾ ਹੈ ਅਸੀਂ ਘੱਟੋ-ਘੱਟ ਦੋ ਦੇ ਵਿੱਚ fit in ਕਰਦੇ ਹਾਂ। ਸਾਡੇ ਹੋਰ ਵੀ ਕਈ ਕਾਰਨ ਹਨ ਕਿ ਸਾਨੂੰ ਕਿਉਂ Special State ਦਾ ਦਰਜਾ ਮਿਲਣਾ ਚਾਹੀਦਾ ਹੈ?

**ਮਾਨਯੋਗ ਸਪੀਕਰ:** ਵਾਈਂਡ-ਅੱਪ ਕਰੋ ਜੀ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਅਸੀਂ ਇਹ ਮੈਟਰ ਟੇਕ-ਅੱਪ ਕਰੀਏ, ਇਹੀ ਇਲਾਜ ਹੈ ਤਾਂ ਕਿ ਸਾਡੇ ਸਟੇਟਸ ਦੇ ਬਿਹਤਰ finances ਹੋਣ। ਜੇ ਇਹ ਤਜਵੀਜ਼ ਰੱਖ ਦੇਣ ਤਾਂ ਮੈਂ ਸਮਝਦਾ ਹਾਂ ਕਿ ਸਾਰੇ ਇਨ੍ਹਾਂ ਦੇ ਨਾਲ ਸਹਿਮਤ ਹੋ ਜਾਣਗੇ। ਜੇ ਅੱਜ ਅਸੀਂ ਇਹ ਸ਼ੁਰੂ ਕਰਾਂਗੇ ਤਾਂ ਜਾ ਕੇ ਇਹ ਪੂਰਾ ਹੋਵੇਗਾ। ਬਹੁਤ ਮਿਹਰਬਾਨੀ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ (ਰੂਪਨਗਰ):** ਸਪੀਕਰ ਸਾਹਿਬ , ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਸਾਡੇ ਐਫ.ਐਮ ਸਾਹਿਬ ਬੈਠੇ ਹਨ, ਬਜਟ ਵਿੱਚ ਬੜੀਆਂ ਗੱਲਾਂ ਕੀਤੀਆਂ ਹਨ ਪਰ ਮੈਨੂੰ ਤਾਂ ਤੀਸਰਾ ਬਜਟ ਹੋ ਗਿਆ ਹੈ, ਆਪਣੇ ਇਲਾਕੇ ਦੀਆਂ ਸੜਕਾਂ ਦੀ ਗੱਲ ਕਰਦੇ ਨੂੰ ਇਨ੍ਹਾਂ ਨੇ ਕੋਈ ਪੈਸਾ ਮਨਜ਼ੂਰ ਨਹੀਂ ਕੀਤਾ ਹੈ। ਰੋਪੜ ਦੀਆਂ ਸੜਕਾਂ ਸਾਰੇ ਪਾਸਿਆਂ ਤੋਂ ਟੁੱਟੀਆਂ ਪਈਆਂ ਹਨ। ਪਿਛਲੀ ਵਾਰ ਸੀ.ਐਮ. ਸਾਹਿਬ ਨੇ ਵੀ ਕਿਹਾ ਸੀ ਕਿ ਸੜਕ ਬਣਾ ਦਿਓ। ਹਾਲੇ ਵੀ ਰੋਪੜ ਤੋਂ ਨੂਰਪੁਰ ਬੇਦੀ ਸੜਕ ਬਿਨਾਂ ਪੈਸਿਆਂ ਤੋਂ ਵਿਚਾਲੇ ਪਈ ਹੈ। ਐਫ.ਐਮ. ਸਾਹਿਬ ਤੋਂ ਨਹੀਂ ਬਣੀ ਪਰ ਮੈਂ ਇਨ੍ਹਾਂ ਦੇ ਨਾਲ ਪੀਪਲਜ਼ ਪਾਰਟੀ ਨਾਲ ਜੁੜਿਆ ਸੀ ਜਦੋਂ ਇਨ੍ਹਾਂ ਨੇ ਪਾਰਟੀ ਬਣਾਈ ਸੀ ਪਰ ਸਾਨੂੰ ਨਹੀਂ ਪਤਾ ਸੀ ਕਿ ਇਹ ਇਸ ਤਰ੍ਹਾਂ ਦੇ ** ** ਬੰਦੇ ਹਨ। ਇਹ ਸਾਡੇ ਬਾਰੇ ਤਾਂ ਕੁਝ ਸੋਚ ਹੀ ਨਹੀਂ ਸਕਦੇ।

**ਮਾਨਯੋਗ ਸਪੀਕਰ:** ਇਹ ** ** ਲਫਜ਼ ਐਕਸਪੰਜ ਕਰ ਦਿਓ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਕੱਟ ਦਿਓ ਸਰ, ਸੌਰੀ, ਜੇ ਕੋਈ ਗੱਲ ਗਲਤ ਕਹਿ ਹੋ ਗਈ। ਨਹੀਂ, ਨਹੀਂ, ਸਰ, ਸੌਰੀ ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਨਾਗਰਾ ਜੀ, ਕੀ ਇਹ ਜ਼ਰੂਰੀ ਹੈ ਕਿ ਹਰ ਇਸ਼ੂ ਤੇ ਖੜ੍ਹੇ ਹੋਣਾ ਹੀ ਹੈ? ਇਨ੍ਹਾਂ ਨੂੰ ਬੋਲ ਲੈਣ ਦਿਓ ਜੀ। ਜਦੋਂ ਬੈਂਸ ਸਾਹਿਬ ਖੜ੍ਹੇ ਸੀ ਉਦੋਂ ਵੀ ਤੁਸੀਂ ਖੜ੍ਹੇ ਹੋਏ ਸੀ। ਪੁਆਇੰਟ ਆਫ ਆਰਡਰ ਵਾਲੇ ਤੁਸੀਂ ਇਕੱਲੇ ਨਹੀਂ ਹੋ, ਸਾਰਾ ਹਾਊਸ ਬੈਠਾ ਹੈ। ਪਲੀਜ਼ ਬੈਠੋ। ਐਫ.ਐਮ. ਸਾਹਿਬ ਆਪੇ ਜਵਾਬ ਦੇ ਦੇਣਗੇ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਅਮਨ ਜੀ, ਬੈਠ ਜਾਓ ਤੁਸੀਂ। ਅਮਨ ਜੀ, ਬਿਲਕੁਲ ਨਹੀਂ। ਬਿਲਕੁਲ ਨਹੀਂ।

---

** ** Expunged as ordered by the Chair.

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਲੋਕਾਂ ਦੇ ਪੈਸੇ ਨਾਲ , ਟੈਕਸ ਦੇ ਨਾਲ ਸਰਕਾਰਾਂ ਚਲਦੀਆਂ ਹਨ। ਲੋਕਾਂ ਨੇ ਸਾਨੂੰ ਚੁਣਿਆ ਹੋਇਆ ਹੈ। ਇੱਥੇ ਮੁੱਖ ਮੰਤਰੀ ਸਾਹਿਬ ਬੈਠੇ ਹਨ। ਮੈਂ ਇਨ੍ਹਾਂ ਦਾ ਬਹੁਤ ਆਦਰ ਅਤੇ ਸਤਿਕਾਰ ਕਰਦਾ ਹਾਂ। ਮੁੱਖ ਮੰਤਰੀ ਸਾਹਿਬ ਤੁਸੀਂ ਕਹਿੰਦੇ ਹੋ ਕਿ ਪੰਜ-ਪੰਜ ਕਰੋੜ ਰੁਪਿਆ ਅਸੀਂ ਹਲਕਿਆਂ ਨੂੰ ਦਿੱਤਾ ਹੈ। ਅੱਜ ਬਹੁਤ ਮਾੜੀ ਗੱਲ ਹੈ ਕਿ ਇਨ੍ਹਾਂ ਨੇ ਤਾਂ ਹਲਕਾ ਇੰਚਾਰਜ ਲਗਾਏ ਸੀ, ਤੁਹਾਡੇ ਹਲਕਾ ਇੰਚਾਰਜ ਸਾਡੇ ਹਲਕਿਆਂ ਵਿੱਚ ਪੈਸੇ ਵੰਡਦੇ ਹਨ। ਇਹ ਜਿਹੜਾ ਰੋਪੜ ਤੁਹਾਡਾ ਹਲਕਾ ਇੰਚਾਰਜ ਬੈਠਾ ਹੈ। ਜਿਸ ਸੰਸਥਾ ਵਿੱਚ ਬੈਠਾ ਹੈ, ਪੈਸੇ ਵੰਡ ਰਿਹਾ ਹੈ। ਮੁੱਖ ਮੰਤਰੀ ਸਾਹਿਬ, ਅਸੀਂ ਤੁਹਾਡੇ ਤੋਂ ਬੜੀ ਆਸ ਕਰਦੇ ਹਾਂ, ਇਸ ਤਰ੍ਹਾਂ ਸਾਡੇ ਨਾਲ ਨਾ ਕਰੋ। ਅਸੀਂ ਤਾਂ ਫਿਰ ਇਥੇ ਬੋਲ ਕੇ ਭੱਤੇ ਲੈ ਕੇ ਚੱਲੀਏ। ਅਸੀਂ ਸਿਰਫ ਇਥੇ ਭੱਤੇ ਲੈਣ ਵਾਸਤੇ ਥੋੜ੍ਹੀ ਆਉਣਾ ਹੈ। ਸਾਨੂੰ ਲੋਕਾਂ ਨੇ ਚੁਣਿਆ ਹੋਇਆ ਹੈ। ਅਸੀਂ 2 ਲੱਖ ਲੋਕਾਂ ਦੀ ਆਵਾਜ਼ ਹਾਂ। ਸਿੱਧੂ ਸਾਹਿਬ ਵੀ ਕਹਿੰਦੇ ਰਹਿੰਦੇ ਹਨ ਕਿ ਐਮ.ਐਲ.ਏ 2 ਲੱਖ ਲੋਕਾਂ ਦੀ ਆਵਾਜ਼ ਹੈ ਪਰ ਸਾਨੂੰ ਸਾਡੇ ਹਲਕੇ ਦੇ ਕੰਮ ਕਰਨ ਦੀ ਖੁੱਲ੍ਹ ਹੀ ਨਹੀਂ ਦਿੰਦੇ। ਮੁੱਖ ਮੰਤਰੀ ਸਾਹਿਬ, ਇਸ ਗੱਲ ਦਾ ਪੂਰਾ ਖਿਆਲ ਰੱਖੋ। ਸਪੀਕਰ ਸਾਹਿਬ, ਪਲੀਜ਼ ਮੈਨੂੰ ਦੱਸ ਦਿਓ ਕਿ ਮੇਰੇ ਬੋਲਣ ਦਾ ਕਿੰਨਾ ਟਾਈਮ ਹੈ?

**ਮਾਨਯੋਗ ਸਪੀਕਰ:** ਬੋਲ ਲਓ। ਥੋੜ੍ਹੀ ਜਿਹੀ ਲਿਹਾਜ਼ ਵੀ ਤਾਂ ਕਰਾਂਗਾ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਠੀਕ ਹੈ ਸਰ, ਸਪੀਕਰ ਸਾਹਿਬ, ਸਾਡੇ ਰੋਪੜ ਦੇ ਵਿੱਚ ਇੱਕ ਖੱਡ ਪਾਸ ਹੋਣੀ ਹੈ। ਅੱਜ ਉੱਥੇ ਪੂਰੇ ਜ਼ੋਰ ਨਾਲ ਮਾਈਨਿੰਗ ਚਲਦੀ ਹੈ। ਇੱਕ ਰੋਪੜ ਦੀ ਜ਼ਿਲ੍ਹਾ ਮਾਈਨਿੰਗ ਅਫਸਰ ਹੈ। ** ** 28-30 ਸਾਲ ਦੀ ਕੁੜੀ , ਨਵੀਂ ਅਫਸਰ ਬਣੀ ਹੈ। ਉਹ ਬੜੀ ਦਲੇਰ ਹੈ।

**ਮਾਨਯੋਗ ਸਪੀਕਰ:** ** ਨਾਂ ਐਕਸਪੰਜ ਕਰ ਦਿਓ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਉਨ੍ਹਾਂ ਨੇ ** ** ਨੂੰ ਜਾ ਕੇ ਕਿਹਾ।ਇਸ ਅਫਸਰ ਨਾਲ ਮੇਰੀ 20-25 ਦਿਨ ਪਹਿਲਾਂ ਗੱਲ ਹੋਈ ਸੀ ਕਿ ਉਥੇ ਤਿੰਨ ਕਰੱਸ਼ਰਜ਼ ਤੇ ਨਜਾਇਜ਼ ਮਾਈਨਿੰਗ ਹੋ ਰਹੀ ਹੈ। ਮੇਰੇ ਕੋਲ ਰਿਕਾਰਡਿੰਗ ਵੀ ਹੈ। ਇਹ ਮੈਂ ਸੀ.ਐਮ ਸਾਹਿਬ ਤੁਹਾਨੂੰ ਦੇ ਦਿਆਂਗਾ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੇ ਪੂਰੇ ਅਫਸਰ ਭੇਜ ਕੇ ਮੁਲਾਜ਼ਮ ਭੇਜ ਕੇ ਅਸੀਂ ** ** ਅਤੇ ** ** ਨੂੰ ਕਹਿ ਦਿੱਤਾ ਕਿ ਪਰਚਾ ਕੱਟੋ। ਉਨ੍ਹਾਂ ਨੇ ਪਰਚਾ ਅੱਜ ਤੱਕ ਨਹੀਂ ਕੱਟਿਆ। ਉਨ੍ਹਾਂ ਨੂੰ ਡਾਕ ਵੀ ਕਰ

---

** ** Expunged as ordered by the Chair.

[ਸਰਦਾਰ ਅਮਰਜੀਤ ਸਿੰਘ ਸੰਦੋਆ]

ਦਿੱਤੀ। ਅੱਜ ਤੱਕ 25 ਦਿਨ ਹੋ ਗਏ ਹਨ, ਉਨ੍ਹਾਂ ਤੇ ਕੋਈ ਪਰਚਾ ਨਹੀਂ ਕੱਟਿਆ ਗਿਆ ਹੈ। ਅਸੀਂ ਕਹਿੰਦੇ ਹਾਂ ਕਿ ਸਾਡਾ ਪੰਜਾਬ ਦਾ ਬਜਟ ਕਿੱਥੇ ਨੂੰ ਜਾਣਾ ਹੈ। ਜਿਹੜੇ ਅਫਸਰ ਹਨ, ਉਥੇ ਉਹੀ ਅਮੀਰ ਹੋ ਰਹੇ ਹਨ। ਸਰਕਾਰ ਨੂੰ ਪਾਲਿਸੀ ਦੇ ਥਰੂ ਕੋਈ ਪੈਸਾ ਨਹੀਂ ਆ ਰਿਹਾ ਹੈ। ਮਾਈਨਿੰਗ ਦਾ ਸਾਰਾ ਪੈਸਾ ** ** ਅਤੇ ** ** ਖਾ ਰਹੇ ਹਨ। ਮੈਂ ਸ਼ਰੇਆਮ ਕਹਿ ਰਿਹਾ ਹਾਂ। ਅੱਜ ਰੋਪੜ ਦੇ ਵਿੱਚ ਇੱਕ ਗੱਲ ਦੀ ਚਰਚਾ ਹੋ ਗਈ ਹੈ ਕਿ 50 ਸਾਲ ਦੀ ਸਰਕਾਰ ਵਿੱਚ ਪਹਿਲੀ ਵਾਰ ਇਹੋ ਜਿਹੇ ** ** ਅਫਸਰ ਜਿਹੜੇ ਪੈਸੇ ਕਮਾ ਰਹੇ ਹਨ, ਖਾ ਰਹੇ ਹਨ, ਸਰਕਾਰ ਨੂੰ ਚੂਨਾ ਲਗਾ ਰਹੇ ਹਨ।

**ਮਾਨਯੋਗ ਸਪੀਕਰ:** ** **ਸ਼ਬਦ ਐਕਸਪੰਜ ਕਰ ਦਿਓ। ** ਅਤੇ ** ਵੀ ਐਕਸਪੰਜ ਕਰ ਦਿਓ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਮੁੱਖ ਮੰਤਰੀ ਸਾਹਿਬ, ਜ਼ਰੂਰ ਕਾਰਵਾਈ ਕਰੋ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇੱਕ ਗੱਲ ਹੋਰ ਹੈ ਕਿ ਤੁਹਾਡੇ ਨਾਲ ਕੋਈ ਓ.ਐਸ.ਡੀ ਹੈ ਉਸ ਦੀਆਂ ਤਾਰਾਂ ਜੁੜੀਆਂ ਹੋਈਆਂ, ਜ਼ਰੂਰ ਧਿਆਨ ਰੱਖਿਓ। ਇਸ ਤਰ੍ਹਾਂ ਦੇ ਜਿਹੜੇ ਸਾਡੇ ਮਸਲੇ ਹਨ, ਸਾਡੇ ਇਲਾਕੇ ਦੇ, ਬਹੁਤ ਸਾਰਾ ਪੈਸਾ......

**ਮਾਨਯੋਗ ਸਪੀਕਰ :** ਠੀਕ ਹੈ ਜੀ ਹੋ ਗਿਆ.....

**ਸਰਦਾਰ ਅਮਰਜੀਤ ਸਿੰਘ ਸੰਦੋਆ :** ਦੋ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਠੀਕ ਹੈ ਜੀ ਵਾਈਂਡ-ਅੱਪ ਕਰੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਾਡੇ ਕੰਡੀ ਏਰੀਏ ਦੀ ਗੱਲ ਹੈ। ਦੁਆਬੇ ਦੀ ਗੱਲ ਹੈ। ਸਤਲੁਜ ਦਰਿਆ ਸਾਡੇ ਕੋਲ ਤੋਂ ਜਾਂਦਾ ਹੈ। ਕਿਸੇ ਨੇ ਵੀ ਅੱਜ ਤੱਕ ਦੁਆਬੇ ਨੂੰ ਕੰਡੀ ਏਰੀਏ ਨੂੰ ਸਤਲੁਜ ਦਰਿਆ ਦਾ ਪਾਣੀ ਨਹੀਂ ਦਿੱਤਾ ਹੈ। ਸਾਰੇ ਮਾਲਵੇ ਵਾਲੇ ਹੀ ਲੈ ਗਏ। ਮੁੱਖ ਮੰਤਰੀ ਵੀ ਮਾਲਵੇ ਦਾ ਬਣਦਾ ਹੈ, ਵਿੱਤ ਮੰਤਰੀ ਵੀ ਮਾਲਵੇ ਦਾ ਬਣਦਾ ਹੈ। ਦੁਆਬੇ ਬਾਰੇ ਕੰਡੀ ਬਾਰੇ ਕੋਈ ਸੋਚ ਹੀ ਨਹੀਂ ਰਿਹਾ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਬੋਲ ਲੈਣ ਦਿਉ। ਬੋਲ ਲੈਣ ਦਿਉ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਜਿਹੜਾ ਪਾਣੀ ਸਾਡਾ ਨੰਗਲ ਤੋਂ ਲੱਗਦਾ ਹੈ, ਸਤਲੁਜ ਦਰਿਆ ਜਿਹੜਾ ਹੈ, ਉਹ ਸਾਡੇ ਇਲਾਕੇ ਨੂੰ ਦੁਆਬੇ

---

** ** Expunged as ordered by the Chair.

ਨੂੰ ਕੰਡੀ ਏਰੀਏ ਨੂੰ ਮਿਲਣਾ ਚਾਹੀਦਾ ਹੈ। ਕੰਡੀ ਏਰੀਏ ਨੂੰ ਕੋਈ ਫੈਸਿਲਿਟੀ ਨਹੀਂ ਮਿਲ ਰਹੀ ਹੈ। ਬੜੇ ਐਲਾਨ ਕੀਤੇ, 35 ਕਰੋੜ, ਪਤਾ ਨਹੀਂ 37 ਕਰੋੜ ਕੀਤਾ ਹੈ। ਕੁਝ ਨਹੀਂ ਮਿਲਿਆ। ਅੱਜ ਕੰਡੀ ਏਰੀਏ ਵਿੱਚ ਸਿੰਚਾਈ ਵਾਸਤੇ ਪਾਣੀ ਨਹੀਂ ਹੈ। ਟਿਊਬਵੈੱਲ ਸਾਰੇ ਸੁੱਕ ਚੁੱਕੇ ਹਨ। ਮੈਂ ਤਿੰਨ ਵਾਰ ਮੁੱਖ ਮੰਤਰੀ ਸਾਹਿਬ ਨੂੰ ਵੀ ਚਿੱਠੀਆਂ ਲਿਖੀਆਂ ਹਨ, ਵਿੱਤ ਮੰਤਰੀ ਸਾਹਿਬ ਨੂੰ ਵੀ ਲਿਖੀਆਂ ਹਨ ਅਤੇ ਮੰਤਰੀ ਸਾਹਿਬ ਨੂੰ ਵੀ ਕਿ ਤੁਸੀਂ ਸਾਡੇ ਕੰਡੀ ਏਰੀਏ ਦੇ ਵਿੱਚ ਜਿਹੜੇ ਸਿੰਚਾਈ ਦੇ ਬੋਰ ਹਨ, ਉਹ ਕਰੋ ਤਾਂ ਜੋ ਸਾਡੀ ਜ਼ਮੀਨ ਉਪਜਾਊ ਹੋ ਸਕੇ ਪਰ ਕੋਈ ਧਿਆਨ ਨਹੀਂ ਦਿੰਦਾ।

ਕੁਰੱਪਸ਼ਨ ਦੀ ਗੱਲ ਚਲਦੀ ਹੈ।ਸਪੀਕਰ ਸਾਹਿਬ, ਮੈਂ, ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਈ ਸੀ ਤਾਂ ਇੰਤਕਾਲ ਕਰਵਾਉਣ ਵਾਸਤੇ ਪਟਵਾਰੀ ਪੈਸੇ ਮੰਗ ਦਾ ਸੀ। ਅਖਬਾਰਾਂ ਵਿੱਚ ਖਬਰਾਂ ਲੱਗੀਆਂ ਹੋਈਆਂ ਹਨ। ਮੈਂ ਵੀ ਡੀ.ਸੀ. ਸਾਹਿਬ ਨੂੰ ਦੋ ਤਿੰਨ ਵਾਰ ਫੋਨ ਕਰ ਲਿਆ ਹੈ। ਏ.ਡੀ.ਸੀ. ਨੂੰ ਵੀ ਫੋਨ ਕਰ ਲਿਆ ਹੈ ਕਿ ਤੁਸੀਂ ਕਾਰਵਾਈ ਕਰੋ। ਸਾਰੇ ਪਟਵਾਰੀ ਬਦਲ ਦਿੱਤੇ ਪਰ ਇਹ ਪਟਵਾਰੀ ਨਹੀਂ ਬਦਲਿਆ ਕਿਉਂਕਿ ਡੀ.ਸੀ. ਨੂੰ ਪੈਸੇ ਕਮਾ ਕੇ ਦਿੰਦਾ ਹੋਣਾ ਹੈ। ਇੰਨੀ ਵੱਡੀ ਕੁਰੱਪਸ਼ਨ ਹੋ ਰਹੀ ਹੈ। ਪੂਰੇ ਪੱਤਰਕਾਰਾਂ ਨੇ ਅਖਬਾਰਾਂ ਵਿੱਚ ਖਬਰਾਂ ਲਗਾਈਆਂ ਹਨ। ਮੈਂ ਖੁਦ ਵੀ ਜਾ ਕੇ ਡੀ.ਸੀ. ਨੂੰ ਕਹਿ ਦਿੱਤਾ ਕਿ ਇਸ ਦੀ ਇਨਕੁਆਰੀ ਕਰਵਾਉ, ਕੋਈ ਇਨਕੁਆਰੀ ਨਹੀਂ ਕਰ ਰਿਹਾ। ਕੋਈ ਪੁੱਛ ਨਹੀਂ ਰਿਹਾ ਹੈ। ਇਸ ਕਰਕੇ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਮੈਂ ਛੋਟੀ ਜਿਹੀ ਗੱਲ ਕਹਿਣੀ ਹੈ।ਸਰ, ਕੁਐਸਚਨ ਬਾਰੇ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਹੋ ਗਿਆ ਹੁਣ। ਚੀਮਾ ਜੀ, ਬੋਲੋ। ਉਹ ਕਹਿ ਦਿੱਤਾ, ਉਸ ਦਿਨ ਬ੍ਰਹਮ ਮਹਿੰਦਰਾ ਜੀ ਨੇ ਐਸ਼ਿਉਰੈਂਸ ਦੇ ਦਿੱਤੀ ਸੀ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ,ਐਸ.ਸੀ.):** ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਮੈਂ ਪੰਜਾਬ ਦੀ ਦਲਿਤ ਆਬਾਦੀ ਦੀ ਗੱਲ ਕਰਾਂਗਾ, ਜਿਹੜੀ ਲਗਭਗ 34% ਹੈ। ਉਸ ਦੇ ਲਈ ਸੈਂਟਰ ਵੱਲੋਂ ਸਬ ਪਲਾਨ ਦੇ ਤਹਿਤ ਲਗਭਗ 34% ਪੈਸਾ ਆਉਂਦਾ ਹੈ। ਜਿੰਨੇ ਵੀ ਤਮਾਮ ਮੈਂਬਰ ਸਾਹਿਬਾਨ ਜਿਹੜੇ ਰਿਜ਼ਰਵ ਕੈਟਾਗਰੀ ਵਿੱਚੋਂ ਆਉਂਦੇ ਹਨ, ਉਹ ਮੈਨੂੰ ਦਰੁਸਤ ਕਰ ਦੇਣ, ਕੁਰੈਕਟ ਕਰ ਦੇਣ, ਜੇਕਰ ਮੈਂ ਗਲਤ ਬੋਲਦਾ ਹੋਵਾਂ।

[ਸਰਦਾਰ ਹਰਪਾਲ ਸਿੰਘ ਚੀਮਾ]

ਹਾਲੇ ਤੱਕ, ਅੱਜ ਤੱਕ ਕਿਸੇ ਵੀ ਸਰਕਾਰ ਨੇ, ਜਿਹੜਾ ਉਹ ਪੈਸਾ ਹੈ ਐਸ.ਸੀ. ਭਰਾਵਾਂ ਲਈ ਨਹੀਂ ਵਰਤਿਆ ਹੈ, ਚਾਹੇ ਉਹ ਕੈਪਟਨ ਸਾਹਿਬ ਦੀ ਸਰਕਾਰ ਹੈ, ਚਾਹੇ ਉਹ ਬਾਦਲ ਸਾਹਿਬ ਦੀ ਸਰਕਾਰ ਸੀ ਜਾਂ ਇਸ ਤੋਂ ਪਹਿਲਾਂ ਜਿਹੜੀ ਵੀ ਸਰਕਾਰ ਪੰਜਾਬ ਵਿੱਚ ਬਣੀ ਹੈ, ਕਿਸੇ ਵੀ ਸਰਕਾਰ ਨੇ ਐਸ.ਸੀ. ਭਰਾਵਾਂ ਲਈ ਐਸ.ਸੀ./ਐਸ.ਟੀ. ਸਬ ਪਲਾਨ ਦੇ ਤਹਿਤ..... ਵੇਰਕਾ ਜੀ ਬੜੇ ਸੀਨੀਅਰ ਹਨ, ਕਾਫੀ ਵਾਰ ਜਿੱਤ ਕੇ ਆਏ ਹਨ, ਕਾਫੀ ਮੇਰੇ ਨਾਲ ਗੱਲਾਂ ਕਰਦੇ ਰਹਿੰਦੇ ਹਨ ਲੇਕਿਨ ਮੈਂ ਉਨ੍ਹਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵੀ ਮੈਨੂੰ ਕੁਰੈਕਟ ਕਰ ਸਕਦੇ ਹੋ, ਜੇਕਰ ਅੱਜ ਤੱਕ ਸਬ ਪਲਾਨ ਦੇ ਤਹਿਤ ਪੰਜਾਬ ਵਿੱਚ ਕਦੇ ਪੈਸਾ ਖਰਚ ਹੋਇਆ ਹੋਵੇ।

ਦੂਜੀ ਵੱਡੀ ਗੱਲ ਹੈ ਕਿ ਪੰਜਾਬ ਵਿੱਚ ਐਸ.ਸੀ./ਐਸ.ਟੀ. ਰਿਜ਼ਰਵੇਸ਼ਨ ਅਤੇ ਪ੍ਰਮੋਸ਼ਨ ਐਕਟ ਕੈਪਟਨ ਸਾਹਿਬ ਨੇ 2006 ਵਿੱਚ ਪਾਸ ਕੀਤਾ ਸੀ। ਮੈਂ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਪਰ ਹਾਲੇ ਤੱਕ 2006 ਤੋਂ ਲੈ ਕੇ ਅੱਜ ਤੱਕ ਅਮੈਂਡ ਵੀ ਹੋ ਗਿਆ, ਸੋਧ ਵੀ ਹੋ ਗਈ ਲੇਕਿਨ ਉਸ ਦੇ ਤਹਿਤ ਪੰਜਾਬ ਦੇ ਕਿਸੇ ਵੀ ਇੰਪਲਾਈ ਨੂੰ ਰਿਜ਼ਰਵੇਸ਼ਨ ਪ੍ਰਮੋਸ਼ਨ ਨਹੀਂ ਮਿਲੀ ਹੈ। ਸਿੰਗਲ ਮੁਲਾਜ਼ਮ ਨੂੰ ਪ੍ਰਮੋਸ਼ਨ ਨਹੀਂ ਮਿਲੀ ਹੈ। ਮੈਂ ਇੱਕ ਵਾਰੀ ਫਿਰ 34 ਦੇ 34 ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਮੈਨੂੰ ਕੁਰੈਕਟ ਕਰ ਦੇਣ ਜੇ ਇਸ ਰਿਜ਼ਰਵੇਸ਼ਨ ਪ੍ਰਮੋਸ਼ਨ ਐਕਟ ਦੇ ਤਹਿਤ ਕੋਈ ਪ੍ਰਮੋਸ਼ਨ ਹੋਈ ਹੈ। ਪ੍ਰਸੋਨਲ ਡਿਪਾਰਟਮੈਂਟ ਨੰਬਰ ਆਫ ਲੈਟਰਜ਼ ਵੈਲਫੇਅਰ ਡਿਪਾਰਟਮੈਂਟ ਦੇ ਖਿਲਾਫ ਲਗਾਤਾਰ ਲਿਖਦਾ ਰਹਿੰਦਾ ਹੈ ਪਰ ਜਿਹੜੀ ਕੋਈ ਪ੍ਰਮੋਸ਼ਨ ਹੋਣੀ ਹੈ, ਉਹ ਪੰਜਾਬ ਵਿੱਚ ਬਿਲਕੁਲ ਨਹੀਂ ਹੋ ਰਹੀ ਹੈ। ਇਹ ਪੰਜਾਬ ਲਈ ਸਭ ਤੋਂ ਵੱਡਾ ਦੁਖਾਂਤ ਹੈ। ਲੰਮਾ ਅਰਸਾ ਹੋ ਗਿਆ ਹੈ ਕਿ ਐਸ.ਸੀ./ਐਸ.ਟੀ. ਦਾ ਬੈਕਲਾਗ ਜਿਸ ਨੂੰ ਬਾਰ-ਬਾਰ ਐਡ ਕਰਕੇ ਉਸ ਨੂੰ ਡੀ-ਰਿਜ਼ਰਵ ਕਰ ਦਿੱਤਾ ਜਾਂਦਾ ਹੈ। ਚਾਹੇ ਉਹ ਹਾਈਕੋਰਟ ਵਿੱਚ ਹੋਵੇ, ਚਾਹੇ ਉਹ ਪੰਜਾਬ ਵਿੱਚ ਹੋਵੇ, ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਅਸਾਮੀਆਂ ਲਈ ਬੰਦੇ ਨਹੀਂ ਮਿਲੇ ਹਨ ਫਿਰ ਉਹ ਡੀ-ਰਿਜ਼ਰਵ ਹੋ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਰੂਲਾਂ ਵਿੱਚ ਰਿਲੈਕਸੇਸ਼ਨ ਕਰਕੇ ਪੰਜਾਬ ਦਾ ਦੁਬਾਰਾ ਤੋਂ ਬੈਕਲਾਗ ਭਰਿਆ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਐਜੂਕੇਸ਼ਨ ਦੀ ਗੱਲ ਕਰ ਲਈਏ। ਜਿੰਨਾ ਕੁ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ। ਪੰਜਾਬ ਵਿੱਚ ਲਗਭਗ 11.4% ਬਜਟ ਐਜੂਕੇਸ਼ਨ ਲਈ ਐਲੋਕੇਟ ਕੀਤਾ ਗਿਆ ਹੈ। ਸਰ, ਉਸ ਦੇ ਤਹਿਤ ਇਹ ਬਜਟ ਬਹੁਤ ਘੱਟ ਹੈ । ਇਹੀ ਕਾਰਨ ਹੈ ਕਿ ਪੰਜਾਬ ਵਿੱਚ ਵੱਖ-ਵੱਖ ਟੀਚਰਜ਼ ਦੀਆਂ ਕੈਟਾਗਰੀਆਂ ਚਾਹੇ ਉਹ ਹਾਇਰ ਐਜੂਕੇਸ਼ਨ ਹੋਵੇ, ਚਾਹੇ ਪ੍ਰਾਇਮਰੀ ਐਜੂਕੇਸ਼ਨ ਹੋਵੇ, ਚਾਹੇ ਮਿਡਲ ਐਜੂਕੇਸ਼ਨ

ਹੋਵੇ, ਜਿਹੜੀ ਵੀ ਐਜੂਕੇਸ਼ਨ ਹੋਵੇ, ਉਸ ਲਈ ਇਹ ਫੰਡਜ਼ sufficient ਨਹੀਂ ਹਨ। ਇਸੇ ਕਰਕੇ ਜਿਹੜੇ ਉਹ ਟੀਚਰ ਹਨ, ਚਾਹੇ ਉਹ ਸਿੱਖਿਆ ਪ੍ਰੋਵਾਈਡਰ ਹੋਣ, ਚਾਹੇ ਉਹ ਰਮਸਾ ਦੇ ਹੋਣ, ਚਾਹੇ ਐਸ.ਐਸ.ਏ. ਦੇ ਹੋਣ, ਚਾਹੇ ਮਾਡਲ ਸਕੂਲਾਂ ਦੇ ਹੋਣ, ਚਾਹੇ ਆਦਰਸ਼ ਸਕੂਲਾਂ ਦੇ ਹੋਣ, ਉਹ ਪੰਜਾਬ ਵਿੱਚ ਲਗਾਤਾਰ ਧਰਨਿਆਂ ਤੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਲਗਾਤਾਰ ਕੁੱਟ ਜਾਰੀ ਹੈ। ਮੈਂ ਚਾਹੁੰਦਾ ਹਾਂ ਕਿ ਇਹ ਬਜਟ 11% ਤੋਂ ਵਧਾ ਕੇ ਲਗਭਗ 20% ਐਜੂਕੇਸ਼ਨ ਲਈ ਕੀਤਾ ਜਾਵੇ ਤਾਂ ਕਿ ਜਿੰਨੀਆਂ ਵੀ ਮੁਲਾਜ਼ਮਾਂ ਦੀਆਂ ਮੰਗਾਂ ਹਨ, ਜਿੰਨੀਆਂ ਵੀ ਬੇਸਿਕ ਸਕੂਲ ਇਨਫਰਾਸਟ੍ਰਕਚਰ ਦੀ ਗੱਲ ਹੈ ਜਾਂ ਕਮਰਿਆਂ ਦੀ ਗੱਲ ਹੈ ਜਾਂ ਬਿਲਡਿੰਗਾਂ ਦੀ ਗੱਲ ਹੈ ਇਹ ਤਾਂ ਹੀ ਹੱਲ ਹੋ ਸਕਦੀ ਹੈ। ਜੇਕਰ ਅਸੀਂ 11% ਬਜਟ ਰੱਖਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਹ ਹੋਰ ਸੂਬਿਆਂ ਨਾਲੋਂ, ਗੁਆਂਢੀ ਸੂਬਿਆਂ ਨਾਲੋਂ ਘੱਟ ਹੈ। ਜਿਹੜੇ ਹੋਰ ਸੂਬੇ ਹਨ, ਜਿਹੜੇ ਆਪਣੇ ਗੁਆਂਢੀ ਸੂਬੇ ਹਨ, ਸਾਰਿਆਂ ਵਿੱਚ ਪੰਜਾਬ ਨਾਲੋਂ ਜ਼ਿਆਦਾ ਬਜਟ ਹੈ। ਸੋ, ਮੇਰੀ ਐਫ.ਐਮ. ਸਾਹਿਬ ਨੂੰ ਰਿਕੁਐਸਟ ਹੈ ਕਿ ਜਿਹੜਾ ਇਹ ਬਜਟ ਹੈ, ਇਹ 11% ਤੋਂ ਵਧਾ ਕੇ ਲਗਭਗ 20% ਕੀਤਾ ਜਾਵੇ ਤਾਂ ਕਿ ਪੰਜਾਬ ਦਾ ਜਿਹੜਾ ਐਜੂਕੇਸ਼ਨ ਡਿਪਾਰਟਮੈਂਟ ਹੈ, ਉਹ ਪੈਰਾਂ ਸਿਰ ਹੋ ਸਕੇ ਅਤੇ ਜਿਹੜੇ ਸਾਡੇ ਟੀਚਰ ਸਾਹਿਬਾਨ ਹਨ, ਚਾਹੇ ਉਹ ਕਾਲਜ ਫੈਕਲਟੀ ਦੇ ਹਨ, ਚਾਹੇ ਉਹ ਕਿਸੇ ਵੀ ਫੈਕਲਟੀ ਦੇ ਹਨ, ਉਨ੍ਹਾਂ ਨੂੰ ਪੂਰਾ ਨਿਆਂ ਮਿਲ ਸਕੇ।

ਸਪੀਕਰ ਸਾਹਿਬ, ਹੈਲਥ ਡਿਪਾਰਟਮੈਂਟ ਦੀ ਜੇ ਗੱਲ ਕਰੀਏ ਤਾਂ ਲਗਭਗ 3.7% ਬਜਟ ਹੈ, ਯਾਨੀ ਕਿ ਬਹੁਤ ਹੀ ਘੱਟ ਹੈ। ਜਦ ਕਿ ਆਪਣੇ ਹੋਰਾਂ ਸੂਬਿਆਂ ਵਿੱਚ ਜਾਂ ਜਿਹੜੇ ਆਪਣੇ ਗੁਆਂਢੀ ਸੂਬੇ ਹਨ, ਜਾਂ ਹਿੰਦੁਸਤਾਨ ਦੇ ਹੋਰ ਸੂਬੇ ਹਨ, ਉਨ੍ਹਾਂ ਵਿੱਚ ਲਗਭਗ 5.2% ਬਜਟ ਹਰੇਕ ਸੂਬੇ ਵਿੱਚ ਐਲੋਕੇਟ ਕੀਤਾ ਗਿਆ ਹੈ ਔਰ ਇਕੱਲਾ ਪੰਜਾਬ ਵਾਸਤੇ ਸਭ ਤੋਂ ਘੱਟ ਬਜਟ ਐਲੋਕੇਟ ਕੀਤਾ ਗਿਆ ਹੈ। ਮੇਰਾ ਕਹਿਣ ਦਾ ਭਾਵ ਹੈ 3.7% ਬਜਟ ਬਹੁਤ ਘੱਟ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਡਾਕਟਰਾਂ ਦੀਆਂ, ਫਾਰਮਾਸਿਸਟਾਂ ਦੀਆਂ, ਨਰਸਾਂ ਦੀਆਂ ਅਸਾਮੀਆਂ ਖਾਲੀ ਹਨ, ਔਰ ਬਿਲਡਿੰਗਾਂ ਖਰਾਬ ਹੋ ਚੁੱਕੀਆਂ ਹਨ, ਢਹਿ-ਢੇਰੀ ਹੋ ਚੁੱਕੀਆਂ ਹਨ ਅਤੇ ਸਾਡਾ ਮਹਿਕਮਾ ਕਿਸੇ ਨਾ ਕਿਸੇ ਤਰੀਕੇ ਨਾਲ defunct ਹੋਇਆ ਪਿਆ ਹੈ। ਪ੍ਰਾਈਵੇਟ ਹਸਪਤਾਲ ਲਗਾਤਾਰ ਪੰਜਾਬ ਵਿੱਚ ਖੁੱਲ੍ਹ ਰਹੇ ਹਨ, ਉਹ ਬਹੁਤ ਵੱਡੀ ਫੀਸ ਚਾਰਜ ਕਰ ਰਹੇ ਹਨ। ਮੇਰੀ ਹੈਲਥ ਡਿਪਾਰਟਮੈਂਟ ਦੇ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਘੱਟੋ-ਘੱਟ ਪ੍ਰਾਈਵੇਟ ਹਸਪਤਾਲਾਂ ਲਈ ਕੋਈ ਇਹੋ ਜਿਹਾ ਨਿਯਮ ਬਣਾਇਆ ਜਾਵੇ ਕਿ ਉਨ੍ਹਾਂ ਦੀ ਫੀਸ ਰੈਗੂਲਰ ਕੀਤੀ ਜਾਵੇ ਤਾਂ ਕਿ ਪੰਜਾਬ ਦੇ ਲੋਕਾਂ ਦੀ ਲੁੱਟ ਨਾ ਹੋਵੇ।

[ਸਰਦਾਰ ਹਰਪਾਲ ਸਿੰਘ ਚੀਮਾ]

ਸਪੀਕਰ ਸਾਹਿਬ, ਐਗਰੀਕਲਚਰ ਦੀ ਗੱਲ ਕਰਦੇ ਹਾਂ। ਮੈਂ ਸਮਝਦਾ ਹਾਂ ਕਿ ਇਸ ਲਈ ਵੀ ਬਜਟ ਘੱਟ ਐਲੋਕੇਟ ਕੀਤਾ ਗਿਆ ਹੈ। 12.7% ਬਜਟ ਐਲੋਕੇਟ ਕੀਤਾ ਗਿਆ ਹੈ ਜੋ ਕਿ ਬਹੁਤ ਘੱਟ ਹੈ। ਜਦੋਂ ਪੰਜਾਬ ਵਿੱਚ ਕੈਪਟਨ ਸਾਹਿਬ ਦੀ ਸਰਕਾਰ ਆਈ ਸੀ ਤਾਂ ਪੰਜਾਬ ਦੇ ਲੋਕਾਂ ਨਾਲ ਖਾਸ ਤੌਰ ਤੇ ਕਿਸਾਨਾਂ ਨਾਲ, ਜਿਹੜੇ ਬੇਜ਼ਮੀਨੇ ਮਜ਼ਦੂਰ ਹਨ, ਕਿਸਾਨ ਹਨ, ਉਨ੍ਹਾਂ ਨਾਲ ਬਹੁਤ ਵੱਡੇ-ਵੱਡੇ ਵਾਅਦੇ ਕੀਤੇ ਗਏ ਸੀ ਅਤੇ ਕਿਹਾ ਗਿਆ ਸੀ ਕਿ ਤੁਹਾਡਾ ਪੂਰਾ ਮੁਕੰਮਲ ਕਰਜ਼ਾ ਮਾਫ ਹੋਵੇਗਾ। ਦਲਿਤਾਂ ਦਾ ਕਰਜ਼ਾ ਮਾਫ ਹੋਵੇਗਾ। ਮੈਂ ਸਮਝਦਾ ਹਾਂ ਕਿ ਕਿਸਾਨਾਂ ਦਾ ਥੋੜ੍ਹਾ ਬਹੁਤ ਕਰਜ਼ਾ ਕਿਤੇ ਨਾ ਕਿਤੇ ਤਾਂ ਜ਼ਰੂਰ ਮਾਫ ਹੋਇਆ ਹੈ। ਇਹ ਗੱਲ ਮੈਂ ਐਡਮਿਟ ਕਰਦਾ ਹਾਂ ਪਰ ਜਿੰਨਾ ਵੱਡਾ ਵਾਅਦਾ ਕੀਤਾ ਗਿਆ ਸੀ ਉਹ ਕਿਤੇ ਨਾ ਕਿਤੇ ਇਸ ਬਜਟ ਵਿੱਚ ਨਹੀਂ ਹੈ ਔਰ ਦਲਿਤ ਭਰਾਵਾਂ ਦਾ ਕਰਜ਼ਾ ਇਸ ਬਜਟ ਵਿੱਚ ਪੰਜਾਬ ਵਿੱਚ ਬਿਲਕੁਲ ਵੀ ਮਾਫ ਨਹੀਂ ਹੋਇਆ ਹੈ। ਜਿਹੜੇ ਪਿਛਲੇ ਦੋ ਬਜਟ ਆਏ ਹਨ, ਪਹਿਲੀ ਵਾਰ ਮੈਂ ਸਮਝਦਾ ਹਾਂ ਕਿ 17.44 ਕਰੋੜ ਔਰ ਦੂਜੀ ਵਾਰ 16 ਕਰੋੜ ਦੇ ਲਗਭਗ ਦਾ ਬਜਟ ਰੱਖਿਆ ਗਿਆ ਸੀ ਉਸ ਦਾ ਸਿੰਗਲ ਪੈਨੀ ਵੀ ਪੰਜਾਬ ਦੇ ਦਲਿਤ ਭਰਾਵਾਂ ਨੂੰ ਜਾਂ ਖੇਤ ਮਜ਼ਦੂਰਾਂ ਨੂੰ ਜਾਂ ਬੇਜ਼ਮੀਨਾਂ ਨੂੰ ਅਜੇ ਤੱਕ ਨਹੀਂ ਮਿਲੀ ਹੈ। ਦੂਸਰਾ ਸਪੀਕਰ ਸਾਹਿਬ, ਐਫ.ਐਮ. ਸਾਹਿਬ ਨੇ ਪੈਟਰੋਲ ਦਾ ਪੰਜ ਰੁਪਏ ਤੇ ਡੀਜ਼ਲ ਦਾ ਇੱਕ ਰੁਪਿਆ ਰੇਟ ਘਟਾਇਆ ਹੈ।ਪੰਜਾਬ ਖੇਤੀਬਾੜੀ ਸੂਬਾ ਹੈ। ਜਿੱਥੇ ਪੰਜ ਰੁਪਏ ਪੈਟਰੋਲ ਦਾ ਰੇਟ ਘਟਾਇਆ ਹੈ ਉੱਥੇ ਲਗਭਗ ਚਾਰ ਜਾਂ ਪੰਜ ਰੁਪਏ ਡੀਜ਼ਲ ਦੇ ਰੇਟ ਵੀ ਘਟਾਏ ਜਾਣ ਤਾਂ ਜੋ ਪੰਜਾਬ ਵਿੱਚ ਖੇਤੀ ਕਰਦੇ ਕਿਸਾਨ ਨੂੰ ਰਾਹਤ ਮਿਲ ਸਕੇ ਕਿਉਂਕਿ ਵਧੇਰੇ ਕਿਸਾਨੀ ਡੀਜ਼ਲ ਵੀ ਬਹੁਤ ਜ਼ਿਆਦਾ ਵਰਤਦੀ ਹੈ। ਚਾਹੇ ਟ੍ਰੈਕਟਰ ਵਿੱਚ ਹੋਵੇ, ਚਾਹੇ ਇੰਜਨਾਂ ਵਿੱਚ ਹੋਵੇ ਜਾਂ ਜਿੱਥੇ ਮਰਜ਼ੀ ਹੋਵੇ। ਸੋ, ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਡੀਜ਼ਲ ਦਾ ਰੇਟ ਵੀ ਘੱਟੋ-ਘੱਟ ਪੰਜ ਰੁਪਏ ਘਟਾਇਆ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਿੱਥੇ ਪੈਟਰੋਲ ਜਾਂ ਡੀਜ਼ਲ ਦਾ ਰੇਟ ਘੱਟਿਆ ਹੈ ਉੱਥੇ ਮੈਂ ਸਾਡੇ ਟਰਾਂਸਪੋਰਟ ਮਨਿਸਟਰ ਅਤੇ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਸਾਡੀਆਂ ਸਰਕਾਰੀ ਬੱਸਾਂ ਚਲਦੀਆਂ ਹਨ। ਜਿਹੜਾ ਡੀਜ਼ਲ ਦਾ ਰੇਟ ਘੱਟਿਆ ਹੈ, ਕੀ ਉਸ ਦਾ ਉਨ੍ਹਾਂ ਬੱਸਾਂ ਨੂੰ ਵੀ ਫਾਇਦਾ ਹੋਇਆ ਹੈ? ਬੱਸਾਂ ਦਾ ਕਿਰਾਇਆ ਵੀ ਘਟਾਇਆ ਜਾਣਾ ਚਾਹੀਦਾ ਹੈ ਤਾਂ ਕਿ ਆਮ ਲੋਕਾਂ ਨੂੰ ਸਹੂਲਤ ਮਿਲ ਸਕੇ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਬੈਠੇ-ਬੈਠੇ):** ਕਿਰਾਇਆ ਘਟਾ ਦਿੱਤਾ ਗਿਆ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਨਾਗਰਾ ਜੀ, ਇੱਕ ਪੈਸਾ ਘਟਾਇਆ ਗਿਆ ਹੈ,

ਇਹ ਬਹੁਤ ਥੋੜ੍ਹਾ ਹੈ। ਸਪੀਕਰ ਸਾਹਿਬ, ਮੈਂ ਇੱਕ ਬੜਾ ਅਹਿਮ ਮਸਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਵੱਲੋਂ ਸਾਲ 2012 ਦੇ ਵਿੱਚ 1984 ਦੇ ਕਤਲੇਆਮ ਪੀੜਤ 200 ਪਰਿਵਾਰਾਂ ਨੂੰ, ਮੈਂ ਸੀ.ਐਮ. ਸਾਹਿਬ ਤੁਹਾਡੇ ਜ਼ਿਲ੍ਹੇ ਦੀ ਗੱਲ ਕਰ ਰਿਹਾ ਹਾਂ, ਉਨ੍ਹਾਂ ਵਿਅਕਤੀਆਂ ਨੂੰ ਕਮਰਸ਼ੀਅਲ ਬੂਥ ਅਲਾਟ ਕੀਤੇ ਗਏ ਸੀ, ਜਿਨ੍ਹਾਂ ਥਾਵਾਂ ਲਈ ਪੈਸੇ ਲਏ ਗਏ ਸਨ, ਉਨ੍ਹਾਂ ਦੀ ਜਗ੍ਹਾ ਤੇ ਬੂਥ 2 ਕਿਲੋਮੀਟਰ ਪਿੱਛੇ ਅਲਾਟ ਕਰ ਦਿੱਤੇ ਗਏ। ਮਤਲਬ ਕਿ ਫਰੰਟ ਤੇ ਜਗ੍ਹਾ ਕਿਸੇ ਹੋਰ ਨੂੰ ਦੇ ਦਿੱਤੀ ਗਈ ਅਤੇ ਉਨ੍ਹਾਂ ਨੂੰ ਜਗ੍ਹਾ 2 ਕਿਲੋਮੀਟਰ ਪਿੱਛੇ ਦਿੱਤੀ ਗਈ ਹੈ। ਇਹ ਬੜਾ ਅਹਿਮ ਮਸਲਾ ਹੈ, ਕਿਰਪਾ ਕਰਕੇ ਇਸ ਵੱਲ ਧਿਆਨ ਦਿੱਤਾ ਜਾਵੇ ਅਤੇ ਉਨ੍ਹਾਂ ਵਿਅਕਤੀਆਂ ਨੂੰ ਜਾਂ ਤਾਂ ਕੰਪਨਸੇਟ ਕੀਤਾ ਜਾਵੇ ਜਾਂ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਜਾਣ ਕਿਉਂਕਿ ਇਹ ਬਹੁਤ ਵੱਡੀ ਲੁੱਟ ਬਾਦਲ ਸਾਹਿਬ ਦੇ ਵੇਲੇ ਹੋਈ ਹੈ।

ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਦੀ ਗੱਲ ਹੋਈ ਹੈ। ਇਸ ਵਾਸਤੇ 1.6% ਰਾਸ਼ੀ ਰੱਖੀ ਗਈ ਹੈ, ਇਹ ਬਹੁਤ ਹੀ ਘੱਟ ਹੈ।ਪੰਜਾਬ ਦੀ ਜਿਹੜੀ ਵਾਰ-ਵਾਰ ਗੱਲ ਹੋ ਰਹੀ ਹੈ, ਸਾਰੇ ਮੈਂਬਰ ਸਾਹਿਬਾਨ ਗੱਲ ਕਰ ਰਹੇ ਹਨ ਕਿ ਪੰਜਾਬ ਵਿੱਚ ਛੱਪੜਾਂ ਦੇ ਪਾਣੀ ਜਾਂ ਗੰਦੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ। ਇਹ ਬਿਲਕੁਲ ਸਹੀ ਗੱਲ ਹੈ, ਸਾਰੇ ਮੈਂਬਰ ਸਾਹਿਬਾਨ ਦਾ ਸਹੀ ਕਨਸਰਨ ਹੈ। ਇਸ ਦੇ ਲਈ ਇੱਕ ਨੀਤੀ ਬਣਨੀ ਚਾਹੀਦੀ ਹੈ ਕਿ ਪੰਜਾਬ ਦੇ ਛੱਪੜਾਂ ਦਾ ਪਾਣੀ ਬਹੁਤ ਜ਼ਿਆਦਾ ਗੰਦਾ ਹੋ ਰਿਹਾ ਹੈ ਅਤੇ ਇਸ ਨਾਲ ਪੰਜਾਬ ਵਿੱਚ ਕੈਂਸਰ, ਹੈਪੀਟਾਈਟਸ ਸੀ., ਜਾਂ ਹੋਰ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ। ਘੱਟੋ-ਘੱਟ ਅਜਿਹਾ ਪਲਾਨ ਹੋਵੇ, ਮੰਤਰੀ ਸਾਹਿਬ ਹੁਣ ਇੱਥੇ ਨਹੀਂ ਹਨ। ਅਜਿਹਾ ਪਲਾਨ ਸਾਰੇ ਪਿੰਡਾਂ ਦਾ ਹੋਵੇ ਕਿ ਘੱਟੋ-ਘੱਟ ਗੰਦੇ ਪਾਣੀ ਨੂੰ ਬਾਹਰ ਕੱਢਿਆ ਜਾ ਸਕੇ ਜਾਂ ਫਿਰ ਉਸ ਪਾਣੀ ਨੂੰ ਸਾਫ ਕਰਕੇ ਖੇਤਾਂ ਨੂੰ ਲਗਾਉਣ ਦਾ ਕੋਈ ਪ੍ਰਬੰਧ ਹੋਵੇ। ਦੂਜੀ ਮੇਰੀ ਗੁਜ਼ਾਰਿਸ਼ ਹੈ ਕਿ ਮੀਂਹ ਦੇ ਪਾਣੀ ਨੂੰ ਰੀਚਾਰਜ ਕਰਨ ਦੇ ਲਈ ਵੈੱਲ ਬਣਾਏ ਜਾਣ ਤਾਂ ਕਿ ਜਿਹੜਾ ਗਰਾਊਂਡ ਵਾਟਰ ਲੈਵਲ ਘੱਟ ਹੋ ਰਿਹਾ ਹੈ, ਉਸ ਸਮੱਸਿਆ ਤੇ ਵੀ ਕਾਬੂ ਪਾਇਆ ਜਾ ਸਕੇ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਇਸ ਤੋਂ ਇਲਾਵਾ ਪੰਜਾਬ ਵਿੱਚ ਇੱਕ ਬਹੁਤ ਵੱਡੀ ਗੱਲ ਹੋ ਰਹੀ ਹੈ ਜੋ ਦੁਬਾਰਾ ਸ਼ੁਰੂ ਹੋ ਚੁੱਕੀ ਹੈ। ਮੈਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਚਿੱਟ ਫੰਡ ਕੰਪਨੀਆਂ, ਸੀ.ਐਮ. ਸਾਹਿਬ ਇਹ ਕੰਪਨੀਆਂ ਬਹੁਤ ਜ਼ਿਆਦਾ ਸਨ। ਤੁਸੀਂ ਵਾਅਦਾ ਕੀਤਾ ਸੀ ਕਿ ਜਦੋਂ ਤੁਹਾਡੀ ਸਰਕਾਰ ਆਵੇਗੀ ਤਾਂ ਸਾਰੇ ਪੈਸੇ ਵਾਪਸ ਦਿਵਾਵਾਂਗੇ ਪਰ ਅਫਸੋਸ ਦੀ ਗੱਲ ਹੈ ਕਿ ਨਿਰਮਲ ਸਿੰਘ ਭੰਗੂ, ਬੇਸ਼ੱਕ ਜੇਲ੍ਹ ਵਿੱਚ ਬੈਠਾ ਹੈ, ਉਸ ਦੀ ਪ੍ਰਾਪਰਟੀ

[ਸਰਦਾਰ ਹਰਪਾਲ ਸਿੰਘ ਚੀਮਾ]

ਅਟੈਚ ਨਹੀਂ ਕੀਤੀ ਗਈ। ਇਹੀ ਕਾਰਨ ਹੈ ਕਿ ਲੱਖਾਂ ਦੇ ਕਰੀਬ ਲੋਕਾਂ ਦਾ ਪੈਸਾ ਡੁੱਬ ਗਿਆ, ਉਨ੍ਹਾਂ ਨੂੰ ਇੱਕ ਪੈਸਾ ਨਹੀਂ ਮਿਲਿਆ। ਮੇਰੇ ਹਲਕੇ ਦਾ ਪਿੰਡ ਛਾਜਲੀ ਬਹੁਤ ਵੱਡਾ ਪਿੰਡ ਹੈ। ਲਗਭਗ ਉਸ ਪਿੰਡ ਦਾ 2 ਕਰੋੜ ਰੁਪਿਆ ਪਰਲ ਕੰਪਨੀ ਤੇ ਕਰਾਊਨ ਕੰਪੀਨਆਂ ਖਾ ਗਈਆਂ, ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਕੋਈ ਇਸ ਤਰ੍ਹਾਂ ਦੀ ਪਾਲਿਸੀ ਬਣਾਈ ਜਾਵੇ ਤਾਂ ਕਿ ਇਨ੍ਹਾਂ ਬੰਦਿਆਂ ਦੀ ਪ੍ਰਾਪਰਟੀ ਅਟੈਚ ਕਰਕੇ ਪ੍ਰਭਾਵਿਤ ਲੋਕਾਂ ਨੂੰ ਵੰਡੀ ਜਾਵੇ। ਸਪੀਕਰ ਸਾਹਿਬ, ਪੰਜਾਬ ਦੇ ਵਪਾਰੀਆਂ ਦੀ ਗੱਲ ਕਰ ਲਈਏ। ਪੰਜਾਬ ਦੇ ਵਪਾਰੀਆਂ ਨੂੰ ਆਪਣਾ ਵਪਾਰ ਉੱਨਤ ਕਰਨ ਲਈ, ਇੰਡਸਟਰੀ ਲਗਾਉਣ ਲਈ, ਬੇਸਿਕ ਇਨਫਰਾਸਟਰਕਚਰ ਲਗਾਉਣ ਲਈ ਬਹੁਤ ਥੋੜ੍ਹੇ ਪੈਸੇ ਰੱਖੇ ਗਏ ਹਨ। ਮੇਰੀ ਐਫ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਇੰਡਸਟਰੀ ਲਾਉਣ ਦੇ ਲਈ ਬੇਸਿਕ ਇਨਫਰਾਸਟਰਕਚਰ ਡਿਵੈਲਪ ਕਰਨ ਦੇ ਲਈ ਵੱਧ ਤੋਂ ਵੱਧ ਪੈਸੇ ਰੱਖੇ ਜਾਣ ਤਾਂ ਕਿ ਇੰਡਸਟਰੀ ਨੂੰ ਕੋਈ ਰਾਹਤ ਮਿਲ ਸਕੇ।ਮੈਂ ਐਫ.ਐਮ. ਸਾਹਿਬ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਮਹਿਕਮਾ ਜੀ.ਐਸ.ਟੀ. ਰਿਟਰਨ ਬਹੁਤ ਲੇਟ ਦਿੰਦਾ ਹੈ, ਘੱਟੋ-ਘੱਟ ਜਿੰਨੀ ਲੇਟ ਹੈ, ਪੰਜਾਬ ਸਰਕਾਰ ਉਨ੍ਹਾਂ ਲੋਕਾਂ ਨੂੰ ਵਿਆਜ ਦੇਵੇ ਜਿਹੜਾ ਕਿ ਪੰਜਾਬ ਸਰਕਾਰ ਦਾ ਫਾਲਟ ਹੈ। ਇਸ ਕਰਕੇ ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੀ.ਐਸ.ਟੀ. ਰਿਟਰਨ ਟਾਈਮਲੀ ਕੀਤਾ ਜਾਵੇ। ਜੇਕਰ ਟਾਈਮਲੀ ਨਹੀਂ ਹੋ ਰਿਹਾ ਤਾਂ ਉਸ ਲਈ ਵਿਆਜ ਦਿੱਤਾ ਜਾਵੇ। ਸਪੀਕਰ ਸਾਹਿਬ, ਟਰਾਂਸਪੋਰਟ ਪਾਲਿਸੀ ਦੀ ਗੱਲ ਕਰ ਲਈਏ। 1992 ਤੋਂ ਬਾਅਦ ਪੰਜਾਬ ਵਿੱਚ ਕੋਈ ਵੀ ਟਰਾਂਸਪੋਰਟ ਪਾਲਿਸੀ ਨਹੀਂ ਬਣੀ। 2 ਵਾਰ ਟਰਾਂਸਪੋਰਟ ਪਾਲਿਸੀ ਬਣੀ ਹੈ ਅਤੇ ਦੋਨੋਂ ਵਾਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿੱਚ ਰੱਦ ਹੋ ਜਾਂਦੀ ਹੈ ਕਿਉਂਕਿ ਜਿਹੜੀ ਟਰਾਂਸਪੋਰਟ ਪਾਲਿਸੀ ਹੈ, ਇਸ ਵਿਚ ਕਿਤੇ ਨਾ ਕਿਤੇ ਜਿਹੜੇ ਪ੍ਰਾਈਵੇਟ ਪਲੇਅਰ ਹਨ, ਚਾਹੇ ਬਾਦਲ ਪਰਿਵਾਰ ਵਿੱਚ ਬੈਠੇ ਹਨ ਚਾਹੇ ਕੁਝ ਇੱਧਰ ਬੈਠੇ ਹਨ, ਉਨ੍ਹਾਂ ਨੂੰ ਫਾਇਦਾ ਪਹੁੰਚਾਉਣ ਦੇ ਲਈ ਕੀਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਸਰਕਾਰ ਦੀਆਂ ਬੱਸਾਂ ਫੇਲ੍ਹ ਹੋ ਰਹੀਆਂ ਹਨ। ਸੀ.ਐਮ. ਸਾਹਿਬ ਨੇ ਵੀ ਅਨਾਊਂਸ ਕੀਤਾ ਸੀ ਕਿ ਜਦੋਂ ਸਾਡੀ ਸਰਕਾਰ ਆਵੇਗੀ ਤਾਂ ਟਰਾਂਸਪੋਰਟ ਪਾਲਿਸੀ ਬਣਾਵਾਂਗੇ ਪਰ ਹਾਲੇ ਤੱਕ ਪੰਜਾਬ ਵਿੱਚ ਕੋਈ ਟਰਾਂਸਪੋਰਟ ਪਾਲਿਸੀ ਨਹੀਂ ਬਣੀ। ਮੇਰੀ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਹੈ, ਸੀ.ਐਮ. ਸਾਹਿਬ ਇਸ ਗੱਲ ਵੱਲ ਧਿਆਨ ਦੇਣ ਕਿ ਘੱਟੋ-ਘੱਟ ਪੰਜਾਬ ਵਿੱਚ ਟਰਾਂਸਪੋਰਟ ਪਾਲਿਸੀ ਬਣਾਈ ਜਾਵੇ ਤਾਂ ਕਿ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਤੁਸੀਂ ਕਿਹਾ ਸੀ ਕਿ ਜਿਹੜੀਆਂ ਨਾਜਾਇਜ਼ ਬੱਸਾਂ ਚਲਦੀਆਂ ਹਨ, ਉਹ ਬੰਦ ਕਰਾਂਗੇ ਲੇਕਿਨ ਉਹ ਨਾਜਾਇਜ਼ ਬੱਸਾਂ ਹਾਲੇ ਵੀ ਵਾਲਵੋ ਅਤੇ ਹੋਰ ਪ੍ਰਕਾਰ ਦੀਆਂ ਬੱਸਾਂ ਚੱਲ ਰਹੀਆਂ ਹਨ। ਰਾਜਾ ਵੜਿੰਗ ਜੀ ਵਾਰ-ਵਾਰ ਇਹ ਮਸਲਾ ਉਠਾਉਂਦੇ ਹਨ। ਮੈਂ

ਇਨ੍ਹਾਂ ਦੀ ਹਮਾਇਤ ਕਰਦਾ ਹਾਂ। ਪਾਲਿਸੀ ਬਣਨੀ ਚਾਹੀਦੀ ਹੈ। ਸੀ.ਐਮ. ਸਾਹਿਬ, ਤੁਹਾਡੀ ਸਰਕਾਰ ਦੇ ਦੋ ਸਾਲ ਲੰਘ ਚੁੱਕੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲੋਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਦੇ ਬਿਆਨ ਤੇ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਥੰਪਿੰਗ ਕੀਤੀ ਗਈ।)(ਵਿਘਨ, ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਤੁਸੀਂ ਚੁੱਪ ਕਰ ਜਾਓ। ਤੁਸੀਂ ਪੰਜਾਬ ਨੂੰ ਲਗਾਤਾਰ ਦਸ ਸਾਲ ਲੁੱਟਿਆ ਹੈ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਪੰਜਾਬ ਦੇ ਵੱਡੇ ** ** ਹੋ, ਤੁਸੀਂ ਪੰਜਾਬ ਦੇ ਬਹੁਤ ਵੱਡੇ ** ** ਹੋ। ਚੁੱਪ ਕਰਕੇ ਬੈਠ ਜਾਓ।(ਵਿਘਨ, ਸ਼ੋਰ) ਤੁਹਾਨੂੰ ਬੋਲਣ ਦਾ ਕੋਈ ਰਾਈਟ ਹੀ ਨਹੀਂ। (ਵਿਘਨ, ਸ਼ੋਰ)

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ):** ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਦਾ ਸਤਿਕਾਰ ਕਰਦੀ ਹਾਂ।ਮੈਂ ਇੱਥੇ ਇੱਕ ਗੱਲ ਜ਼ਰੂਰ ਕਹਿਣਾ ਚਾਹਾਂਗੀ ਕਿ ਟਰਾਂਸਪੋਰਟ ਪਾਲਿਸੀ ਅਸੀਂ ਪੂਰੀ ਲਾਗੂ ਕਰਾਂਗੇ। ਪਾਲਿਸੀ ਬਣੀ ਹੋਈ ਹੈ ਪਰੰਤੂ ਕੁਝ ਕਾਰਨਾਂ ਕਰਕੇ ਇਹ ਮਾਨਯੋਗ ਹਾਈਕੋਰਟ ਵਿੱਚ ਪੈਂਡਿੰਗ ਹੈ। ਇਹ ਕੇਸ ਮਿਤੀ 12 ਮਾਰਚ ਨੂੰ ਲੱਗਿਆ ਹੋਇਆ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਹ ਫੈਸਲਾ ਹੋ ਜਾਵੇਗਾ ਔਰ ਅਸੀਂ ਪੂਰੀ ਤਰ੍ਹਾਂ ਟਰਾਂਸਪੋਰਟ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕਰਾਂਗੇ।ਇਹ ਸਾਡਾ ਵਾਅਦਾ ਹੈ।(ਥੰਪਿੰਗ) ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਜਿਹੜੀਆਂ ਸਾਡੀਆਂ ਦਿੱਲੀ ਦੀਆਂ ਬੱਸਾਂ ਬੰਦ ਕੀਤੀਆਂ ਹੋਈਆਂ ਹਨ, ਇਹ ਦੋਨੋਂ ਰਲੇ ਹੋਏ ਹਨ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਉਹ ਵੀ ਚਲਾ ਦੇਣ।(ਥੰਪਿੰਗ)

**ਸ਼੍ਰੀ ਅਮਨ ਅਰੋੜਾ:** ਸਰ, ਮੰਤਰੀ ਸਾਹਿਬਾਨ ** ** ਕਰ ਰਹੇ ਹਨ। (ਵਿਘਨ, ਸ਼ੋਰ) ਮੰਤਰੀ ਜੀ ਕਿਉਂ ** ** ਕਰਦੇ ਹੋ ? ਤੁਹਾਨੂੰ ਸਾਰੇ ਫੈਕਟਸ ਪਤਾ ਹਨ। ਸਰ, ਮੈਂ ਉਸ ਦਿਨ ਵੀ ਬੜੀ ਕਲੀਅਰ ਗੱਲ ਕੀਤੀ ਸੀ ਕਿ ਇਹ ਕਹਿ ਰਹੇ ਹਨ ਕਿ ਅਸੀਂ ਇਨ੍ਹਾਂ ਨਾਲ ਮਿਲ ਕੇ ਬੱਸਾਂ ਚਲਾਉਂਦੇ ਹਾਂ। ਸਰ, ਜਿਹੜੀਆਂ ਇਨ੍ਹਾਂ ਦੀਆਂ ਬੱਸਾਂ ਹਨ, ਉਹ ਕੰਟਰੈਕਟ ਕੈਰਿਜ ਪਰਮਿਟ ਉੱਤੇ ਹਨ ਔਰ ਜਿਹੜੀਆਂ ਪੰਜਾਬ ਸਰਕਾਰ ਦੀਆਂ ਹਨ, ਉਹ ਸਟੇਟ ਕੈਰਿਜ ਪਰਮਿਟ ਤੇ ਹਨ। ਜਿਹੜੀਆਂ ਕੰਟਰੈਕਟ ਆਫ ਕੈਰਿਜ ਪਰਮਿਟ

---

** ** Expunged as ordered by the Chair.

ਬੱਸਾਂ ਹੁੰਦੀਆਂ ਹਨ, ਉਹ ਕਿਸੇ ਬੱਸ ਅੱਡੇ ਵਿੱਚ ਨਹੀਂ ਵੜ ਸਕਦੀਆਂ। ਉਹ ਅਲੱਗ-ਅਲੱਗ ਸਵਾਰੀਆਂ ਨਹੀਂ ਚੁੱਕ ਸਕਦੀਆਂ, ਜਿਹੜੀਆਂ ਸਵਾਰੀਆਂ ਹੋਣਗੀਆਂ, ਉਹੀ ਹੋਣਗੀਆਂ। ਪੰਜਾਬ ਵਿੱਚ ਟੋਟਲ ਵਾਇਲੇਸ਼ਨ ਹੋ ਰਹੀ ਹੈ। ਉਸ ਵਿੱਚ ਸਾਡੀ ਦਿੱਲੀ ਸਰਕਾਰ ਦਾ ਉਥੇ ਕੋਈ ਰੋਲ ਨਹੀਂ ਹੈ। ਦੂਜੀ ਗੱਲ ਰੈਸੀਪਰੋਕਲ ਐਗਰੀਮੈਂਟ, 2001 ਤੋਂ ਬਾਅਦ, ਜੇ ਪੰਜਾਬ ਸਰਕਾਰ ਨੇ ਦਿੱਲੀ ਨਾਲ ਕੀਤਾ ਹੈ ਤਾਂ ਦੱਸ ਦੇਣ। ਸਰ, ਗੱਲ ਇਹ ਹੈ ਕਿ ਹਰ ਵਾਰੀ ਸਿਆਸੀ ਰੋਟੀਆਂ ਸੇਕਣ ਦਾ ਕੋਈ ਫਾਇਦਾ ਨਹੀਂ।

**ਮਾਨਯੋਗ ਸਪੀਕਰ:** ਅਮਨ ਜੀ, ਬੈਠ ਜਾਓ।(ਵਿਘਨ, ਸ਼ੋਰ)

**ਸ਼੍ਰੀ ਅਮਨ ਅਰੋੜਾ:** ਤੁਸੀਂ ਕਿਉਂ ** ** ਕਰਦੇ ਹੋ ?Let us finalise and complete it once for all. (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਅਮਨ ਜੀ, ਬੈਠੋ। (ਵਿਘਨ, ਸ਼ੋਰ) ਹਾਂ ਜੀ, ਅਰੁਨਾ ਜੀ।

**ਟਰਾਂਸਪੋਰਟ ਮੰਤਰੀ:** ਸਰ, ਮੈਂ ਇੱਕੋ ਹੀ ਪੁਆਇੰਟ ਕਹਾਂਗੀ ਜੀ। ਸਰ, ਮੈਂ ਸਿਰਫ ਇੱਕ ਗੱਲ ਮੋਟੇ ਤੌਰ ਉੱਤੇ ਕਹਿਣਾ ਚਾਹੁੰਦੀ ਹਾਂ ਕਿ ਅਸਲੀਅਤ ਇਨ੍ਹਾਂ ਨੂੰ ਵੀ ਪਤਾ ਹੈ ਔਰ ਅਸਲੀਅਤ ਸਾਨੂੰ ਵੀ ਪਤਾ ਹੈ। ਜੋ-ਜੋ ਪਰਮਿਟ ਪ੍ਰਾਈਵੇਟ ਬੱਸਾਂ ਕੋਲ ਹਨ, ਉਹੀ ਸੇਮ-ਟੂ-ਸੇਮ ਪਰਮਿਟ ਸਾਡੇ ਸਰਕਾਰੀ ਬੱਸਾਂ ਕੋਲ ਹਨ, ਫਿਰ ਉਹ ਕਿਉਂ ਨਹੀਂ ਚਲਦੀਆਂ ?

**ਸ਼੍ਰੀ ਅਮਨ ਅਰੋੜਾ:** ਸਰ, ਜੇਕਰ ਇਨ੍ਹਾਂ ਦੇ ਪਰਮਿਟ ਗਲਤ ਚੱਲ ਰਹੇ ਸੀ ਤਾਂ ਹੁਣ ਫਿਰ ਇਨ੍ਹਾਂ ਦੇ ਵੀ ਪਰਮਿਟ ਗਲਤ ਚੱਲ ਰਹੇ ਹਨ (ਵਿਘਨ, ਸ਼ੋਰ) ਸਵਾਲ ਇਹ ਹੈ ਕਿ ਸਾਡੇ ਕੋਲ ਸਰਵਿਸ ਸਹੀ ਨਹੀਂ ਹੈ। ਸਾਡੇ ਕੋਲ ਸਰਵਿਸ ਦਿੱਲੀ ਵਿੱਚ ਨਹੀਂ ਹੈ। ਸਾਡੇ ਅੰਡਰ ਤਾਂ ਉਥੇ ਹੈ ਹੀ ਨਹੀਂ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਅਮਨ ਜੀ, ਬੈਠ ਜਾਓ। ਚੀਮਾ ਜੀ, ਵਾਈਂਡ ਅੱਪ ਕਰੋ ਜੀ। (ਵਿਘਨ, ਸ਼ੋਰ) ਅਰੁਨਾ ਜੀ, ਬੈਠ ਜਾਓ।(ਵਿਘਨ, ਸ਼ੋਰ)

**ਟਰਾਂਸਪੋਰਟ ਮੰਤਰੀ :** ਪਲੀਜ਼ ਹਾਊਸ ਨੂੰ ** ** ਨਾ ਕਰੋ (ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਵੱਲ ਇਸ਼ਾਰਾ ਕਰਦੇ ਹੋਏ) (ਵਿਘਨ, ਸ਼ੋਰ) ਤੁਹਾਨੂੰ ਵੀ ਪਤਾ ਹੈ। ** ** ਨਾ ਕਰੋ (ਵਿਘਨ, ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਜੇਕਰ ਟਰਾਂਸਪੋਰਟ ਮੰਤਰੀ

---

** ** Expunged as ordered by the Hon'ble Speaker.

ਸਾਹਿਬਾ ਜਵਾਬ ਦੇਣਾ ਚਾਹੁੰਦੇ ਹਨ ਤਾਂ ਇਸ ਦੇ ਨਾਲ ਇਹ ਜਵਾਬ ਵੀ ਦੇ ਦੇਣ ਕਿ ਜਿਹੜੀ ਸੌ ਬੱਸ ਦੇ ਕਰੀਬ ਡੇਲੀ ਮਨਾਲੀ, ਸ਼ਿਮਲਾ ਤੋਂ ਪੰਜਾਬ ਹੋ ਕੇ ਦਿੱਲੀ ਜਾਂਦੀ ਹੈ, ਪੰਜਾਬ ਨੂੰ ਉਹ ਕਿਹੜਾ ਟੈਕਸ ਭਰਦੇ ਹਨ ? ਉਹ ਵੀ ਦੋ ਨੰਬਰ ਵਿੱਚ ਜਾਂਦੇ ਹਨ। ਉਨ੍ਹਾਂ ਤੇ ਕਾਰਵਾਈ ਕਿਉਂ ਨਹੀਂ ਕਰਦੇ ?

**ਮਾਨਯੋਗ ਸਪੀਕਰ:** ਤੁਸੀਂ ਵਾਈਂਡ ਅੱਪ ਕਰੋ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਇਹ ਵਾਲਵੋ ਬੱਸਾਂ ਹਨ। ਸਰ, ਮੈਂ ਵਾਈਂਡ ਅੱਪ ਕਰਨ ਲੱਗਿਆ ਹਾਂ।ਸਰ, ਜਿਹੜੀ ਪੰਜਾਬ ਵਿੱਚ ਬਿਜਲੀ ਹੈ, ਉਹ ਬੜੀ ਮਹਿੰਗੀ ਹੈ। ਬਿਜਲੀ ਦੇ ਰੇਟ ਹਿੰਦੋਸਤਾਨ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਪੰਜਾਬ ਵਿੱਚ ਹਨ। ਕੈਪਟਨ ਸਾਹਿਬ ਨੇ ਵਾਅਦਾ ਕੀਤਾ ਸੀ ਕਿ ਜਿਹੜੇ ਸਾਡੇ ਇੱਧਰ ਭਰਾ ਬੈਠੇ ਹਨ, ਜਿਹੜੇ ਪ੍ਰਾਈਵੇਟ ਕੰਪਨੀਆਂ ਨਾਲ ਤਿੰਨ ਪਾਵਰ ਪਰਚੇਜ਼ ਐਗਰੀਮੈਂਟ ਕੀਤੇ ਸਨ, ਜਿਨ੍ਹਾਂ ਕਰਕੇ ਪੰਜਾਬ ਨੂੰ ਹੁਣ ਵੀ ਅਤੇ ਆਉਣ ਵਾਲੇ 25 ਸਾਲਾਂ ਵਿੱਚ ਲਗਭਗ 70 ਹਜ਼ਾਰ ਕਰੋੜ ਦਾ ਘਾਟਾ ਪੈਣਾ ਹੈ। ਇਹ ਜਿਹੜੇ ਐਗਰੀਮੈਂਟ ਹਨ, ਉਹ ਰੱਦ ਕੀਤੇ ਜਾਂ ਰਿਵਿਊ ਕੀਤੇ ਜਾਣਗੇ। ਮੇਰੀ ਕਾਲ ਅਟੈਸ਼ਨ ਦੇ ਦੌਰਾਨ ਸਾਡੇ ਸਾਬਕਾ ਵਜ਼ੀਰ ਮਾਨਯੋਗ ਰਾਣਾ ਗੁਰਜੀਤ ਜੀ ਨੇ ਮੰਨਿਆ ਸੀ ਕਿ 70 ਹਜ਼ਾਰ ਕਰੋੜ ਨਹੀਂ, ਉਹ 62,500 ਕਰੋੜ ਦਾ ਘਾਟਾ ਆਉਣ ਵਾਲੇ 25 ਸਾਲਾਂ ਵਿੱਚ ਪਵੇਗਾ, ਇਹ ਗੱਲ ਐਡਮਿਟ ਹੋਈ ਹੈ। ਸਰ, ਮੇਰਾ ਕਹਿਣ ਦਾ ਭਾਵ ਹੈ ਕਿ ਹੁਣ ਸੀ.ਐਮ. ਸਾਹਿਬ ਇਸ ਗੱਲ ਵੱਲ ਧਿਆਨ ਦੇਣ ਕਿ ਜਿਹੜੇ ਪ੍ਰਾਈਵੇਟ ਕੰਪਨੀਆਂ ਨਾਲ ਪਾਵਰ ਪਰਚੇਜ਼ ਐਗਰੀਮੈਂਟ ਹੋਏ ਹਨ, ਉਹ ਰੱਦ ਹੋਣੇ ਚਾਹੀਦੇ ਹਨ ਅਤੇ ਪੰਜਾਬ ਨੂੰ ਸਸਤੀ ਬਿਜਲੀ ਮਿਲਣੀ ਚਾਹੀਦੀ ਹੈ। ਇਹ ਗੱਲ ਰਾਣਾ ਗੁਰਜੀਤ ਜੀ ਨੇ ਐਡਮਿਟ ਕੀਤੀ ਹੈ।ਸਰ, ਇੱਕ ਮਿੰਟ ਕਿਸਾਨਾਂ ਦੀ ਗੱਲ ਰਹਿ ਗਈ। ਜਦੋਂ ਪੰਜਾਬ ਵਿਚ ਕਿਸਾਨ ਕਰਜ਼ਾ ਲੈਂਦਾ ਹੈ ਤਾਂ ਇੱਕ ਪਾਸੇ ਤਾਂ ਆਪਣੀ ਜ਼ਮੀਨ ਬੈਂਕਾਂ ਨੂੰ Pledge ਕਰਵਾਉਂਦਾ ਹੈ, ਦੂਜੇ ਪਾਸੇ ਖਾਲੀ ਚੈੱਕ ਲਏ ਜਾਂਦੇ ਹਨ ਜਦੋਂ ਉਹ ਕਿਸੇ ਨਾ ਕਿਸੇ ਤਰੀਕੇ ਡਿਫਾਲਟਰ ਹੁੰਦਾ ਹੈ ਤਾਂ ਉਸ ਦੇ ਚੈੱਕ ਲਾ ਕੇ ਉਸ ਨੂੰ ਦੋ ਸਾਲ ਦੀ ਸਜ਼ਾ ਕਰ ਦਿੱਤੀ ਜਾਂਦੀ ਹੈ। ਸਰਕਾਰ ਨੂੰ ਕੋਈ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਖਾਲੀ ਚੈੱਕ ਨਾ ਲਏ ਜਾਣ।ਇਹ ਜੋ ਬਜਟ ਪੇਸ਼ ਕੀਤਾ ਹੈ, ਇਹ ਬਿਲਕੁਲ ਹੀ ਲੋਕਾਂ ਦੀਆਂ ਭਾਵਨਾਵਾਂ ਦੇ ਖਿਲਾਫ ਹੈ।ਇਸ ਵਿਚ ਲੋਕਾਂ ਦਾ ਬਿਲਕੁਲ ਖਿਆਲ ਨਹੀਂ ਰੱਖਿਆ ਗਿਆ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

**Mr Speaker :**Thank you. ਹਾਂ ਜੀ , ਰਾਣਾ ਗੁਰਜੀਤ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਰ, ਇਨ੍ਹਾਂ ਨੇ 62500 ਕਰੋੜ ਮੇਰੀ ਫਿੱਗਰ ਦਿੱਤੀ ਹੈ। ਜੇਕਰ ਅਸੀਂ ਇਨ੍ਹਾਂ ਪਬਲਿਕ ਸੈਕਟਰ ਅੰਡਰਟੇਕਿੰਗਜ਼ ਨੂੰ ਕੰਪੇਅਰ ਕਰੀਏ ਤਾਂ ਇਨ੍ਹਾਂ ਪ੍ਰਾਜੈਕਟਾਂ ਦੌਰਾਨ ਵੱਡਾ ਫਰਕ ਨਿਕੇਲਗਾ। ਇਨ੍ਹਾਂ ਵਿਚ 25 ਸਾਲਾਂ ਦਾ ਤਕਰੀਬਨ 62000 ਤੋਂ 65000 ਕਰੋੜ ਦਾ ਘਾਟਾ ਪੰਜਾਬ ਸਰਕਾਰ ਨੂੰ ਪਵੇਗਾ। ਲੇਕਿਨ ਮੈਂ ਇਸ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਕਰੇਡੀਬਿਲਟੀ ਸਟੇਕ ਤੇ ਹੈ। ਸਾਡੇ ਤੋਂ ਪਹਿਲੀ ਸਰਕਾਰ ਨੇ ਜਿਹੜਾ ਕੰਮ ਗਲਤ ਕੀਤਾ ਹੈ, ਅਸੀਂ ਉਸ ਦੇ ਐਗਰੀਮੈਂਟ terminate ਨਹੀਂ ਕਰ ਸਕਦੇ ਤੇ ਕਰਨੇ ਵੀ ਨਹੀਂ ਚਾਹੀਦੇ ਲੇਕਿਨ ਇਸ ਦੀ ਇਨਕੁਆਰੀ ਕਰਵਾ ਕੇ ਰਿਸਪਾਂਸੀਬਿਲਟੀ ਫਿਕਸ ਕਰਨੀ ਚਾਹੀਦੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ।)

-----

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦਾ ਬਿਜ਼ਨਸ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

**(ਅਵਾਜ਼ਾਂ :** ਹਾਂ ਜੀ, ਠੀਕ ਹੈ ਜੀ।)

**ਮਾਨਯੋਗ ਸਪੀਕਰ:** ਸਦਨ ਦਾ ਸਮਾਂ ਹਾਊਸ ਦਾ ਬਿਜ਼ਨਸ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

-----

## GENERAL DISCUSSION ON THE BUDGET ESTIMATES FOR THE YEAR 2019-20 *(RESUMPTION)*

**ਮਾਨਯੋਗ ਸਪੀਕਰ :** ਐਫ.ਐਮ. ਸਾਹਿਬ। ਹਾਂ ਜੀ ਚੀਮਾ ਜੀ, ਕੁਝ ਰਹਿ ਗਿਆ?

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਬੋਲਣ ਲਈ ਸਮੇ ਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਬਕਾ ਮੰਤਰੀ ਜੀ ਨੇ ਐਡਮਿਟ ਕੀਤਾ ਹੈ ਕਿ ਲਗਭਗ 62500 ਕਰੋੜ ਦਾ ਘਾਟਾ ਪੰਜਾਬ ਨੂੰ ਪੈਣ ਵਾਲਾ ਹੈ। ਜੇ ਕੈਪਟਨ ਸਾਹਿਬ ਪਾਣੀਆਂ ਦੇ ਮਸਲੇ ਤੇ ....(ਵਿਘਨ)

**ਮਾਨਯੋਗ ਸਪੀਕਰ:** ਇਹ ਗੱਲ ਤੁਸੀਂ ਕਹਿ ਲਈ ਸੀ। ਪਹਿਲਾਂ ਕਹਿ ਚੁੱਕੇ ਹੋ। ਇਸ ਹਾਊਸ ਵਿਚ ਤੁਸੀਂ ਇਹ ਗੱਲ ਪਹਿਲਾਂ ਕਹਿ ਚੁੱਕੇ ਹੋ। ਰੈਪੀਟੀਸ਼ਨ ਹੈ, ਇਹ ਰੈਪੀਟੀਸ਼ਨ ਹੈ। ਚੀਮਾ ਜੀ, ਇਹ ਰੈਪੀਟੀਸ਼ਨ ਹੈ । ਇਹ ਗੱਲ ਤੁਸੀਂ ਪਹਿਲਾਂ ਹਾਊਸ ਵਿਚ ਕਹਿ ਚੁੱਕੇ ਹੋ। ਹੁਣ ਐਫ.ਐਮ. ਸਾਹਿਬ ਜਵਾਬ ਦੇਣਗੇ। (ਥੰਪਿੰਗ)

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਇੱਜ਼ਤ ਮੁਆਬ, ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਤੇ ਮਮਨੂਨ ਹਾਂ ਕਿ ਜੋ ਬਜਟ ਅਨੁਮਾਨਾਂ ਤੇ ਬਹਿਸ ਚੱਲ ਰਹੀ ਹੈ, ਤੁਸੀਂ ਮੈਨੂੰ ਉਸ ਨੂੰ ਕਨਕਲੂਡ ਕਰਨ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਪਿਛਲੀਆਂ ਦੋ ਸਿਟਿੰਗਜ਼ ਦੇ ਵਿਚ ਬੜੇ ਆਲ੍ਹਾ ਪੈਮਾਨੇ ਦੀ ਡਿਬੇਟ ਸੁਣਨ ਨੂੰ ਮਿਲੀ ਹੈ। ਮੈਂ ਹਾਊਸ ਦੇ ਦੋਵੇਂ ਪਾਸੇ ਦੇ ਮੈਂਬਰਾਨ ਟਰੇਜ਼ਰੀ ਬੈਂਚਿਜ਼ ਤੇ ਆਪੋਜ਼ੀਸ਼ਨ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਤੁਸੀਂ ਬਜਟ ਦੇ ਹਰ ਪਹਿਲੂ ਤੇ ਰੌਸ਼ਨੀ ਪਾਈ ਹੈ। ਸਪੀਕਰ ਸਾਹਿਬ, ਕੁਝ ਮੈਂਬਰਾਨ ਸਾਹਿਬ ਨੇ ਇਸ ਬਜਟ ਦੀ ਤਾਰੀਫ ਕੀਤੀ ਹੈ, ਬਜਟ ਨੂੰ ਸਰਾਹਿਆ ਹੈ ਅਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਕੁਝ ਮੇਰੇ ਦੋਸਤ ਵੀ ਸਨ, ਉਨ੍ਹਾਂ ਨੇ ਬਜਟ ਤੇ ਤਾਂ ਨਹੀਂ ਪਰ ਮੇਰੀ ਜ਼ਾਤ ਤੇ ਮੁਤੱਲਕ ਕੁਝ ਅਲਫਾਜ਼ ਬੋਲੇ ਹਾਲਾਂ ਕਿ ਮੈਂ ਏਨਾ ਕਾਬਲ ਨਹੀਂ ਹਾਂ ਪਰ ਕਿਉਂਕਿ ਇਹ ਅਲਫਾਜ਼ ਉਨ੍ਹਾਂ ਦੀ ਜ਼ੁਬਾਨ ਤੋਂ ਨਿਕਲੇ ਹਨ, ਮੈਂ ਉਨ੍ਹਾਂ ਦਾ ਵੀ ਅਹਿਸਾਨਮੰਦ ਹਾਂ। ਕੁਝ ਮੈਂਬਰਾਨ ਨੇ ਬੜੇ ਕੰਸਟਰਕਟਿਵ ਸੁਝਾਅ ਦਿੱਤੇ। ਇਹ ਬੜੇ ਤਾਮੀਰੀ ਸੁਝਾਅ ਸੀ, ਮੈਂ ਉਨ੍ਹਾਂ ਨੂੰ ਨੋਟ ਵੀ ਕਰ ਲਿਆ ਹੈ, ਇਨ੍ਹਾਂ ਵਿਚੋਂ ਮੇਰੇ ਵੱਡੇ ਵੀਰ ਰਾਣਾ ਗੁਰਜੀਤ ਸਿੰਘ ਜੀ ਦੇ ਬੜੇ ਰੌਸ਼ਨ ਖਿਆਲ ਹਨ, ਇਨ੍ਹਾਂ ਦਾ ਰੌਸ਼ਨ ਦਿਮਾਗ ਹੈ ਔਰ ਮੇਰੀ ਕੋਸ਼ਿਸ਼ ਵੀ ਰਹੇਗੀ ਕਿ ਮੈਂ ਉਨ੍ਹਾਂ ਤੇ ਜ਼ਰੂਰ ਗੌਰ ਕਰਾਂ। ਇਸ ਬਜਟ ਡਿਸਕਸ਼ਨ ਦੇ ਵਿਚ ਕੁਝ ਮੈਂਬਰ ਸਾਹਿਬਾਨ ਐਸੇ ਵੀ ਸਨ ਜਿਨ੍ਹਾਂ ਨੇ ਆਪਣੇ ਇਲਾਕਿਆਂ ਆਪਣੀ ਕਾਂਸਟੀਚੂਐਂਸੀ ਦੀ ਨਿਸ਼ਾਨਦੇਹੀ ਵੀ ਕਰਵਾਈ। ਪਿਛਲੇ ਲੰਮੇ ਸਮੇਂ ਤੋਂ ਇਹ ਲਮਕਦੇ ਮਸਲੇ ਹਨ, ਮੈਂ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਦਿਵਾਉਂਦਾ ਹਾਂ ਕਿ ਮੇਰੀ ਇਹ ਹਰ ਮੁਮਕਿਨ ਕੋਸ਼ਿਸ਼ ਹੋਵੇਗੀ ਕਿ ਮੈਂ ਹਰ ਮੁਸ਼ਕਿਲ ਨੂੰ ਤਰਜੀਹ ਦੇਵਾਂ। ਸਪੀਕਰ ਸਾਹਿਬ, ਬਜਟ ਦੀ ਤਨਕੀਦ ਵੀ ਹੋਈ, criticism ਵੀ ਹੋਈ। ਮੈਂ ਤਨਕੀਦ ਨੂੰ ਬੜੀ ਇੱਜ਼ਤ ਦੀ ਨਿਗ੍ਹਾ ਨਾਲ ਦੇਖਦਾ ਹਾਂ। ਮੈਂ ਇਸ ਦੀ ਕਦਰ ਕਰਦਾ ਹਾਂ ਕਿਉਂਕਿ ਇਹ ਜਮਹੂਰੀਅਤ ਦਾ ਤਕਾਜ਼ਾ ਹੈ। ਜਮਹੂਰੀਅਤ ਦੇ ਵਿਚ ਟਰੈਜ਼ਰੀ ਅਤੇ ਆਪੋਜ਼ੀਸਨ ਬੈਂਚਿਜ਼ ਜਿਹੜੇ ਹੁੰਦੇ ਹਨ, ਇਹ ਦੋ ਪਹੀਏ ਹੁੰਦੇ ਹਨ। ਜੇਕਰ ਇੱਕ ਵੀ ਪਹੀਆ ਸਾਫ-ਸੁਥਰੇ ਢੰਗ ਨਾਲ ਕੰਮ ਨਹੀਂ ਕਰੇਗਾ ਤਾਂ ਢਾਂਚਾ ਵਿਗੜ ਜਾਵੇਗਾ। ਸਪੀਕਰ ਸਾਹਿਬ, ਜਿਹੜੀ ਤਨਕੀਦ ਹੈ, ਕ੍ਰਿਟੀਸਿਜ਼ਮ ਜੇ ਕੰਸਟਰਕਟਿਵ ਹੋਵੇ ਤਾਂ ਉਹ ਤਾਂ ਫਿਰ ਬਹੁਤ ਹੀ ਵਧੀਆ ਲਗਦੀ ਹੈ ਪਰ ਜੇ ਤਨਕੀਦ ਬਨਾਮ ਤਨਕੀਦ ਹੋਵੇ ਤਾਂ ਉਸ ਦਾ ਕੋਈ ਸਿੱਟਾ ਨਹੀਂ ਨਿਕਲਦਾ। ਮੈਨੂੰ ਕਈ

[ਵਿੱਤ ਮੰਤਰੀ]

ਵਾਰ ਮਹਿਸੂਸ ਹੁੰਦਾ ਹੈ ਕਿ ਇੱਕ ਬਹੁਤ ਛੋਟਾ ਤਬਕਾ ਐਸਾ ਵੀ ਹੈ, ਜਿਸ ਨੂੰ ਇਕੱਲੀ ਇਸ ਗੱਲ ਦਾ ਹੀ ਫਿਕਰ ਹੈ ਕਿ ਜਿਹੜਾ ਮਨਪ੍ਰੀਤ ਹੈ, ਇਹ ਦੂਸਰੀ ਵਾਰੀ ਫਾਈਨਾਂਸ ਮਨਿਸਟਰ ਕਿਉਂ ਬਣ ਗਿਆ। ਤਨਕੀਦ ਦੀ ਹੋਰ ਕੋਈ ਵਜ੍ਹਾ ਨਹੀਂ ਪਰ ਬਹਰਹਾਲ, ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਕੈਬਨਿਟ ਨੂੰ ਜਵਾਬਦੇਹ ਹਾਂ, ਮੈਂ ਇਸ ਸਦਨ ਨੂੰ ਜਵਾਬਦੇਹ ਹਾਂ ਅਤੇ ਮੈਂ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਾਂ। ਸਪੀਕਰ ਸਾਹਿਬ, ਮੇਰੀ ਹਰ ਮੁਮਕਿਨ ਕੋਸ਼ਿਸ਼ ਹੈ ਕਿ ਮੈਂ ਪੰਜਾਬ ਦੇ ਲੋਕਾਂ ਦੀ ਤਵੱਕੋਆਤ ਤੇ ਪੂਰਾ ਉਤਰ ਸਕਾਂ। ਜੋ ਪੰਜਾਬ ਦੇ ਲੋਕਾਂ ਦੀ ਉਮੰਗ ਹੈ, ਉਨ੍ਹਾਂ ਦੀ ਮੈਂ ਤਰਜਮਾਨੀ ਕਰ ਸਕਾਂ। ਸਪੀਕਰ ਸਾਹਿਬ, ਮੈਂ ਬਹੁਤਾ ਲੰਬਾ ਸਮਾਂ ਨਹੀਂ ਲਵਾਂਗਾ ਪਰ ਦੋ ਮਿੰਟ ਲਵਾਂਗਾ ਕਿਉਂਕਿ ਮੈਨੂੰ ਇੱਕ 72 ਸਾਲ ਪੁਰਾਣੀ ਗੱਲ ਯਾਦ ਆ ਗਈ। 1946 ਦਾ ਸਾਲ ਸੀ, ਜੂਨ ਦਾ ਮਹੀਨਾ ਸੀ ਅਤੇ ਪੰਜਾਬ ਦੀ ਅਸੈਂਬਲੀ ਸੀ। ਪੰਜਾਬ ਦੀ ਅਸੈਂਬਲੀ ਦੇ ਵਿੱਚ ਇੱਕ ਐਮ.ਐਲ.ਏ. ਉੱਠਿਆ। ਉਸ ਦੀ ਗੁਜਰਾਂਵਾਲਾ ਸੀਟ ਸੀ। ਪਤਾ ਨਹੀਂ ਨਾਮ ਲੈਣਾ ਮੁਨਾਸਿਬ ਹੈ ਕਿ ਨਹੀਂ ਪਰ ਉਸ ਦਾ ਨਾਮ ਖਾਨ ਬਹਾਦਰ ਚੌਧਰੀ ਮੁਹੰਮਦ ਹੁਸੈਨ ਸੀ । ਉਹ ਆਪੋਜ਼ੀਸ਼ਨ ਦਾ ਸੀ। ਸਪੀਕਰ ਸਾਹਿਬ, ਸਰ ਖਿਜ਼ਰ ਹਯਾਤ ਖਾਂ ਟਿਵਾਣਾ ਉਦੋਂ ਪੰਜਾਬ ਦੇ ਸੀ.ਐਮ. ਹੁੰਦੇ ਸੀ, ਉਨ੍ਹਾਂ ਨੇ ਇਕੱਲੀ ਇੱਕ ਇਹ ਗੱਲ ਕਹੀ ਕਿ ਸੀ.ਐਮ. ਸਾਹਿਬ ਝੂਠ ਬੋਲੀ ਜਾਂਦੇ ਹਨ। ਸਰਦਾਰ ਸਵਰਣ ਸਿੰਘ ਅਕਾਲੀ ਦਲ ਦੇ ਐਮ.ਐਲ.ਏ. ਹੁੰਦੇ ਸੀ। ਉਹ ਵੀ ਖੜ੍ਹੇ ਹੋ ਗਏ। ਖਾਨ ਬਹਾਦੁਰ ਸਾਹਿਬ ਨੇ ਇੱਕ ਮਤਾ ਪੜ੍ਹਿਆ ਕਿ ਸੀ.ਐਮ. ਝੂਠ ਬੋਲ ਰਹੇ ਹਨ। ਸਾਰੇ ਹਾਊਸ ਨੇ, ਜਿਸ ਵਿੱਚ ਕਾਂਗਰਸ, ਅਕਾਲੀ ਦਲ, ਮੁਸਲਿਮ ਲੀਗ, ਯੂਨਅਨਿਸਟ ਪਾਰਟੀ, ਕ੍ਰਿਸਚੀਅਨ ਮੈਂਬਰ ਹੁੰਦੇ ਸਨ। ਸਪੀਕਰ ਸਾਹਿਬ, ਉਨ੍ਹਾਂ ਨੇ ਇੱਕ ਮਤਾ ਪਾ ਕੇ ਖਾਨ ਬਹਾਦਰ ਨੂੰ ਪ੍ਰਾਇਮਰੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ। ਉਦੋਂ ਗਵਰਨਰ ਸਾਹਿਬ ਅਪਰੂਵ ਕਰ ਦਿੰਦੇ ਸੀ। ਮੈਂ ਇਹ ਗੱਲ ਇਸ ਕਰਕੇ ਛੇੜੀ ਹੈ ਕਿ ਜਿਸ ਦਿਨ ਮੈਂ ਬਜਟ ਦੀ ਸਪੀਚ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ, ਕਿਉਂਕਿ ਉਹ ਵੇਲੇ ਵੀ ਸੀ ਅਤੇ ਹੁਣ ਵਾਲੇ ਵੇਲੇ ਵੀ ਹਨ। ਸਪੀਕਰ ਸਾਹਿਬ, ਉਹ ਕਿਆ ਵੇ ਲੇ ਹੋਣੇ ਹਨ ਕਿ ਸਿਰਫ ਇੱਕ ਗੱਲ ਕਹਿਣ ਤੇ ਕਿ ਸੀ.ਐਮ. ਸਾਹਿਬ ਝੂਠ ਬੋਲ ਰਹੇ ਹਨ, ਇਸ ਗੱਲ ਤੋਂ ਮੈਂਬਰਸ਼ਿਪ ਤੋਂ ਖਾਰਜ ਹੋ ਗਏ। ਮੈਂ ਪੰਜਾਬੀ ਵਿੱਚ ਸੈਫਲ ਮਲੂਕ ਨੂੰ ਸੁਣ ਰਿਹਾ ਸੀ, ਕੱਲ੍ਹ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਸੀ, ਮੈਂ ਬੜੀ ਦੇਰ ਰਾਤ ਨੂੰ ਦਿੱਲੀ ਤੋਂ ਚੰਡੀਗੜ੍ਹ ਵਾਪਸ ਆਇਆ ਹਾਂ। ਮੈਂ ਉਹ ਸੁਣ ਰਿਹਾ ਸੀ –

ਸਦਾ ਨਾ ਹੁਸਨ ਜਵਾਨੀ ਮਾਪੇ ਤੇ ਸਦਾ ਨਾ ਸੋਹਬਤ ਯਾਰਾਂ
ਸਦਾ ਨਾ ਬਾਗੀਂ ਬੁਲਬੁਲ ਬੋਲੇ ਤੇ ਸਦਾ ਨਾ ਬਾਗ ਬਹਾਰਾਂ।

ਸਪੀਕਰ ਸਾਹਿਬ, ਇਹ ਦਿਨ ਪੰਜਾਬ ਦੀ ਧਰਤੀ ਤੇ ਆ ਗਏ ਹਨ। ਮੈਂ ਸਮਝਦਾ ਹਾਂ ਕਿ ਇੰਨਾ ਕੁ ਛੋਟਾ ਸਦਨ ਹੈ। ਸਿਰਫ 117 ਮੈਂਬਰ ਹਨ। ਇੱਕ ਦੂਜੇ ਨਾਲ ਤਾਅਲੁਕਾਤ ਵੀ ਹਨ, ਰਿਸ਼ਤੇਦਾਰੀਆਂ ਵੀ ਹਨ।ਬਜਟ ਡੈਫਿਸਿਟ, ਰੈਵੇਨਿਊ ਡੈਫਿਸਿਟ, ਫਿਸਕਲ ਡੈਫਿਸਿਟ ਵੱਧ ਘੱਟ ਹੋ ਸਕਦਾ ਹੈ ਪਰ ਇਖਲਾਕ, ਕਿਰਦਾਰ ਵਿੱਚ ਤਾਂ ਪੰਜਾਬ ਨੰਬਰ ਵੰਨ ਤੇ ਆ ਸਕਦਾ ਹੈ। ਸੋ, ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ, ਮੇਰੇ ਮਹਿਰੂਮ ਦਾਦੀ ਜੀ, ਜਿਹੜੇ ਇਸ ਦੁਨੀਆਂ ਦਾ ਹਿੱਸਾ ਨਹੀਂ ਹਨ ਔਰ ਰੱਬ ਉਨ੍ਹਾਂ ਨੂੰ ਸਵਰਗਾਂ ਵਿੱਚ ਥਾਂ ਦੇਵੇ, ਉਹ ਮੈਨੂੰ ਇੱਕ ਗੱਲ ਕਿਹਾ ਕਰਦੇ ਸੀ ਕਿ ਬੇਟਾ ! ਸਿਫਤ ਤਾਂ ਉਹ ਹੁੰਦੀ ਹੈ ਜਿਹੜੀ ਰੱਬ ਕਰਾਵੇ ਅਤੇ ਦੁਨੀਆਂ ਕਰੇ। ਕੋਈ ਮੇਰੇ ਕਰਨ ਨਾਲ ਜਾਂ ਸਪੀਕਰ ਸਾਹਿਬ, ਤੁਹਾਡੇ ਕਰਨ ਨਾਲ ਤਾਂ ਕਿਸੇ ਦੀ ਸਿਫਤ ਨਹੀਂ ਹੋ ਜਾਣੀ। ਜਿਹੜੇ ਪਿਛਲੇ ਦੋ ਸਾਲ ਗੁਜ਼ਰੇ ਹਨ, ਪੰਜਾਬ ਦੇ ਫਾਈਨਾਂਸਿਜ਼ ਤੇ ਮੈਂ ਇਤਬਾਰ ਨਾਲ ਇਹ ਗੱਲ ਕਹਿੰਦਾ ਹਾਂ ਕਿ ਜਿਵੇਂ ਤਣੇ ਹੋਏ ਰੱਸੇ ਤੇ ਤੁਰਨ ਵਾਲੀ ਗੱਲ ਸੀ। ਜਿਨ੍ਹਾਂ ਹਾਲਾਤਾਂ ਦੇ ਵਿੱਚ ਜਿਹੜੀ ਪਿਛਲੇ ਦਸ ਸਾਲ ਸਰਕਾਰ ਰਹੀ ਹੈ, ਉਹ ਸਾਨੂੰ ਛੱਡ ਕੇ ਗਈ ਔਰ ਮੈਂ ਪੰਜਾਬ ਦੇ ਸੀ.ਐਮ. ਸਾਹਿਬ ਦਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ ਕਿ ਭਾਵੇਂ ਉਹ ਤਣੇ ਹੋਏ ਰੱਸੇ ਤੇ ਚੱਲਣ ਵਾਲੀ ਗੱਲ ਸੀ, ਤੁਸੀਂ ਦੇਖਿਆ ਹੋਣਾ ਹੈ ਕਿ ਆਰਟਿਸਟ ਕਿਵੇਂ ਤਣੇ ਹੋਏ ਰੱਸੇ ਤੇ ਚਲਦੇ ਹਨ, ਮੈਂ ਸੀ.ਐਮ. ਸਾਹਿਬ ਦਾ ਇਸ ਗੱਲ ਤੇ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਦੋ ਸਾਲਾਂ ਵਿੱਚ ਨਾ ਤਾਂ ਮੈਨੂੰ ਡੋਲਣ ਦਿੱਤਾ ਅਤੇ ਨਾ ਮੈਨੂੰ ਡਿੱਗਣ ਦਿੱਤਾ। (ਥੰਪਿੰਗ) ਸਪੀਕਰ ਸਾਹਿਬ, ਮੇਰਾ ਜਿਹੜਾ ਧਰਮ ਹੈ, ਉਹ ਇਹ ਹੈ ਕਿ ਮੈਂ ਪੰਜਾਬ ਦੇ ਫਾਈਨਾਂਸਿਜ਼ ਦੀ ਸਾਫ-ਸੁਥਰੀ ਸਹੀ ਤਸਵੀਰ ਪੇਸ਼ ਕਰਾਂ। ਮੈਂ ਫਾਈਨਾਂਸਿਜ਼ ਦੀ ਅਦਾਦੋਸ਼ੁਮਾਰ, ਸਟੈਟਿਸਟਿਕਮ ਦੀ ਜਗਲਰੀ ਕਰਕੇ ਤੇ ਮੈਂ ਸੋਚਦਾ ਹਾਂ, ਸਪੀਕਰ ਸਾਹਿਬ, ਜਿਹੜਾ ਇਨਸਾਨ ਆਪਣੀ ਔਲਾਦ ਨਾਲ, ਆਪਣੇ ਮਾਂ-ਬਾਪ ਨਾਲ ਧੋਖਾ ਕਮਾਉਂਦਾ ਹੈ, ਉਹ ਕਦੇ ਕਾਮਯਾਬ ਨਹੀਂ ਹੋ ਸਕਦਾ। ਲੀਡਰ ਜਿਹੜੇ ਹੁੰਦੇ ਹਨ ਉਹ ਮਾਂ-ਬਾਪ ਦੀ ਹੈਸੀਅਤ ਰੱਖਦੇ ਹਨ ਔਰ ਜਿਵੇਂ ਇੱਕ ਮਾਂ ਬਾਪ ਆਪਣੀ ਔਲਾਦ ਦੇ ਸਾਹਮਣੇ ਕਦੇ ਘਟੀਆ ਗੱਲਾਂ ਨਹੀਂ ਕਰਦੇ, ਲੀਡਰ ਆਪਣੀ ਕੌਮ ਦੇ ਸਾਹਮਣੇ ਕਦੇ ਘਟੀਆ ਗੱਲਾਂ ਨਹੀਂ ਕਰਿਆ ਕਰਦੇ। ਸਪੀਕਰ ਸਾਹਿਬ, ਇਸ ਕਰਕੇ, ਮੈਂ ਤਾਂ ਹਾਊਸ ਨੂੰ ਸਿਰਫ ਇਕੋ ਹੀ ਗੱਲ ਦਾ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਅਤੇ ਮੈਂ ਇਹ ਗੱਲ ਵੀ ਵਾਜਿਬ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਖੁਸ਼ਕਿਸਮਤੀ ਹੈ, ਪ੍ਰਮਾਤਮਾ ਦੀ ਬੜੀ ਬਖਸ਼ਿਸ਼ ਹੁੰਦੀ ਹੈ ਕਿ ਰੱਬ ਨੇ ਤੁਹਾਡੇ ਹੱਥ ਦੇ ਵਿੱਚ ਇਸ ਕੌਮ ਦੀ ਜਾਂ ਪੰਜਾਬ ਦੀ ਡੋਰ ਦਿੱਤੀ ਹੋਵੇ ਔਰ ਪ੍ਰਮਾਤਮਾ ਇਸ ਦਾ ਹਿਸਾਬ ਲਵੇਗਾ। ਸਪੀਕਰ ਸਾਹਿਬ, ਜੇ ਤੁਸੀਂ ਇਹ ਬਜਟ ਪੜ੍ਹੋ ਤਾਂ ਬਜਟ ਵਿਚ 48%

[ਵਿੱਤ ਮੰਤਰੀ]

ਸਪੋਰਟਸ ਬਜਟ ਵਿਚ ਇਜ਼ਾਫਾ ਇਸ ਕਰਕੇ ਨਹੀਂ ਕੀਤਾ ਕਿ ਸਾਨੂੰ ਕੋਈ ਖੇਡਾਂ ਖੇਡਣ ਦਾ ਸ਼ੌਕ ਹੈ, ਇਜ਼ਾਫਾ ਇਸ ਕਰਕੇ ਕੀਤਾ ਹੈ ਕਿ ਅਸੀਂ ਦੁਨੀਆ ਨੂੰ ਦੱਸ ਸਕੀਏ ਕਿ ਸਾਡੇ ਜਿਹੜੇ ਧੀਆਂ-ਪੁੱਤਰ ਹਨ, ਉਹ ਤੁਹਾਡੇ ਧੀਆਂ ਪੁੱਤਰਾਂ ਨਾਲੋਂ ਬੜੇ ਸੋਹਣੇ ਹਨ, ਐਜੂਕੇਸ਼ਨ ਦਾ ਬਜਟ 10% ਇਸ ਕਰਕੇ ਨਹੀਂ ਵਧਾਇਆ, ਇਸ ਕਰਕੇ ਵਧਾਇਆ ਹੈ ਕਿ ਅਸੀਂ ਦੱਸ ਸਕੀਏ ਕਿ ਸਾਡੇ ਬੱਚੇ ਤੁਹਾਡੇ ਬੱਚਿਆਂ ਨਾਲੋਂ ਲਾਇਕ ਹਨ, ਟੂਰਿਜ਼ਮ ਦਾ ਬਜਟ 48% ਇਸ ਕਰਕੇ ਨਹੀਂ ਵਧਾਇਆ ਕਿ ਕੋਈ ਸੈਰ ਕਰਨ ਦਾ ਸੌਕ ਹੈ, ਦੁਨੀਆਂ ਨੂੰ ਦੱਸਣਾ ਹੈ ਕਿ ਦੁਨੀਆਂ ਦੇ ਨਕਸ਼ੇ ਤੇ ਜੇ ਸਭ ਤੋਂ ਕੋਈ ਹਸੀਨ ਧਰਤੀ ਹੈ ਤਾਂ ਉਹ ਪੰਜਾਬ ਦੀ ਧਰਤੀ ਹੈ, ਸਪੀਕਰ ਸਾਹਿਬ, ਜਿਥੇ ਤੁਸੀਂ ਤੇ ਮੈਂ ਬੈਠੇ ਹਾਂ ਉਹ ਪੰਜਾਬ ਦੀ ਧਰਤੀ ਹੈ। ਸਪੀਕਰ ਸਾਹਿਬ, ਮੈਂ ਇਸ ਮੌਕੇ ਸਾਰੇ ਹਾਊਸ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਇਹ ਜ਼ਰੂਰ ਕਹਾਂਗਾ ਕਿ ਹਜਾਰੋਂ ਬਰਕ ਗਿਰੇਂ, ਬਰਕ ਬਿਜਲੀ ਨੂੰ ਕਹਿੰਦੇ ਹਨ।

ਲਾਖ਼ੋਂ ਆਂਧਿਯਾਂ ਉਠੇ, ਜੋ ਫੂਲ ਖਿਲਨੇ ਵਾਲੇ ਹੈਂ, ਵੋ ਖਿਲ ਕੇ ਰਹੇਂਗੇ। ਸਪੀਕਰ ਸਾਹਿਬ, ਇਨ੍ਹਾਂ ਨੂੰ ਖਿੜਨ ਤੋਂ ਰੋਕ ਨਹੀਂ ਸਕਦੇ । (ਥੰਪਿੰਗ) ਇਹ ਕੁਦਰਤ ਦਾ ਕਾਨੂੰਨ ਹੈ। ਸਪੀਕਰ ਸਾਹਿਬ, ਕਈ ਮੈਂਬਰਜ਼ ਨੇ, ਐਮ.ਐਲ.ਏਜ਼ ਨੇ ਖਾਸ ਕਰਕੇ ਆਪੋਜ਼ੀਸ਼ਨ ਨੇ ਕੁਝ ਗੱਲਾਂ ਚੁੱਕੀਆਂ ਹਨ । ਸਪੀਕਰ ਸਾਹਿਬ, ਇਹ ਜਿਹੜੀ ਜਵਾਬ ਵਾਲੀ ਸਪੀਚ ਹੁੰਦੀ ਹੈ, ਇਹ ਬੜੀ ਬੋਰਿੰਗ ਜਿਹੀ ਸਪੀਚ ਹੁੰਦੀ ਹੈ ਪਰ ਇਹ ਰਿਕਾਰਡ ਦਾ ਹਿੱਸਾ ਹੁੰਦੀ ਹੈ । ਸਪੀਕਰ ਸਾਹਿਬ, ਜਿਹੜੇ ਐਮ.ਐਲ.ਏ. ਸਾਹਿਬ ਜਲਾਲਾਬਾਦ ਤੋਂ ਹਨ ਅਤੇ ਐਮ.ਐਲ.ਏ. ਢੀਂਡਸਾ ਸਾਹਿਬ ਹਨ, ਦਰਅਸਲ ਇਨ੍ਹਾਂ ਦੀ ਸਪੀਚ ਇਕੋ ਹੀ ਸੀ। ਸਪੀਕਰ ਸਾਹਿਬ, ਜਾਂ ਤਾਂ ਜਲਾਲਾਬਾਦ ਸਾਹਿਬ ਨੇ ਲਹਿਰਾਗਾਗਾ ਸਾਹਿਬ ਦੀ ਤਿਆਰੀ ਕੀਤੀ ਸੀ ਪਰ ਸਪੀਚ ਇਕੋ ਹੀ ਸੀ ਅਤੇ ਸਪੀਕਰ ਸਾਹਿਬ, ਜਵਾਬ ਵੀ ਇਨ੍ਹਾਂ ਦਾ ਇਕੋ ਹੀ ਬਣੇਗਾ।

ਸਭ ਤੋਂ ਪਹਿਲਾਂ ਤਾਂ ਇਨ੍ਹਾਂ ਨੇ ਇਹ ਫੁਰਮਾਇਆ ਹੈ ਕਿ ਅਸੀਂ ਜਦੋਂ ਗਏ ਹਾਂ ਤਾਂ ਸਾਡਾ ਜਿਹੜਾ ਗਰੋਥ ਰੇਟ ਸੀ, ਅਸੀਂ ਸਾਲ 2016-17 ਦੇ ਵਿੱਚ ਇਹ 7.16% ਛੱਡ ਕੇ ਗਏ ਹਾਂ ਅਤੇ ਕੈਪਟਨ ਸਾਹਿਬ ਦੀ ਸਰਕਾਰ ਆਈ ਹੈ ਤਾਂ ਉਸ ਵਿਚ ਜਿਹੜੀ ਗਰੋਥ ਰੇਟ ਹੈ, ਉਸ ਵਿਚ ਸੁਸਤ ਰਫਤਾਰੀ ਆ ਗਈ ਹੈ, ਉਸ ਵਿਚ ਕਮਤਰੀ ਆ ਗਈ ਹੈ। ਸਪੀਕਰ ਸਾਹਿਬ, ਸ਼ਾਇਦ ਇਹ ਦੱਸਣਾ ਭੁੱਲ ਗਏ ਕਿ ਜਿਹੜਾ ਇਨ੍ਹਾਂ ਦਾ ਕਮਿਊਲੇਟਿਵ ਗਰੋਥ ਐਵਰੇਜ ਸੀ, ਜਿਹੜਾ ਪੰਜ ਸਾਲ ਲਗਾ ਲਵੋ, ਦਸ ਸਾਲ ਲਗਾ ਲਵੋ। ਜਿਹੜਾ 2012-13 ਤੋਂ ਲੈ ਕੇ 2016-17 ਸੀ, ਸਪੀਕਰ ਸਾਹਿਬ, ਜੀ.ਐਸ.ਡੀ.ਪੀ. ਗਰੋਥ rate at constant prices. ਇਨ੍ਹਾਂ ਦਾ ਪੰਜ ਸਾਲਾਂ ਦਾ 5.82% ਆਇਆ। ਸਪੀਕਰ ਸਾਹਿਬ, ਇਹ ਮੇਰੇ ਫਿੱਗਰਜ਼ ਨਹੀਂ ਹਨ, ਇਹ

ਆਡੀਟਰ ਜਨਰਲ ਦੇ ਫਿਗਰ ਹਨ, ਇਹ ਮੰਜਰੇਆਮ ਤੇ ਹੈ, ਇਸ ਨੂੰ ਕੋਈ ਵੀ ਚੈੱਕ ਕਰ ਸਕਦਾ ਹੈ, ਪ੍ਰੈਸ ਵਾਲੇ ਚੈੱਕ ਕਰ ਸਕਦੇ ਹਨ। ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਦੇ ਪਿਛਲੇ ਤਿੰਨ ਸਾਲ ਗੁਜ਼ਰੇ ਹਨ, ਜਿਹੜੇ ਕਹਿ ਰਹੇ ਹਨ ਕਿ ਅਸੀਂ 7.16% ਛੱਡ ਕੇ ਗਏ ਹਨ, ਸਾਲ 2016-17 ਦਾ ਇਨ੍ਹਾਂ ਦਾ ਸਿਰਫ 5.71% ਹੈ। ਸਪੀਕਰ ਸਾਹਿਬ, ਜਿਹੜਾ 2017-18 ਦਾ ਸੀ.ਐਮ.ਸਾਹਿਬ ਦੀ ਕਿਆਦਤ ਵਾਲੀ ਸਰਕਾਰ ਦਾ ਪਹਿਲਾ ਸਾਲ ਸੀ, ਸਾਡਾ ਗਰੋਥ ਰੇਟ ਸੀ, ਕਿਉਂਕਿ ਸਪੀਕਰ ਸਾਹਿਬ, ਇਸ ਦੇ ਫਿੱਗਰਜ਼ ਵੀ ਆਡਿਟ ਹੋ ਕੇ ਆ ਗਏ ਹਨ, ਇਹ 6.27% ਹੈ। (ਥੰਪਿੰਗ) ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਜਿਹੜਾ ਇਸ ਸਾਲ, ਜਿਹੜਾ ਰਵਾਂ ਸਾਲ ਚੱਲ ਰਿਹਾ ਹੈ, ਇਹ ਸਾਲ ਅਜੇ ਤੱਕ ਤਾਂ ਪੂਰਾ ਨਹੀਂ ਹੋਇਆ, ਇਹ ਸਾਡੇ ਐਡਵਾਂਸ ਐਸਟੀਮੇਟਸ 5.93% ਹਨ।ਇਨ੍ਹਾਂ ਦੇ ਐਵਰੇਜ ਨਾਲੋਂ ਫੇਰ ਵੀ ਜ਼ਿਆਦਾ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਵੀ ਬਿਆਨ ਕੀਤਾ ਕਿ GSDP at current prices, ਜਿਹੜਾ 2016-17 ਦਾ ਇਨ੍ਹਾਂ ਦਾ ਆਖਰੀ ਸਾਲ ਸੀ, ਉਸ ਵੇਲੇ ਜਿਹੜੀ average growth rate ਸੀ, ਉਹ 10.3% ਸੀ ਅਤੇ ਅਖੀਰਲੇ ਤਿੰਨ ਸਾਲਾਂ ਵਿੱਚ 8.97% ਸੀ। ਸਪੀਕਰ ਸਾਹਿਬ, ਜਿਹੜਾ 2017-18 ਦਾ ਸਾਲ ਹੈ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵੇਲੇ ਉਸ ਵਿਚ growth rate 10.68% ਰਿਹਾ ਹੈ। It is higher than what they were achieving. ਸਪੀਕਰ ਸਾਹਿਬ, ਫੇਰ ਇਨ੍ਹਾਂ ਨੇ revenue deficit ਤੇ ਗੱਲ ਕੀਤੀ ਅਤੇ ਹੋਰ ਵੀ ਕਈ ਮੈਂਬਰਾਂ ਨੇ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸਾਲ 2016-17 ਵਿੱਚ revenue deficit 1.70% ਛੱਡ ਕੇ ਗਏ ਸੀ ਅਤੇ ਤੁਸੀਂ ਹੁਣ ਇਸ ਨੂੰ ਵਧਾ ਕੇ 2% ਕਰ ਦਿੱਤਾ ਹੈ ਜਾਂ ਜਿੰਨਾ ਵੀ ਇਨ੍ਹਾਂ ਨੇ ਕਿਹਾ ਹੈ। ਸਪੀਕਰ ਸਾਹਿਬ, ਕਈ ਵਾਰ ਯਾਦਾਸ਼ਤ ਕਮਜ਼ੋਰ ਹੁੰਦੀ ਹੈ। ਜਦੋਂ ਇਨ੍ਹਾਂ ਦਾ ਫਾਈਨਾਂਸ਼ੀਅਲ ਸਾਲ ਚੱਲ ਰਿਹਾ ਸੀ, 29 ਮਾਰਚ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਨੇ ਟਰੇਜ਼ਰੀ ਬੰਦ ਕਰ ਦਿੱਤੀ।(ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਅਜਿਹਾ ਪੰਜਾਬ ਦੀ ਹਿਸਟਰੀ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੀ ਟਰੇਜ਼ਰੀ ਬੰਦ ਹੋ ਗਈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ (ਵਿਘਨ)।

**ਵਿੱਤ ਮੰਤਰੀ :** ਢੀਂਡਸਾ ਸਾਹਿਬ, ਮੈਂ ਇਕ ਵਾਰ ਵੀ ਤੁਹਾਨੂੰ ਇੰਟ੍ਰਰੱਪਟ ਨਹੀਂ ਕੀਤਾ। ਇਕ ਕੰਮ ਕਰੋ....(ਵਿਘਨ...ਸ਼ੋਰ) ਇਹ ਗਲਤ ਹੈ, ਮੈਂ ਨਾ ਸੁਖਬੀਰ ਜੀ ਨੂੰ ਅਤੇ ਨਾ ਤੁਹਾਨੂੰ ਇੰਟ੍ਰਰੱਪਟ ਕੀਤਾ ਹੈ।

**ਮਾਨਯੋਗ ਸਪੀਕਰ :** ਮਨਪ੍ਰੀਤ ਜੀ, just a minute. ਗੱਲ ਸੁਣੋ ਢੀਂਡਸਾ ਜੀ, ਮੇਰੀ ਗੱਲ ਸੁਣੋ। ਇੰਟ੍ਰਪਟ ਨਾ ਕਰੋ। ਤੁਸੀਂ ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ।

**ਵਿੱਤ ਮੰਤਰੀ :** ਸਪੀਕਰ ਸਾਹਿਬ, 7791 ਕਰੋੜ ਰੁਪਏ ਦੇ ਬਿਲ ਲੈਪਸ ਹੋ ਗਏ ਜੇਕਰ ਇਹ ਅਦਾਇਗੀ ਕਰਕੇ ਜਾਂਦੇ ਤਾਂ ਜਿਹੜੇ ਕਹਿ ਰਹੇ ਹਨ ਕਿ ਅਸੀਂ revenue deficit 1.70% ਛੱਡ ਕੇ ਗਏ ਸੀ, ਇਹ revenue deficit 3.51% ਹੋਣਾ ਸੀ। ਇਸੇ ਤਰ੍ਹਾਂ ਹੀ ਇਹ ਅਗਲੇ revenue deficits ਬਾਰੇ ਦੱਸਣਾ ਭੁੱਲ ਗਏ ਕਿ ਅਸੀਂ ਜਾਂਦੇ ਜਾਂਦੇ 31,000 ਕਰੋੜ ਰੁਪਏ ਤੇ ਦਸਤਖਤ ਕਰ ਗਏ ਸੀ। ਜਦੋਂ ਸਾਡੀ ਸਰਕਾਰ ਆਈ ਤਾਂ ਜਿਹੜਾ ਤਕਰੀਬਨ 3200 ਕਰੋੜ ਹਰ ਸਾਲ CCL ਵਾਲਾ ਜਾਣਾ ਹੈ, ਉਸ ਵਿੱਚ 2400 ਕਰੋੜ ਰੁਪਿਆ ਵਿਆਜ ਦਾ ਅਤੇ 800 ਕਰੋੜ ਮੂਲ ਦੇਣਾ ਹੈ। ਇਸ ਨੂੰ revenue expenditure ਗਿਣਿਆ ਜਾਂਦਾ ਹੈ। ਸਪੀਕਰ ਸਾਹਿਬ, ਇਸ ਦੇ ਬਾਵਜੂਦ ਅਸੀਂ ਇਸ ਸਾਲ ਦੇ revenue deficit ਨੂੰ 2.02% ਤੇ ਰੋਕ ਕੇ ਖੜ੍ਹੇ ਹਾਂ। ਫੇਰ ਇਨ੍ਹਾਂ ਨੇ ਇਹ ਗੱਲ ਕਹੀ ਕਿ ਖਰਚੇ ਵਧਾ ਲਏ ਹਨ। ਸਪੀਕਰ ਸਾਹਿਬ, ਸਾਲ 2017-18 ਵਿੱਚ 5823 ਕਰੋੜ ਰੁਪਿਆ ਖਰਚਾ ਸੀ ਅਤੇ revised estimates ਵਿੱਚ 16,000 ਕਰੋੜ ਦੇ ਖਰਚੇ ਹਨ, ਖਰਚੇ ਬਹੁਤ ਜ਼ਿਆਦਾ ਵੱਧ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਸ ਸਦਨ ਨੂੰ ਦੱਸਣਾ ਚਾਹਾਂਗਾ ਕਿ ਸਾਲ 2018-19 ਦਾ ਜਿਹੜਾ ਰਵਾਂ ਸਾਲ ਹੈ, ਠੀਕ ਹੈ ਕਿ 16,000 ਕਰੋੜ ਰੁਪਏ ਦੇ ਸਾਡੇ ਖਰਚੇ ਹਨ ਪਰ ਇਸ ਵਿੱਚ 5500 ਕਰੋੜ ਰੁਪਿਆ ਉਹ ਹੈ, ਜਿਹੜਾ ਕਿਸਾਨਾਂ ਦੀ ਕਰਜ਼ਾ ਮਾਫੀ ਦਾ ਹੈ। ਸਪੀਕਰ ਸਾਹਿਬ, ਬੜੇ ਸਾਲਾਂ ਤੋਂ ਕਹਿ ਲਓ ਤਕਰੀਬਨ 20 ਸਾਲਾਂ ਤੋਂ ਆਡੀਟਰ ਜਨਰਲ ਇਕ ਪੈਰ੍ਹਾ ਬਣਾਉਂਦਾ ਸੀ। ਜਿੰਨੇ extra budgetary resources ਹਨ ਜਿਵੇਂ ਮੰਡੀ ਬੋਰਡ ਦੇ, ਆਰ.ਡੀ.ਐਫ. ਦੇ ਜਾਂ ਪੀ.ਆਈ.ਡੀ.ਬੀ. ਦੇ ਫੰਡ ਹਨ, ਅਕਾਲੀ ਦਲ ਦੀ ਸਰਕਾਰ ਵੇਲੇ ਇਹ ਪੈਸੇ ਸੰਗਤ ਦਰਸ਼ਨਾਂ ਵਾਸਤੇ ਵਰਤੇ ਜਾਂਦੇ ਸਨ ਅਤੇ ਇਹ ਆਡੀਟਰ ਜਨਰਲ ਦੇ ਆਡਿਟ ਤੋਂ ਬਾਹਰ ਸਨ। ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵਿੱਚ ਜਿੰਨੇ ਵੀ ਫੰਡ ਹਨ ਭਾਵੇਂ ਸਰਕਾਰ ਦੇ ਹਨ ਜਾਂ extra budgetary resources ਦੇ ਹਨ, ਇਨ੍ਹਾਂ ਨੂੰ ਅਸੀਂ ਬਜਟ ਵਿੱਚ ਲਿਆਉਂਦੇ ਹਾਂ। ਇਵੇਂ ਲਗਦਾ ਹੈ ਕਿ ਖਰਚੇ ਵੱਧ ਗਏ ਹਨ ਪਰ ਸਪੀਕਰ ਸਾਹਿਬ, ਹੁਣ ਇਨ੍ਹਾਂ ਦਾ ਆਡਿਟ ਹੁੰਦਾ ਹੈ ਕਿਉਂਕਿ ਪਬਲਿਕ ਮਨੀ ਹੈ ਅਤੇ ਪਬਲਿਕ ਮਨੀ ਦਾ ਆਡਿਟ ਜ਼ਰੂਰੀ ਹੁੰਦਾ ਹੈ। ਸਪੀਕਰ ਸਾਹਿਬ, ਕੀ ਕਦੀ ਇਨ੍ਹਾਂ ਨੇ ਸੋਚਿਆ ਹੈ ਕਿ ਜਿਹੜਾ 14ਵਾਂ ਵਿੱਤ ਕਮਿਸ਼ਨ ਆਇਆ ਸੀ, ਉਸ ਨੇ ਇਨ੍ਹਾਂ ਨੂੰ revenue deficit grant ਕਿਉਂ ਨਹੀਂ ਦਿੱਤੀ? ਕਿਉਂਕਿ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਕੋਲ ਬਾਹਰ ਦੇ ਬਾਹਰ ਹੀ

ਪੈਸਾ ਬਹੁਤ ਹੈ। ਇਨ੍ਹਾਂ ਨੂੰ ਇਸ ਦੀ ਲੋੜ ਨਹੀਂ ਹੈ। 15ਵਾਂ ਫਾਈਨਾਂਸ ਕਮਿਸ਼ਨ ਇੱਥੇ ਦੋ ਹਫ਼ਤੇ ਪਹਿਲਾਂ ਆਇਆ ਸੀ। ਉਨ੍ਹਾਂ ਨੇ ਇਹ ਗੱਲ ਨੋਟ ਕੀਤੀ ਹੈ ਅਤੇ ਉਨ੍ਹਾਂ ਨੇ ਇਸ ਨੂੰ ਐਪਰੀਸ਼ੀਏਟ ਕੀਤਾ ਹੈ, 5500 ਕਰੋੜ ਰੁਪਿਆ ਆਰ.ਡੀ.ਐਫ. ਦਾ ਹੈ, ਅਸੀਂ ਰਾਊਂਡ ਕੀਤਾ ਹੈ। ਉਸੇ ਤਰ੍ਹਾਂ ਹੀ 1514 ਕਰੋੜ ਰੁਪਿਆ ਪੀ.ਆਈ.ਡੀ.ਬੀ ਦਾ ਕੀਤਾ ਹੈ। ਇਸ ਕਰਕੇ ਜਿਹੜੇ ਖਰਚੇ ਹਨ, ਇਨ੍ਹਾਂ ਨੂੰ ਲੱਗ ਰਿਹਾ ਹੈ ਕਿ ਵੱਧ ਗਏ ਹਨ ਪ੍ਰੰਤੂ they are subject to audit. ਇਸੇ ਤਰ੍ਹਾਂ ਇਨ੍ਹਾਂ ਨੇ ਫਿਸਕਲ ਡੈਫੀਸਿਟ ਦੀ ਗੱਲ ਕੀਤੀ ਸੀ ਕਿ ਅਸੀਂ ਤਾਂ 3% ਤੇ ਛੱਡ ਕੇ ਗਏ ਸੀ ਜਿਹੜਾ ਐਫ.ਆਰ.ਬੀ.ਐਮ. ਦਾ ਨਾਰਮ ਹੈ ਪਰ ਇਨ੍ਹਾਂ ਨੇ ਇਸ ਨੂੰ ਵਧਾ ਕੇ ਇਸ ਸਾਲ 3.40% ਰੱਖ ਦਿੱਤਾ ਹੈ , ਹਾਲਾਂ ਕਿ ਭਾਰਤ ਸਰਕਾਰ ਦਾ ਜਿਹੜਾ ਇਸ ਸਾਲ ਦਾ ਬਜਟ ਤੁਸੀਂ ਪੜ੍ਹਿਆ ਹੋਣਾ ਹੈ, ਉਹ ਵੀ 3.4% ਤੇ ਹੀ ਹੈ। ਸਪੀਕਰ ਸਾਹਿਬ, ਇਹ ਦੱਸਣਾ ਭੁੱਲ ਗਏ ਕਿ ਜਿਹੜੇ ਪਹਿਲੇ ਸਾਲ 2017-18 ਦਾ ਬਜਟ ਸੀ, ਉਸ ਦੇ ਰਿਜ਼ਲਟ ਆ ਚੁੱਕੇ ਹਨ। ਸਾਡਾ ਜਿਹੜਾ ਫਿਸਕਲ ਡੈਫੀਸਿਟ ਸੀ, ਉਹ 2.65 % ਸੀ, ਜੋ ਕਿ well within ਐਫ.ਆਰ.ਬੀ.ਐਮ. ਨਾਰਮਜ਼ ਸੀ। ਸਪੀਕਰ ਸਾਹਿਬ, ਇਹ ਕਹਿ ਰਹੇ ਹਨ ਕਿ ਸਾਰੇ ਫਾਈਨਾਂਸਿਜ਼ ਦੇ ਵਿੱਚ ਜਗਲਰੀ ਕੀਤੀ ਹੈ। ਕਿਤੇ ਇਹ ਕਹਿ ਦਿੰਦੇ ਹਨ ਕਿ ਤੁਸੀਂ ਤਨਖਾਹਾਂ ਦਾ ਘੱਟ ਅਨੁਮਾਨ ਕਰ ਲਿਆ, ਕਿਤੇ ਕਹਿ ਦਿੰਦੇ ਹਨ ਕਿ ਤੁਸੀਂ ਆਪਣੇ ਰੈਵੇਨਿਊਜ਼ ਵੱਧ ਕਰ ਦਿੱਤੇ। ਸਪੀਕਰ ਸਾਹਿਬ, ਮੇਰੇ ਵਾਸਤੇ ਤਾਂ ਕਿਤੇ ਤਨਖਾਹਾਂ, ਕਿਤੇ ਸਟੈਂਪ ਡਿਊਟੀ, ਕਿਤੇ ਤੇਲ ਦੇ ਵੈਟ ਆਦਿ, ਮੈਨੂੰ ਇੰਨਾ ਕਰਨ ਦੀ ਲੋੜ ਨਹੀਂ ਹੈ। ਜੇ ਜਗਲਰੀ ਕਰਨੀ ਹੁੰਦੀ, ਮੈਂ ਤਾਂ ਸਿਰਫ ਇੰਨਾ ਹੀ ਕਹਿ ਸਕਦਾ ਸੀ ਕਿ ਜੇ 2323 ਕਰੋੜ ਰੁਪਏ ਦਾ ਘਾਟਾ ਹੈ, ਜਿਹੜੀ ਆਪਾਂ ਨੇ ਪਾਵਰ ਸਬਸਿਡੀ ਦੇਣੀ ਹੈ, ਕਿ ਪਾਵਰ ਸਬਸਿਡੀ ਬਾਰੇ ਗੁੰਮ ਕਰ ਦਿਉ ਕਿ ਅਸੀਂ ਦੇ ਦੇਵਾਂਗੇ। ਸਪੀਕਰ ਸਾਹਿਬ, ਜੇ ਤੁਸੀਂ ਇਹ ਬਜਟ ਪੜ੍ਹੋਗੇ ਤਾਂ ਇਸ ਸਾਲ ਸਾਡੇ ਤੋਂ 3,000 ਕਰੋੜ ਰੁਪਏ ਦੀ ਪਾਵਰ ਸਬਸਿਡੀ ਨਹੀਂ ਦਿੱਤੀ ਜਾਣੀ ਪਰ ਮੈਂ ਉਨ੍ਹਾਂ ਨੂੰ ਕੈਰੀ ਫਾਰਵਰਡ ਕੀਤਾ ਹੈ। ਜਿਹੜੇ ਟਰੇਜ਼ਰੀ ਵਿਚ ਬਿਲ ਲੈਪਸ ਹੋਣਗੇ, ਮੈਨੂੰ ਪਤਾ ਹੈ ਕਿ ਟਰੇਜ਼ਰੀ ਵਿੱਚ ਸਾਰੇ ਬਿਲ ਕਲੀਅਰ ਨਹੀਂ ਹੋਣਗੇ। ਸਪੀਕਰ ਸਾਹਿਬ, ਜਿਹੜੀ ਇਹ ਬਜਟ ਦੀ ਕਾਪੀ ਹੈ, ਇਹ ਤਾਂ ਸਪੀਚ ਹੈ। ਤੁਹਾਨੂੰ ਸਾਰਾ ਮੈਮੋਰੰਡਮ ਪੜ੍ਹਨਾ ਪੈਣਾ ਹੈ। ਉਸ ਵਿਚ ਤੁਸੀਂ ਵੇਖੋਗੇ ਕਿ ਜਿਹੜੇ ਬਿਲ ਟਰੇਜ਼ਰੀ ਵਿਚ ਲੈਪਸ ਹੋਏ ਹਨ, ਉਨ੍ਹਾਂ ਨੂੰ ਵੀ ਕੈਰੀ ਫਾਰਵਰਡ ਕੀਤਾ ਹੈ, ਪਾਵਰ ਸਬਸਿਡੀ ਨੂੰ ਵੀ ਕੈਰੀ ਫਾਰਵਰਡ ਕੀਤਾ ਹੈ। ਸਪੀਕਰ ਸਾਹਿਬ, 7000 ਕਰੋੜ ਰੁਪਏ ਦੇ ਜਿਹੜੇ ਪੈਂਡਿੰਗ ਬਿਲ ਛੱਡ ਕੇ ਗਏ ਸੀ, ਅਸੀਂ ਉਨ੍ਹਾਂ ਸਾਰਿਆਂ ਨੂੰ ਵੀ ਖਤਮ ਕੀਤਾ ਹੈ, ਉਨ੍ਹਾਂ ਨੂੰ ਘੱਟ ਕੀਤਾ ਹੈ। ਸਪੀਕਰ

ਸਾਹਿਬ, ਇਹੀ ਨਹੀਂ ਸਗੋਂ ਜਿਹੜਾ ਸੀ.ਸੀ.ਐਲ. ਦਾ ਗੈਪ ਸੀ, ਸਰਕਾਰ ਨੇ ਕਹਿ ਦਿੱਤਾ ਕਿ ਅੱਗੇ ਤੋਂ ਤਾਂ ਇਹ ਗੈਪ ਹੋਣਾ ਹੀ ਨਹੀਂ, ਇਸ ਨੂੰ ਰਿੰਗ ਫੈਂਸ ਕਰੋ। ਪਹਿਲਾ ਸਾਲ ਸਰਕਾਰ ਦਾ ਜਦੋਂ ਸੀ ਤਾਂ ਡੀਮੌਨੇਟਾਈਜ਼ੇਸ਼ਨ ਹੋਈ। ਉਸ ਡੀਮੌਨੇਟਾਈਜ਼ੇਸ਼ਨ ਦਾ ਵੀ ਸਾਡੇ ਤੇ ਅਸਰ ਸੀ, ਜੀ.ਐਸ.ਟੀ. ਦਾ ਵੀ ਅਸਰ ਸੀ। 1000 ਕਰੋੜ ਰੁਪਿਆ ਅਸੀਂ ਟਰੇਜ਼ਰੀ ਵਿਚੋਂ, ਕਿਉਂਕਿ ਅੱਗੇ ਤੋਂ ਇਹ 31000 ਕਰੋੜ ਰੁਪਏ ਵਾਲਾ ਮਸਲਾ ਕਦੇ ਨਾ ਹੋਵੇ, ਇਸ ਦੇ ਬਾਵਜੂਦ ਅਸੀਂ ਪੰਜਾਬ ਦੇ ਸਾਰੇ ਤਾਣੇ ਬਾਣੇ ਨੂੰ ਸਹੀ ਤਰੀਕੇ ਤੇ ਲੈ ਕੇ ਆਏ ਹਾਂ। ਇੱਥੇ ਐਮ.ਐਲ.ਏ. ਜਲਾਲਾਬਾਦ ਸਾਹਿਬ ਨੇ ਵੀ ਇਹ ਗੱਲ ਕਹੀ ਕਿ ਸਾਡੀ ਡੈੱਟ ਬੜੀ ਹੈ, ਅਸੀਂ ਤਾਂ 10 ਸਾਲਾਂ ਵਿੱਚ 89000 ਕਰੋੜ ਰੁਪਿਆ ਕਰਜ਼ਾ ਹੀ ਲਿਆ ਸੀ ਔਰ ਇਨ੍ਹਾਂ ਨੇ ਤਾਂ ਪਹਿਲੇ ਤਿੰਨ ਸਾਲਾਂ ਵਿੱਚ ਹੀ ਪਤਾ ਨਹੀਂ 28000 ਕਰੋੜ ਰੁਪਏ ਜਾਂ ਹੋਰ ਕਿੰਨਾ ਕਰ ਲਿਆ ਹੈ। ਸਪੀਕਰ ਸਾਹਿਬ, ਹੋਰ ਕਿਸੇ ਨੂੰ ਤਾਂ ਇਨ੍ਹਾਂ ਗੱਲਾਂ ਬਾਰੇ ਪਤਾ ਨਹੀਂ ਹੋ ਸਕਦਾ ਪਰ ਢੀਂਡਸਾ ਸਾਹਿਬ ਨੂੰ ਇੱਕ ਗੱਲ ਦਾ ਜ਼ਰੂਰ ਪਤਾ ਹੈ ਕਿ ਬੇਤਹਾਸ਼ਾ borrowing ਕੋਈ ਸਰਕਾਰ ਕਦੇ ਨਹੀਂ ਕਰ ਸਕਦੀ। ਸਪੀਕਰ ਸਾਹਿਬ, ਜਿਹੜੀ ਜੀ.ਐਸ.ਡੀ.ਪੀ. ਹੁੰਦੀ ਹੈ, ਉਸ ਦਾ 3% ਹਿੱਸਾ, that is, what is the total net borrowing, ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਡੈੱਟ ਦੀ ਐਵਰੇਜ ਗਰੋਥ ਇਨ੍ਹਾਂ ਦੇ ਟਾਈਮ ਦੀ ਹੈ, ਜੀ.ਐਸ.ਡੀ.ਪੀ. ਦੇ ਹਿੱਸੇ 11% ਗਰੋਥ ਹੋਈ ਹੈ ਕਿਉਂਕਿ economy was not moving. ਪਹਿਲੇ ਤਿੰਨ ਸਾਲਾਂ ਵਿੱਚ ਸਾਡੀ ਇਹ ਡੈੱਟ 11% ਤੋਂ ਘਟ ਕੇ 8% ਤੇ ਰਹਿ ਗਈ। ਸਪੀਕਰ ਸਾਹਿਬ, I am sorry ਕਿ ਇਹ ਬੜੀ ਬੋਰਿੰਗ ਸਪੀਚ ਹੁੰਦੀ ਹੈ, ਇਸ ਨੂੰ ਸੁਣਨਾ ਵੀ ਉਨਾ ਹੀ ਕਠਿਨ ਹੁੰਦਾ ਹੈ ਜਿੰਨਾ ਬੋਲਣਾ ਹੁੰਦਾ ਹੈ ਪਰ ਸਪੀਕਰ ਸਾਹਿਬ, ਹੁਣ ਇਹ ਪੰਜਾਬ ਦਾ ਹਾਲਾਤ ਕੀ ਛੱਡ ਕੇ ਗਏ ਸੀ ਕਿ ਸਾਡੀ net borrowing limit ਕਿੰਨੀ ਹੈ, ਸਾਲ 2017-18 ਵਿੱਚ 14,104 ਕਰੋੜ ਰੁਪਏ ਦੀ ਹੈ ਅਤੇ 15334 ਕਰੋੜ ਰੁਪਿਆ ਵਿਆਜ ਹੈ, ਮੈਂ ਮੂਲ ਦੀ ਗੱਲ ਨਹੀਂ ਕਰ ਰਿਹਾ। 1230 ਕਰੋੜ ਦਾ ਗੈਪ ਹੈ। ਕਰਜ਼ਾ ਲੈ ਕੇ ਵੀ ਵਿਆਜ ਨਹੀਂ ਪੂਰਾ ਹੋ ਰਿਹਾ। ਇਸ ਹਾਲਾਤ ਦੇ ਵਿਚ ਪੰਜਾਬ ਪਹਿਲੇ ਸਾਲ ਵਿਚ ਅਸੀਂ ਸੰਭਾਲਿਆ ਸੀ। 2018-19 ਵਿਚ ਨੈਟ ਬੌਰੋਇੰਗ 15,200 ਕਰੋੜ ਤੇ ਵਿਆਜ 16,300 ਕਰੋੜ ਹੈ। 11,112 ਕਰੋੜ ਦਾ ਅਜੇ ਵੀ ਖਸਾਰਾ ਹੈ। ਇਹ ਅਸੀਂ ਆਪਣੇ ਰੈਵੀਨਿਊ ਵਿਚੋਂ ਦੇਣਾ ਹੈ। ਸਪੀਕਰ ਸਾਹਿਬ, ਇਹ ਮੇਰਾ ਖੁਸ਼ਨੁਮਾ ਫਰਜ਼ ਹੈ ਤੁਹਾਨੂੰ ਦੱਸਦੇ ਹੋਏ ਕਿ 2019-20 ਵਿਚ ਜਿਹੜੇ ਬਜਟ ਤੇ ਹੁਣ ਅਸੀਂ ਬਹਿਸ ਕਰ ਰਹੇ ਹਾਂ, ਸਾਡੀ ਨੈਟ ਬੌਰੋਇੰਗ 17,335 ਕਰੋੜ ਹੈ ਅਤੇ ਸਾਡੀ ਇੰਟਰਸਟ ਪੇਮੈਂਟ 17,669 ਕਰੋੜ ਹੈ।ਸੋ, ਇਹ ਗੈਪ ਘੱਟ ਕੇ ਸਿਰਫ 334

ਕਰੋੜ ਰਹਿ ਗਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਅਗਲੇ ਸਾਲ ਸਾਡੇ ਕੋਲ ਆਪਣੀ ਡਿਵੈਲਪਮੈਂਟ ਵਾਸਤੇ ਪੈਸੇ ਬਚਣੇ ਸ਼ੁਰੂ ਹੋ ਜਾਣਗੇ । ਅਸੀਂ ਹੌਲੀ-ਹੌਲੀ ਇਸ ਡੈੱਟ ਟਰੈਪ ਵਿਚੋਂ ਨਿਕਲ ਜਾਵਾਂਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਗੱਲ ਕੀਤੀ ਕਿ ਕੈਪਟਨ ਸਾਹਿਬ ਦੀ ਸਰਕਾਰ ਵਿਚ ਰੈਵੀਨਿਊ ਇਨਕਰੀਜ਼ 4 ਜਾਂ 5 ਫੀਸਦੀ ਤੇ ਰਹਿ ਗਿਆ ਹੈ। ਮੈਨੂੰ ਇਹ ਗੱਲ ਦੱਸਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ revenue increased by 10.47 % in 2017-18 over 2016-17 and it is expected to increase 11.52 in 2019-20. ਸਪੀਕਰ ਸਾਹਿਬ, ਇਹ ਆਡਿਟਡ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਤੁਸੀਂ ਲਿਖ ਲਓ, ਬਾਅਦ ਵਿਚ ਕਲੈਰੀਫਿਕੇਸ਼ਨ ਲੈ ਲੈਣਾ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਮੁਕਾਬਲਾ ਕਰਨ ਨੂੰ ਤਿਆਰ ਹਾਂ। ਇਕੱਲਾ ਬੋਲ ਕੇ ਤਾਂ ਗੱਲ ਨਹੀਂ ਬਣਦੀ। ਸਪੀਕਰ ਸਾਹਿਬ, this is public money. ਇਹ ਆਡੀਟਰ ਜਨਰਲ ਦੀ ਰਿਪੋਰਟ ਹੈ।ਸਪੀਕਰ ਸਾਹਿਬ, ਜਿਹੜਾ ਨਾਨ ਟੈਕਸ ਰੈਵੀਨਿਊ ਹੈ। ਇਨ੍ਹਾਂ ਦੇ ਜਿਹੜੇ 5 ਸਾਲ ਗੁਜ਼ਰੇ, ਉਸ ਵਿਚ ਓ.ਟੀ.ਆਰ. ਇਨਕਰੀਜ਼ 8.20 ਫੀਸਦੀ ਸੀ। ਸਪੀਕਰ ਸਾਹਿਬ, 2017-18 ਵਿਚ ਸਾਡੀ ਓ.ਟੀ.ਆਰ. it is increased by 9.65% ਇਹ ਡਾਊਨ ਵਰਡਜ਼ ਰਿਸੀਟਸ ਦੇ ਨਾਲ ਜਿਹੜਾ ਕੁਇਕ ਐਕਸੈਸ ਐਡਵਾਂਸ ਐਸਟੀਮੇਟ ਹੈ ਉਹ ਇਸ ਸਾਲ 7.62 % ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਖਾਸ ਕਰਕੇ ਐਮ.ਐਲ.ਏ. ਜਲਾਲਾਬਾਦ ਹੀ ਪੰਜਾਬ ਦੀ ਐਕਸਾਈਜ਼ ਚਲਾਉਂਦੇ ਸੀ, ਕਦੇ ਹੋਇਆ ਹੈ ਕਿ ਸ਼ਰਾਬ ਵਿਚੋਂ ਹੀ ਪੈਸੇ ਘੱਟ ਗਏ ।ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਜਿਹੜਾ ਇਨ੍ਹਾਂ ਦਾ ਆਖਰੀ ਸਾਲ ਹੈ, 2016-17 ਵਿਚ ਜਿਹੜੇ ਇਨ੍ਹਾਂ ਨੇ ਬਜਟ ਐਸਟੀਮੇਟ ਲਗਾਏ ਸੀ, ਉਹ 5610 ਕਰੋੜ ਸੀ ਪਰ ਐਕਚੂਅਲ ਕੁਲੈਕਸ਼ਨ 4405 ਕਰੋੜ ਹੋਈ। ਸ਼ਾਰਟ ਫਾਲ 1035 ਕਰੋੜ ਦੀ ਹੋਈ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਜਿਹੜੀਆਂ ਗੱਲਾਂ ਇਨ੍ਹਾਂ ਨੂੰ ਸੂਟ ਕਰਦੀਆਂ ਹਨ, ਉਨ੍ਹਾਂ ਦਾ ਇਹ ਜ਼ਿਕਰ ਕਰ ਰਹੇ ਹਨ।

**ਮਾਨਯੋਗ ਸਪੀਕਰ:** ਤੁਸੀਂ ਲਿਖ ਲਓ, ਬਾਅਦ ਵਿਚ ਕਲੈਰੀਫਿਕੇਸ਼ਨ ਲੈ ਲੈਣਾ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਜੇਕਰ ਗਲਤ ਹੈ ਤਾਂ ਦੱਸ ਦੇਣ। (ਸਰਦਾਰ

ਸੁਖਬੀਰ ਸਿੰਘ ਬਾਦਲ ਵੱਲ ਇਸ਼ਾਰਾ) ਕੀ ਮੈਂ ਤੁਹਾਨੂੰ ਇੰਟ੍ਰਰੱਪਟ ਕੀਤਾ? Be a Democrat.

**Sardar Sukhbir Singh Badal:** Ok, do it. We will counter you in everything.

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਨਾਮ ਤਾਂ ਨਹੀਂ ਲੈਂਦਾ ਪਰ ਇਹੀ ਉਹ ਤਬਕਾ ਹੈ ਜਿਹੜਾ ਇਸ ਗੱਲ ਤੋਂ ਗੁੱਸਾ ਹੈ ਕਿ ਮਨਪ੍ਰੀਤ ਐਫ.ਐਮ. ਕਿਉਂ ਬਣ ਗਿਆ। (ਹਾਸਾ)

**Sardar Sukhbir Singh Badal:** I will be the happiest person ਜੇ ਤੁਸੀਂ ਸੀ.ਐਮ. ਬਣ ਜਾਓ। (ਵਿਘਨ..ਸ਼ੋਰ)

**ਵਿੱਤ ਮੰਤਰੀ:** ਸਪੀਕਰ ਸਾਹਿਬ, ਜਿਹੜੀ ਇੱਜ਼ਤ ਹੈ, ਜ਼ਿੱਲਤ ਹੈ, ਜ਼ਿੰਦਗੀ ਹੈ, ਮੌਤ ਹੈ, ਇਹ ਕਿਸੇ ਦੇ ਹੱਥ ਨਹੀਂ ਹੁੰਦੀ। ਇਹ ਵਾਹਿਗੁਰੂ ਦੇ ਹੱਥ ਹੁੰਦੀ ਹੈ। ਇਹ ਜਿੰਨੀ ਛੇਤੀ ਇਨ੍ਹਾਂ ਨੂੰ ਸਮਝ ਆ ਜਾਵੇ, ਉਨਾ ਇਹ ਸੌਖੇ ਰਹਿਣਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਕੀ ਕੀਤਾ ਕਿ ਇਨ੍ਹਾਂ ਦੀ ਜਿਹੜੀ ਐਕਸਾਈਜ਼ ਪਾਲਿਸੀ ਸੀ, ਇਨ੍ਹਾਂ ਨੇ ਕੋਟੇ ਬੇਸ਼ੁਮਾਰ ਵਧਾ ਦਿੱਤੇ। ਇਨ੍ਹਾਂ ਨੇ ਪੰਜਾਬ ਵਿੱਚ ਸ਼ਰਾਬ ਦੇ ਰੇਟ ਬੇਸ਼ੁਮਾਰ ਉੱਚੇ ਕਰ ਦਿੱਤੇ। ਇਹ ਮੋਨੋਪਲਾਈਜ਼ ਕਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਕੋਟਿਆਂ ਦੇ ਵਿੱਚ ਤਕਰੀਬਨ almost if I am not mistaken, if my memory serves me right ਕੋਈ ਤਕਰੀਬਨ 35-40% ਕੋਟੇ ਘਟਾਏ ਸੀ। ਇਸ ਤੋਂ ਇਲਾਵਾ ਇਨ੍ਹਾਂ ਨੇ ਜਿਹੜੀ ਮੋਨੋਪਲੀ ਬਣਾਈ ਸੀ, ਅਸੀਂ ਇਹ ਮੋਨੋਪਲੀ ਖਤਮ ਕਰਕੇ ਤਕਰੀਬਨ 729 ਛੋਟੇ ਗਰੁੱਪ, ਜਿਹੜੇ ਐਕਚੂਅਲ ਕਾਰੋਬਾਰੀ ਬੰਦੇ ਹਨ, ਇਹ ਉਨ੍ਹਾਂ ਨੂੰ ਦਿੱਤੇ। ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਐਮ.ਐਲ.ਏ, ਲਹਿਰਾਗਾਗਾ ਜੀ ਨੇ ਕਿਹਾ ਕਿ ਤੁਸੀਂ Budget Estimate ਜਿਹੜੇ ਸਾਲ ਦੇ ਹਨ, ਉਸ ਵਿੱਚੋਂ 2500 ਕਰੋੜ stamp duty ਦਾ ਟਾਰਗੈਟ ਰੱਖਿਆ ਸੀ, ਇਸ ਨੂੰ ਤੁਸੀਂ ਘਟਾ ਦਿੱਤਾ ਹੁਣ 2300 ਕਰੋੜ ਰੁਪਏ ਹੈ। ਇਹ ਘਟਾ ਦਿੱਤਾ ਹੈ।ਇਹ 2300 ਕਰੋੜ ਦਾ revised estimate ਹੈ। ਸਪੀਕਰ ਸਾਹਿਬ, ਜਿਹੜੇ ਬਜਟ ਹੁੰਦੇ ਹਨ, ਇਸ ਨੂੰ Budget Estimate ਕਿਉਂ ਕਹਿੰਦੇ ਹਨ, ਫਿਰ ਤਾਂ ਬੰਦਾ ਕੋਈ ਜੋਤਸ਼ੀ ਚਾਹੀਦਾ ਹੈ ਕਿ ਜਿਹੜਾ ਕਿ ਇਨ੍ਹਾਂ ਨੂੰ ਪਤਾ ਚਲ ਜਾਏ। ਇਹ ਤਖਮੀਨੇ ਹੀ ਲਗਾ ਸਕਦੇ ਹਨ। ਸਾਨੂੰ ਇਹ ਸੀ ਕਿ One Time

Settlement policy ਆ ਗਈ, ਸਾਰਾ real estate and illegal colonies ਦੇ ਕਾਰੋਬਾਰ ਨੂੰ regularize ਕਰਨ ਦੀ ਪਾਲਿਸੀ ਹੈ। ਇਹ ਅਨੁਮਾਨ ਕੋਈ ਇੰਨਾ ਗਲਤ ਨਹੀਂ ਸੀ ਪਰ ਮੈਨੂੰ ਤਾਂ ਸੀ ਕਿ ਇਹ ਇਸ ਤੋਂ ਵੀ ਵਧੇਗਾ। ਮੈਂ, ਸਪੀਕਰ ਸਾਹਿਬ , ਜਿੰਨੇ ਵੀ ਅਨੁਮਾਨ ਲਗਾਉਦਾ ਹਾਂ ਉਸ ਵਿੱਚ ਕੁਸ਼ਲ ਜ਼ਰੂਰ ਰੱਖਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਫਿਰ ਮਾਈਨਿੰਗ ਦੀ ਗੱਲ ਕੀਤੀ, ਮੈਂ ਤਾਂ 300 ਕਰੋੜ ਰੁਪਿਆ ਬਜਟ ਦੇ ਵਿੱਚ ਰੱਖਿਆ ਸੀ। ਉਸ ਦੇ ਵਿੱਚੋਂ 32 ਕਰੋੜ ਰੁਪਿਆ ਆਇਆ ਹੈ। ਵਜ੍ਹਾ ਇਹ ਸੀ ਕਿ ਹਾਈਕੋਰਟ ਨੇ ਪਾਲਿਸੀ ਸਟੇਅ ਕਰ ਦਿੱਤੀ । ਮੈਂ ਆਸ ਕਰਦਾ ਹਾਂ ਬਲਕਿ ਮੈਨੂੰ ਯਕੀਨ ਹੈ ਕਿ ਹਾਈ ਕੋਰਟ ਤੋਂ ਸਟੇਅ vacate ਹੋ ਜਾਵੇਗਾ। ਪੰਜਾਬ ਦੇ ਵਿੱਚ potential ਬਹੁਤ ਜ਼ਿਆਦਾ ਹੈ। ਉਸੇ ਤਰ੍ਹਾਂ ਸਪੀਕਰ ਸਾਹਿਬ, non tax revenue ਜਿਹੜਾ ਹੈ, ਇਸ ਵਿੱਚੋਂ ਤੁਸੀਂ ਸਵਾ 200 ਕਰੋੜ ਰੁਪਿਆ ਕਿਉਂ ਘਟਾ ਦਿੱਤਾ। ਸਪੀਕਰ ਸਾਹਿਬ, ਐਸਟੀਮੇਟ ਵੱਧ ਵੀ ਸਕਦੇ ਹਨ, ਘੱਟ ਵੀ ਸਕਦੇ ਹਨ। ਉਸੇ ਤਰ੍ਹਾਂ ਹੀ ਸਪੀਕਰ ਸਾਹਿਬ, ਮੈਂ ਜਨਾਬ ਨੂੰ ਦੱਸਣਾ ਚਾਹੁੰਦਾ ਹਾਂ ਕਿ total own tax revenue and non tax revenue ਵਿੱਚ ਸਿਰਫ 2-3% ਦੀ increase ਆਈ ਹੈ ਤੇ ਤੁਸੀਂ ਤਾਂ GST ਦੀ ਵਜ੍ਹਾ ਨਾਲ ਜ਼ਿੰਦਾ ਹੋ। ਇਹ ਕਹਿ ਰਹੇ ਹਨ ਕਿ ਪੰਜਾਬ ਤਾਂ ਜੀ.ਐਸ.ਟੀ. ਨਾਲ ਜ਼ਿੰਦਾ ਹੈ। ਇਹ ਕਹਿ ਰਹੇ ਹਨ ਕਿ ਪੰਜਾਬ ਤਾਂ ਜੀ.ਐਸ.ਟੀ ਦੇ ਰਹਿਮੋ-ਕਰਮ ਤੇ ਹੈ। ਸਪੀਕਰ ਸਾਹਿਬ, ਜਨਾਬ ਨੇ ਇਹ ਵੀ ਫੁਰਮਾਇਆ ਕਿ ਪੰਜਾਬ ਦੇ ਵਿੱਚ ਜਿਹੜੀ compensation ਹੈ, ਇਹ India ਵਿੱਚ ਸਭ ਤੋਂ highest 35 % ਹੈ, ਸਭ ਤੋਂ ਜ਼ਿਆਦਾ ਪੰਜਾਬ compensate ਹੋ ਰਿਹਾ ਹੈ।ਇਨ੍ਹਾਂ ਦੀ ਸਰਕਾਰ ਹੈ, ਉੱਤੇ ਵੀ ਹੈ ਤੇ ਥੱਲੇ ਵੀ ਹੈ ਜਦੋਂ ਜੀ.ਐਸ.ਟੀ. ਦੀਆਂ ਸਾਰੀਆਂ negotiations ਹੋਈਆਂ ਸਨ। ਪੰਜਾਬ ਇੱਕ ਵਾਹਦ ਸਟੇਟ ਹੈ ਜਿਸ ਦਾ 35% revenue ਜੀ.ਐਸ.ਟੀ ਦੇ ਵਿੱਚ subsume ਹੋ ਗਿਆ ਹੈ। ਅਸੀਂ ID Fees ਲੈਂਦੇ ਸੀ, Purchase Tax ਲੈਂਦੇ ਸੀ, ਵਾਹਦ only state of India ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਸ਼ਾਇਦ ਮੈਨੂੰ ਇਹ ਕਲੈਰੀਫਿਕੇਸ਼ਨ ਦੇਣਗੇ why did they agree to this? ਬਾਕੀ ਸਾਰੀ ਸਟੇਟਾਂ ਨੂੰ ਜਿੱਥੇ ਉਨ੍ਹਾਂ ਨੂੰ structurally damage ਹੁੰਦਾ ਸੀ, ਉਨ੍ਹਾਂ ਨੇ substitute ਮੰਗੇ ਕਿ ਨਹੀਂ ਇਸ ਦੇ ਇਵਜ਼ ਵਿੱਚ ਸਾਨੂੰ ਹੋਰ ਕਿਉਂ ਦਿਓ, ਉਹ ਤਾਂ 35% ਵਿੱਚ ਹੀ ਖੁਸ਼ ਹਨ, ਜਿੱਤਣ ਤਾਂ ਲਾਹੌਰ ਗਏ ਸੀ ਪਰ ਚਾਬੀਆਂ ਫਿਰੰਗੀਆਂ ਨੂੰ ਫੜ੍ਹਾ ਆਏ ਹਨ। ਇਹ ਹਾਲ ਹੈ। ਸਪੀਕਰ ਸਾਹਿਬ, ਐਕਸ ਫਾਇਨਾਂਸ ਮਨਿਸਟਰ ਸਾਹਿਬ ਨੇ ਫੁਰਮਾਇਆ ਕਿ ਜਿਹੜੇ own revenue to Central funds ਹਨ, ਇਸ ਦੀ ਰੇਸ਼ੋ ਸਾਡੇ ਵੇਲੇ ਤਾਂ ਹੁੰਦੀ ਸੀ 80:20, ਜਾਂ 70:30 ਤੇ ਹੁਣ ਇਹ ਰਹਿ ਗਈ ਹੈ 50:50। ਸਪੀਕਰ

ਸਾਹਿਬ, ਇਸ ਸਾਲ, ਸੀ.ਏ.ਜੀ. ਨੇ ਔਰ ਇਹ ਇਕੱਲਾ ਪੰਜਾਬ ਵਾਸਤੇ ਨਹੀਂ, ਸਾਰੇ ਇੰਡੀਆ ਵਾਸਤੇ ਇਨ੍ਹਾਂ ਨੇ ਇੱਕ ਨਵੀਂ ਅਕਾਊਂਟਿੰਗ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਹੈ। ਉਸ ਪ੍ਰੈਕਟਿਸ ਵਿੱਚ ਜਿਹੜੀ ਜੀ.ਐਸ.ਟੀ. ਦੀ ਕੰਪਨਸੇਸ਼ਨ ਆਉਂਦੀ ਹੈ ਉਸ ਨੂੰ ਅਸੀਂ own tax revenue ਵਿੱਚ ਨਹੀਂ ਬੁੱਕ ਕਰਦੇ, ਉਸ ਨੂੰ ਹੁਣ ਗਰਾਂਟ ਇਨ ਏਡ ਵਿੱਚ ਕਰਦੇ ਹਾਂ। ਜੇ ਉਹ ਨਾ ਹੋਵੇ ਤਾਂ ਇਨ੍ਹਾਂ ਵੇਲੇ ਵੀ 70:30 ਸੀ ਤੇ ਹੁਣ ਵੀ 70:30 ਆ ਰਿਹਾ ਹੈ।

ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਗੱਲ ਕਹੀ ਸੀ ਕਿ ਕਾਂਗਰਸ ਪਾਰਟੀ ਤਾਂ ਇਹ ਕਹਿੰਦੀ ਸੀ ਕਿ ਇਨ੍ਹਾਂ ਨੇ ਪੁੱਡਾ ਤੋਂ ਵੀ, ਪੁੱਡਾ ਦੇ ਜਿੰਨੇ ਫੰਡਜ਼ ਸੀ, ਫਿਊਚਰ ਇਨਕਮ ਸੀ, ਉਹ ਵੀ ਬੈਂਕ ਵਿੱਚ ਲੈਵਰੇਜ ਕਰਕੇ ਕਰਜ਼ੇ ਲੈ ਲਏ। ਸਪੀਕਰ ਸਾਹਿਬ, ਮੰਡੀ ਬੋਰਡ ਦੇ, ਆਰ.ਡੀ.ਐਫ. ਦੇ, ਪੀ.ਆਈ.ਡੀ.ਬੀ. ਦੇ, ਪੰਜ ਸਾਲਾਂ ਵਾਸਤੇ ਲੈ ਲਏ ਔਰ ਉਨ੍ਹਾਂ ਦਾ ਕੋਈ ਆਡਿਟ ਨਹੀਂ। ਆਡਿਟ ਤਾਂ ਹੁਣ ਹੋਣਗੇ। ਸਪੀਕਰ ਸਾਹਿਬ, ਇਹ ਕਾਂਗਰਸ ਪਾਰਟੀ ਦੀ ਸਰਕਾਰ ਹੈ। ਇਹ ਕਹਿ ਰਹੇ ਹਨ ਕਿ ਤੁਸੀਂ ਵੀ ਲੈ ਲਏ। ਅਸੀਂ ਕਰਜ਼ ਮਾਫੀ ਲਈ ਲਏ ਹਨ ਇਨ੍ਹਾਂ ਨੇ ਭਾਂਡੇ , ਕਨਾਤਾਂ, ਵਾਲੀਬਾਲ ਦੇ ਕਿੱਟ ਵਾਸਤੇ ਲਏ ਸੀ। ਸਪੀਕਰ ਸਾਹਿਬ, ਜੇ ਇੰਨੇ ਵਧੀਆ ਸੜਕਾਂ ਦੇ ਤੁਸੀਂ ਜਾਲ ਵਿਛਾਏ, ਬਿਜਲੀ ਘਰ ਬਣਾਏ ਤਾਂ ਇਹ ਹੁਣ 14 ਮੈਂਬਰਾਂ ਤੇ ਮਸ਼ਤਮਿਲ ਕਿਉਂ ਰਹਿ ਗਏ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ) (ਸ਼ੋਰ) ਸਪੀਕਰ ਸਾਹਿਬ, ਜਦੋਂ 1937 ਵਿੱਚ ਪੰਜਾਬ ਦੀ ਅਸੈਂਬਲੀ ਬਣੀ ਹੈ, ਅਕਾਲੀ ਦਲ ਦੇ ਉਦੋਂ ਵੀ 36-37 ਮੈਂਬਰ ਹੁੰਦੇ ਸਨ। ਸਾਰਾ ਪਾਕਿਸਤਾਨ ਨਿਕਲ ਗਿਆ, ਸਾਰਾ ਹਰਿਆਣਾ ਨਿਕਲ ਗਿਆ, ਸਾਰਾ ਹਿਮਾਚਲ ਨਿਕਲ ਗਿਆ। ਪਹਿਲੀ ਵਾਰ ਹੋਇਆ ਹੈ।ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਕਾਰਗੁਜ਼ਾਰੀ ਇੰਨੀ ਵਧੀਆ ਸੀ ਤਾਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਇੱਕ ਆਪੋਜ਼ੀਸ਼ਨ ਪਾਰਟੀ ਦੀ ਹੈਸੀਅਤ ਵਿੱਚ ਵੀ ਦੇਖਣਾ ਗਵਾਰਾ ਨਾ ਸਮਝਿਆ। ਸਪੀਕਰ ਸਾਹਿਬ, ਇਸ ਕਰਕੇ ਮੈਂ ਇਹ ਕਹਿ ਰਿਹਾ ਹਾਂ ਕਿ ਤੁਸੀਂ ਆਪ ਦੀ ਜਿਹੜੀ ਇਨਕਮ ਹੈ, ਇਹ exaggerate ਕੀਤੀ ਹੈ। ਤੁਸੀਂ ਆਪਣੀ ਸੈਲਰੀਜ਼ ਦੇ ਖਰਚੇ ਘਟਾਏ ਹਨ। ਸਪੀਕਰ ਸਾਹਿਬ, ਤੁਸੀਂ ਪਿਛਲੇ ਸਾਲ ਦਾ ਬਜਟ ਵੇਖ ਲੈਣਾ ਹੁਣ ਜਿਹੜਾ ਰਵਾਂ ਸਾਲ ਚੱਲ ਰਿਹਾ ਹੈ, ਇਸ ਵਿੱਚ ਤੁਸੀਂ ਦੇਖੋ ਕਿ ਸੈਲਰੀਜ਼ ਵਾਸਤੇ ਕੀ ਪੈਸੇ ਰੱਖੇ ਗਏ ਸਨ ਅਤੇ ਰਿਵਾਈਜ਼ਡ ਐਸਟੀਮੇਟ ਵਿੱਚ ਕਿੰਨੇ ਆਏ ਔਰ ਉਸ ਵਿੱਚ ਕੋਈ ਸੇਵਿੰਗ ਆਈ ਕਿ ਨਹੀਂ ਆਈ। Have we over-showed that ? ਪੈਨਸ਼ਨਜ਼ ਵਾਸਤੇ ਅਸੀਂ ਕੀ ਰਕਮ ਰੱਖੀ ਸੀ, ਉਸ ਵਿੱਚ ਕੋਈ ਸੇਵਿੰਗ ਆਈ ਕਿ ਨਹੀਂ ਆਈ। ਸਪੀਕਰ ਸਾਹਿਬ,

ਮੈਂ ਪਿਛਲੀ ਵਾਰੀ ਜੋ ਅਨੁਮਾਨ ਲਗਾਏ ਸੀ ਤੇ ਜੇ ਉਹ ਮਨਫੀ ਵਿੱਚ ਨਹੀਂ ਤਾਂ ਮੈਂ ਇਸ ਵਾਰੀ ਅਨੁਮਾਨ ਮਨਫੀ ਵਿੱਚ ਕਿਉਂ ਰੱਖਾਂਗਾ। ਮੈਂ ਸੈਲਰੀਜ਼ ਦਾ 8% ਇਜ਼ਾਫਾ ਲਗਾ ਕੇ ਚੱਲਿਆ ਹਾਂ। ਸਪੀਕਰ ਸਾਹਿਬ, ਇਸ ਵਿੱਚ ਇਨ੍ਹਾਂ ਨੂੰ ਫਿਕਰ ਹੈ ਕਿ ਇੰਪਲਾਈਜ਼ ਹੜਤਾਲ ਤੇ ਚਲੇ ਗਏ, ਫਲਾਂ ਹੋ ਗਿਆ, ਉਨ੍ਹਾਂ ਨੂੰ ਇਹ ਨਹੀਂ ਮਿਲਿਆ, ਉਹ ਨਹੀਂ ਮਿਲਿਆ। ਅੱਜ ਸਵੇਰੇ ਸਪੀਕਰ ਸਾਹਿਬ, ਮੈਂ ਪੰਜਾਬ ਦੀ ਤਮਾਮ ਇੰਪਲਾਈਜ਼ ਯੂਨੀਅਨਜ਼ ਨੂੰ ਮਿਲ ਕੇ ਆਇਆ ਹਾਂ। ਉਨ੍ਹਾਂ ਨਾਲ ਬੜੇ ਖੁਸ਼ਗਵਾਰ ਮਾਹੌਲ ਵਿੱਚ ਸਾਡੀ ਗੱਲਬਾਤ ਹੋਈ ਹੈ। ਉਨ੍ਹਾਂ ਦੀਆਂ ਜਿਹੜੀਆਂ ਵਾਜਬ ਮੰਗਾਂ ਸਨ, we are almost there. ਕੱਲ੍ਹ ਕੈਬਨਿਟ ਦੀ ਮੀਟਿੰਗ ਹੈ, ਸੀ.ਐਮ. ਸਾਹਿਬ ਦੇ ਅੱਗੇ ਪੇਸ਼ ਕਰਾਂਗੇ। There is no problem with employees and the Punjab Government. They are the part of the Government. (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਨ੍ਹਾਂ ਨਾਲ ਸਾਡੀ ਕੀ ਪ੍ਰਾਬਲਮ ਹੈ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਜੇ ਸਾਡੇ ਤੇ ਇੰਪਲਾਈਜ਼ ਖੁਸ਼ ਹਨ...... ਮੈਂ ਸਪੀਕਰ ਸਾਹਿਬ, ਫਿਰ ਕਹਿੰਦਾ ਹਾਂ ਕਿ ਇਹ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਉਹੀ ਤਬਕਾ ਹੈ। (ਹਾਸਾ)

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ, ਇਨ੍ਹਾਂ ਨੇ ਇਹ ਗੱਲ ਕਹੀ ਹੈ ਪਰ ਖੈਰ ਉਸ ਗੱਲ ਨੂੰ ਲੰਬਾ ਨਹੀਂ ਲੈ ਕੇ ਜਾਵਾਂਗਾ।

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਪਾਵਰ ਸਬਸਿਡੀ 5000 ਕਰੋੜ ਨਹੀਂ ਦਿੱਤੀ। ਸਪੀਕਰ ਸਾਹਿਬ, ਕਿਉਂਕਿ ਹਾਲਾਤ ਐਸੇ ਸਨ ਕਿ ਮੈਂ ਪਿਛਲੀ ਵਾਰ, 4000 ਕਰੋੜ ਦੀ ਸਬਸਿਡੀ ਨਹੀਂ ਦੇ ਸਕਿਆ। ਉਨ੍ਹਾਂ ਨੂੰ ਅਸੀਂ ਕੈਰੀ ਫਾਰਵਰਡ ਕੀਤਾ, ਉਹ ਇਸ ਸਾਲ ਵਿੱਚ ਭੁਗਤਾਏ ਔਰ ਜਿਹੜਾ ਮੌਜੂਦਾ ਸਾਲ ਆ ਰਿਹਾ ਹੈ, ਸਪੀਕਰ ਸਾਹਿਬ, ਜੇ ਤੁਸੀਂ ਮੈਮੋਰੰਡਮ ਪੜ੍ਹੋਗੇ ਤਾਂ ਮੈਂ 3000 ਦੀ ਸਬਸਿਡੀ ਨਹੀਂ ਦੇ ਪਾਵਾਂਗਾ, ਕੈਰੀ ਫਾਰਵਰਡ ਕੀਤੀ ਹੈ। ਜੋ ਪਿਛਲੇ ਸਾਲ ਦਾ ਰੈਗੂਲੇਟਰ ਦਾ ਟੈਰਿਫ ਰੇਟ ਸੀ, ਉਸ ਨੂੰ 5% ਵਧਾ ਕੇ ਆਪਣੇ ਬਜਟ ਐਸਟੀਮੇਟ ਵਿੱਚ ਰੱਖਿਆ ਹੈ। ਅਸੀਂ ਐਸਟੀਮੇਟ ਹੀ ਲਗਾ ਸਕਦੇ ਹਾਂ।ਸਪੀਕਰ ਸਾਹਿਬ, ਇਸ ਕਰਕੇ ਮੈਂ ਇਹ ਕਹਿ ਚੁੱਕਿਆ ਹਾਂ ਕਿ ਜਿਹੜੇ ਬਿਲਜ਼ ਲੈਪਸ ਹੋਣਗੇ, ਮੈਂ ਉਸ ਦਾ ਪ੍ਰੋਵੀਜ਼ਨ ਰੱਖਿਆ ਹੋਇਆ ਹੈ। ਸਪੀਕਰ ਸਾਹਿਬ, ਫਿਰ ਉਹੀ ਗੱਲ ਆ ਗਈ। ਐਮ.ਐਲ.ਏ. ਲਹਿਰਾਗਾਗਾ ਸਾਹਿਬ ਨੇ ਇਹ ਹੁਕਮ ਕੀਤਾ ਕਿ ਮੈਂ ਬਜਟ ਪੜ੍ਹ ਲਿਆ ਹੈ ਅਤੇ ਅਨਫੰਡਿਡ ਗੈਪ 2323 ਕਰੋੜ ਨਹੀਂ, ਉਹ 4323 ਹੈ। ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਬਰੀਕੀ ਵਿੱਚ ਪੜ੍ਹਿਆ ਹੁੰਦਾ, ਕਿਉਂਕਿ Budget at a glance ਨਹੀਂ

ਪੜ੍ਹਨਾ ਔਰ 2000 ਕਰੋੜ ਦਾ ਗੈਪ ਜਿਹੜਾ ਇਹ ਸੋਚਦੇ ਹਨ that will be funded out of the public account. ਜਿਹੜੇ ਜੀ.ਪੀ.ਐਫ. ਦੇ ਪੈਸੇ ਆਉਂਦੇ ਹਨ। Actually, ਜਿਹੜਾ ਸਾਡਾ ਗੈਪ ਹੋਵੇਗਾ, ਉਹ 2323 ਕਰੋੜ ਹੀ ਹੋਵੇਗਾ, ਇਸ ਤੋਂ ਜ਼ਿਆਦਾ ਨਹੀਂ ਹੋਵੇਗਾ। ਬਾਕੀ ਜਿਹੜੇ ਸਾਰੇ ਅਨੁਮਾਨ ਹਨ, ਉਹ ਸਹੀ ਲੱਗੇ ਹਨ। 15000 ਕਰੋੜ ਦਾ ਗੈਪ ਨਹੀਂ ਹੈ। ਜਿਵੇਂ ਗੱਲ ਸੁਣਦੇ ਹਾਂ ਕਿ ਇਕ ਬੰਦਾ ਨਾਈ ਨੂੰ ਕਹਿੰਦਾ ਕਿ ਨਾਈਆ ਮੇਰੇ ਵਾਲ ਕਿੰਨੇ-ਕਿੰਨੇ ਹਨ, ਨਾਈ ਕਹਿੰਦਾ ਕਿ ਸਾਹਮਣੇ ਹੀ ਆ ਜਾਣਗੇ। ਹੋਰ 8-9 ਮਹੀਨਿਆਂ ਨੂੰ ਸਾਹਮਣੇ ਆ ਜਾਣਾ ਹੈ ਪਰ ਮੈਂ ਇੱਕ ਗੱਲ ਜ਼ਰੂਰ ਕਹਿ ਕੇ ਜਾਵਾਂਗਾ ਕਿ ਇੱਕ ਤਾਂ ਇਹ ਮੇਰੇ ਤੇ ਇਲਜ਼ਾਮ ਲਗਾ ਰਹੇ ਹਨ ਕਿ ਤੁਸੀਂ ਫਿੱਗਰਜ਼ fudge ਕੀਤੇ ਹਨ। ਸਪੀਕਰ ਸਾਹਿਬ, ਮੈਨੂੰ ਸਿਰਫ ਦੋ ਮਿੰਟ ਦੇ ਦਿਓ ਜੀ। ਸਾਲ 2012-13 ਵਿੱਚ ਇਨ੍ਹਾਂ ਦੀ ਸਰਕਾਰ ਦਾ ਜਿਹੜਾ ਪਹਿਲਾ ਸਾਲ ਸੀ, ਉਸ ਵਿੱਚ ਇਨ੍ਹਾਂ ਦਾ ਰੈਵੀਨਿਊ ਡੈਫੀਸਿਟ ਬਜਟ ਐਸਟੀਮੇਟ ਤੋਂ ਕਿੰਨਾ ਸੀ, ਸਪੀਕਰ ਸਾਹਿਬ, ਮਾੜਾ ਜਿਹਾ ਦਿਲ ਤੇ ਹੱਥ ਰੱਖ ਲਓ। ਉਹ 137% ਸੀ। Sir, you can go wrong by 5, 10, 15, 20, 30%. 40%, ਸਪੀਕਰ ਸਾਹਿਬ, 137% ਕਿਵੇਂ ਗਲਤ ਹੋ ਸਕਦੇ ਹਨ? ਸਪੀਕਰ ਸਾਹਿਬ, ਮੈਂ ਇਹ ਗੱਲ ਕੋਈ ਸਿਆਸੀ ਸ਼ੋਅਬਾਜ਼ੀ ਨਾਲ ਨਹੀਂ ਕਹਿ ਰਿਹਾ ਹਾਂ, ਇਹ ਫਿੱਗਰ ਏ.ਜੀ. ਦੀ ਹੈ। ਇਸੇ ਤਰ੍ਹਾਂ ਹੀ ਸਪੀਕਰ ਸਾਹਿਬ, ਸਟੇਟ ਦਾ ਨਾਨ ਟੈਕਸ ਰੈਵੀਨਿਊ, ਬਜਟ ਐਸਟੀਮੇਟਸ ਨਾਲੋਂ ਵੀ 50% ਘੱਟ ਸੀ। ਗ੍ਰਾਂਟ ਇਨ ਏਡ ਫਰਾਮ ਸੈਂਟਰ ਜਿਹੜੀ ਕਿ ਸੈਂਟਰ ਤੁਹਾਨੂੰ ਇਤਲਾਹ ਕਰ ਦਿੰਦਾ ਹੈ ਕਿ ਤੁਹਾਨੂੰ ਇੰਨੀ ਗ੍ਰਾਂਟ ਦਿਆਂਗੇ 54% less than even revised estimates. ਸਪੀਕਰ ਸਾਹਿਬ, ਅਗਲੇ ਸਾਲ ਆ ਜਾਓ। ਸਪੀਕਰ ਸਾਹਿਬ, ਇਹ ਸਾਲ 2013-14 ਹੈ। ਰੈਵੀਨਿਊ ਡੈਫੀਸਿਟ, ਬਜਟ ਐਸਟੀਮੇਟ ਤੋਂ 10, 20, 40, 50, 100 ਕਿਉਂਕਿ 100 ਤਾਂ ਪਿਛਲੀ ਵਾਰ ਹੋ ਗਿਆ, 147 ਹੋ ਗਿਆ ਸੀ, 274% ਘੱਟ ਸੀ। ਅਨੁਮਾਨ ਜ਼ਿਆਦਾ ਅਤੇ 274% ਦਾ ਰੈਵੀਨਿਊ ਡੈਫੀਸਿਟ ਦਾ ਇਨ੍ਹਾਂ ਦਾ ਖਸਾਰਾ ਸੀ। ਉਸੇ ਤਰ੍ਹਾਂ ਹੀ ਸਪੀਕਰ ਸਾਹਿਬ, ਗ੍ਰਾਂਟ ਇਨ ਏਡ ਫਿਰ 48% ਘੱਟ ਸੀ। Jugglery ਤਾਂ ਇਹ ਕਰਦੇ ਰਹੇ ਹਨ। ਉਸੇ ਤਰ੍ਹਾਂ ਹੀ ਸਪੀਕਰ ਸਾਹਿਬ, ਜਿਹੜਾ 2014-15 ਦਾ ਸਾਲ ਸੀ, ਉਸ ਸਾਲ ਵਿੱਚ ਰੈਵੀਨਿਊ ਡੈਫੀਸਿਟ ਫਿਰ 78% ਘੱਟ ਸੀ। ਸਪੀਕਰ ਸਾਹਿਬ, ਜਿਹੜਾ ਸਾਲ 2015-16 ਸੀ, ਚਲੋ ਮੈਂ ਤੁਹਾਨੂੰ ਜ਼ਿਆਦਾ ਲੰਬਾ ਨਹੀਂ ਲੈ ਕੇ ਜਾਂਦਾ ਹਾਂ, ਮੈਂ ਤੁਹਾਨੂੰ ਅਖੀਰਲੀ ਗੱਲ ਕਹਿੰਦਾ ਹਾਂ ਕਿ ਸਾਲ 2016-17 ਦਾ ਫਿਸਕਲ ਡੈਫੀਸਿਟ ਕਿੰਨਾ ਘੱਟ ਸੀ? ਮੇਰੇ ਤੇ ਕਹਿ ਰਹੇ ਹਨ ਕਿ 3.4% ਬਹੁਤ ਜ਼ਿਆਦਾ ਹੈ। ਇਨ੍ਹਾਂ ਦੇ ਬਜਟ ਐਸਟੀਮੇਟ ਨਾਲੋਂ ਫਿਸਕਲ ਡੈਫੀਸਿਟ ਕਿੰਨਾ ਘਟਿਆ ਸੀ? 304 ਫੀਸਦ ਘੱਟ। ਸਪੀਕਰ ਸਾਹਿਬ, ਇਹ 76% ਰੈਵੀਨਿਊ

ਡੈਫੀਸਿਟ ਹੈ। ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਦੀ ਗੱਲ ਕਰਦਾ ਹਾਂ। ਜਿਹੜੀ ਸਾਲ 2017-18 ਵਿੱਚ ਸੈਂਟਰ ਤੋਂ ਗ੍ਰਾਂਟ ਇਨ ਏਡ ਆਈ that was 35% more than even revised estimates. 35% ਅਸੀਂ ਘੱਟ ਅਨੁਮਾਨ ਲਗਾਇਆ ਅਤੇ ਗ੍ਰਾਂਟ ਇਨ ਏਡ ਜ਼ਿਆਦਾ ਆ ਗਈ। ਉਸੇ ਤਰ੍ਹਾਂ ਹੀ ਸਪੀਕਰ ਸਾਹਿਬ, ਰੈਵੀਨਿਊ ਡੈਫੀਸਿਟ ਬਾਰੇ ਮੈਂ ਕਿਹਾ ਸੀ 36% ਹੋਵੇਗਾ ਪਰ ਐਕਚੂਲੀ 36% ਨਹੀਂ ਆਇਆ। ਸੋ, ਸਪੀਕਰ ਸਾਹਿਬ, ਇਹ ਮੁਲਕ ਵਾਸਤੇ ਬੜਾ ਔਖਾ ਸਮਾਂ ਸੀ ਕਿਉਂਕਿ ਜੀ.ਐਸ.ਟੀ., demonetization ਦੇ ਅਸਰ ਨਜ਼ਰ ਆ ਰਹੇ ਸੀ।

ਸਪੀਕਰ ਸਾਹਿਬ, ਹੁਣ ਮੈਂ ਅਗਲੀ ਗੱਲ ਤੇ ਆਵਾਂਗਾ ਮੈਂ ਮੈਂਬਰ ਸਾਹਿਬ, ਕੰਵਰ ਸੰਧੂ ਸਾਹਿਬ ਦੀ ਬੜੀ ਇੱਜ਼ਤ ਕਰਦਾ ਹਾਂ ਕਿਉਂਕਿ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਬੜਾ ਤਜਰਬਾ ਹੈ। ਇਨ੍ਹਾਂ ਨੇ ਗੱਲ ਕਹੀ ਕਿ ਤੁਸੀਂ ਆਪਣੇ ਬਜਟ ਵਿੱਚ ਲਿਖਿਆ ਹੈ ਕਿ ਸਾਡੇ ਕੋਲ ਹੁਣ ਉਹ ਦਸਤਾਵੇਜ਼ ਮੌਜੂਦ ਹੈ ਜਿਸ ਵਿੱਚ ਕਿ ਭਾਰਤ ਸਰਕਾਰ ਇਸ ਗੱਲ ਤੇ ਰਜ਼ਾਮੰਦ ਸੀ ਕਿ ਇਹ ਜਿਹੜਾ 31000 ਕਰੋੜ ਦਾ ਮਸਲਾ ਹੈ, ਇਸ ਨੂੰ ਕਿਵੇ ਂ ਨਾ ਕਿਵੇਂ ਕਨਕਲੂਜ਼ਨ ਤੇ ਲੈ ਕੇ ਆਈਏ। ਸਪੀਕਰ ਸਾਹਿਬ, ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ, ਇਹ ਈ-ਮੇਲ ਹੈ ਜੀ, ਇਨ੍ਹਾਂ ਨੇ ਸਾਨੂੰ ਡਿਸਕਲੋਜ਼ ਨਹੀਂ ਕੀਤੀ ਹੈ, ਇਹ ਸਾਨੂੰ ਕੁਦਰਤੀ ਕੰਪਿਊਟਰ ਵਿੱਚੋਂ ਮਿਲ ਗਈ। ਇਹ ਲਿਖਿਆ ਹੈ from-Chief Secretary, Punjab ਉਸ ਨੇ ਆਪਣਾ ਈ-ਮੇਲ ਆਈ.ਡੀ. ਵਗੈਰਾ, ਇਹ ਮਿਤੀ ਹੈ 17.05.2016 ਨੂੰ 11.56 ਵਜੇ ਸਵੇਰੇ ਭੇਜਿਆ ਗਿਆ ਹੈ, ਇਨ੍ਹਾਂ ਨੇ ਇਹ ਮੇਲ Mr. S.K. Sandhu ਨੂੰ ਭੇਜੀ ਅਤੇ ਇਨ੍ਹਾਂ ਦੀ ਵੀ ਸਰਕਾਰੀ ਈ-ਮੇਲ ਹੈ ਕਿਉਂਕਿ ਇਹ ਅੰਗਰੇਜ਼ੀ ਵਿੱਚ ਹੈ ਇਸ ਲਈ ਸਪੀਕਰ ਸਾਹਿਬ, ਮੈਂ ਅੰਗਰੇਜ਼ੀ ਵਿੱਚ ਪੜ੍ਹ ਕੇ ਸੁਣਾਉਂਦਾ ਹਾਂ।

The Principal Secretary to Hon'ble Prime Minister rang up to enquire as to why the Government of Punjab is not offering its response to clarify the reported gaps in its ring fenced account as per his request dated 9.9.2016.

The Principal Secretary to Hon'ble Prime Minister also spoke to me indicating that he sent a non-paper, (means informal unofficial document put forward in close negotiations to test the reaction of other parties). The same has been attached to this email. The contents of the

[ਵਿੱਤ ਮੰਤਰੀ]

same are self-explanatory. He has desired that the response of the State Government should be formulated and discussed with him at the earliest. ਇਸ ਦੇ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਸ਼ਾਰਟ ਟਰਮ, The first action is to ensure immediate release of the remaining CCL. ਮੈਂ ਅਖਬਾਰ ਵਿੱਚ ਪੜ੍ਹਿਆ ਸੀ ਕਿ ਢੀਂਡਸਾ ਸਾਹਿਬ ਨੇ ਪ੍ਰੈੱਸ ਨਾਲ ਬੋਲਦਿਆਂ ਕਿਹਾ ਸੀ ਕਿ ਸਾਨੂੰ ਜਲਦਬਾਜ਼ੀ ਇਸ ਕਰਕੇ ਸੀ ਕਿਉਂਕਿ ਅਸੀਂ ਤਾਂ ਸੀ.ਸੀ.ਐਲ. ਲੈਣਾ ਸੀ। ਹਾਲਾਂਕਿ ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਸੀ ਕਿ ਇਨ੍ਹਾਂ ਦੀ ਸਰਕਾਰ ਨਹੀਂ ਆਉਣੀ ਔਰ ਸਪੀਕਰ ਸਾਹਿਬ, ਫਿਰ ਉਨ੍ਹਾਂ ਨੇ ਲਿਖਿਆ ਕਿ long term, the second action is to arrive at a final One Time Settlement. ਸ਼੍ਰੀ ਸਰਵੇਸ਼ ਕੌਸਲ ਨੇ ਇਹ ਭੇਜੀ, ਸੀ। ਸਪੀਕਰ ਸਾਹਿਬ, ਇਹ ਅਟੈਚਮੈਂਟ ਹੈ। ਸਾਰੀ ਪੜ੍ਹਨ ਵਿੱਚ ਤਾਂ ਸਮਾਂ ਲੱਗ ਜਾਵੇਗਾ। ਸੋ, ਸਪੀਕਰ ਸਾਹਿਬ, ਮੈਂ ਉਸ ਦੇ ਕੁਝ ਹਿੱਸੇ ਪੜ੍ਹਦਾ ਹਾਂ ਤੇ ਉਸ ਵਿੱਚ ਲਿਖਿਆ ਹੈ: “However it is informally learnt from the State Bank of India that until October, 2014, Govt. of Punjab has been certifying that stock figure is equal to the cash credit limit" ਕਿ ਸਾਡੇ ਕੋਲ ਸਟਾਕ ਹਨ, ਫਿਕਰ ਨਾ ਕਰਿਓ। ਉਹ ਕਹਿੰਦਾ ਹੈ: "It is only later that they changed, they changed their stand and said that actual amount of stock is less than the credit limit availed. Hence, part of the problem of perception may be due to incorrect stock certification by Govt. of Punjab ਤੇ ਉਹ ਫਿਰ ਲਿਖਦਾ ਹੈ ਕਿ: "Basically it is clear that there is a shared responsibility between two governments for the problems of pending claims. It is noticed that the substantial part of the claim relates to interest. Because of the long periods of time involved, interest element is very high." ਸਪੀਕਰ ਸਾਹਿਬ, ਫਿਰ ਉਹ ਲਿਖਦਾ ਹੈ: "and an issue which arises where the bank should make some financial sacrifice in solving this problem. In informal discussion, the State Bank of India on behalf of the bank has strongly argued that they were extending food credit treating it as a pre-emptive credit and were treating it as a sovereign credit. ਸਪੀਕਰ ਸਾਹਿਬ, ਸਰਕਾਰ ਨੇ ਜਦੋਂ ਕਿਤੇ ਪੈਸੇ ਲੈਣੇ ਹੋਣ ਤਾਂ ਉਸ ਨੂੰ ਵਿਆਜ ਕੋਈ ਹੋਰ ਲੱਗਦਾ ਹੈ ਅਤੇ ਕਿਸੇ ਕਾਰੋਬਾਰੀ ਬੰਦੇ ਨੇ ਲੈਣਾ ਹੋਵੇ ਤਾਂ ਹੋਰ ਕਿਉਂਕਿ government borrowing is backed by sovereign guarantee. ਸਪੀਕਰ ਸਾਹਿਬ, ਉਹ ਕਹਿੰਦੇ “the counter argument to the stand of the banks is as follows: "while the

banks claim to have treated it a sovereign credit, the rate of interest they have been charging is much higher than the cost of borrowing of the State and is also much higher than their prime rate/base rate. For example, till recently, Punjab was charged 11.8% interest rate which is about 3.3% more than the cost of borrowing for Punjab." ਸਪੀਕਰ ਸਾਹਿਬ, ਉਹ ਅੱਗੇ ਲਿਖਦਾ ਹੈ "taking all circumstances in account." ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਪੰਜਾਬ ਨਾਲ ਇਸ ਤੋਂ ਵੱਡਾ ਧਰੋਹ ਨਹੀਂ ਹੋ ਸਕਦਾ। ਉਹ ਕਹਿੰਦਾ ਹੈ: "Taking all circumstances into account, it is proposed to solve once for all the problem of irregularity in food credit in the following manner:- The Govt. of India will, as a special case and gesture of goodwill, taking into account the vital contribution of Punjab to food security in the country, release one time assistance towards revenue deficit of Rs.6000 crores." ਇਹ ਪ੍ਰਾਈਮ ਮਨਿਸਟਰ ਦੇ ਆਫ਼ਿਸ ਵਿਚੋਂ ਖਤ ਆਇਆ ਹੈ ਕਿ ਅਸੀਂ 6000 ਕਰੋੜ ਰੁਪਿਆ as one time gesture of goodwill, ਤੁਹਾਨੂੰ ਦੇ ਦੇਵਾਂਗੇ। "The Govt. of Punjab shall utilize this entire amount for repaying the food credit from the banks. The Govt. of Punjab will accept the responsibility for Rs. 13000 Cr." ਇਹ 28 ਹਜ਼ਾਰ ਕਰੋੜ ਸੀ, ਉਹ ਕਹਿੰਦੇ ਕਿ 13000 ਕਰੋੜ ਪੰਜਾਬ ਲੈ ਲਵੇ, ਬਾਕੀ ਰਹਿੰਦੀ ਅਮਾਊਂਣਾ ਗੌਰਮਿੰਟ ਆਫ ਆਪਣੇ 'ਤੇ ਪੰਜਾਬ ਲੈ ਲਵੇਗੀ। "In case the irregularity is greater than Rs.19000 crores the following option may be adopted. The remaining amount shall be treated as a sacrifice by a bank", ਕਿ ਸਪੀਕਰ ਸਾਹਿਬ, ਜਿਹੜਾ ਬੈਂਕਾਂ ਨੇ ਇੰਨਾ ਵੱਡਾ ਵਿਆਜ ਲਿਆ, ਕੁਝ ਬੈਂਕ ਆਪਣਾ ਸੈਕਰੀਫਾਈਸ ਕਰੇ, ਕੁਝ ਗੌਰਮਿੰਟ ਆਫ ਇੰਡੀਆ ਕਰੇ। ਫਿਰ ਅਖੀਰਲੀ ਲਾਈਨ ਮੈਂ ਪੜਨਾ ਚਾਹੁੰਦਾ ਹਾਂ: "the entire amount shall be converted into Punjab Government Bond, the entire amount remaining shall be converted into Punjab Govt. bonds at 7 per cent with very long maturity (say 20 years or more). For example, if the irregularity is Rs.22000 crore, then Rs.16000 crore would be converted to long term 7 per cent bonds." ਸਪੀਕਰ ਸਾਹਿਬ, ਅੱਜ ਵੀ ਇਹ 7% ਤੇ ਨਹੀਂ ਬਲਕਿ 8.5% ਤੇ ਹੈ। ਸਪੀਕਰ ਸਾਹਿਬ, ਸੈਫਲ ਮਲੂਕ ਇੱਕ ਬੜਾ ਮਸ਼ਹੂਰ ਸ਼ਾਇਰ ਹੈ। ਉਹ ਕਹਿੰਦਾ ਹੈ ਕਿ ਜਿਹੜਾ ਪੰਜਾਬ ਦਾ ਹੱਸਣਾ-ਖੇਡਣਾ ਸੀ, ਇਹ ਲੈ

[ਵਿੱਤ ਮੰਤਰੀ]

ਗਏ ਜੀ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਸਾਡੇ ਚਿਹਰੇ ਤੋਂ, ਮੈਂਬਰ ਸਾਹਿਬ ਕਹਿੰਦੇ ਸਨ ਕਿ ਇਹ ਹੱਸਦਾ ਕਿਉਂ ਨਹੀਂ ਹੁੰਦਾ? ਇਹ ਬੰਦਾ ਇੰਨੇ ਫਿਕਰ ਵਿੱਚ ਕਿਉਂ ਲਗਦਾ ਹੈ? ਉਹ ਕਹਿੰਦਾ ਹੈ ਕਿ:-

ਹੱਸਣ, ਖੇਡਣ ਨਾਲ ਲੈ ਗਿਆ ਤੇ ਪਾ ਗਿਆ ਡੂੰਘੇ ਫਿਕਰਾਂ,
ਪਾਟੀ ਲੀਰ ਪੁਰਾਣੀ ਵਾਂਗੂੰ, ਸਾਨੂੰ ਟੰਗ ਗਿਆ ਵਿੱਚ ਕਿੱਕਰਾਂ,
ਅਸੀਂ ਕਿਸੇ ਦੇ ਕੁਝ ਨਹੀਂ ਲਗਦੇ ਤੇ ਨਾ ਕੋਈ ਸਾਡਾ ਦਰਦੀ,

ਸਪੀਕਰ ਸਾਹਿਬ, ਪੰਜਾਬ ਦਾ ਕੋਈ ਦਰਦੀ ਨਹੀਂ ਹੈ। 50-60 ਗੇੜੇ ਦਿੱਲੀ ਮਾਰ ਲਏ ਤੇ ਉਹ ਕਹਿੰਦਾ ਹੈ ਕਿ:-

ਬਸਤਾ ਚੁੱਕ ਪਰਦੇਸਾਂ 'ਚ ਮੋਇਆ, ਵਾਹ ਰੱਬਾ ਤੇਰੀ ਮਰਜ਼ੀ,
ਵਾਹ ਰੱਬਾ....

ਸਪੀਕਰ ਸਾਹਿਬ, ਵੈਸੇ ਤਾਂ ਬਜਟ ਕਨਕਲੂਡ ਹੋਣ ਲੱਗਾ ਹੈ ਪਰ ਜੇ ਕੋਈ ਪਿਛਲੇ 70 ਸਾਲਾਂ ਵਿੱਚ ਪੰਜਾਬ ਨਾਲ ਕੋਈ ਧੋਖਾ ਹੋਇਆ, ਧਰੋਹ ਹੋਇਆ ਮੈਂ ਇਹ ਕਹਿਣ ਤੋਂ ਗੁਰੇਜ਼ ਨਹੀਂ ਕਰਦਾ ਕਿ ਜਦੋਂ ਉਸ ਵੇਲੇ ਪਰਮਿੰਦਰ ਢੀਂਡਸਾ ਜੀ ਫਾਈਨਾਂਸ ਮਨਿਸਟਰ ਸਨ ਤਾਂ ਇਹ ਬੜਾ ਪਿੱਟੇ ਸਨ ਔਰ ਕਹਿੰਦੇ ਸੀ ਕਿ ਆਪਾਂ ਦਸਤਖਤ ਨਹੀਂ ਕਰਨੇ ਹਨ ਪਰੰਤੂ ਇਨ੍ਹਾਂ ਨੂੰ ਓਵਰ ਰੂਲ ਕੀਤਾ ਗਿਆ। ਸਪੀਕਰ ਸਾਹਿਬ, ਇਹ ਦੱਸਣ ਜੀ, he knows it ਇਹ ਪਾਰਟੀਆਂ ਬਹੁਤ ਛੋਟੀ ਚੀਜ਼ ਹਨ। ਇਹ ਦੱਸਣ ਕਿ ਉਹ ਕੌਣ ਬੰਦੇ ਸਨ ? ਜਿਹੜੇ ਇਨ੍ਹਾਂ ਨੂੰ ਇਸ ਮਸਲੇ ਤੇ ਓਵਰ ਰੂਲ ਕਰ ਰਹੇ ਸਨ ਔਰ ਮੈਨੂੰ ਇਹ ਵੀ ਕਿਸੇ ਨੇ ਦੱਸਿਆ ਹੈ ਕਿ ਇਨ੍ਹਾਂ ਨੂੰ ਇੱਕ ਬਹੁਤ ਵੱਡਾ ਡਰ ਇਹ ਵੀ ਸੀ ਕਿ ਸਰਕਾਰ ਆਪ ਦੀ ਆਵੇਗੀ। ਸਪੀਕਰ ਸਾਹਿਬ, ਇਨ੍ਹਾਂ ਤੋਂ ਮੈਂ ਜ਼ਰੂਰ ਇਸ ਦੀ ਕਲੈਰੀਫਿਕੇਸ਼ਨ ਲਵਾਂਗਾ।(ਥੰਪਿੰਗ) (ਵਿਘਨ, ਸ਼ੋਰ) ਸਪੀਕਰ ਸਾਹਿਬ, ਇਹ ਲੰਮੀ ਗੱਲ ਹੋ ਗਈ ਹੈ ਕਿਉਂਕਿ ਦੋਵੇਂ ਬੈਂਚਿਜ਼ ਬੋਲੇ ਸਨ ਤੇ ਉਸ ਵਿੱਚ ਕੋਈ ਮੈਂਬਰਾਨ ਨੇ ਆਪਣੇ ਇਲਾਕੇ ਦੇ ਮਸਲਿਆਂ ਦੀ ਨਿਸ਼ਾਨਦੇਹੀ ਕੀਤੀ ਸੀ ਤਾਂ ਉਸ ਵਿੱਚ ਮੈਂ ਸੀ.ਐਮ. ਸਾਹਿਬ ਦੇ ਹੁਕਮ ਨਾਲ ਇਸ ਬਜਟ ਵਿੱਚ ਥੋੜ੍ਹੀ ਜਿਹੀ ਰਿਵੀਜ਼ਨ ਕਰਨੀ ਚਾਹੁੰਦਾ ਹਾਂ । ਉਸ ਵਿੱਚ ਅਸੀਂ ਇਹ ਫੈਸਲਾ ਕੀਤਾ ਹੈ ਔਰ ਹੈਲਥ ਮਨਿਸਟਰ ਸਾਹਿਬ ਨੇ ਇਸ ਦੀ ਅਪਰੂਵਲ ਵੀ

ਦਿੱਤੀ ਹੈ ਕਿ "ਜਿਹੜੇ ਤਿੰਨ ਨਵੇਂ ਟਰੌਮਾ ਸੈਂਟਰ ਹਨ, ਉਹ ਰਾਜਪੁਰਾ, ਗਿੱਦੜਬਾਹਾ ਅਤੇ ਸ਼ਾਹਕੋਟ ਵਿੱਚ ਰੱਖੇ ਹਨ। ਸਪੀਕਰ ਸਾਹਿਬ, ਇਹ ਬਜਟ ਦਾ ਹਿੱਸਾ ਸਮਝੇ ਜਾਣ ਜੀ।" ਸਪੀਕਰ ਸਾਹਿਬ, "ਉਸੇ ਤਰ੍ਹਾਂ ਜਿਹੜਾ ਸਬ-ਡਵੀਜ਼ਨਲ ਹਸਪਤਾਲ, ਨੰਗਲ ਵਿੱਚ ਹੈ, ਉਸ ਦੀ ਅਪਗਰੇਡੇਸ਼ਨ ਵਾਸਤੇ, ਇਕੁਇਪਮੈਂਟ ਵਾਸਤੇ, ਅਗਲੇ ਸਾਲ ਵਿੱਚ 3 ਕਰੋੜ ਰੁਪਿਆ ਰੱਖਿਆ ਹੈ। ਇਹ ਵੀ ਬਜਟ ਦਾ ਹਿੱਸਾ ਸਮਝਿਆ ਜਾਵੇ।" "ਉਸੇ ਤਰ੍ਹਾਂ ਸਪੀਕਰ ਸਾਹਿਬ, ਇੱਕ ਰਾਜਪੁਰਾ ਦਾ ਮਸਲਾ ਹੈ ਕਿ ਉਥੇ ਜਿਹੜਾ ਪਾਵਰ ਸਟੇਸ਼ਨ ਹੈ, ਉਸ ਨੂੰ ਇੱਕ ਨਹਿਰ ਜਾਂਦੀ ਹੈ, ਨਹਿਰ ਦੇ ਵਿੱਚ ਕੁਝ ਸਰਪਲੱਸ ਪਾਣੀ ਹੈ,ਉਸ ਦੀ ਕਿ ਲਿਫਟ ਇਰੀਗੇਸ਼ਨ ਦੇ ਤਹਿਤ 30-35 ਪਿੰਡਾਂ ਨੂੰ ਆਪਾਸ਼ੀ ਹੋ ਸਕਦੀ ਹੈ।ਇਸ ਲਈ ਤਕਰੀਬਨ ਸਾਢੇ ਅੱਠ ਕਰੋੜ ਰੁਪਏ ਦੀ ਰਕਮ ਦੀ ਜ਼ਰੂਰਤ ਹੋਵੇਗੀ। ਅਸੀਂ ਸਪੀਕਰ ਸਾਹਿਬ, ਇਸ ਸਾਲ ਵਿੱਚ ਇਸ ਪ੍ਰਾਜੈਕਟ ਨੂੰ ਟੇਕਅੱਪ ਕਰ ਲਵਾਂਗੇ। ਸਪੀਕਰ ਸਾਹਿਬ, ਰਾਣਾ ਸਾਹਿਬ ਨੇ ਬੋਲਦਿਆਂ ਇੱਕ ਬੜੀ ਵਧੀਆ ਗੱਲ ਕੀਤੀ ਸੀ ਕਿ ਕਪੂਰਥਲਾ ਸਬ-ਡਵੀਜ਼ਨ ਦੇ ਤਕਰੀਬਨ 30-35-40 ਪਿੰਡਾਂ ਦੇ ਜਿਹੜੇ ਛੱਪੜ ਹਨ, ਉਨ੍ਹਾਂ ਦੀ ਸਫਾਈ ਕਰਕੇ, ਉਨ੍ਹਾਂ ਨੂੰ ਠੀਕ ਕਰਕੇ, ਔਰ ਉਨ੍ਹਾਂ ਦਾ ਜਿਹੜਾ ਗੰਦਾ ਪਾਣੀ ਹੈ, ਉਹ ਫਿਰ ਆਪਾਸ਼ੀ ਦੇ ਕੰਮ ਆ ਸਕੇ, ਉਸ ਲਈ ਤਿੰਨ ਕਰੋੜ ਰੁਪਏ, ਪਾਇਲਟ ਪ੍ਰਾਜੈਕਟ ਦੇ ਤੌਰ ਤੇ ਅਸੀਂ ਇਸ ਸਾਲ ਸ਼ੁਰੂ ਕਰਾਂਗੇ। ਸਪੀਕਰ ਸਾਹਿਬ, ਇਹ ਵੀ ਗੱਲ ਚੱਲੀ ਸੀ ਕਿ ਜਿਹੜੇ ਪੰਜਾਬ ਦੇ ਟਿਊਬਵੈੱਲਜ਼ ਹਨ, ਉਨ੍ਹਾਂ ਦੀ ਸੋਲਰਾਈਜ਼ੇਸ਼ਨ ਹੋਣੀ ਚਾਹੀਦੀ ਹੈ। ਜਿਹੜੀ ਇਹ ਸੋਲਰਾਈਜ਼ੇਸ਼ਨ ਹੈ, ਇਹ ਨੱਥੂ ਚਹਿਲ ਗਰਿੱਡ ਦੀ ਹੈ। ਜਿਹੜੇ ਇਸ ਦੇ ਟੋਟਲ ਟਿਊਬਵੈੱਲਜ਼ ਹਨ, ਉਨ੍ਹਾਂ ਦਾ ਅਨੁਮਾਨ ਤਕਰੀਬਨ ਸਾਢੇ 12 ਕਰੋੜ ਰੁਪਏ ਦਾ ਹੈ। ਇਸ ਨੂੰ ਵੀ ਇਸ ਬਜਟ ਦਾ ਹਿੱਸਾ ਸਮਝਿਆ ਜਾਵੇ।" (ਥੰਪਿੰਗ) ਇਸੇ ਤਰ੍ਹਾਂ ਸਪੀਕਰ ਸਾਹਿਬ, ਖੇਮਕਰਨ ਮਾਈਨਰ ਦੀ ਰੀਮੋਡਲਿੰਗ ਨਾਲ ਖਾਰੇ ਮਾਝੇ ਦੇ ਇਲਾਕੇ ਨੂੰ ਬਹੁਤ ਵੱਡਾ ਫਾਇਦਾ ਪਹੁੰਚੇਗਾ, ਇਹ ਛੋਟਾ ਪ੍ਰਾਜੈਕਟ ਹੈ, ਜੋ ਕਿ ਸਾਢੇ ਅੱਠ ਕਰੋੜ ਰੁਪਏ ਦਾ ਹੈ, ਇਸ ਨੂੰ ਵੀ ਅਸੀਂ ਇਸ ਬਜਟ ਵਿੱਚ ਲਵਾਂਗੇ। ਅਖੀਰ ਵਿੱਚ, ਸਪੀਕਰ ਸਾਹਿਬ, ਸੰਗਰੂਰ ਦੇ ਬਿਲਕੁਲ ਬਗਲ ਵਿੱਚ ਇੱਕ ਪਿੰਡ ਬਡਰੁੱਖਾਂ ਹੈ, ਜਿੱਥੇ ਮਹਾਰਾਜਾ ਰਣਜੀਤ ਸਿੰਘ, ਸ਼ੇਰੇ-ਏ-ਪੰਜਾਬ ਦਾ ਜਨਮ ਹੋਇਆ ਸੀ।ਇਸ ਪਿੰਡ ਤੋਂ ਔਰ ਇਲਾਕੇ ਦੇ ਨੁਮਾਇੰਦਿਆਂ ਤੋਂ, ਖਾਸ ਕਰਕੇ ਸਾਡੇ ਪੀ.ਡਬਲਿਊ.ਡੀ. ਮਨਿਸਟਰ ਉਥੋਂ ਦੀ ਨੁਮਾਇੰਦਗੀ ਕਰਦੇ ਹਨ, ਉਨ੍ਹਾਂ ਨੇ ਇਹ ਪਰਪੋਜ਼ਲ ਰੱਖੀ ਸੀ ਕਿ ਉੱਥੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਕੋਈ ਬੁੱਤ ਹੋਵੇ, ਕੋਈ ਪਾਰਕ ਹੋਵੇ, ਉਨ੍ਹਾਂ ਦੇ ਨਾਂ ਤੇ ਖੇਡਾਂ ਦਾ ਸਟੇਡੀਅਮ ਹੋਵੇ ਔਰ ਉਨ੍ਹਾਂ ਦੀ ਯਾਦਗਾਰ ਬਣ ਸਕੇ ਉਸ ਦੇ ਲਈ ਵੀ ਅਸੀਂ ਇੱਕ ਕਰੋੜ ਰੁਪਿਆ ਸੀ.ਐਮ ਸਾਹਿਬ ਦੀ ਮਨਜ਼ੂਰੀ ਨਾਲ ਇਸ ਵਿਚ ਰੱਖ ਦਿੱਤਾ ਹੈ। ਸਪੀਕਰ ਸਾਹਿਬ, ਇੱਕ ਵਾਰ ਫਿਰ ਮੈਂ

[ਵਿੱਤ ਮੰਤਰੀ]

ਤਮਾਮ ਮੈਂਬਰ ਸਾਹਿਬਾਨ ਨੂੰ ਇਸ ਗੱਲ ਦਾ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਅੱਜ ਤਮਾਮ ਫਾਈਨਾਂਸ ਡਿਪਾਰਟਮੈਂਟ ਇੱਥੇ ਬੈਠਾ ਹੈ। ਜਿਹੜਾ ਵੀ ਇੱਕ-ਇੱਕ ਲਫਜ਼ ਮੈਂਬਰਾਨ ਸਾਹਿਬ ਦੇ ਮੂੰਹ ਵਿਚੋਂ ਨਿਕਲਿਆ ਹੋਇਆ ਹੈ, ਉਹ ਅਸੀਂ ਨੋਟ ਕੀਤਾ ਹੋਇਆ ਹੈ। ਜੇ ਕਿਸੇ ਦਾ ਜਵਾਬ ਨਹੀਂ ਆਇਆ ਤਾਂ ਇਸ ਦਾ ਮਤਲਬ ਇਹ ਨਾ ਸਮਝਿਆ ਜਾਵੇ ਕਿ ਮੈਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰਾਂਗੇ ਕਿ during the course of the year ਪੰਜਾਬ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ, ਪੰਜਾਬ ਦੀ ਕਿਸਮਤ ਨੂੰ ਬਦਲਣਾ ਹੈ। ਸਪੀਕਰ ਸਾਹਿਬ, ਸਭ ਤੋਂ ਸੌਖਾ ਕੰਮ ਹੈ, ਤਕਰੀਰ ਕਰਨੀ ਪਰ ਉਸ ਤੋਂ ਵੀ ਸੌਖਾ ਕੰਮ ਹੈ, ਉਸ ਦੀ ਨਿੰਦਿਆ ਕਰਨੀ। ਕਿਸੇ ਤੇ ਚਿੱਕੜ ਸੁੱਟਣਾ ਇਹ ਕੰਮ ਤਾਂ ਕੋਈ ਪਾਗਲ ਆਦਮੀ ਵੀ ਕਰ ਸਕਦਾ ਹੈ। ਸਟੇਟ ਨੂੰ ਮੁੜ ਪਟੜੀ ਤੇ ਲਿਆਉਣਾ, ਲੀਹ ਤੇ ਚੜ੍ਹਾਉਣਾ ਬਹੁਤ ਔਖਾ ਕੰਮ ਹੈ। ਮੈਂ ਤਮਾਮ ਮੈਂਬਰ ਸਾਹਿਬਾਨ ਦੀਆਂ ਦੁਆਵਾਂ ਦਾ ਤਲਬਗਾਰ ਹਾਂ। ਪੰਜਾਬ ਇਸ ਸਮੇਂ ਬੜੇ ਸਖਤ ਵਕਤ ਵਿਚੋਂ ਗੁਜ਼ਰ ਰਿਹਾ ਹੈ। ਜਿਵੇਂ ਅਲਾਮਾ ਸਾਹਿਬ ਨੇ ਫੁਰਮਾਇਆ ਹੈ ਕਿ :

ਵਤਨ ਕੀ ਫਿਕਰ ਕਰ ਨਾਦਾਨ ਮੁਸੀਬਤ ਆਨੇ ਵਾਲੀ ਹੈ,
ਤੇਰੀ ਬਰਬਾਦੀਓਂ ਕੇ ਮਸ਼ਵਰੇ ਹੈਂ ਆਸਮਾਨੋਂ ਮੇਂ,
ਯੇ ਇਲਤਜ਼ਾ ਕਹਾਂ ਤਕ, ਲਜ਼ਤ ਏ ਫਰਿਆਦ ਪੈਦਾ ਕਰ,
ਜ਼ਮੀਨ ਪਰ ਤੂ ਹੋ ਔਰ ਤੇਰੀ ਸਦਾ ਹੋ ਆਸਮਾਨੋਂ ਮੇਂ,
ਨਾ ਸਮਝੋਗੇ ਤੋ ਮਿਟ ਜਾਓਗੇ ਐ ਹਿੰਦੁਸਤਾਨ ਵਾਲੋ,
ਤੁਮ੍ਹਾਰੀ ਦਾਸਤਾਨ ਤਕ ਭੀ ਨਾ ਹੋਗੀ ਦਾਸਤਾਨੋਂ ਮੇਂ।

ਸਪੀਕਰ ਸਾਹਿਬ, ਮੈਂ ਜਦੋਂ ਵੀ ਦਿੱਲੀ ਸਰਕਾਰੀ ਮੀਟਿੰਗਾਂ ਵਿਚ ਜਾਂਦਾ ਹਾਂ, ਸਟੇਟ ਮੀਟਿੰਗਾਂ, ਗੌਰਮਿੰਟ ਆਫ ਇੰਡੀਆ ਦੀਆਂ ਮੀਟਿੰਗਾਂ ਹੁੰਦੀਆਂ ਹਨ, ਅਸੀਂ ਬੈਠਦੇ ਹਾਂ ਤਾਂ ਸਪੀਕਰ ਸਾਹਿਬ, ਅੱਖਾਂ ਚੋਂ ਲਹੂ ਦੇ ਅੱਥਰੂ ਆਉਂਦੇ ਹਨ ਕਿ ਪੰਜਾਬ ਕੀ ਸੀ ਤੇ ਅੱਜ ਇਨ੍ਹਾਂ ਨੇ ਕਿਸ ਮਹਿਜ਼ ਤੇ ਪੰਜਾਬ ਨੂੰ ਪਹੁੰਚਾ ਦਿੱਤਾ ਹੈ। ਰੱਬ ਨੇ ਤਾਂ ਕੋਈ ਵੀ ਚੀਜ਼ ਲੁਕੋ ਕੇ ਨਹੀਂ ਰੱਖੀ ਸੀ, ਸਭ ਤੋਂ ਵਧੀਆ ਧਰਤੀ ਦਿੱਤੀ, ਸਭ ਤੋਂ ਵਧੀਆ ਪਾਣੀ ਦਿੱਤਾ, ਸਭ ਤੋਂ ਮਿਹਨਤੀ ਲੋਕ ਦਿੱਤੇ। ਇਸ ਲਈ ਮੈਂ ਸਾਰੇ ਹਾਊਸ ਨੂੰ ਅਪੀਲ ਕਰਾਂਗਾ ਕਿ ਆਪਾਂ ਸਿਰ ਨਾਲ ਸਿਰ ਜੋੜੀਏ, ਹੱਥ ਨਾਲ ਹੱਥ ਜੋੜੀਏ। ਪੰਜਾਬ ਇੱਕ ਵਾਰ ਫਿਰ ਹਿੰਦੁਸਤਾਨ ਦੇ ਮੱਥੇ ਦਾ ਚੰਦ ਬਣ ਸਕੇ। ਹਿੰਦੁਸਤਾਨ ਦੇ ਜਿੰਨੇ ਵੀ ਸੂਬੇ ਹਨ, ਉਨ੍ਹਾਂ ਸੂਬਿਆਂ ਵਿਚੋਂ ਸਿਰਮੌਰ ਸੂਬਾ ਹੋਵੇ। ਇਸ ਦੇ ਲਈ ਆਪਾਂ ਜਿੱਥੇ -ਜਿੱਥੇ ਆਪਣਾ ਕਿਰਦਾਰ ਅਦਾ ਕਰ ਸਕਦੇ ਹਾਂ, ਕਰੀਏ ਵਰਨਾ ਇੱਥੇ ਕਿਸ ਨੇ ਰਹਿਣਾ ਹੈ? ਇੱਥੇ ਅਕਬਰ ਹੋਰੀਂ ਨਹੀਂ ਰਹੇ। ਇੱਥੇ ਸਾਡੇ ਵਰਗੇ ਲੋਕਾਂ ਨੇ ਕਿੱਥੇ ਰਹਿਣਾ ਹੈ। ਇਸ ਕਰਕੇ ਇਹ ਲਾਜ਼ਮੀ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ

ਵਾਸਤੇ ਇੱਕ ਬਿਹਤਰ ਪੰਜਾਬ ਸਿਰਜ ਸਕੀਏ। ਤੁਸੀਂ ਸਭ ਨੇ ਸਬਰ ਨਾਲ, ਅਦਬ ਨਾਲ ਮੇਰੀ ਗੱਲ ਸੁਣੀ ਮੈਂ ਸਭ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ,ਜੈ ਹਿੰਦ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਸਰਦਾਰ ਪਰਮਿੰਦਰ ਸਿੰਘ ਜੀ, ਤੁਸੀਂ ਕਲੈਰੀਫਿਕੇਸ਼ਨ ਲੈ ਲਵੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ):** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਐਫ.ਐਮ. ਸਾਹਿਬ ਨੇ ਸਾਡਾ ਜਵਾਬ ਦੇਣ ਦੀ ਬਜਾਏ ਅਗਲੇ ਪਿਛਲੇ ਫਿੱਗਰਜ਼ ਕੱਢ ਕੇ ਉਨ੍ਹਾਂ ਨੂੰ ਝੁਠਲਾਉਣ ਦੀ ਕੋਸ਼ਿਸ਼ ਕੀਤੀ ਹੈ।ਮਾਨਯੋਗ ਐਫ.ਐਮ. ਸਾਹਿਬ ਨੇ ਏਨਾ ਕਹਿ ਕੇ ਸਾਰ ਦਿੱਤਾ ਕਿ ਅਸੀਂ ਮੁਲਾਜ਼ਮਾਂ ਨਾਲ ਮੀਟਿੰਗ ਕਰਨੀ ਹੈ। ਮੈਂ ਉਹ ਗੱਲ ਅੱਗੇ ਕਰਾਂਗਾ ਕਿ ਜਿਹੜੇ ਮੁਲਾਜਮਾ ਦੇ ਡੀ.ਏ. ਦੇਣੇ ਹਨ, ਕੀ ਉਸ ਦੀ ਪ੍ਰੋਵੀਜ਼ਨ ਕਰਨਗੇ? ਜੇ ਪੇਅ ਕਮਿਸ਼ਨ ਲਾਗੂ ਕਰਨਗੇ ਤਾਂ ਉਸ ਦੀ ਪ੍ਰੋਵੀਜ਼ਨ ਲਾਗੂ ਕਰਨਗੇ? ਜਾਂ ਜਿਹੜੇ ਮੁਲਾਜ਼ਮ ਰੈਗੂਲਰ ਕਰਨੇ ਹਨ ਉਨ੍ਹਾਂ ਨੂੰ ਰੈਗੂਲਰ ਕਰਨਗੇ? ਸਪੀਕਰ ਸਾਹਿਬ, ਇਨ੍ਹਾਂ ਨੇ 6% ਡੀ.ਏ. ਅਨਾਊਂਸ ਕਰ ਦਿੱਤਾ। ਉਸ ਦਾ ਇੰਪਲੀਕੇਸ਼ਨ 6% ਪੰਜਾਬ ਦਾ ਜਿਹੜਾ ਡੀ.ਏ. ਹੈ ,ਉਸ ਵਿਚ 3% ਇਨਕਰੀਮੈਂਟ ਮੁਲਾਜ਼ਮਾਂ ਨੂੰ ਲਗਦਾ ਹੈ।ਇਹ ਕਹਿੰਦੇ ਕਿ ਅਸੀਂ 39 ਹਜ਼ਾਰ ਹੋਰ ਮੁਲਾਜ਼ਮ ਭਰਤੀ ਕਰ ਲਏ ਤੇ 6% ਉਸ ਵਾਸਤੇ ਸਫੀਸ਼ੈਂਟ ਹੈ।ਅੱਜ ਤੁਸੀਂ ਮੁਲਾਜ਼ਮਾਂ ਦੇ ਮਰੇ ਦੇ ਮੂੰਹ ਵਿਚ ਪਾਣੀ ਪਾ ਕੇ ਦਿਖਾ ਰਹੇ ਹੋ, ਉਹ ਸਿਰਫ ਇਸ ਕਰਕੇ ਹੈ ਕਿ ਕੁਝ ਦਿਨਾਂ ਵਿਚ ਇਲੈਕਸ਼ਨਾਂ ਅਨਾਊਂਸ ਹੋ ਜਾਣਗੀਆਂ ਤੇ ਇਨ੍ਹਾਂ ਨੂੰ ਅਸੀਂ ਰੇੜਕੇ ਵਿਚ ਪਾ ਲਈਏ।ਜੇ ਇਹ ਅਸਲੀ ਕਹਿੰਦੇ ਹਨ ਕਿ ਅਸੀਂ ਕਰਾਂਗੇ ਤਾਂ ਉਸ ਵਿੱਚ ਪ੍ਰੋਵੀਜ਼ਨ ਕਰਨ। 4000 ਕਰੋੜ ਰੁਪਏ ਦੇ ਏਰੀਅਰਜ਼ ਹਨ। ਇਸ ਨਾਲ ਇਹ ਏਰੀਅਰਜ਼ ਦੀ ਇੱਕ ਕਿਸ਼ਤ ਵੀ ਨਹੀਂ ਦੇ ਸਕਦੇ। ਇਹ ਗੱਲਾਂ ਸਿਰਫ ਘੱਟਾ ਪਾਉਣ ਵਾਲੀਆਂ ਹਨ, ਹੋਰ ਕੁਝ ਨਹੀਂ। ਦੂਜਾ, ਮੈਂ ਸਮਝਦਾ ਹਾਂ ਕਿ ਸਾਰਿਆਂ ਦੇ ਸਾਹਮਣੇ ਇੱਕ ਗੱਲ ਤਾਂ ਸਾਫ ਹੋ ਗਈ ਹੈ, ਇਹ ਇੱਕ ਗੱਲ ਤਾਂ ਮੰਨ ਗਏ ਕਿ ਇਨ੍ਹਾਂ ਨੇ ਜਿਹੜਾ borrow ਕੀਤਾ ਹੈ, ਉਹ ਐਫ.ਆਰ.ਬੀ. ਐਮ ਲਿਮਿਟਸ ਦੇ ਵਿੱਚ ਕੀਤਾ ਹੈ ਅਤੇ ਅਸੀਂ ਵੀ ਉਨਾਂ ਹੀ borrow ਕਰ ਰਹੇ ਹਾਂ। ਇਹ ਗੱਲ ਤਾਂ ਇਹ ਅੱਜ ਸਾਰਿਆਂ ਦੇ ਸਾਹਮਣੇ ਮੰਨ ਗਏ ਹਨ, ਜੋ ਅਸੀਂ ਇੰਨਾ ਚਿਰ ਕਹਿੰਦੇ ਰਹੇ ਹਾਂ। ਸਪੀਕਰ ਸਾਹਿਬ, ਮੈਂ ਇਹ ਨਹੀਂ ਕਿਹਾ ਸੀ ਕਿ ਰੈਵੇਨਿਊ ਰਿਸੀਟਸ, ਮੈਂ ਇਹ ਕਿਹਾ ਸੀ ਕਿ ਸਟੇਟ ਦੀਆਂ own tax and non-tax revenue ਰਿਸੀਟਸ ਦੇ ਵਿੱਚ 4 ਪ੍ਰਤੀਸ਼ਤ ਵਾਧਾ ਹੋਇਆ ਹੈ। ਰੈਵੇਨਿਊ ਰਿਸੀਟਸ ਵਿੱਚ ਤਾਂ ਜੀ.ਐਸ.ਟੀ. ਕੰਪਨਸੇਸ਼ਨ ਪਾ ਲਵੋ, ਉਸ ਨਾਲ ਇਨ੍ਹਾਂ ਕਿਹਾ ਹੈ ਕਿ 10 ਪ੍ਰਤੀਸ਼ਤ, ਉਹ ਤਾਂ ਆਪੇ ਹੀ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਵਾਧਾ ਸ਼ੋਅ ਹੋ ਜਾਵੇਗਾ, ਜਿਹੜੀ ਅਸੀਂ ਜੀ.ਐਸ.ਟੀ. ਕੰਪਨਸੇਸ਼ਨ ਦੀ ਗੱਲ ਕਹਿ ਰਹੇ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਸੀ.ਸੀ.ਐਲ. ਦਾ ਸਪੈਸ਼ਲੀ ਮੈਨੂੰ ਕਿਹਾ ਹੈ। ਜਿਹੜਾ ਇਨ੍ਹਾਂ ਨੇ ਪੜ੍ਹਿਆ ਹੈ, ਜਿਹੜੇ ਸਾਡੇ ਕੁਝ ਅਫਸਰ ਅਤੇ ਗੌਰਮਿੰਟ ਆਫ ਇੰਡੀਆ ਦੇ ਅਫਸਰ ਸਾਹਿਬਾਨ ਨੇ ਪ੍ਰੋਵੀਜ਼ਨਲ ਡਰਾਫਟ ਤਿਆਰ ਕੀਤਾ ਸੀ, ਉਸ ਬੇਸ ਤੇ ਇਨ੍ਹਾਂ ਨੇ ਇਹ ਪੜ੍ਹ ਦਿੱਤਾ ਹੈ। ਉਸ ਤੋਂ ਬਾਅਦ ਉਸ ਬੇਸ ਨੂੰ ਅਸੀਂ ਬਣਾ ਕੇ, ਅਸੀਂ ਤਾਂ ਸੋਚ ਕੇ ਗਏ ਸੀ, ਸਾਨੂੰ ਇਹ ਸੀ ਕਿ ਸ਼ਾਇਦ ਸਾਡਾ ਇੱਕ ਤਿਹਾਈ ਦੇ ਵਿੱਚ ਖਹਿੜਾ ਛੁੱਟ ਜਾਣਾ ਹੈ, ਬੜੀ ਵਧੀਆ ਗੱਲ ਹੋਏਗੀ। ਉਸ ਤੋਂ ਬਾਅਦ ਸਾਡੀ ਮੀਟਿੰਗ ਹੋਈ, ਜਿਸ ਦੇ ਵਿੱਚ ਮੈਂ ਵੀ, ਸਾਡੇ ਚੀਫ ਸੈਕ੍ਰੇਟਰੀ ਸਾਹਿਬ, ਪ੍ਰਿੰਸੀਪਲ ਸੈਕ੍ਰੇਟਰੀ ਫਾਈਨਾਂਸ, ਪ੍ਰਿੰਸੀਪਲ ਸੈਕ੍ਰੇਟਰੀ ਫੂਡ ਅਤੇ ਫੂਡ ਮਨਿਸਟਰ ਸ਼ਾਮਿਲ ਹੋਏ ਸਨ, ਅਸੀਂ ਉਥੇ ਜਾ ਕੇ ਮੀਟਿੰਗ ਕੀਤੀ। ਉਥੇ ਜਿਹੜੇ ਅਫਸਰ ਗਏ ਹਨ, ਉਹ ਤਾਂ ਅੱਜ ਵੀ ਸਰਕਾਰ ਵਿੱਚ ਹਨ। ਤੁਸੀਂ ਉਨ੍ਹਾਂ ਤੋਂ ਪੁੱਛ ਸਕਦੇ ਹੋ ਕਿ ਉਸ ਤੋਂ ਬਾਅਦ ਉਨ੍ਹਾਂ ਨੇ ਕੀ ਭੇਜਿਆ ਹੈ? ਸਪੀਕਰ ਸਾਹਿਬ, ਸਰਕਾਰ ਦੇ ਵਿੱਚ ਜਿਸ ਨੂੰ ਸੰਵਿਧਾਨਿਕ ਅਹੁਦਾ ਮਿਲਿਆ ਹੋਵੇ, ਉਹ ਕਦੇ ਨਹੀਂ ਸੋਚ ਸਕਦਾ ਕਿ ਸਾਡੀ ਸਰਕਾਰ ਦਾ ਨੁਕਸਾਨ ਹੋ ਜਾਵੇ ਜਾਂ ਅਸੀਂ ਲੋਕਾਂ ਤੇ ਕੋਈ ਬੋਝ ਪਾ ਦੇਈਏ। ਉਥੇ ਗੌਰਮਿੰਟ ਆਫ ਇੰਡੀਆ ਨੇ ਇਸ ਗੱਲ ਤੋਂ ਸਾਫ ਇਨਕਾਰ ਕਰ ਦਿੱਤਾ ਕਿ ਅਸੀਂ ਕੋਈ ਹੇਅਰਕੱਟ ਲੈਣ ਨੂੰ ਤਿਆਰ ਨਹੀਂ। ਤੁਸੀਂ ਜਾਣੋ ਤੁਸੀਂ ਬੈਂਕਸ ਨਾਲ ਕੀ ਸਾਰਟ-ਆਊਟ ਕਰਦੇ ਹੋ। ਇਹ ਤੁਸੀਂ ਜਾਣੋ। ਫਿਰ ਅਸੀਂ ਇਹ ਫੈਸਲਾ ਕੀਤਾ ਕਿ ਘੱਟੋ-ਘੱਟ ਬੌਂਡਜ਼ ਰੇਜ਼ ਕਰਕੇ ਬੈਂਕਾਂ ਤੋਂ ਕਰਜ਼ੇ ਦਾ ਬੋਝ ਤਾਂ ਘਟਾ ਲਈਏ। ਉਨ੍ਹਾਂ ਦਾ ਇੰਟਰਸਟ ਬਰਡਨ ਤਾਂ ਘਟਾ ਲਈਏ । ਇਨ੍ਹਾਂ ਦੀ ਸਰਕਾਰ ਹੈ, ਇਨ੍ਹਾਂ ਨੇ ਆਪ ਵੀ ਸੀ.ਸੀ.ਐਲ. ਲਿਮਿਟ ਦੇ ਮੁੱਦੇ ਤੇ ਕਮੇਟੀ ਬਿਠਾ ਕੇ ਦੇਖ ਲਈ, ਉਸ ਦੀ ਵੀ ਰਿਪੋਰਟ ਆ ਗਈ। ਜੇ ਸਾਡੇ ਵਿੱਚ ਕੋਈ ਦੋਸ਼ ਹੁੰਦਾ ਤਾਂ ਕੀ ਉਹ ਰਿਪੋਰਟ ਨਾ ਦੱਸਦੀ। ਜੋ ਵੀ ਅਸੀਂ ਕੀਤਾ ਹੈ, ਉਹ ਇਸ ਸੋਚ ਨਾਲ ਨਹੀਂ ਕੀਤਾ ਕਿ ਸਰਕਾਰ ਬਣਨੀ ਹੈ ਜਾਂ ਨਹੀਂ ਬਣਨੀ। ਅਸੀਂ ਜੋ ਵੀ ਫੈਸਲਾ ਕੀਤਾ ਹੈ, ਇਹ ਸੋਚ ਕੇ ਕੀਤਾ ਹੈ ਕਿ ਇਸ ਦਾ ਕੋਈ ਨਾ ਕੋਈ ਪੰਜਾਬ ਨੂੰ ਭਲਾ ਹੋਏਗਾ। ਅੱਜ ਵੀ, ਮੈਂ ਇਹ ਬੇਨਤੀ ਕਰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਦੇ ਨਾਲ ਕੋਈ ਇਹ ਨਹੀਂ ਹੋ ਗਿਆ ਕਿ ਅਸੀਂ ਉਨ੍ਹਾਂ ਦੀ ਆਫਰ ਨੂੰ ਕਿਹਾ ਹੈ ਕਿ ਅਸੀਂ ਤੁਹਾਡੇ ਨਾਲ ਸਹਿਮਤ ਨਹੀਂ ਹਾਂ। ਅਸੀਂ ਗੌਰਮਿੰਟ ਆਫ ਇੰਡੀਆ ਦੀ ਇਸ ਗੱਲ ਵਿੱਚ ਹਾਮੀ ਨਹੀਂ ਭਰੀ ਸੀ, ਅਸੀਂ ਉਨ੍ਹਾਂ ਦੀ ਕੋਈ ਗੱਲ ਮੰਨੀ ਨਹੀਂ। ਅਸੀਂ ਲਾਸਟ ਦਿਨ ਤੱਕ ਇਹ ਡਿਮਾਂਡ ਕਰ ਰਹੇ ਸੀ ਕਿ ਸਾਨੂੰ ਗੌਰਮਿੰਟ ਆਫ ਇੰਡੀਆ ਘੱਟੋ-ਘੱਟ 50 ਪ੍ਰਤੀਸ਼ਤ ਸ਼ੇਅਰ ਉਸ ਦਾ ਦੇਵੇ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਲਾਸਟ ਡੇਅ ਸਾਈਨ ਕੀਤਾ ਹੈ, ਸਪੀਕਰ ਸਾਹਿਬ, ਮੈਂ ਉਦੋਂ ਦਾ ਬਤੌਰ ਫਾਈਨਾਂਸ ਮਨਿਸਟਰ ਇਹ ਕਹਿ ਸਕਦਾ ਹਾਂ ਕਿ ਜਿਸ ਦਿਨ ਦਾ ਕੋਡ ਲੱਗਿਆ,

ਉਸ ਦਿਨ ਤੋਂ ਬਾਅਦ ਮੇਰੇ ਵੱਲੋਂ ਇੱਕ ਵੀ ਕਾਗਜ਼ ਦੇ ਉਤੇ ਕੋਈ ਦਸਤਖਤ ਕੀਤੇ ਗਏ ਹੋਣ ਤਾਂ ਦਿਖਾ ਦਿਓ। ਫਾਈਨਾਂਸ ਮਨਿਸਟਰ ਦੇ ਥਰੂ ਹੀ ਸੀ.ਐਮ. ਸਾਹਿਬ ਨੂੰ ਫਾਈਲ ਜਾਂਦੀ ਹੈ। ਸੀ.ਐਮ. ਸਾਹਿਬ ਦੇ ਵੀ ਕੋਈ ਸਾਈਨ ਨਹੀਂ ਹੋਏ ਹੋਣੇ ਹਨ। ਮੈਨੂੰ ਤਾਂ ਆਪ ਨਹੀਂ ਇਹ ਸਮਝ ਆਉਂਦੀ ਕਿ ਕਿਵੇਂ ਇਹ ਕਹਿੰਦੇ ਹਨ ਕਿ ਲਾਸਟ ਦਿਨ ਜਾ ਕੇ ਸਾਈਨ ਕਰ ਆਏ, ਕੌਣ ਕਰ ਆਇਆ? ਇਨ੍ਹਾਂ ਦੀ ਸਰਕਾਰ ਹੈ, ਪੜਤਾਲ ਕਰ ਲਵੋ। ਜਿਹੜਾ ਕੋਈ ਦੋਸ਼ੀ ਹੈ, ਉਸ ਨੂੰ ਫੜੋ। ਸਿਰਫ ਕਹਿਣ ਨਾਲ ਜਾਂ ਦੋਸ਼ ਲਗਾਉਣ ਨਾਲ ਕੁਝ ਨਹੀਂ ਹੁੰਦਾ। ਆਪ ਵੀ ਇਹ ਮੰਨਦੇ ਹਨ, ਇਹ ਕਹਿੰਦੇ ਹਨ ਕਿ ਫਿਸਕਲ ਡੈਫੀਸਿਟ 304 ਪ੍ਰਤੀਸ਼ਤ ਹੋ ਗਿਆ। ਉਹ ਤਾਂ, ਸਪੀਕਰ ਸਾਹਿਬ, ਜਦ ਸੀ.ਸੀ.ਐਲ. ਲਿਮਿਟ ਐਡਜਸਟ ਹੋ ਗਈ, ਸਪੈਸ਼ਲ ਗੌਰਮਿੰਟ ਆਫ ਇੰਡੀਆ ਪਰਮਿਸ਼ਨ ਦਿੰਦੀ ਹੈ, ਫਿਰ ਅਸੀਂ ਉਸ ਦੇ ਬੌਂਡਜ਼ ਰੇਜ਼ ਕੀਤੇ। ਉਸ ਦੇ ਕਰਕੇ it was one time aberration. It was not ਕਿ ਪਰਮਾਨੈਂਟਲੀ ਅਸੀਂ ਐਫ.ਡੀ. ਲਿਮਿਟ, ਫਿਸਕਲ ਡੈਫਿਸਿਟ ਵਧਾਉਂਦੇ ਰਹੇ। ਸੋ, ਮੈਂ ਇਹ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੇ ਇੱਕ ਗੱਲ ਕਹੀ ਕਿ ਆਈ.ਡੀ. ਫੀਸ, ਪਰਚੇਜ਼ ਟੈਕਸ ਸਾਰਾ ਸਬਸਿਊਮ ਹੋ ਗਿਆ, ਠੀਕ ਹੈ ਸਿਰਫ ਪਰਚੇਜ਼ ਟੈਕਸ ਸਬਸਿਊਮ ਹੋਇਆ ਹੈ। ਅਸੀਂ ਇਹ ਇਸ਼ੂ ਉਥੇ ਰੇਜ਼ ਕੀਤਾ ਹੈ। ਹਰ ਮੀਟਿੰਗ ਦੇ ਵਿੱਚ ਪੰਜਾਬ ਸਰਕਾਰ ਨੇ ਪਰਚੇਜ਼ ਟੈਕਸ ਦੇ ਰੈਵੇਨਿਊ ਲੌਸ ਦਾ ਇਸ਼ੂ ਰੇਜ਼ ਕੀਤਾ ਹੈ। ਤੁਸੀਂ ਪ੍ਰੋਸੀਡਿੰਗਜ਼ ਕਢਾ ਲਵੋ। ਐਫ.ਐਮ. ਸਾਹਿਬ ਬੈਠੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ, ਤੁਸੀਂ ਉਥੋਂ ਦੀਆਂ, ਉਸ ਸਮੇਂ ਦੀਆਂ ਪ੍ਰੋਸੀਡਿੰਗਜ਼ ਕਢਾ ਲਵੋ, ਜੇ ਅਸੀਂ ਨਹੀਂ ਰੇਜ਼ ਕੀਤਾ। ਉਨ੍ਹਾਂ ਨੇ ਸਾਨੂੰ ਇੱਕੋ ਗੱਲ ਕਹੀ ਸੀ ਕਿ ਤੁਹਾਡਾ ਪੰਜ ਪ੍ਰਤੀਸ਼ਤ ਪਰਚੇਜ਼ ਟੈਕਸ ਸਬਸਿਊਮ ਹੋਣਾ ਹੈ। You have the right, ਤੁਸੀਂ ਆਪਣਾ ਆਈ.ਡੀ. ਸੈੱਸ ਜਾਂ ਦੂਜੇ ਸੈੱਸਿਜ਼ ਹਨ, ਉਹ ਵਧਾ ਲਵੋ, ਉਨ੍ਹਾਂ ਦੇ ਨਾਲ ਕੰਪਨਸੇਟ ਕਰ ਲਉ, ਇਹ ਵੀ ਤੁਹਾਨੂੰ ਗੌਰਮਿੰਟ ਤੋਂ ਕੰਪਨਸੇਸ਼ਨ ਮਿਲ ਜਾਵੇਗੀ ਕਿਉਂਕਿ ਪੰਜ ਸਾਲ ਵਾਲੀ ਤਾਂ ਤੁਹਾਨੂੰ ਕੰਪਨਸੇਸ਼ਨ ਮਿਲਣੀ ਹੀ ਮਿਲਣੀ ਹੈ। ਤੁਸੀਂ ਹਾਇਰ ਸੈੱਸਿਜ਼ ਵਧਾ ਸਕਦੇ ਹੋ, ਇਨ੍ਹਾਂ ਨੇ ਵਧਾਏ ਨਹੀਂ ਹੋਏ? ਜਾਂ ਤਾਂ ਇਨ੍ਹਾਂ ਨੂੰ ਕਹੋ ਕਿ ਨਾ ਵਧਾਏ ਹੋਣ। ਹੁਣ ਇਨ੍ਹਾਂ ਨੇ ਸਰਕਾਰ ਬਣਾਉਣ ਤੋਂ ਬਾਅਦ ਆਈ.ਡੀ.ਸੈੱਸ ਵੀ ਵਧਾਇਆ ਹੈ, ਪੰਜਾਬ ਮੰਡੀ ਬੋਰਡ ਦੀ ਫੀਸ ਵਧਾਈ ਹੈ, ਸਾਰੀਆਂ ਵਧਾਈਆਂ ਹਨ। ਸੋ, ਇਸ ਲਈ ਮੈਂ ਇਹ ਹੀ ਕਹਿ ਸਕਦਾ ਹਾਂ ਕਿ ਸਰਕਾਰ ਆਉਂਦੀ ਜਾਂਦੀ ਰਹਿੰਦੀ ਹੈ, ਪਿੱਛੇ ਜਿਹੇ 15ਵਾਂ ਵਿੱਤ ਕਮਿਸ਼ਨ ਆਇਆ ਸੀ ਤਾਂ ਉਸ ਵਿਚ ਵੀ ਮੈਂ ਕਹਿ ਸਕਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ, ਭਾਰਤੀ ਜਨਤਾ ਪਾਰਟੀ ਵੱਲੋਂ ਅਤੇ ਆਪ ਵੱਲੋਂ ਅਸੀਂ ਪੰਜਾਬ ਦੇ ਹਰ ਮੁੱਦੇ ਉਤੇ ਉਨ੍ਹਾਂ ਨੂੰ ਮਿਲੇ । ਪੰਜਾਬ ਦੇ ਨਾਲ ਖੜ੍ਹ ਕੇ ਅਸੀਂ ਇਨ੍ਹਾਂ ਦਾ ਸਾਥ

ਦਿੱਤਾ ਹੈ । ਅਸੀਂ ਪੰਜਾਬ ਦੇ ਅਸਲੀ ਹਮਾਇਤੀ ਹਾਂ। ਜਿਹੜੀ ਤੁਸੀਂ ਸੀ.ਸੀ.ਐਲ. ਦੀ ਗੱਲ ਕਰ ਰਹੇ ਹੋ, 15ਵੇਂ ਫਾਈਨਾਂਸ ਕਮਿਸ਼ਨ...

**ਮਾਨਯੋਗ ਸਪੀਕਰ:** ਤੁਸੀਂ ਜਿਹੜੀ ਕੋਈ ਕਲੈਰੀਫਿਕੇਸ਼ਨ ਲੈਣੀ ਹੈ, ਉਹ ਲੈ ਲਵੋ। ਤੁਸੀਂ ਤਾਂ ਬਹਿਸ ਵਿਚ ਪੈ ਗਏ ਹੋ। ਤੁਸੀਂ ਕੋਈ ਕਲੈਰੀਫਿਕੇਸ਼ਨ ਲੈਣੀ ਹੈ ਤਾਂ ਲੈ ਲਵੋ । ਮੰਤਰੀ ਜੀ, ਕਲੈਰੀਫਿਕੇਸ਼ਨ ਦੇ ਦਿਉ ਜੀ। ਕਲੈਰੀਫਿਕੇਸ਼ਨ ਦੇ ਉਤੇ ਜਵਾਬ ਦੇ ਦਿਉ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਪਹਿਲਾਂ ਇਨ੍ਹਾਂ ਦਾ ਜਵਾਬ ਦੇ ਦਿੰਦਾ ਹਾਂ । ਸਪੀਕਰ ਸਾਹਿਬ, ਮੇਰਾ ਤਾਂ ਇਨ੍ਹਾਂ ਨਾਲ ਇਕੋ ਹੀ ਗਿਲਾ ਹੈ ਕਿ ਸਰਕਾਰ ਇਨ੍ਹਾਂ ਦੀ ਬਣਨੀ ਨਹੀਂ ਸੀ, 11 ਮਾਰਚ ਨੂੰ ਗਿਣਤੀ ਸੀ what was the rush to sign on that paper? ਜੇ ਗੌਰਮਿੰਟ ਆਫ ਇੰਡੀਆ ਬਜ਼ਿੱਦ ਸੀ ਤਾਂ ਇਨ੍ਹਾਂ ਨੂੰ ਦਸਤਖਤ ਕਰਨ ਦੀ ਲੋੜ ਨਹੀਂ ਸੀ ਪਰ ਸਪੀਕਰ ਸਾਹਿਬ, ਇੱਕ ਗੱਲ ਦੱਸੋ ਕਿ ਗੌਰਮਿੰਟ ਆਫ ਇੰਡੀਆ ਨੇ ਫਿਰ ਕੇਸ ਰਿਵਿਊ ਕਿਉਂ ਕੀਤਾ? ਜੇ ਉਹ ਏਨੇ ਬਜ਼ਿਦ ਸੀ why did they review it? ਸਪੀਕਰ ਸਾਹਿਬ, ਮੈਂ ਹਲਫਨ ਕਹਿ ਸਕਦਾ ਹਾਂ, ਤਸਮਲ ਕਹਿ ਸਕਦਾ ਹਾਂ ਕਿ ਇਨ੍ਹਾਂ ਦੇ ਨੁਮਾਇੰਦੇ ਦਿੱਲੀ ਜਾਂਦੇ ਹਨ, ਉਥੇ ਕਿਲਕੜੀਆਂ ਕੱਢਦੇ ਹਨ ਕਿ ਵੇਖਿਓ ਕਿਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਪੈਸੇ ਨਾ ਦੇ ਦਿਉ। ਪੰਜਾਬ ਨੂੰ ਪੈਸੇ ਨਾ ਦੇ ਦਿਉ। ਸਪੀਕਰ ਸਾਹਿਬ, ਇਹ ਹਾਲ ਹੈ। ਸਪੀਕਰ ਸਾਹਿਬ, ਇਹ ਜਿਹੜਾ ਮੂਲ ਸੀ, ਉਹ 12,000 ਕਰੋੜ ਸੀ, ਉਹ 31,000 ਕਰੋੜ ਭਰਨਾ ਹੈ, ਇਹ ਵੀਹ ਸਾਲਾਂ ਵਿਚ ਭਰਨਾ ਹੈ, ਇਸ ਨੇ 62,000-64,000 ਕਰੋੜ ਰੁਪਏ ਭਰਨਾ ਹੈ, ਇਹ ਦੋ-ਤਿੰਨ ਪੀੜ੍ਹੀਆਂ ਦੀ ਗੁਲਾਮੀ ਸਾਡੇ ਸਿਰ ਪਾ ਗਏ ਹਨ, ਸਾਈਨ ਕਿਸ ਨੇ ਕੀਤੇ ਹਨ, ਉਹ ਵੀ ਤੁਹਾਨੂੰ ਦੱਸ ਦਿਆਂਗੇ । ਪਰ ਸਪੀਕਰ ਸਾਹਿਬ, ਜੇ ਗੌਰਮਿੰਟ ਆਫ ਇੰਡੀਆ ਨਾਰਮਜ਼ ਉਪਰ ਇਹ ਕਹਿ ਰਹੀ ਹੈ, why is punjab govement not responding? ਰਿਸਪਾਂਡ ਤਾਂ ਕਰ ਦਿਉ ਕਿ ਵਜ੍ਹਾ ਕੀ ਸੀ। ਸਪੀਕਰ ਸਾਹਿਬ, ਅਖੀਰਲੇ ਦਿਨ ਕਰਨ ਦੀ ਵਜ੍ਹਾ ਇਹ ਸੀ ਕਿ ਹੁਣ ਸਰਕਾਰ ਦੂਜੀ ਬਣ ਜਾਵੇਗੀ ਔਰ ਸਾਨੂੰ ਟੰਗ ਦੇਵੇਗੀ । ਸਪੀਕਰ ਸਾਹਿਬ, ਇਸ ਤੋਂ ਇਲਾਵਾ ਹੋਰ ਕੋਈ ਵਜ੍ਹਾ ਨਹੀਂ ਸੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਤੇ ਵਿਰੋਧੀ ਧਿਰਾਂ ਦੇ ਕਈ ਮੈਂਬਰ ਆਪਣੀਆਂ ਸੀਟਾਂ ਉਤੇ ਬਜਟ ਤਜਵੀਜ਼ਾਂ ਬਾਰੇ ਵਿੱਤ ਮੰਤਰੀ ਤੋਂ ਖੜ੍ਹੇ ਹੋ ਕੇ ਕਲੈਰੀਫਿਕੇਸਨ ਲੈਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ । ਥੋੜ੍ਹਾ ਰੁਕ ਜਾਓ ਤਿੰਨ-ਤਿੰਨ ਮੈਂਬਰ ਇਕੱਠੇ ਤਾਂ ਨਹੀਂ ਬੋਲੋਗੇ?

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੇਰੇ ਵੀਰ, ਮੈਂ ਉਨ੍ਹਾਂ ਨੂੰ ਗਿੱਦੜਬਾਹਾ ਦਾ ਐਮ.ਐਲ.ਏ. ਕਹਿੰਦਾ ਹਾਂ...

**ਵਿੱਤ ਮੰਤਰੀ (ਬੈਠੇ-ਬੈਠੇ):** ਗਿੱਦੜਬਾਹਾ ਤੋਂ ਨਹੀਂ ਹਾਂ ।

**ਸਰਦਾਰ ਸੁਖਬੀਰ ਸਿੰਘ ਬਾਦਲ:** ਬਠਿੰਡਾ, ਤੁਹਾਡਾ ਪਤਾ ਨਹੀਂ ਲਗਦਾ।

**ਵਿੱਤ ਮੰਤਰੀ (ਬੈਠੇ-ਬੈਠੇ):** ਨਹੀਂ, ਹੁਣ ਮੈਂ ਫਾਈਨਾਂਸ ਮਨਿਸਟਰ ਹਾਂ। (ਵਿਘਨ)

**ਸਰਦਾਰ ਸੁਖਬੀਰ ਸਿੰਘ ਬਾਦਲ:** ਨਹੀਂ, ਮੈਂ ਇਹ ਨਹੀਂ ਕਹਿੰਦਾ ਕਿਉਂਕਿ ਕਦੇ ਕਾਂਗਰਸ ਨੂੰ ਗਾਲ੍ਹਾਂ ਕੱਢਦੇ ਸੀ, ਫਿਰ 'ਆਪ' ਵਿਚ ਚਲੇ ਗਏ, ਫਿਰ ਪਾਪ ਵਿਚ ਚਲੇ ਗਏ, ਪੀ.ਪੀ.ਪੀ., ਪਤਾ ਨਹੀਂ ਇਨ੍ਹਾਂ ਨੇ ਕਿੱਥੇ-ਕਿੱਥੇ ਜਾਣਾ ਹੈ (ਵਿਘਨ) ਸਪੀਕਰ ਸਾਹਿਬ,ਪ੍ਰਾਬਲਮ ਦੱਸਾਂ ਕਿ ਕੀ ਹੈ? ਇਨ੍ਹਾਂ ਨੂੰ ਮਹਿਕਮਾ ਗਲਤ ਦਿੱਤਾ ਗਿਆ ਹੈ, ਇਨ੍ਹਾਂ ਨੇ ਐਮ.ਏ., ਹਿਸਟਰੀ, ਬੀ.ਏ.,ਹਿਸਟਰੀ, ਕੀਤੀ ਹੈ ਇਨ੍ਹਾਂ ਨੂੰ ਟੂਰਿਜ਼ਮ ਦਾ, ਮੈਮੋਰੀਅਲ, ਹਿਸਟਰੀ, ਫੋਰਟ ਦਾ ਮਹਿਕਮਾ ਦਿੱਤਾ ਜਾਣਾ ਚਾਹੀਦਾ ਸੀ ਪਰ ਮੇਰੇ ਵੀਰ ਨੂੰ ਫਾਈਨਾਂਸ ਮਹਿਕਮਾ ਦੇ ਦਿੱਤਾ।(ਵਿਘਨ) (ਸ਼ੋਰ) ਸਪੀਕਰ ਸਾਹਿਬ, ਵਿਚਾਰੇ ਨੂੰ ਫਾਈਨਾਂਸ ਬਾਰੇ ਪਤਾ ਨਹੀਂ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਦੇਖ ਰਿਹਾ ਸੀ, ਸੈਕਟਰੀ ਫਾਈਨਾਂਸ ਬੈਠੇ ਹਨ, ਜਿਹੜੀਆਂ ਫਿਗਰਜ਼ ਉਹ ਬੈਠੇ ਭੇਜੀ ਜਾਂਦੇ ਹਨ ਕਿ ਇਹ ਬੋਲੋ, ਆਹ ਬੋਲੋ, ਵਿਚਾਰੇ ਨੂੰ ਤਾਂ ਪਤਾ ਹੀ ਨਹੀਂ। ਆਹ, ਜਿਹੜੀ ਸਪੀਚ ਫੜ੍ਹਾ ਕੇ ਆਉਂਦੇ ਹਨ, ਹੁਣ ਇਹ ਕੀ ਕਰਦੇ ਹਨ ਕਿ ਪੂਰੀਆਂ 10 ਚੀਜ਼ਾਂ ਹਨ, ਉਹ ਤਾਂ ਦੇਖਣੀਆਂ ਨਹੀਂ ਹਨ, ਅਖੀਰਲੀ ਇਕ ਦੇਖਦੇ ਹਨ ਜਿਹੜਾ ਸੈਕਟਰੀ ਦੱਸਦਾ ਹੈ ਕਿ ਆਹ ਬੋਲ ਦਿਉ..

**ਮਾਨਯੋਗ ਸਪੀਕਰ:** ਤੁਸੀਂ ਕਲੈਰੀਫਿਕੇਸ਼ਨ ਲੈ ਲਵੋ, ਕਲੈਰੀਫਿਕੇਸ਼ਨ ਲੈ ਲਵੋ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਇਹ ਜਿਹੜੀ ਗੱਲ ਕਰਦੇ ਹਨ ਕਿ ਸਾਡੇ ਕੋਲ ਬੜਾ ਪੈਸਾ ਹੈ, ਸਾਡੀ ਗਰੋਥ ਰੇਟ 10% ਹੈ, ਇਹ ਸਾਰੀ ਜੀ.ਐਸ.ਟੀ. 35% ਕੰਪਨਸੇਸ਼ਨ ਹੈ, ਜਿਹੜੀ ਤਕਰੀਬਨ 6,000 ਕਰੋੜ ਰੁਪਿਆ ਸਾਲ ਦਾ ਗੌਰਮਿੰਟ ਆਫ ਇੰਡੀਆ ਐਕਸਟਰਾ ਦਿੰਦੀ ਹੈ, ਉਸ ਦੇ ਕਰਕੇ ਹੈ। ਜੇ ਤੁਸੀਂ ਸੀ.ਸੀ.ਐਲ..ਦਾ ਕੱਢ ਕੇ...

**ਵਿੱਤ ਮੰਤਰੀ (ਬੈਠੇ-ਬੈਠੇ):** ਇਹ ਸਾਡਾ ਹੱਕ ਹੈ।

**ਸਰਦਾਰ ਸੁਖਬੀਰ ਸਿੰਘ ਬਾਦਲ :** ਜੇ ਹੱਕ ਹੈ ਤਾਂ ਤੁਸੀਂ ਪਹਿਲਾਂ ਜੀ.ਐਸ.ਟੀ. ਨੂੰ ਗਾਲ੍ਹਾਂ ਕਿਉਂ ਕੱਢਦੇ ਸੀ? ਕਹਿੰਦੇ ਸੀ ਜੀ.ਐਸ.ਟੀ. ਮਾੜੀ ਹੈ, ਮੋਦੀ ਸਾਹਿਬ ਨੇ ਮਾੜਾ ਕੀਤਾ ਹੈ (ਵਿਘਨ) ਹੁਣ ਉਸਨੂੰ ਹੱਕ ਕਹਿੰਦੇ ਹਨ..(ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਅਤੇ ਟਰੇਜਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਸਰਦਾਰ ਸੁਖਬੀਰ ਸਿੰਘ ਬਾਦਲ:** ਇਸ ਦੇ ਵਿਚੋਂ ਸੀ.ਸੀ.ਐਲ. ਦੀ ਤਿੰਨ ਹਜ਼ਾਰ ਕਰੋੜ ਰੁਪਏ ਦੀ ਰਕਮ ਕੱਢ ਕੇ ਵੀ 6,000 ਕਰੋੜ ਰੁਪਿਆ ਤੁਹਾਨੂੰ ਬਚਦਾ ਹੈ। ਸਪੀਕਰ ਸਾਹਿਬ, ਡਬਲ ਸਟੈਂਡਰਡ? ਸਪੀਕਰ ਸਾਹਿਬ, ਮੇਰੇ ਫਾਦਰ ਸਾਹਿਬ, ਇਕ ਗੱਲ ਦੱਸਦੇ ਹੁੰਦੇ ਸਨ, ਸ਼ਾਇਦ ਇਥੇ ਵੀ ਕਿਹਾ ਹੈ ਕਿ ** ** ਇਥੇ ਮੇਰੇ ਵੀਰ ਹਨ, ਇਹ ਸੋਚਦੇ ਹਨ ਕਿ ਮੈਨੂੰ ਪੰਜਾਬ ਦਾ ਦਰਦ ਹੈ..

**ਮਾਨਯੋਗ ਸਪੀਕਰ:** ** ਐਕਸਪੰਜ ਕਰ ਦਿਉ।

**ਸਰਦਾਰ ਸੁਖਬੀਰ ਸਿੰਘ ਬਾਦਲ:** ਇਹ ਸੋਚਦੇ ਹਨ ਕਿ ਮੈਨੂੰ ਪੰਜਾਬ ਦਾ ਦਰਦ ਹੈ, ਰੋਣਾ ਹੈ, ਪਤਾ ਹੋਰ ਕਿਸੇ ਨੂੰ ਨਹੀਂ (ਵਿਘਨ) ਇਨ੍ਹਾਂ ਦੇ ਹਿਸਾਬ ਨਾਲ ਨਾ ਕੈਪਟਨ ਸਾਹਿਬ ਨੂੰ ਦਰਦ ਹੈ, ਨਾ ਕਿਸੇ ਨੂੰ ਦਰਦ ਹੈ, ਪੰਜਾਬ ਦਾ ਦਰਦ ਇਕੱਲੇ ਮੇਰੇ ਵੀਰ ਨੂੰ ਹੈ।

**ਮਾਨਯੋਗ ਸਪੀਕਰ :** ਤੁਸੀਂ ਕਲੈਰੀਫਿਕੇਸ਼ਨ ਲਓ।

**ਸਰਦਾਰ ਸੁਖਬੀਰ ਸਿੰਘ ਬਾਦਲ :** ਇਨ੍ਹਾਂ ਨੇ ਮੇਰਾ ਨਾਂ ਲਿਆ ਹੈ, ਇਸ ਲਈ ਸਪੀਕਰ ਸਾਹਿਬ, ਮੈਂ ਸਾਰਿਆਂ ਦੇ ਜਵਾਬ ਦੇਣੇ ਹਨ। ਇਹ ਕਹਿੰਦੇ ਹਨ ਕਿ ਐਕਸਾਈਜ਼ ਦੀਆਂ ਇਕ ਸਾਲ ਦੀਆਂ ਦੋ ਫਿਗਰਜ਼, ਜਿਹੜੇ ਫਰਾਡ ਹੁੰਦੇ ਹਨ, ਕਿਵੇਂ ਕਰਨਾ ਹੈ, ਉਹ ਕਰ ਲੈਂਦੇ ਹਨ। ਮੈਂ ਐਫ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਰਾ ਖਜ਼ਾਨਾ ਤੁਹਾਡੇ ਕੋਲ ਹੈ, ਸਾਲ 2002 ਤੋਂ 2007 ਤੱਕ ਐਕਸਾਈਜ਼ ਡਿਊਟੀ 1428 ਕਰੋੜ ਤੋਂ 1363 ਕਰੋੜ ਹੋਈ ਸੀ। ਇਹ ਦੱਸੋ, ਕਿ ਉਹ ਹੋਈ ਸੀ ਕਿ ਨਹੀਂ?

**Mr. Speaker :** Please address the Chair.(interruptions)

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਗੌਰਮਿੰਟ ਦੀ ਗੱਲ ਕਰ ਰਿਹਾ ਹਾਂ। ਉਦੋਂ ਮੋਨੋਪਲੀ ਪੌਂਟੀ ਚੱਢਾ ਕੋਲ ਸੀ ਕਿ ਨਹੀਂ? ਹੁਣ ਵੀ ਜਿਹੜੀਆਂ ਫਿਗਰਜ਼ ਇਹ ਦੱਸ ਰਹੇ ਹਨ...(ਵਿਘਨ...ਸ਼ੋਰ)

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।(ਵਿਘਨ...ਸ਼ੋਰ)

---

** ** Expunged as ordered by the Chair.

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** Please address the Chair.(Interruptions)

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਅਸੀਂ ਚੁੱਪ ਕਰਕੇ ਬੈਠੇ ਰਹੇ ਹਾਂ। ਇਹ ਮੇਰੇ ਤੋਂ ਬਾਅਦ ਗੱਲ ਕਰ ਲੈਣ।

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ :** ਇਕ ਮਿੰਟ ਸੁਣ ਲਓ ਜੀ। ਮੌਕਾ ਦਿਓ ਜੀ। ਇਨ੍ਹਾਂ ਮਹਾਂਪੁਰਸ਼ਾਂ ਦੀ ਮੋਨੋਪਲੀ ਅਜਿਹੀ ਸੀ ਕਿ ਮੈਂ ਹਰ ਸਾਲ ਹਾਈਕੋਰਟ ਤੋਂ ਆਰਡਰ ਲੈ ਕੇ ਆਉਂਦਾ ਸੀ। ਅਸੀਂ ਹਾਈਕੋਰਟ ਦੇ ਥਰੂ ਕੰਮ ਲੈਂਦੇ ਸੀ। ਇੱਥੇ ਸਾਰੇ ਕੰਮ ਧੱਕੇ ਨਾਲ ਹੁੰਦੇ ਸਨ।(ਵਿਘਨ...ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਜੇਕਰ ਤੁਸੀਂ ਸੱਚੇ ਹੋ, ਹੁਣ ਸਦਨ ਵਿੱਚ ਬੈਠੇ ਹੋ। ਤੁਸੀਂ ਮੈਨੂੰ ਦੱਸੋ ਕਿ ਪੰਜਾਬ ਵਿੱਚ ਸ਼ਰਾਬ ਤੇ ਐਕਸਾਈਜ਼ ਦੇ ਰੇਟ ਇਸ ਰੀਜ਼ਨ ਵਿੱਚ ਸਭ ਤੋਂ ਹਾਈ ਹਨ, yes or no….yes or no?

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ :** ਇਹ ਤੁਹਾਡਾ ਬੀਜਿਆ ਹੋਇਆ ਹੈ।

**ਸਰਦਾਰ ਸੁਖਬੀਰ ਸਿੰਘ ਬਾਦਲ :** ਇਨ੍ਹਾਂ ਨੇ ਸਮੱਗਲਿੰਗ ਕਰਵਾਉਣ ਵਾਸਤੇ ਰੇਟ ਵਧਾਏ। ਇਨ੍ਹਾਂ ਨੇ ਰੈਵੇਨਿਊ ਵਾਸਤੇ ਸਵਾ 6000 ਕਰੋੜ ਰੁਪਿਆ ਰੱਖਿਆ ਸੀ, ਹੁਣ 5200 ਤੇ ਕਿਉਂ ਆ ਗਏ? 1000 ਕਰੋੜ ਰੁਪਏ ਦੀ ਸਮੱਗਲਿੰਗ ਕਰਵਾਈ ਹੈ ਅਤੇ ਸਮੱਗਲਿੰਗ ਹਰਿਆਣਾ ਅਤੇ ਚੰਡੀਗੜ੍ਹ ਦੀਆਂ ਡਿਸਟਿਲਰੀਆਂ ਤੋਂ ਜਾਂਦੀ ਹੈ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਵਿੱਚ ਫਾਈਨਾਂਸਿਜ਼ ਇੰਪਰੂਵ ਕਰ ਦਿੱਤੇ। ਕਾਰਾਂ ਦੇ ਬਿਲ ਨਹੀਂ ਆਏ, ਸਾਰੇ ਆਪਣਾ ਪੈਟਰੋਲ ਆਪ ਭਰਦੇ ਹਨ। ਰਿਪੇਅਰ ਆਪ ਕਰਵਾਉਂਦੇ ਹਨ, ਡੀ.ਏ. ਦੀ ਕਿਸ਼ਤ ਨਹੀਂ ਆਈ...

**ਮਾਨਯੋਗ ਸਪੀਕਰ :** ਤੁਸੀਂ ਕਲੈਰੀਫਿਕੇਸ਼ਨ ਲੈ ਲਓ।...ਕਲੈਰੀਫਿਕੇਸ਼ਨ... ਕਲੈਰੀਫਿਕੇਸ਼ਨ....

**ਸਰਦਾਰ ਸੁਖਬੀਰ ਸਿੰਘ ਬਾਦਲ :** ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਰੁਪਏ ਇਹ ਨਹੀਂ ਦਿੰਦੇ...

**ਮਾਨਯੋਗ ਸਪੀਕਰ :** ਸਰਦਾਰ ਮਨਪ੍ਰੀਤ ਸਿੰਘ ਜੀ, ਤੁਸੀਂ ਬੋਲੋ।(ਵਿਘਨ)(ਸ਼ੋਰ)

**ਵਿੱਤ ਮੰਤਰੀ :** ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਚੀਫ ਮਨਿਸਟਰ 8 ਸਾਲ ਅਤੇ 5 ਮਹੀਨੇ ਰਹੇ ਹਨ। ਇਸ ਤੋਂ ਵੱਧ ਨਹੀਂ ਰਹੇ ਅਤੇ ਪੰਜਾਬ ਵਿੱਚ ਕੈਰੋਂ-ਕੈਰੋਂ ਹੁੰਦੀ ਹੈ। ਬਾਦਲ ਸਾਹਿਬ 19 ਸਾਲ 10 ਦਿਨ ਵਾਸਤੇ ਰਹੇ ਹਨ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਟਾਈਮ ਦੀ ਗੱਲ ਨਹੀਂ ਹੁੰਦੀ, ਕੀਤੇ ਕੰਮਾਂ ਦੀ ਗੱਲ ਹੁੰਦੀ ਹੈ।(ਵਿਘਨ...ਸ਼ੋਰ) ਸਪੀਕਰ ਸਾਹਿਬ, ਅੱਤਵਾਦ ਕਾਂਗਰਸ ਪਾਰਟੀ ਨੇ ਖਤਮ ਕੀਤਾ, ਨਸ਼ੇ ਵੀ ਕਾਂਗਰਸ ਪਾਰਟੀ ਖਤਮ ਕਰੇਗੀ ਜਿਹੜੇ ਕਿ ਇਨ੍ਹਾਂ ਦੀ ਵਜ੍ਹਾ ਨਾਲ ਪੰਜਾਬ ਨੂੰ ਵਿਰਸੇ ਵਿੱਚ ਮਿਲੇ ਸਨ। ਇਨ੍ਹਾਂ ਨੇ ਕੀ ਕੀਤਾ? ਸਿਵਾਏ ਪੰਜਾਬ ਨੂੰ ਲੁੱਟਣ ਤੋਂ ਇਨ੍ਹਾਂ ਤੋਂ ਕੁਝ ਨਹੀਂ ਹੋਇਆ ਅਤੇ ਇਹ ਸਾਨੂੰ ਪੁੱਛਦੇ ਹਨ, ਜਿਨ੍ਹਾਂ ਦੇ ਆਪਣੇ ਦਾਮਨ ਦਾਗਦਾਰ ਹਨ, ਜਿਨ੍ਹਾਂ ਦੇ ਆਪਣੇ ਹੱਥ ਦਾਗਦਾਰ ਹਨ।(ਵਿਘਨ...ਸ਼ੋਰ)

**ਸਰਦਾਰ ਸੁਖਬੀਰ ਸਿੰਘ ਬਾਦਲ :** ਮੈਂ ਪਰਸਨਲ ਨਹੀਂ ਜਾਣਾ ਚਾਹੁੰਦਾ ਸੀ ਪਰ ਮੇਰੇ ਵੀਰ ਮਨਪ੍ਰੀਤ ਜੀ ਨੇ ਮੇਰੇ ਪਿਤਾ ਬਾਦਲ ਸਾਹਿਬ ਦਾ ਨਾਂ ਲਿਆ ਹੈ, ਜਿਨ੍ਹਾਂ ਕਰਕੇ ਅੱਜ ਇਹ ਕੁਰਸੀ ਤੇ ਬੈਠਾ ਹੈ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਬੈਂਚਿਜ਼ ਵਲੋਂ ਥੰਪਿੰਗ) ਜਿਨ੍ਹਾਂ ਨੇ ਇਨ੍ਹਾਂ ਨੂੰ ਗੁੜ੍ਹਤੀ ਦਿੱਤੀ ਹੈ ਅਤੇ ਇਨ੍ਹਾਂ ਨੂੰ ਚੱਲਣਾ ਸਿਖਾਇਆ ਹੈ। ਜੇਕਰ ਇਹ ਇਨਸਾਨ ਅਜਿਹੇ ਇਨਸਾਨ ਦੀ ਕਦਰ ਨਹੀਂ ਕਰ ਸਕਦਾ ਤਾਂ ਇਸ ਤੋਂ ** ** ਨਹੀਂ ਹੋ ਸਕਦਾ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਇਹ ਗੱਲ ਮੁੱਕਣੀ ਨਹੀਂ...ਇਹ ਗੱਲ ਮੁੱਕਣੀ ਨਹੀਂ....ਇਹ ਗੱਲ ਇੱਦਾਂ ਮੁੱਕਣੀ ਨਹੀਂ...(ਵਿਘਨ...ਸ਼ੋਰ) ਤੁਸੀਂ ਕਲੈਰੀਫਿਕੇਸ਼ਨ ਲਓ ਜੇਕਰ ਲੈਣੀ ਹੈ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਪਰਮਾਤਮਾ ਦੀ ਨੁਸਰਤ ਨਾਲ ਬੈਠੇ ਹਾਂ ਅਤੇ ਜੇਕਰ ਬਾਦਲ ਸਾਹਿਬ ਦੇ ਵੱਸ ਹੁੰਦਾ ਤਾਂ ਇੱਥੇ ਬੈਠ ਸਕਦੇ ਸੀ, ਨਹੀਂ ਬੈਠ ਸਕਦੇ ਸੀ।(ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਤੁਸੀਂ ਬੋਲੋ।....(ਵਿਘਨ...ਸ਼ੋਰ) ਬਾਕੀ ਬੈਠ ਜਾਓ। ਚੀਮਾ ਸਾਹਿਬ, ਤੁਸੀਂ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ, ਮੈਂ ਐਫ.ਐਮ. ਸਾਹਿਬ ਨੂੰ ਵੀ ਕਿਹਾ ਸੀ ਕਿ ਪੈਸਾ ਆਉਂਦਾ ਹੈ, ਜੋ ਸਬ-ਪਲਾਨ ਦੇ ਤਹਿਤ ਅਨੁਸੂਚਿਤ ਜਾਤੀ/ਐਸ.ਟੀ. ਵਿਦਿਆਰਥੀਆਂ ਲਈ ਪੈਸਾ ਆਉਂਦਾ

---

** ** Not recorded as ordered by the Chair.

ਹੈ, ਉਹ ਇਨ੍ਹਾਂ ਵਿਦਿਆਰਥੀਆਂ ਨੂੰ ਨਹੀਂ ਮਿਲ ਰਿਹਾ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠੋ ਜੀ। ਬੈਠੋ। ਪਲੀਜ਼, ਸਾਰੇ ਬੈਠ ਜਾਵੋ। (ਵਿਘਨ) ਬੈਠੋ ਜੀ। ਬੈਠੋ ਜੀ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਦਰਜ ਨਾ ਕੀਤਾ ਜਾਵੇ। (ਵਿਘਨ)(ਸ਼ੋਰ) ਬੈਠੋ ਜੀ। ਬੈਠੋ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਕੁਝ ਮੰਤਰੀ ਸਾਹਿਬਾਨ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੋਂ ਉਠ ਕੇ ਬਾਹਰ ਨਿਕਲ ਕੇ ਖੜ੍ਹੇ ਹੋ ਗਏ ਅਤੇ ਇੱਕ ਦੂਜੇ ਦੇ ਖਿਲਾਫ ** ** ਨਾਅਰੇ ਲਗਾਉਣ ਲੱਗ ਪਏ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਵੀ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਤਾਂ ਬੈਠ ਜਾਓ। (ਵਿਘਨ)(ਸ਼ੋਰ) ਨਾਅਰੇ ਰਿਕਾਰਡ ਨਾ ਕੀਤੇ ਜਾਣ। ਸਭ ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੋ। ਢਿੱਲੋਂ ਜੀ, ਬੈਠੋ। ਪਲੀਜ਼, ਬੈਠੋ ਜੀ।

---------------

** ** Not recorded as ordered by the Chair.

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਹੁਣ ਮੈਂ, ਸਦਨ 15 ਮਿੰਟ ਲਈ ਐਡਜਰਨ ਕਰਦਾ ਹਾਂ।

| | |
|---|---|
| *4.37 ਵਜੇ ਬਾਅਦ ਦੁਪਹਿਰ) | (*ਇਸ ਸਮੇਂ ਸਦਨ 4.52 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ। ) |
| *4.52 ਵਜੇ ਬਾਅਦ ਦੁਪਹਿਰ) | (* ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।) |

---------------

## FINANCIAL BUSINESS

**ਮਾਨਯੋਗ ਸਪੀਕਰ:** ਹੁਣ ਵਿੱਤ ਮੰਤਰੀ ਸਾਲ 2019-20 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਪੇਸ਼ ਕਰਨਗੇ।

## (I) PRESENTATION OF DEMANDS FOR GRANTS RELATING TO THE BUDGET ESTIMATES FOR THE YEAR 2019-20

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਸਾਲ 2019-20 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਪੇਸ਼ ਕਰਦਾ ਹਾਂ:-

### ਮੰਗ ਨੰ:1

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,32,92,13,29,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,24,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 2

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,80,36,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,14,63,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:3**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,51,04,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,62,14,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 90,08,21,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,23,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰੱਖਿਆਂ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:5**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,20,79,25,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,56,63,37,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:6**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,34,41,05,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:7**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,17,58,72,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:8**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,03,27,94,54,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,46,91,51,65,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਵਿੱਤ ਮੰਤਰੀ]

**ਮੰਗ ਨੰ:9**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,69,19,14,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,11,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਫੂਡ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:10**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,62,79,75,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:11**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 34,48,33,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,73,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:12**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 68,94,69,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,30,18,13,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:13**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,27,99,29,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,29,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:14**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 68,14,03,000 ਰੁਪਏ ਅਤੇ ਪੂੰਜੀਗਤ

ਲੇਖੇ ਤੇ 10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸੂਚਨਾਂ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:15**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 13,15,60,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,50,81,08,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:16**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 28,34,71,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:17**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 31,37,03,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,87,09,80,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:18**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 16,66,95,000 ਰੁਪਏ ਅਤੇ ਪੂੰਜੀਗਤ ਲੇਖੇ ਤੇ 60,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:19**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 62,35,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,52,87,92,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਵਿੱਤ ਮੰਤਰੀ]

**ਮੰਗ ਨੰ:20**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 20,73,18,12,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,57,38,91,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 6,31,12,65,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,67,28,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:22**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 13,78,13,49,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਮਾਲ ਅਤੇ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:23**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 32,39,86,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,69,31,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:24**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 18,31,37,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,39,33,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:25**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 28,04,76,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 31,06,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:26**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 54,64,21,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:27**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,61,96,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 85,39,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:28**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,34,17,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,87,84,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:29**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,88,27,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,25,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:30**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 53,60,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਚੋਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:31**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,56,48,88,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,61,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰੋਜਗਾਰ ਉਤਪਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:32**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,96,99,99,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:33**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,54,68,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:34**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,36,90,91,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:35**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,74,41,79,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਮਕਾਨ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:36**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,46,54,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 30,36,55,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:37**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,28,46,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:38**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,66,63,49,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,43,11,29,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:39**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 37,60,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:40**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,41,56,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:41**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,49,64,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,34,54,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:42**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 11,64,95,39,000 ਰੁਪਏ ਅਤੇ

[ਵਿੱਤ ਮੰਤਰੀ]

ਪੂੰਜੀਗਤ ਲੇਖੇ ਤੇ 63,23,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## (II) DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2019-20

**ਮਾਨਯੋਗ ਸਪੀਕਰ:** ਸਾਲ 2019-20 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਤੇ ਬਹਿਸ ਤੇ ਵੋਟਿੰਗ। ਅੱਜ ਦੀ ਕਾਰਜ ਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 42 ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਹਨ। Also there are Cut Motions received from various Members in respect of Demand Nos.1, 5, 7, 8, 11, 12, 13, 15, 16,17, 20, 21, 23, 25, 29, 31 and 38 i.e. totaling 17 Cut Motion Demands out of total 42 Demands. ਕਿਉਂਜੋ ਕਾਫੀ ਮੰਗਾਂ ਤੇ ਕਟੌਤੀ ਪ੍ਰਸਤਾਵ ਦੇ ਨੋਟਿਸ ਪ੍ਰਾਪਤ ਹੋਏ ਹਨ, ਇਸ ਲਈ ਇਹ ਸਾਰੀਆਂ ਮੰਗਾਂ ਕ੍ਰਮਵਾਰ ਇੱਕ-ਇੱਕ ਕਰਕੇ (including Cut Motion Demands) ਪੜ੍ਹੀਆਂ ਜਾਣ, ਫਿਰ ਪ੍ਰਸਤਾਵ ਕੀਤੀਆਂ ਜਾਣ ਅਤੇ ਫਿਰ voting ਲਈ ਲੈ ਲਈਆਂ ਜਾਣ?

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਨ੍ਹਾਂ ਮੰਗਾਂ ਤੇ ਸਾਡੇ ਕੱਟ ਮੋਸ਼ਨ ਲੱਗੇ ਹਨ ਜੀ।

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

### ਮੰਗ ਨੰ: 1 ਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ. ਵੱਲੋਂ ਮੰਗ ਨੰ: 1 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ) :** ਸਪੀਕਰ ਸਾਹਿਬ, ਬਜਟ ਦੇ ਵਿਚ ਜੋ ਅੰਕੜੇ ਪੇਸ਼ ਕੀਤੇ ਹਨ। ਉਸ ਵਿਚੋਂ ਕੁੱਝ ਗੱਲਾਂ ਹਨ ਜਿਨ੍ਹਾਂ ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਐਗਰੀਕਲਚਰ ਵਾਸਤੇ ਐਗਰੀਕਲਚਰ ਡਿਵੈਲਪਮੈਂਟ ਅਫਸਰਾਂ ਦੀ ਬਹੁਤ ਮਹੱਤਤਾ ਹੈ। ਮੇਰੇ ਆਪਣੇ ਮਾਨਸਾ ਜ਼ਿਲ੍ਹੇ ਵਿਚ......

**ਮਾਨਯੋਗ ਸਪੀਕਰ:** ਤੁਸੀਂ ਕੱਟ ਮੋਸ਼ਨ ਤੇ ਬੋਲੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਉਸੇ ਤੇ ਬੋਲ ਰਿਹਾ ਹਾਂ ਜੀ।

**ਮਾਨਯੋਗ ਸਪੀਕਰ:** ਨਹੀਂ ਨਹੀਂ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਕੱਟ ਮੋਸ਼ਨ ਦਾ ਮਤਲਬ just to raise the discussion. Nothing else. ਜਿਸ ਨੂੰ ਬਜਟ ਡਿਸਕਸ਼ਨ ਤੇ ਟਾਈਮ ਨਹੀਂ ਮਿਲਿਆ, ਉਹ ਕੀ ਕਰੇਗਾ ਜੀ?

**Mr Speaker:** No no, ਡਿਸਕਸ਼ਨ ਹੋ ਚੁੱਕੀ ਹੈ। ਬਜਟ ਤੇ ਡਿਸਕਸ਼ਨ is over. You justify your cut motion.

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** Anyway ਮੈਂ ਉਸੇ ਤੇ ਬੋਲ ਰਿਹਾ ਹਾਂ ਜੀ। 29 ਐਗਰੀਕਲਚਰ ਡਿਵੈਲਪਮੈਂਟ ਅਫਸਰਾਂ ਦੀ ਥਾਂ ਤੇ ਕੇਵਲ ਦੋ ਕੰਮ ਕਰ ਰਹੇ ਹਨ। How can we expect ਕਿ ਐਗਰੀਕਲਚਰ ਡਿਵੈਲਪਮੈਂਟ ਹੋਵੇਗੀ। ਦੂਜਾ ਬਜਟ ਦੇ ਵਿਚ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਗਈ ਹੈ। ਮੈਂ ਇਸ ਤੇ ਕੁਮੈਂਟ ਕਰਨਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ:** ਸੁਣ ਲਓ, Rule 171: When a token cut is proposed, the object of the cut should be specified clearly and precisely.

**Sardar Najar Singh Manshahia:** Sir, that is also being précised. ਸਰ, ਹੁਣ ਬੋਲਣ ਦਿਓ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਬੋਲੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਪੈਡੀ ਦੀ ਕਾਸਟ ਦੀ ਗੱਲ ਹੈ। ਇਸੇ ਤਰ੍ਹਾਂ ਵਾਟਰ ਕੰਜ਼ਪਸ਼ਨ ਦੀ ਗੱਲ ਹੈ। ਆਪਾਂ ਦੇਖਦੇ ਹਾਂ ਕਿ ਇਕ ਕਿੱਲੋ ਜੀਰੀ ਪੈਦਾ ਕਰਨ ਵਾਸਤੇ 4 ਹਜ਼ਾਰ ਲੀਟਰ ਪਾਣੀ ਦੀ ਜ਼ਰੂਰਤ ਪੈਂਦੀ ਹੈ। ਜੇਕਰ ਆਪਾਂ ਪਾਣੀ ਦਾ ਇਕ ਪੈਸਾ ਵੀ ਕਾਸਟ ਲਗਾ ਲਈਏ ਤਾਂ ਇਕ ਪੈਸੇ ਕਾਸਟ ਨਾਲ ਪਾਣੀ ਦੀ ਕਾਸਟ ਸਿਰਫ 40 ਰੁਪਏ ਪ੍ਰਤੀ ਕਿੱਲੋ ਆਫ ਜੀਰੀ ਪ੍ਰੋਡਕਸ਼ਨ ਬਣਦੀ ਹੈ। ਅਸੀਂ ਜੀਰੀ 17 ਰੁਪਏ ਕਿੱਲੋ ਵੇਚ ਰਹੇ ਹਾਂ ।ਸੋ, ਡਾਈਵਰਸੀਫਿਕੇਸ਼ਨ ਦੀ ਹਰ ਬਜਟ ਵਿਚ ਗੱਲ ਹੁੰਦੀ ਹੈ ਪਰ ਆਪਾਂ ਲਾਗੂ ਕਦੋਂ ਕਰਨੀ ਹੈ। ਪੈਡੀ ਦੇ ਹੇਠਾਂ ਜਿਹੜਾ ਰਕਬਾ ਹੈ ਉਹ ਘੱਟ ਨਹੀਂ ਰਿਹਾ, ਸਗੋਂ ਵੱਧ ਰਿਹਾ ਹੈ। ਡਾਈਵਰਸੀਫਿਕੇਸ਼ਨ ਸਿਰਫ ਗੱਲਾਂ ਵਿਚ ਹੈ।

**ਮਾਨਯੋਗ ਸਪੀਕਰ:** ਤੁਸੀਂ 100/- ਰੁਪਏ ਤੇ ਆਓ ਕਿ ਇਹ ਮੰਗ 100 ਰੁਪਏ ਘੱਟ ਕਿਵੇਂ ਕੀਤੀ ਜਾਵੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 1**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,32,92,13,29,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,24,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,32,92,13,29,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,24,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 2**

**ਮਾਨਯੋਗ ਸਪੀਕਰ**: ਕਿਉਂਜੋ ਮੰਗ ਨੰ. 2 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ। ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,80,36,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,14,63,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,80,36,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,14,63,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 3**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ. 3 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ। ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,51,04,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,62,14,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,51,04,85,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,62,14,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 4**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ. 4 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ। ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 90,08,21,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,23,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 90,08,21,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,23,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 5 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਅਤੇ ਸ਼੍ਰੀ ਬੁੱਧ ਰਾਮ ਜੀ ਐਮ.ਐਲ.ਏ. ਵੱਲੋਂ ਮੰਗ ਨੰ: 5 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਮੈਂ ਇਸ ਬਜਟ ਦੇ ਵਿੱਚ ਐਜੂਕੇਸ਼ਨ ਤੇ ਗੱਲ ਕਰਨੀ ਚਾਹੁੰਦੀ ਹਾਂ। ਇਸ ਦੇ ਵਿੱਚ ਜਿਸ

ਤਰ੍ਹਾਂ ਸਾਡੇ ਕੰਡੀ ਏਰੀਏ ਦੇ students ਨੂੰ ਹਰਿਆਣਾ ਦੇ ਵਿੱਚ ਪੜ੍ਹਨ ਜਾਣਾ ਪੈਂਦਾ ਹੈ ਅਤੇ ਕੁਝ ਸਾਡੇ ਕੋਲ ਬਿਲਡਿੰਗਜ਼ ਹਨ, ਉਥੇ ਟੀਚਰਜ਼ ਨਹੀਂ ਹਨ। ਜੇ ਅਸੀਂ ਸਿਰਫ ਤੇ ਸਿਰਫ ਥੋੜ੍ਹਾ ਜਿਹਾ ਬਜਟ ਦੇ ਵਿੱਚ ਕੁਝ ਕਰ ਲਈਏ, ਸਿਰਫ ਤੇ ਸਿਰਫ ਪੰਜਾਬੀ ਭਾਸ਼ਾ ਦੀ ਪ੍ਰੋਮੋਸ਼ਨ ਕਰੀਏ,ਉਹ ਉੱਥੋਂ ਹਿੰਦੀ ਪੜ੍ਹ ਕੇ ਆਉਂਦੇ ਹਨ ਤੇ ਮੈਨੂੰ ਲਗਦਾ ਕਿ ਇਸ ਤਰ੍ਹਾਂ ਅਸੀਂ ਮਾਤ ਬੋਲੀ ਨੂੰ ਸਮਰਪਿਤ ਕਰਾਂਗੇ। ਧੰਨਵਾਦ ਜੀ।

**ਸ਼੍ਰੀ ਬੁੱਧ ਰਾਮ (ਬੁਢਲਾਡਾ, ਐਸ.ਸੀ) :** ਸਪੀਕਰ ਸਾਹਿਬ, ਪਹਿਲਾਂ ਇਹ ਹੁੰਦਾ ਸੀ ਕਿ ਹਰੇਕ ਸਕੂਲ ਦੇ ਵਿੱਚ ਵਿਦਿਆਰਥੀਆਂ ਵਾਸਤੇ ਜਿਹੜੇ ਹਾਜ਼ਰੀ ਰਜਿਸਟਰ ਹੁੰਦੇ ਹਨ ਜਾਂ ਅਧਿਆਪਕਾਂ ਵਾਸਤੇ ਹਾਜ਼ਰੀ ਰਜਿਸਟਰ ਹੁੰਦੇ ਹਨ, ਮੋਨੀਟਰਾਂ ਵਾਸਤੇ ਕਾਪੀਆਂ ਹੁੰਦੀਆਂ ਹਨ, ਬੋਰਡ ਹੁੰਦਾ, ਚਾਕ ਵਾਸਤੇ ਪੈਸੇ ਆਉਂਦੇ ਸੀ, ਸਰ ਮੁੜ ਕੇ ਆਏ ਨਹੀਂ ਜੀ। ਇਹ ਸਾਰਾ ਸਮਾਨ ਕਿੱਥੋਂ ਲੈਣਗੇ ਜੀ?

**ਮਾਨਯੋਗ ਸਪੀਕਰ:** ਇਹ ਸਾਰਾ ਕੁਝ ਹੁੰਦਾ, ਸਾਰਾ ਕੁਝ ਹੁੰਦਾ, ਨਹੀਂ, ਨਹੀਂ, ਇਸ ਗੱਲ ਦਾ ਸਭ ਨੂੰ ਪਤਾ ਹੈ। ਤੁਸੀਂ ਦੱਸੋ ਕਿ 100/- ਰੁਪਿਆ ਘੱਟ ਕਿਉਂ ਕਰ ਦਿੱਤਾ ਜਾਵੇ।

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਇਹੀ ਦੱਸ ਰਿਹਾ ਸੀ। ਇਹੀ ਕਰਨਾ ਹੈ ਜੀ। ਜਿੰਨੇ ਵੀ ਬੱਚਿਆਂ ਦੀ ਪ੍ਰੀਖਿਆ ਫੀਸ ਸੀ, ਪ੍ਰੀਖਿਆ ਫੀਸ ਮੈਟ੍ਰਿਕ ਵਾਸਤੇ ਪਹਿਲੇ 70 ਸਾਲ ਤਾਂ ਲੱਗੀ ਨਹੀਂ ਸੀ, ਹੁਣ ਇਹ ਪਹਿਲੀ ਵਾਰ ਲਗਾਈ ਗਈ ਹੈ। ਕਿੰਨੀ ਮਾੜੀ ਗੱਲ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਪ੍ਰੀਖਿਆ ਫੀਸ ਮੁਆਫ ਕੀਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 5**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,20,79,25,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,56,63,37,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,20,79,25,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,56,63,37,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 6**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ. 6 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ। ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,34,41,05,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,34,41,05,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 7 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ ਅਤੇ ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ. ਵੱਲੋਂ ਮੰਗ ਨੰ: 7 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਅਮਨ ਜੀ, ਕੁਝ ਕਹਿਣਾ ਹੈ?

**ਸ਼੍ਰੀ ਅਮਨ ਅਰੋੜਾ (ਸੁਨਾਮ):** ਧੰਨਵਾਦ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਜਦੋਂ ਬਜਟ ਤੇ ਗੱਲ ਚੱਲ ਰਹੀ ਸੀ ਤਾਂ ਮੇਰਾ ਖਿਆਲ ਹੈ ਜਦੋਂ ਐਕਸਾਈਜ਼ ਦੀ ਗੱਲ ਆਈ ਤਾਂ allegations and counter-allegations ਦੇ ਨਾਲ ਇੱਕ ਗੱਲ ਤਾਂ ਕਲੀਅਰ ਹੋ ਗਈ ਕਿ ਬੜੇ ਲੰਮੇ ਸਮੇਂ ਤੋਂ ਜਿਹੜੇ bigwigs ਪੰਜਾਬ ਦੇ ਵਿੱਚ ਹਨ, ਉਸ ਵਿੱਚ ਪੰਜਾਬ ਦੇ ਮਾਲੀਏ ਨੂੰ ਚੂਨਾ ਲੱਗ ਰਿਹਾ ਹੈ। ਮੈਂ ਪ੍ਰਾਈਵੇਟ ਮੈਂਬਰ ਬਿਲ ਜਨਾਬ ਕੋਲ ਤਿੰਨ ਵਾਰ ਸਬਮਿਟ ਕਰ ਚੁੱਕਾ ਹਾਂ, adjournment motion move ਕਰ ਚੁੱਕਾ ਹਾਂ, ਐਫ.ਐਮ ਸਾਹਿਬ ਨੇ ਵੀ promise ਕੀਤਾ ਸੀ ਕਿ corporation ਬਣਨੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਕੀ ਤੁਸੀਂ ਕੱਟ ਮੋਸ਼ਨ ਤੇ ਕੁਝ ਕਹਿਣਾ ਹੈ ?

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਇਹੀ ਪਰਪੋਜ਼ ਕਰ ਰਿਹਾ ਹੈ ਕਿ ਐਫ.ਐਮ. ਸਾਹਿਬ, ਸਰਕਾਰ ਕਦੋਂ ਲਿਕੁਅਰ ਕਾਰਪੋਰੇਸ਼ਨ ਬਣਾਏਗੀ? ਇਸ ਨਾਲ ਮਾਲੀਆ ਘੱਟੋ-ਘੱਟ ਡਬਲ ਹੋ ਜਾਵੇਗਾ।

**ਮਾਨਯੋਗ ਸਪੀਕਰ :** ਬੈਠੋ।ਹਾਂ ਜੀ, ਕੁਲਤਾਰ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਮਾਨਯੋਗ ਸਪੀਕਰ ਸਾਹਿਬ, ਐਕਸਾਈਜ਼ ਐਂਡ ਟੈਕਸੇਸ਼ਨ ਨੂੰ ਜਿਹੜੀਆਂ ਡਿਮਾਂਡਜ਼ ਪਰਪੋਜ਼ ਕੀਤੀਆਂ ਗਈਆਂ ਹਨ, ਉਸ ਤੋਂ ਤਵੱਕੋ ਇਹ ਕੀਤੀ ਜਾਂਦੀ ਹੈ ਕਿ ਇਸ ਵਿੱਚ ਪਿਲਫਰੇਜ ਬੰਦ ਹੋਵੇ ਗੀ। ਜਿਹੜੇ ਵੀ ਰੈਵੇਨਿਊ ਦੀ ਪਿਲਫਰੇਜ ਹੁੰਦੀ ਹੈ ਔਰ ਪਿਛਲੇ 15-20 ਸਾਲਾਂ ਤੇ ਜੇ ਮੈਂ ਨਿਗ੍ਹਾ ਮਾਰਦਾ ਹਾਂ ਤਾਂ ਪਿਲਫਰੇਜ ਵਧਦੀ ਹੈ।

**ਮਾਨਯੋਗ ਸਪੀਕਰ :** ਤੁਸੀਂ ਕੱਟ ਮੋਸ਼ਨ ਤੇ ਆਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਕੱਟ ਮੋਸ਼ਨ ਦਾ ਮੇਰੇ ਹਿਸਾਬ ਨਾਲ, ਜਿੰਨੀ ਮੇਰੀ ਤੁੱਛ ਜਿਹੀ ਨਾਲੇਜ ਹੈ, to raise the issue, to raise the discussion. ਮੈਂ ਉਸੇ ਗੱਲ ਤੇ ਆ ਰਿਹਾ ਹਾਂ। ਸਪੀਕਰ ਸਾਹਿਬ, ਜੇ ਇਸੇ ਤਰ੍ਹਾਂ ਹੀ ਹਰਿਆਣਾ ਦੀ

ਸ਼ਰਾਬ ਇੱਥੇ ਵਿਕਣੀ ਹੈ, ਇਸੇ ਤਰ੍ਹਾਂ ਹੀ ਪੌਂਟੀ ਚੱਢਾ ਵਰਗੇ ਲੋਕਾਂ ਨੂੰ ਪੁਸ਼ਤ-ਪਨਾਹੀ ਮਿਲਣੀ ਹੈ ਤਾਂ ਮੇਰਾ ਖਿਆਲ ਹੈ ਕਿ ਜਿਹੜੀ ਤੁਸੀਂ ਫੰਡਿੰਗ ਐਲੋਕੇਟ ਕੀਤੀ ਹੈ, ਉਹ ਠੀਕ ਨਹੀਂ। ਸਪੀਕਰ ਸਾਹਿਬ, ਇਸ ਵਿੱਚ ਹੋਣਾ ਇਹ ਚਾਹੀਦਾ ਹੈ.....

**ਮਾਨਯੋਗ ਸਪੀਕਰ :** ਹੋਣਾ ਕੀ ਚਾਹੀਦਾ ਹੈ, ਇਹ ਬਜਟ ਤੇ ਬਹਿਸ ਹੋ ਲਈ ਹੈ। ਤੁਸੀਂ ਕੱਟ ਮੋਸ਼ਨ ਤੇ ਆਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਰ, ਤੁਸੀਂ ਇੰਨੀ ਕਾਹਲੀ ਕਿਉਂ ਕਰਦੇ ਹੋ?

**ਮਾਨਯੋਗ ਸਪੀਕਰ :** ਨਹੀਂ, ਕਾਹਲੀ ਹੋਣੀ ਠੀਕ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਪੰਜਾਬ ਦੀ ਗੱਲ ਹੈ।

**ਮਾਨਯੋਗ ਸਪੀਕਰ :** ਨਹੀਂ, ਕਾਹਲੀ ਹੋਵੇਗੀ ਕਿਉਂਕਿ ਬਜਟ ਤੇ ਬਹਿਸ ਹੋ ਚੁੱਕੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਬਿਲਕੁਲ ਤੁਹਾਡੀ ਗੱਲ ਠੀਕ ਹੈ, ਮੈਂ ਇਸ ਨਾਲ ਸਹਿਮਤ ਹਾਂ। ਮੈਂ ਕੱਟ ਮੋਸ਼ਨ ਦੀ ਗੱਲ ਕਰ ਰਿਹਾ ਹਾਂ। ਮੈਂ ਕੱਟ ਮੋਸ਼ਨ ਦੀ ਇਸ ਕਰਕੇ ਗੱਲ ਕਰ ਰਿਹਾ ਹਾਂ ਕਿਉਂਕਿ ਜਿੰਨੇ ਪੈਸੇ ਪੰਜਾਬ ਦੇ ਲੋਕਾਂ ਦੇ ਐਲੋਕੇਟ ਕੀਤੇ ਜਾਂਦੇ ਹਨ, ਸਰਕਾਰ ਉਨ੍ਹਾਂ ਨੂੰ ਸਹੀ ਥਾਂ ਯੂਜ਼ ਨਹੀਂ ਕਰ ਰਹੀ.....

**ਮਾਨਯੋਗ ਸਪੀਕਰ:** ਪ੍ਰਸਤਾਵ ਪੇਸ਼ ਕੀਤਾ ਗਿਆ......

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਹਾਲੇ ਪੇਸ਼ ਨਹੀਂ ਕੀਤਾ ਜੀ।

**ਮਾਨਯੋਗ ਸਪੀਕਰ :** ਜਲਦੀ ਕਹੋ, ਪਰ ਇਸ ਤਰ੍ਹਾਂ ਨਹੀਂ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮੈਂ ਕਹਿੰਦਾ ਹਾਂ ਕਿ ਸਾਰੀਆਂ ਡਿਸਟਿਲਰੀਆਂ ਵਿੱਚੋਂ ਪਿਲਫਰੇਜ ਹੁੰਦੀ ਹੈ। ਉੱਥੇ ਉਨ੍ਹਾਂ ਦੀ ਵੀਡਿਉ, ਸਰਵੇਲੈਂਸ ਚਾਹੀਦੀ ਹੈ, ਰੀਅਲ ਟਾਈਮ ਸਰਵੇਲੈਂਸ ਚਾਹੀਦੀ ਹੈ ਔਰ ਹਰੇਕ ਅਫ਼ਸਰ ਦੀ ਏ.ਸੀ.ਆਰ. ਵਿੱਚ ਲਿਖਿਆ ਜਾਣਾ ਚਾਹੀਦਾ ਹੈ......

**ਮਾਨਯੋਗ ਸਪੀਕਰ :** ਬੈਠੋ ਹੁਣ। ਬੈਠੋ, ਬੈਠੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕਿ ਇਸ ਨੇ ਰੈਵੇਨਿਊ ਘਟਾਇਆ ਹੈ ਜਾਂ ਵਧਾਇਆ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 7**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,17,58,72,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,17,58,72,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 8 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸ਼੍ਰੀ ਅਮਨ ਅਰੋੜਾ ਜੀ, ਐਮ.ਐਲ.ਏ. ਵੱਲੋਂ ਮੰਗ ਨੰਬਰ 8 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ :** ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ......

**ਮਾਨਯੋਗ ਸਪੀਕਰ :** ਪਹਿਲਾਂ ਪੇਸ਼ ਕਰ ਲਿਆ ਕਰੋ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਅਮਨ ਜੀ, ਤੁਸੀਂ ਕੱਟ ਮੋਸ਼ਨ ਤੇ ਬੋਲੋ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਰ, ਪਹਿਲਾਂ ਤਾਂ ਮੈਂ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਜਿਹੜੀ ਪਿੱਛੇ ਜਿਹੇ

[ਸ਼੍ਰੀ ਅਮਨ ਅਰੋੜਾ]

ਫਾਇਨਾਂਸ ਕਮਿਸ਼ਨ ਦੀ 31 ਹਜ਼ਾਰ ਕਰੋੜ ਵਾਲੇ ਇਸ਼ੂ ਵਾਸਤੇ ਇੱਕ ਕਮੇਟੀ ਬਣਾਈ ਹੈ। ਚੰਗਾ ਕੰਮ ਹੈ, ਅਸੀਂ ਇਸ ਨੂੰ ਐਪਰੀਸ਼ੀਏਟ ਕਰਦੇ ਹਾਂ ਅਤੇ ਇਸ ਲਈ ਜਿੱਥੇ ਆਪੋਜ਼ੀਸ਼ਨ ਪਾਰਟੀ ਦੀ ਲੋੜ ਹੋਵੇ, ਆਮ ਆਦਮੀ ਪਾਰਟੀ ਸਾਰੇ ਐਮ.ਐਲ.ਏ., ਸਾਰੇ ਐਮ.ਪੀ. ਨੰਗੇ ਪੈਰ ਚੱਲ ਕੇ ਤੁਹਾਡੇ ਨਾਲ ਜਾਣ ਨੂੰ ਤਿਆਰ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਰ ਦੂਜੀ ਗੱਲ , ਇਹ ਹੈ ਕਿ ਇੱਕ ਅਨਟਾਈਡ ਫੰਡ ਦੀ ਗੱਲ ਕੀਤੀ ਸੀ। ਕੈਪਟਨ ਸਾਹਿਬ ਨੇ ਕਿਹਾ ਸੀ ਕਿ ਡੀ.ਸੀਜ਼. ਕੋਲ ਗਏ ਹਨ। ਸਰ, ਅਸੀਂ ਕਹਿੰਦੇ ਸੀ ਕਿ ਜਿਹੜਾ ਐਮ.ਐਲ.ਏ. ਲੈਡ ਹੈ, ਇਨ੍ਹਾਂ ਦੇ ਹਲਕੇ ਦੇ ਇੰਚਾਰਜਾਂ ਕੋਲ 5-5 ਕਰੋੜ ਰੁਪਿਆ ਪਹੁੰਚ ਚੁੱਕਿਆ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 8**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,03,27,94,54,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,46,91,51,65,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,03,27,94,54,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,46,91,51,65,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 9**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 9 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3,69,19,14,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,11,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਫੂਡ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3,69,19,14,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,00,11,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਫੂਡ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 10**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 10 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,62,79,75,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2,62,79,75,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 11 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸ਼੍ਰੀ ਕੰਵਰ ਸੰਧੂ, ਐਮ.ਐਲ.ਏ. ਅਤੇ ਸ਼੍ਰੀ ਗੁਰਮੀਤ ਸਿੰਘ, ਐਮ.ਐਲ.ਏ. ਵੱਲੋਂ ਮੰਗ ਨੰਬਰ 11 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਕੰਵਰ ਸੰਧੂ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਮੈਂ ਇਸ ਵਿੱਚ ਕਟੌਤੀ ਪ੍ਰਸਤਾਵ ਇਸ ਕਰਕੇ ਪੇਸ਼ ਕੀਤਾ ਹੈ ਕਿਉਂਕਿ ਇਸ ਵੇਲੇ ਜਿਹੜਾ ਪੈਸਾ ਖਰਚ ਹੋ ਰਿਹਾ ਹੈ ਇਸ ਦਾ ਫਾਇਦਾ ਪ੍ਰਾਈਵੇਟ ਹਸਪਤਾਲਾਂ ਨੂੰ ਹੋਣਾ ਹੈ। ਮੇਰਾ ਇਹ ਸੁਝਾਅ ਹੈ ਕਿ ਪਿੱਛੇ ਜਿਹੇ ਮੰਤਰੀ ਸਾਹਿਬ ਨੇ ਸ਼ਾਇਦ ਇੱਕ ਪ੍ਰਪੋਜ਼ਲ ਵੀ ਦਿੱਤਾ ਹੈ ਕਿ ਜਿਹੜੀ ਸੁਪਰ ਸਪੈਸ਼ਲਿਸਟ ਡਾਕਟਰਾਂ ਦੀ ਕਮੀ ਹੈ.......

**ਮਾਨਯੋਗ ਸਪੀਕਰ:** ਤੁਸੀਂ ਸਿਰਫ ਕੱਟ ਮੋਸ਼ਨ ਤੇ ਜਸਟੀਫਿਕੇਸ਼ਨ ਦਿਓ।

**ਸ਼੍ਰੀ ਕੰਵਰ ਸੰਧੂ:** ਸੁਣ ਤਾਂ ਲਓ ਜੀ। ਸਪੀਕਰ ਸਾਹਿਬ, ਸੁਝਾਅ ਸੁਣ ਤਾਂ ਲਓ ਜੀ। I will have to explain this.

**ਮਾਨਯੋਗ ਸਪੀਕਰ:** ਨਹੀਂ, ਨਹੀਂ ਭਾਸ਼ਣ ਨਹੀਂ। ਭਾਸ਼ਣ ਹੋ ਚੁੱਕਿਆ ਹੈ, ਸੁਝਾਅ ਵੀ ਆ ਚੁੱਕੇ ਹਨ, ਐਕਸਪਲੇਨੇਸ਼ਨ ਵੀ ਹੋ ਚੁੱਕੀ ਹੈ, now you are to justify your Cut Motion only.

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਕੱਟ ਮੋਸ਼ਨ ਦਾ ਮਤਲਬ ਹੀ ਇਹ ਹੁੰਦਾ ਹੈ, ਡਿਸਕਸ਼ਨ ਰੇਜ਼ ਕਰਨੀ।

**ਮਾਨਯੋਗ ਸਪੀਕਰ:** ਉਹ ਹੋ ਚੁੱਕੀ ਹੈ।

**ਸ਼੍ਰੀ ਕੰਵਰ ਸੰਧੂ:** ** **

**ਮਾਨਯੋਗ ਸਪੀਕਰ:** ਚਲੇ ਜਾਓ, ਤੁਸੀਂ ਮੇਰੇ ਲਈ ਨਹੀਂ ਜਾਣਾ ਹੈ, ਮੇਰੇ ਲਈ ਨਹੀਂ ਜਾਣਾ ਹੈ। ਮੇਰੇ ਲਈ ਨਹੀਂ ਜਾਣਾ ਹੈ।

---

** ** Expunged as ordered by the Hon'ble Speaker.

**ਸ਼੍ਰੀ ਕੰਵਰ ਸੰਧੂ:** ** **

**ਮਾਨਯੋਗ ਸਪੀਕਰ:** ਮੈਂ ਹਮੇਸ਼ਾ ਤੁਹਾਨੂੰ ਜ਼ਿਆਦਾ ਟਾਈਮ ਦਿੱਤਾ ਹੈ, ਹਮੇਸ਼ਾ ਤੁਹਾਨੂੰ ਵੱਧ ਟਾਈਮ ਦਿੱਤਾ ਹੈ ਲੇਕਿਨ ਜੇ ਇਸ ਤਰ੍ਹਾਂ ਧਮਕੀਆਂ ਦਿਓਗੇ ਤਾਂ ਵਾਜਬ ਨਹੀਂ ਹੋਵੇਗਾ।

**ਸ਼੍ਰੀ ਕੰਵਰ ਸੰਧੂ:** ਹੁਣ ਵੀ ਦੇ ਦਿਓ ਅੱਧਾ ਮਿੰਟ। ਸਾਰੀ ਅੱਧੇ ਮਿੰਟ ਦੀ ਗੱਲ ਹੈ।

**ਮਾਨਯੋਗ ਸਪੀਕਰ:** ਹਮੇਸ਼ਾ ਦਿੰਦਾ ਹਾਂ। ਆਊਟ ਆਫ ਦਿ ਵੇਅ ਦਿੰਦਾ ਹਾਂ। ਆਊਟ ਆਫ ਦਿ ਵੇਅ ਦਿੰਦਾ ਹਾਂ, remember it.

**ਸ਼੍ਰੀ ਕੰਵਰ ਸੰਧੂ:** ਬਹੁਤ ਮਿਹਰਬਾਨੀ ਸਪੀਕਰ ਸਾਹਿਬ, ਹੁਣ ਵੀ ਇੱਕ ਮਿੰਟ ਦੇ ਦਿਓ।

**ਮਾਨਯੋਗ ਸਪੀਕਰ:** ਬੋਲੋ, ਬੋਲੋ।

**ਸ਼੍ਰੀ ਕੰਵਰ ਸੰਧੂ:** ਇੱਕ ਸੁਝਾਅ ਇਨ੍ਹਾਂ ਨੇ ਦਿੱਤਾ ਹੈ ਕਿ ਜਿਹੜੇ ਸੁਪਰ-ਸਪੈਸ਼ਲਿਸਟ ਡਾਕਟਰ ਹਨ, ਉਨ੍ਹਾਂ ਨੂੰ 25,000 ਤੋਂ 75,000 ਰੁਪਏ ਹਰ ਮਹੀਨੇ ਦਿੱਤਾ ਜਾਵੇਗਾ ਤਾਂ ਕਿ ਸੁਪਰ ਸਪੈਸ਼ਲਿਸਟ ਡਾਕਟਰ ਆ ਸਕਣ। ਉਨ੍ਹਾਂ ਦੀ ਕਮੀ ਹੈ। ਮੇਰਾ ਸੁਝਾਅ ਇਹ ਹੈ ਕਿ ਜਿਹੜੀ ਇਸ ਵੇਲੇ ਰੀਇੰਬਰਸਮੈਂਟ ਹੈ, ਜੇ ਅਸੀਂ ਉਸ ਵਿੱਚ ਹੌਲੀ-ਹੌਲੀ ਇਹ ਕਰ ਦਿੰਦੇ ਹਾਂ ਕਿ ਉਹ ਕੇਵਲ ਸਰਕਾਰੀ ਹਸਪਤਾਲਾਂ ਵਿੱਚ ਹੀ ਹੋਵੇਗੀ ਤਾਂ ਇਸ ਦੀ ਕਮੀ ਆਪਣੇ ਆਪ ਪੂਰੀ ਹੋ ਜਾਵੇਗੀ। ਇਹ ਅਸੀਂ ਆਪਣੇ ਤੋਂ ਸ਼ੁਰੂ ਕਰ ਸਕਦੇ ਹਾਂ ਕਿ ਐਮ.ਐਲ.ਏ., ਮਨਿਸਟਰ ਔਰ ਜਿਹੜੇ ਸਰਕਾਰੀ ਅਫਸਰ ਹਨ, ਕਿ ਅਸੀਂ ਸਰਕਾਰੀ ਰੀਇੰਬਰਸਮੈਂਟ ਹੀ ਲਵਾਂਗੇ ਔਰ ਪਾਇਲਟ ਪ੍ਰੋਜੈਕਟ ਮੁਹਾਲੀ, ਖਰੜ ਤੋਂ ਸ਼ੁਰੂ ਕਰ ਸਕਦੇ ਹਾਂ। ਔਰ ਜਿਹੜੇ ਵੱਡੇ ਓਪਰੇਸ਼ਨਜ਼ ਹਨ, orthopaedic operations ਜਾਂ ਜਿਹੜੀਆਂ heart surgeries ਹਨ, ਉਨ੍ਹਾਂ ਦਾ ਜਿਹੜਾ ਪੈਕੇਜ ਹੋਵੇਗਾ ਉਸ ਦੀ percentage ਸੁਪਰ-ਸਪੈਸ਼ਲਿਟੀ ਡਾਕਟਰਾਂ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਬੈਠੋ।

**ਸ਼੍ਰੀ ਕੰਵਰ ਸੰਧੂ:** ਇਸ ਨਾਲ ਆਪਣੇ ਆਪ ਹੀ ਸਰਕਾਰੀ ਹਸਪਤਾਲ ਦੁਬਾਰਾ ਚੱਲਣ ਲੱਗ ਪੈਣਗੇ ਔਰ ਪ੍ਰਾਈਵੇਟ ਹਸਪਤਾਲਾਂ ਨਾਲ ਉਨ੍ਹਾਂ ਦਾ ਕੰਪੀਟੀਸ਼ਨ ਹੋ ਜਾਵੇਗਾ। ਮੇਰਾ ਇਹ ਸੁਝਾਅ ਹੈ। ਬਹੁਤ ਮਿਹਰਬਾਨੀ।

---

** ** Expunged as ordered by the Hon'ble Speaker.

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ) :** ਧੰਨਵਾਦ ਸਪੀਕਰ। ਸਪੀਕਰ ਸਾਹਿਬ, ਜਿਵੇਂ ਅੱਜ ਅਮਨ ਅਰੋੜਾ ਜੀ ਨੇ ਵੀ ਦੱਸਿਆ ਕਿ ਜਿਹੜਾ ਪੰਜਾਬ ਦਾ ਹੈਲਥ ਬਜਟ ਹੈ, ਉਹ ਪੂਰੇ ਹਿੰਦੁਸਤਾਨ ਨਾਲੋਂ ਘੱਟ ਹੈ। ਸਰ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਵੈਸੇ ਉਨ੍ਹਾਂ ਨੂੰ ਪਤਾ ਵੀ ਹੋਵੇਗਾ ਕਿ 1980 ਵਿੱਚ ਜਿਹੜਾ ਪੰਜਾਬ ਦਾ ਖਾਸ ਕਰਕੇ ਰੂਰਲ ਇਨਫਰਾਸਟ੍ਰਕਚਰ ਸੀ ਉਹ ਪੂਰੇ ਹਿੰਦੁਸਤਾਨ ਵਿੱਚ ਬੈਸਟ ਸੀ।

**ਮਾਨਯੋਗ ਸਪੀਕਰ:** ਤੁਸੀਂ ਦੱਸੋ ਨਾ, ਇਹ ਜਾਣਕਾਰੀ ਉਨ੍ਹਾਂ ਕੋਲ ਹੈ। ਨਹੀਂ, ਨਹੀਂ, ਤੁਸੀਂ ਕੱਟ ਮੋਸ਼ਨ ਤੇ ਆਓ। ਉਨ੍ਹਾਂ ਨੂੰ ਜਾਣਕਾਰੀ ਨਾ ਦਿਓ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਐਵੇਂ ਨਾ ਕਰੋ। ਅੱਜ ਲਾਸਟ ਦਿਨ ਹੈ ਜੀ, ਅੱਜ ਤਾਂ ਬੋਲ ਲੈਣ ਦਿਓ। ਇਸ ਤੋਂ ਬਾਅਦ ਪਤਾ ਨਹੀਂ ਕਿੰਨੇ ਮਹੀਨੇ ਬਾਅਦ ਮੌਕਾ ਮਿਲਣਾ ਹੈ। ਸਰ, ਬੜਾ ਜ਼ਰੂਰੀ ਹੈ, ਜਿਹੜੀ ਲੋਕਾਂ ਦੀ ਮੁੱਢਲੀ ਸਹੂਲਤ ਹੈ, ਇਹ ਉਸ ਨਾਲ ਜੁੜਿਆ ਹੋਇਆ ਹੈ।

**ਮਾਨਯੋਗ ਸਪੀਕਰ:** ਨਹੀਂ, ਨਹੀਂ, ਤੁਸੀਂ ਹਮੇਸ਼ਾ ਬੋਲਦੇ ਰਹੇ ਹੋ। ਫਿਰ ਤੁਸੀਂ ਆਓ, ਕੱਟ ਮੋਸ਼ਨ ਤੇ ਆਓ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਉਦੋਂ ਹੈਲਥ ਦਾ ਬਜਟ 10% ਸੀ ਅਤੇ ਉਸ ਸਮੇਂ ਪੰਜਾਬ ਵਿੱਚ 4000 ਡਾਕਟਰ ਪੱਕੇ ਸੀ ਅਤੇ ਉਦੋਂ 1.67 ਕਰੋੜ ਪਾਪੂਲੇਸ਼ਨ ਸੀ ਅਤੇ ਅੱਜ ਜਦੋਂ ਤਿੰਨ ਕਰੋੜ ਪਾਪੂਲੇਸ਼ਨ ਹੈ ਤਾਂ ਡਾਕਟਰ 4400 ਹੋ ਗਏ ਹਨ ਅਤੇ ਉਸ ਵਿੱਚੋਂ ਵੀ 600 ਪੋਸਟਾਂ ਖਾਲੀ ਪਈਆਂ ਹਨ ਜਦਕਿ ਸਵਾ ਕਰੋੜ ਪੰਜਾਬ ਦੀ ਪਾਪੂਲੇਸ਼ਨ ਵੱਧ ਗਈ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 11**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 34,48,33,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,73,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 34,48,33,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,73,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 12 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ. ਵੱਲੋਂ ਮੰਗ ਨੰਬਰ 12 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਹਰਪਾਲ ਸਿੰਘ ਚੀਮਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਪੰਜਾਬ ਦੇ ਪਿੰਡ ਸੰਘੋਵਾਲ ਵਿਖੇ ਇਕ ਦਲਿਤ ਲੜਕੀ ਨੂੰ ਪਹਿਲਾਂ Sexually ਹਰਾਸ ਕੀਤਾ ਗਿਆ ਅਤੇ ਬਾਅਦ ਵਿੱਚ ਉਸ ਨੇ ਸੁਸਾਈਡ ਕੀਤਾ ਉਸ ਉੱਤੇ ਲੁਧਿਆਣਾ ਦੀ ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ। ਇਸ ਤੋਂ ਬਿਨਾਂ....

**ਮਾਨਯੋਗ ਸਪੀਕਰ:** ਇਹ ਗੱਲ ਤੁਸੀਂ ਅੱਜ ਕਰ ਚੁੱਕੇ ਹੋ। ਤੁਸੀਂ ਇਹ ਗੱਲ ਕਰ ਚੁੱਕੇ ਹੋ।

**ਸਰਦਾਰ ਹਰਪਾਲ ਸਿੰਘ ਚੀਮਾ:** ਪੰਜਾਬ ਪੁਲਿਸ ਵੱਖ-ਵੱਖ ਕੇਸਾਂ ਦੇ ਵਿੱਚ tainted ਤੇ faulty investigation ਕਰਦੀ ਹੈ ਜਿਸ ਕਰਕੇ ਵੱਡੀ ਪੱਧਰ ਤੇ ਐਨ.ਟੀ.ਪੀ.ਐਸ. ਦੇ ਕੇਸਾਂ ਵਿੱਚ ਲੋਕ ....

**ਮਾਨਯੋਗ ਸਪੀਕਰ:** ਕੱਟ ਮੋਸ਼ਨ, ਕੱਟ ਮੋਸ਼ਨ।

**ਸਰਦਾਰ ਹਰਪਾਲ ਸਿੰਘ ਚੀਮਾ:** ਇੱਕ ਮਿੰਟ ਸਰ। ਜਿਹੜੇ ਮੁਲਜ਼ਮ ਹਨ, ਜਿਹੜੇ ਪੰਜਾਬ ਵਿੱਚ ਨਸ਼ਾ ਵੇਚਦੇ ਹਨ, ਉਹ ਬਰੀ ਹੋ ਜਾਂਦੇ ਹਨ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ : 12**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 68,94,69,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,30,18,13,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019–20 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 68,94,69,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,30,18,13,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019–20 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 13 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ ਜੀ, ਤੁਹਾਡਾ ਕੱਟ ਮੋਸ਼ਨ ਹੈ।

**ਸ਼੍ਰੀ ਅਮਨ ਅਰੋੜਾ:** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਪ੍ਰਸਤਾਵ ਪੇਸ਼ ਕਰੋ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਰ, ਇੰਡਸਟਰੀ ਅਤੇ ਕਮਰਸ ਦੇ ਵਿੱਚ ਜਿਹੜਾ ਸਰਕਾਰ ਕਲੇਮ ਕਰਦੀ ਹੈ ਕਿ ਅਸੀਂ 5/- ਰੁਪਏ ਪ੍ਰਤੀ ਯੂਨਿਟ ਬਿਜਲੀ ਦੇ ਰਹੇ ਹਾਂ। ਉਹ ਅੱਜ ਵੀ 10-12 ਮੇਰੇ ਕੋਲ ਬਿਲਜ਼ ਪਏ ਹਨ ਔਰ ਉਸ ਲਈ 1500 ਕਰੋੜ ਰੁਪਿਆ ਰੱਖਿਆ ਗਿਆ ਹੈ।ਮੈਂ ਨਾਲ ਹੀ ਇਹ ਸਮਝਦਾ ਹਾਂ ਕਿ ਜੇ ਕਿਤੇ ਇੰਪਲਾਇਮੈਂਟ ਮਿਲ ਸਕਦੀ ਹੈ ਤਾਂ ਸਿਰਫ ਤੇ ਸਿਰਫ ਇੰਡਸਟਰੀ ਵਿੱਚ ਮਿਲ ਸਕਦੀ ਹੈ। ਪੰਜਾਬ ਵਿੱਚ 2 ਲੱਖ ਯੂਨਿਟ ਹਨ, ਜਿਹੜੇ ਕਰੀਬ 17.5 ਲੱਖ ਇੰਪਲਾਇਮੈਂਟ ਜਨਰੇਟ ਕਰਦੇ ਹਨ।ਇਸ ਦੇ ਲਈ ਜੋ ਐਲੋਕੇਸ਼ਨ ਹੈ, ਉਹ ਸਰਕਾਰ ਨੇ ਬਜਟ ਦੇ ਵਿੱਚ ਬਹੁਤ ਘੱਟ ਰੱਖੀ ਹੈ, ਇਹ ਵਧਣੀ ਚਾਹੀਦੀ ਹੈ ਜੀ। Thank you.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 13**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,27,99,29,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,29,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,27,99,29,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,29,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 14

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 14 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 68,14,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 68,14,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 15 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਜੀ ਤੁਹਾਡਾ ਕੱਟ ਮੋਸ਼ਨ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਆਪਾਂ ਸਾਰੇ ਇਸ ਚੀਜ਼ ਨੂੰ ਲੈ ਕੇ ਬੜੇ ਗੰਭੀਰ ਹਾਂ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਤੋਂ ਬਾਹਰ ਨਾ ਜਾਵੇ।

**ਮਾਨਯੋਗ ਸਪੀਕਰ:** ਤੁਸੀਂ ਪਹਿਲਾਂ ਪ੍ਰਸਤਾਵ ਪੇਸ਼ ਕਰ ਲਵੋ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ) :** ਸਪੀਕਰ ਸਾਹਿਬ, ਆਪਾਂ ਸਾਰੇ ਇਸ ਚੀਜ਼ ਨੂੰ ਲੈ ਕੇ ਬੜੇ ਗੰਭੀਰ ਹਾਂ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਤੋਂ ਬਾਹਰ ਨਾ ਜਾਵੇ। ਦੂਜੇ ਪਾਸੇ ਜਦੋਂ ਨੋ ਡਿਮਾਂਡ ਪੀਰੀਅਡ ਹੁੰਦਾ ਹੈ, ਸਾਡੀਆਂ

ਫਸਲਾਂ ਨੂੰ ਲੋੜ ਨਹੀਂ ਹੁੰਦੀ ਤਾਂ ਅਸੀਂ ਉਹ ਪਾਣੀ ਕਿੱਥੇ ਲੈ ਕੇ ਜਾਈਏ? ਜਦੋਂ ਪਿੱਛੋਂ ਮੋਘੇ ਬੰਦ ਹੋ ਜਾਂਦੇ ਹਨ, ਸੂਏ ਟੁੱਟਦੇ ਹਨ। ਪਿਛਲੇ ਸਾਲ ਮੇਰੇ ਹਲਕੇ ਵਿੱਚ ਹੀ ਘੱਟੋ-ਘੱਟ 10-12 ਸੂਏ ਅਤੇ ਨਹਿਰਾਂ ਦੇ ਕੱਟ ਲੱਗੇ ਹਨ। ਉਸ ਤੇ ਕਿੰਨਾ ਪੈਸਾ ਖਰਚ ਹੋਇਆ ਹੈ, ਇਸ ਲਈ ਨਾ ਤਾਂ ਬਜਟ ਵਿੱਚ ਨਾ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕੋਈ ਇਸ ਤਰ੍ਹਾਂ ਦੀ ਪ੍ਰਪੋਜ਼ਲ ਦਿੱਤੀ ਗਈ ਹੈ ਕਿ ਜਿਹੜਾ ਵਾਧੂ ਪਾਣੀ ਹੈ, ਉਸ ਨੂੰ ਰੀਚਾਰਜਿੰਗ ਕਰਨ ਵਾਸਤੇ, ਉਸ ਨੂੰ ਸੰਭਾਲਣ ਵਾਸਤੇ, ਅਸੀਂ ਵਾਟਰ ਵੈੱਲ ਜਾਂ ਰੀਚਾਰਜਿੰਗ ਬੋਰਜ਼ ਦੀ ਗੱਲ ਕੀਤੀ ਹੈ ਪਰ ਕੋਈ ਉਸ ਦੇ ਵਾਸਤੇ ਪ੍ਰੋਵੀਜ਼ਨ ਨਹੀਂ ਰੱਖੀ ਗਈ। ਇਸ ਲਈ ਮੈਂ ਇਹ ਪ੍ਰਪੋਜ਼ਲ ਪੇਸ਼ ਕਰਦਾ ਹਾਂ ਕਿ ਜੇ ਤੁਸੀਂ ਰੱਖਣਾ ਹੀ ਕੁਝ ਨਹੀਂ ਤਾਂ ਇਹ 100 ਰੁਪਿਆ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ : 15**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 13,15,60,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,50,81,08,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 13,15,60,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,50,81,08,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 16 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸ਼੍ਰੀ ਬੁੱਧ ਰਾਮ, ਐਮ.ਐਲ.ਏ. ਵੱਲੋਂ ਮੰਗ ਨੰਬਰ 16 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਬੁੱਧ ਰਾਮ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਇਹ ਮੰਗ 100/–ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇਹ ਮੰਗ 100/–ਰੁਪਏ ਘੱਟ ਕਰ ਦਿੱਤੀ ਜਾਵੇ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.) :** ਸਪੀਕਰ ਸਾਹਿਬ, ਇਹ ਜਿਹੜੀ ਮੈਂ ਗੱਲ ਕਰ ਰਿਹਾ ਹਾਂ। ਲੇਬਰ ਮਜ਼ਦੂਰਾਂ ਨਾਲ ਸਬੰਧਿਤ ਗੱਲ ਕਰ ਰਿਹਾ ਹਾਂ। ਕਿਰਪਾ ਕਰਕੇ ਜਿਸ ਨੇ ਸਾਡੇ ਵਾਸਤੇ ਕੋਠੀਆਂ ਬਣਾਈਆਂ, ਇੰਨਾ ਵੱਡਾ ਹਾਲ ਬਣਾਇਆ, ਉਸ ਦੀ ਭਲਾਈ ਵਾਸਤੇ ਮੈਨੂੰ ਇੱਕ ਮਿੰਟ ਦੇ ਦਿਓ ਜੀ। ਇਹ ਬਹੁਤ ਜ਼ਰੂਰੀ ਹੈ। ਜਿਸ ਦੀ ਕਦੇ ਗੱਲ ਨਹੀਂ ਕੀਤੀ । ਲੇਬਰ ਦੀ ਸਮਾਜ ਵਿੱਚ ਬਹੁਤ ਵੱਡੀ ਦੇਣ ਹੈ। ਸਿੱਧੂ ਸਾਹਿਬ, ਜ਼ਰਾ ਨੋਟ ਕਰੋ ਜੀ। ਉਨ੍ਹਾਂ ਨੂੰ ਦੋ ਸਾਲਾਂ ਤੋਂ ਨਾ ਕੋਈ ਵਜ਼ੀਫਾ ਮਿਲਿਆ ਹੈ, ਨਾ ਹੀ ਕੋਈ ਉਨ੍ਹਾਂ ਨੂੰ ਸ਼ਗਨ ਸਕੀਮ ਮਿਲੀ ਹੈ, ਨਾ ਹੀ ਐਕਸਗਰੇਸ਼ੀਆ ਗਰਾਂਟ ਮਿਲੀ ਔਰ ਨਾ ਹੀ ਕੋਈ ਪੈਨਸ਼ਨ ਮਿਲਦੀ ਹੈ, ਜਦੋਂ ਕਿ ਇਸ ਵਾਸਤੇ ਇੱਕ ਲੇਬਰ ਐਂਡ ਅਦਰ ਕੰਸਟਰੱਕਸ਼ਨ ਬੋਰਡ ਬਣਦਾ ਹੁੰਦਾ ਹੈ, ਜਿਹੜਾ ਇਹ ਬੋਰਡ ਹੈ, ਉਸ ਦਾ ਮੁਖੀ ਮੁੱਖ ਮੰਤਰੀ ਹੁੰਦਾ ਹੈ ਪਰੰਤੂ ਅੱਜ ਉਸ ਦਾ ਨਾ ਕੋਈ ਚੇਅਰਮੈਨ ਹੈ ਅਤੇ ਨਾ ਹੀ ਕੋਈ ਮੈਂਬਰ ਹੈ। ਸਪੀਕਰ ਸਾਹਿਬ, ਨਾ ਹੀ ਉਸ ਬੋਰਡ ਦੇ ਵਿੱਚ ਕੋਈ ਪੱਕਾ ਸਟਾਫ ਹੈ।

**ਮਾਨਯੋਗ ਸਪੀਕਰ :** ਤੁਸੀਂ ਕੱਟ ਮੋਸ਼ਨ ਦੀ ਗੱਲ ਕਰੋ।ਕੱਟ ਮੋਸ਼ਨ ਤੇ ਆਓ ਜੀ।

**ਸ਼੍ਰੀ ਬੁੱਧ ਰਾਮ:** ਸਰ, ਕਿਰਪਾ ਕਰਕੇ ਇਸ ਦੀ ਰੈਗੂਲਰ ਭਰਤੀ ਕੀਤੀ ਜਾਵੇ ਤਾਂ ਜੋ ਮਜ਼ਦੂਰਾਂ ਨੂੰ ਜਿਹੜੀ ਐਕਸਗਰੇਸ਼ੀਆ ਗਰਾਂਟ ਹੈ ਜਾਂ ਪੈਨਸ਼ਨ ਹੈ, ਉਹ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਬੁੱਧ ਰਾਮ ਜੀ, ਬੁੱਧ ਰਾਮ ਜੀ, ਤੁਸੀਂ ਅੱਠ ਦਿਨ ਬੋਲਦੇ ਰਹੇ ਹੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਤੁਸੀਂ ਕੱਟ ਮੋਸ਼ਨ ਤੇ ਕਹਿਣਾ ਹੈ। ਹਾਂ ਜੀ, ਦੱਸੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਹਾਂ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਜਿਹੜੀ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਕਿ ਜਿਹੜਾ ਲੇਬਰ ਕੰਸਟਰੱਕਸ਼ਨ ਬੋਰਡ ਹੈ, ਉਸ ਉੱਤੇ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਸ ਵਿੱਚ ਸਰਪਲੱਸ ਪੈਸਾ ਪਿਆ ਹੈ,ਉਹ ਪੈਸਾ ਲੋਕਾਂ ਦਾ ਬਣਦਾ ਹੈ, ਜਿਨ੍ਹਾਂ ਲੋਕਾਂ ਨੇ ਉਸ ਵਾਸਤੇ ਐਪਲੀਕੇਸ਼ਨਜ਼ ਦਿੱਤੀਆਂ ਸਨ। ਉਸ ਵਿੱਚ ਕਿਤੇ ਨਾ ਕਿਤੇ ਗੌਰ ਕਰਨ ਦੀ ਲੋੜ ਹੈ।ਉਨ੍ਹਾਂ ਦੀ ਮੀਟਿੰਗ ਬੁਲਾ ਕੇ, ਜਿਹੜਾ ਉਨ੍ਹਾਂ ਦਾ ਪੈਸਾ ਹੈ, ਉਹ ਜਲਦੀ ਤੋਂ ਜਲਦੀ ਦਿੱਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ:16**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 28,34,71,000 ਰੁਪਏ ਤੋਂ ਘੱਟ ਨਾ ਹੋਵੇ, ਸਾਲ 2019-20 ਲਈ ਕਿਰਤ ਦੇ ਸੰਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 28,34,71,000 ਰੁਪਏ ਤੋਂ ਘੱਟ ਨਾ ਹੋਵੇ, ਸਾਲ 2019-20 ਲਈ ਕਿਰਤ ਦੇ ਸੰਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 17 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸ੍ਰੀ ਗੁਰਮੀਤ ਸਿੰਘ, ਐਮ.ਐਲ.ਏ. ਵੱਲੋਂ ਮੰਗ ਨੰਬਰ 17 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਜ਼ਰਾ ਸਪੀਕਰ ਚਲਾਓ ਜੀ।

**ਮਾਨਯੋਗ ਸਪੀਕਰ:** ਇਹ ਹੁਣ ਹਾਜ਼ਰੀ ਪਾਉਣ ਵਾਸਤੇ ਹੋ ਰਿਹਾ ਹੈ। ਦੱਸੋ, ਤੁਸੀਂ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਨਹੀਂ ਸਰ, ਨਹੀਂ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਇਹੀ ਹੋ ਰਿਹਾ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਅਸੀਂ ਆਪਣੇ ਪੁਆਇੰਟ ਰੇਜ਼ ਕਰ ਰਹੇ ਹਾਂ ਜੀ।

**ਮਾਨਯੋਗ ਸਪੀਕਰ:** ਤੁਸੀਂ ਜਾਂ ਤਾਂ ਕੱਟ ਮੋਸ਼ਨ ਤੇ ਬੋਲੋ। ਸਹੀ ਬੋਲੋ। ਕੱਟ ਮੋਸ਼ਨ ਤੇ ਬੋਲੋ।ਕੱਟ ਮੋਸ਼ਨ ਤੇ ਆ ਜਾਓ। ਜ਼ਰੂਰ ਗੱਲ ਕਰੋ। ਜੇਕਰ ਭਾਸ਼ਣ ਕਰਨਾ ਹੈ ਤਾਂ ਭਾਸ਼ਣ ਅੱਠ-ਦਸ ਦਿਨਾਂ ਤੋਂ ਹੋ ਰਿਹਾ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਕੱਟ ਮੋਸ਼ਨ ਤੇ ਹੀ ਬੋਲਣਾ ਹੈ। ਜੇਕਰ ਇੱਕ ਮਿੰਟ ਤੋਂ ਜ਼ਿਆਦਾ ਬੋਲਿਆ ਤਾਂ ਬਿਠਾ ਦੇਣਾ।

**ਮਾਨਯੋਗ ਸਪੀਕਰ:** ਹਾਂ ਜੀ, ਬੋਲੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ) :** ਸਪੀਕਰ ਸਾਹਿਬ, ਜਿਸ ਦਿਨ ਬਜਟ ਆਇਆ ਹੈ, ਸਾਰੇ ਅੰਗਰੇਜ਼ੀ ਨਿਊਜ਼ ਪੇਪਰਜ਼ ਵਿੱਚ ਲਿਖਿਆ ਸੀ ਕਿ local bodies get lion's share. ਸਰ, ਜਦੋਂ ਵੀ ਬਜਟ ਆਉਂਦਾ ਹੈ, ਪਿਛਲੀ ਸਰਕਾਰ ਵੇਲੇ ਵੀ ਜਦੋਂ ਆਉਂਦਾ ਸੀ ਤਾਂ ਲੋਕਲ ਬਾਡੀਜ਼ ਨੂੰ ਬੜੇ ਪੈਸੇ ਦਿੱਤੇ ਜਾਂਦੇ ਹਨ। ਸਾਡੇ ਬਰਨਾਲਾ ਵਿੱਚ ਵੀ ਦੋ ਸੌ ਕਰੋੜ ਰੁਪਏ ਸੀਵਰੇਜ ਤੇ ਲਗਾਉਣ ਦਾ ਦਾਅਵਾ ਕੀਤਾ ਗਿਆ ਹੈ। ਸਰ, ਪੰਜਾਬ ਵਿੱਚ ਕਿਤੇ ਵੀ ਜਾ ਕੇ ਦੇਖ ਲਓ, 70 ਸਾਲਾਂ ਤੋਂ ਉਹੀ ਬੁਰਾ ਹਾਲ ਹੈ। ਪਾਣੀ, ਸੀਵਰੇਜ ਆਦਿ ਸਭ ਦਾ ਬੁਰਾ ਹਾਲ ਹੈ। ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਪਰੰਤੂ ਮੰਤਰੀ ਸਾਹਿਬ ਇੱਥੇ ਬੈਠੇ ਨਹੀਂ ਹਨ। ਹੁਣ ਵੀ ਬਰਨਾਲਾ ਨੂੰ ਸੌ ਕਰੋੜ ਰੁਪਿਆ ਦਿੱਤਾ ਗਿਆ ਹੈ ਪਰ ਜਿਹੜਾ ਇਨ੍ਹਾਂ ਨੇ ਦੋ ਸੌ ਕਰੋੜ ਰੁਪਿਆ ਦਿੱਤਾ ਸੀ, ਉਸ ਦੀ ਇਨਕੁਆਰੀ ਤਾਂ ਕਰਵਾ ਲਓ ਕਿ ਉਹ ਪੈਸਾ ਕਿੱਥੇ ਗਿਆ।

**ਮਾਨਯੋਗ ਸਪੀਕਰ:** ਹੁਣ ਤਾਂ ਫਿਰ ਇਹ ਹਾਜ਼ਰੀ ਹੀ ਪਈ। ਤੁਸੀਂ ਗੱਲ ਕੱਟ ਮੋਸ਼ਨ ਤੇ ਕਰਨੀ ਹੈ ਔਰ ਤੁਸੀਂ ਇਨਕੁਆਰੀਆਂ ਕਰਵਾ ਰਹੇ ਹੋ। ਇਨਕੁਆਰੀਆਂ ਤਾਂ ਤੁਸੀਂ ਦਸ ਦਿਨਾਂ ਤੋਂ ਕਰਵਾ ਲਈਆਂ ਹਨ। ਦਸ ਦਿਨ ਹੋ ਗਏ ਹਨ, ਇਨਕੁਆਰੀਆਂ ਕਰਵਾਉਂਦਿਆਂ ਨੂੰ (ਹਾਸਾ)।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 17**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 31,37,03,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,87,09,80,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਥਾਨਕ ਸਰਕਾਰ ਦੇ ਸੰਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 31,37,03,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,87,09,80,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਥਾਨਕ ਸਰਕਾਰ ਦੇ ਸੰਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ : 18**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ:18 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 16,66,95,000 ਰੁਪਏ ਅਤੇ ਪੂੰਜੀਗਤ ਲੇਖੇ ਤੇ 60,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 16,66,95,000 ਰੁਪਏ ਅਤੇ ਪੂੰਜੀਗਤ ਲੇਖੇ ਤੇ 60,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ : 19**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ:19 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 62,35,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,52,87,92,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 62,35,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,52,87,92,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 20 ਉੱਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ ਜੀ, ਐਮ.ਐਲ.ਏ. ਵੱਲੋਂ ਮੰਗ ਨੰ:20 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ ਸਬੰਧਿਤ ਐਮ.ਐਲ.ਏ. ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਅਰੋੜਾ ਜੀ, ਤੁਸੀਂ ਕੱਟ ਮੋਸ਼ਨ ਤੇ ਬੋਲੋ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ, ਸਾਨੂੰ ਇੱਕ ਬੇਨਤੀ ਕਰ ਲੈਣ ਦਿਓ, ਅਸੀਂ ਹਾਜ਼ਰੀ ਨਹੀਂ ਲਵਾ ਰਹੇ, ਅਸੀਂ ਲੋਕਾਂ ਦੀਆਂ ਮੰਗਾਂ ਸਰਕਾਰ ਅੱਗੇ ਪੇਸ਼ ਕਰ ਰਹੇ ਹਾਂ।

**ਮਾਨਯੋਗ ਸਪੀਕਰ :** ਨਹੀਂ ਉਹ ਹੋ ਗਿਆ, ਡਿਸਕਸ਼ਨ ਹੋ ਗਈ।ਹੁਣ Cut Motion ਹੈ, I can't help it.

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੰਗ ਨੰਬਰ 20 ਦੇ ਵਿਚ ਜਿਹੜੇ ਤਿੰਨ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਐਗਰੀਮੈਂਟ ਹੋਏ ਹਨ ਜਿਵੇਂ ਕਿ ਜਾਖੜ ਸਾਹਿਬ ਕਹਿ ਕੇ ਗਏ ਹਨ ਕਿ ਹਰ ਸਾਲ 23

ਸੌ ਕਰੋੜ ਰੁਪਿਆ ਫਾਲਤੂ ਦਾ ਜਾਂਦਾ ਹੈ, ਕਾਂਗੜ ਸਾਹਿਬ ਨੇ ਕਿਹਾ ਹੈ ਕਿ 446 ਕਰੋੜ undrawn ਪਾਵਰ ਦਾ ਇੱਕ ਸਾਲ ਦਾ ਦਸ ਮਹੀਨੇ ਵਿਚ ਗਿਆ ਹੈ। ਰਾਣਾ ਗੁਰਜੀਤ ਜੀ ਕਹਿ ਕੇ ਗਏ ਹਨ ਕਿ 20 ਸਾਲਾਂ ਵਿਚ 62,500 ਕਰੋੜ ਰੁਪਿਆ ਚਲਾ ਜਾਣਾ ਹੈ। ਮੇਰੀ ਬੇਨਤੀ ਹੈ ਕਿ ਜਦੋਂ ਇੰਨੇ ਮਾੜੇ ਹਾਲਾਤ ਹਨ, ਫਾਈਨਾਂਸ਼ੀਅਲ ਕੰਡੀਸ਼ਨ ਇੰਨੀ ਮਾੜੀ ਹੈ ਤਾਂ 70 ਹਜ਼ਾਰ ਕਰੋੜ ਰੁਪਿਆ 25 ਸਾਲਾਂ ਦਾ ਚਲਿਆ ਜਾਣਾ ਹੈ। ਮੇਰੀ ਬੇਨਤੀ ਹੈ ਕਿ ਆਪਾਂ 2004 ਦਾ ਪਾਣੀਆਂ ਦਾ ਐਗਰੀਮੈਂਟ ਕੈਂਸਲ ਕਰ ਸਕਦੇ ਹਾਂ ਤਾਂ.. ਗੱਲ ਹੋ ਰਹੀ ਸੀ ਕਿ ਸਰਕਾਰ ਦੀ ਸਾਖ ਦੀ ਗੱਲ ਹੈ। ਸਰ, ਜੇ ਬੀ.ਐਲ.ਐਸ. ਕੰਪਨੀ ਸੇਵਾ ਕੇਂਦਰ ਪ੍ਰੋਵਾਈਡਰ ਸੀ ਜੇ ਉਨ੍ਹਾਂ ਦਾ ਆਪਾਂ.....( ਵਿਘਨ)

**ਮਾਨਯੋਗ ਸਪੀਕਰ:** ਇਹ ਗੱਲ ਦਿਨ ਵਿਚ ਦੋ ਵਾਰ ਹੋ ਚੁੱਕੀ ਹੈ, ਇਹ ਦਿਨ ਵਿਚ ਦੋ ਵਾਰ ਹੋ ਚੁੱਕੀ ਹੈ। You are doing it at the cost of repetition.

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 20**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 20,73,18,12,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,57,38,91,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 20,73,18,12,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,57,38,91,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 21 ਉੱਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸਰਦਾਰ ਜੈ ਕ੍ਰਿਸ਼ਨ ਸਿੰਘ ਐਮ.ਐਲ.ਏ. ਵੱਲੋਂ ਮੰਗ ਨੰ:21 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ, ਸਬੰਧਿਤ ਐਮ.ਐਲ.ਏ. ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ) :** ਸਰ, ਭੂਗੋਲਿਕ ਤੌਰ ਤੇ ਦੇਖੀਏ ਤਾਂ ਪੂਰਾ ਮਾਝਾ, ਦੁਆਬਾ, ਗੜ੍ਹਸ਼ੰਕਰ ਦੇ ਵਿਚੋਂ ਹੋ ਕੇ ਲੰਘਦਾ ਹੈ, ਇੱਥੇ ਬਾਈਪਾਸ ਦੀ ਬਹੁਤ ਵੱਡੀ ਜ਼ਰੂਰਤ ਹੈ। ਜੇਕਰ ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਨੂੰ ਜਾਈਏ ਤਾਂ ਇਹ 6 ਕਿਲੋਮੀਟਰ ਦਾ ਟੋਟਾ ਹੈ ਇਹ ਪਿਛਲੇ ਕਾਫੀ ਸਮੇਂ ਤੋਂ ਇਸ ਦੀ ਮੰਗ ਰੱਖ ਚੁੱਕੇ ਹਨ। ਮੈਂ ਸਦਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮੰਗ ਜ਼ਰੂਰ ਪੂਰੀ ਕੀਤੀ ਜਾਵੇ।

**ਮਾਨਯੋਗ ਸਪੀਕਰ :** ਕੱਟ ਮੋਸ਼ਨ ਦੀ ਗੱਲ ਤਾਂ ਹੋਈ ਨਹੀਂ। ਦਸ ਦਿਨ ਇਹੋ ਮੰਗਾਂ ਚੱਲਦੀਆਂ ਰਹੀਆਂ ਹਨ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

## ਮੰਗ ਨੰ : 21

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 6,31,12,65,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,67,28,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 6,31,12,65,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,67,28,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 22**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ:22 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 13,78,13,49,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਮਾਲ ਅਤੇ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 13,78,13,49,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਮਾਲ ਅਤੇ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 23 ਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ. ਸ਼੍ਰੀ ਕੰਵਰ ਸੰਧੂ, ਐਮ.ਐਲ.ਏ. ਅਤੇ ਸਰਦਾਰ ਮਨਜੀਤ ਸਿੰਘ, ਐਮ.ਐਲ.ਏ. ਵੱਲੋਂ ਕਟੌਤੀ ਪ੍ਰਸਤਾਵ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਆਪਣਾ ਕਟੌਤੀ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.) :** ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੇ ਪਿਛਲੇ 20 ਸਾਲਾਂ ਤੋਂ ਪਿੰਡਾਂ ਦੇ ਵਿੱਚ ਗਰਾਮ ਸਭਾਵਾਂ ਬੁਲਾ ਕੇ ਗ੍ਰਾਂਟਾਂ ਦਿੱਤੀਆਂ ਹੁੰਦੀਆਂ ਤਾਂ ਮੈਨੂੰ ਲਗਦਾ ਹੈ ਕਿ 20 ਸਾਲਾਂ ਗ੍ਰਾਂਟਾਂ ਦੇਣ ਦੀ ਲੋੜ ਨਹੀਂ ਪੈਣੀ ਸੀ। ਮੇਰੇ ਪਿੰਡ ਦੇ ਵਿੱਚ ਤਕਰੀਬਨ ਪਿਛਲੇ ਕੁਝ ਕੁ ਸਾਲਾਂ ਤੋਂ ਕਈ ਪਿੰਡਾਂ ਵਿੱਚ ਸੀਵਰੇਜ ਬਣੇ ਹਨ, 1 ਕਰੋੜ 10 ਲੱਖ ਰੁਪਿਆ ਪਿਛਲੀ ਕਾਂਗਰਸ ਸਰਕਾਰ ਮੌਕੇ 2007 ਵਿੱਚ ....

**ਮਾਨਯੋਗ ਸਪੀਕਰ :** ਤੁਸੀਂ ਇਹ ਦੱਸੋ ਕਿ ਕੱਟ ਕਿਉਂ ਲਗਾਇਆ ਜਾਵੇ, ਕੱਟ ਕਿਉਂ ਲਗਾਇਆ ਜਾਵੇ? ਜਸਟੀਫਿਕੇਸ਼ਨ ਦਿਓ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਉਹੀ ਗੱਲ ਕਰਦਾ ਹਾਂ ਜੀ।

**ਮਾਨਯੋਗ ਸਪੀਕਰ :** ਨਹੀਂ, ਨਹੀਂ। ਭਾਸ਼ਣ ਨਹੀਂ, ਜਸਟੀਫਿਕੇਸ਼ਨ ਦਿਓ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਨਹੀਂ, ਉਥੇ ਹੀ ਗੱਲ ਲਿਆ ਰਿਹਾ ਹਾਂ।

**ਮਾਨਯੋਗ ਸਪੀਕਰ :** ਨਹੀਂ, ਉਥੇ ਹੀ ਨਹੀਂ ਲਿਆਉਣੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ** : ਕੱਟ ਮੋਸ਼ਨ ਤੇ ਸੁਝਾਅ ਹੀ ਦਿੰਦਾ ਹਾਂ ਜੀ ਕਿ ਜੇਕਰ ਗਰਾਮ ਸਭਾਵਾਂ ਦੇ ਇਜਲਾਸ ਬੁਲਾ ਕੇ ਪੈਸੇ ਦਿੱਤੇ ਜਾਂਦੇ, ਮੈਂ ਉਹੀ ਦੱਸਦਾ ਹਾਂ ਕਿ ਫਿਰ 20 ਸਾਲ ਪੈਸੇ ਦੇਣ ਦੀ ਲੋੜ ਨਹੀਂ ਸੀ ਪੈਂਦੀ। ਸਾਡੇ ਅਨੇਕਾਂ ਪਿੰਡਾਂ ਦੇ ਵਿੱਚ ਜਿਹੜੇ ਸੀਵਰੇਜ ਬਣਾਏ ਗਏ ਹਨ, ਉਨ੍ਹਾਂ ਤੇ ਕਰੋੜਾਂ ਰੁਪਿਆ ਖਰਚ ਕਰ ਦਿੱਤਾ। ਉਹ ਪੰਜ ਦਿਨ ਵੀ ਨਹੀਂ ਚੱਲੇ ਜੀ। ਇਸੇ ਤਰ੍ਹਾਂ ਹੀ ਇਥੇ ਮੋਹਾਲੀ ਦੇ ਵਿੱਚ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦਾ ਚੋਣਾਂ ਦੇ ਦੌਰਾਨ ਬੁੱਤ ਲਗਾਇਆ ਗਿਆ। ਉਦੋਂ ** ਮੰਤਰੀ ਸੀ। 10 ਲੱਖ ਰੁਪਏ ਦਾ ਉਸ ਵਿੱਚ ਘਪਲਾ ਕੀਤਾ ਗਿਆ ਜੀ। ਮੈਂ ਉਥੇ ਫੁਹਾਰੇ ਵਗੈਰਾ ਲਗਾਉਣੇ ਸੀ, ਉਹ ਅੱਜ ਤੱਕ ਨਹੀਂ ਲੱਗੇ, ਪਤਾ ਨਹੀਂ ਕਿੱਥੇ ਲੱਗ ਗਏ ਹਨ। ਮੰਤਰੀ ਸਾਹਿਬ ਇਨਸ਼ਿਓਰ ਕਰਨ ਕਿ ਉਨ੍ਹਾਂ ਦੀ ਜਾਂਚ ਕਰਨਗੇ ਜੀ?

---

** ** Expunged as ordered by the Chair.

**ਮਾਨਯੋਗ ਸਪੀਕਰ :** ** ** ਕੋਲ ਕਿਹੜਾ ਮਹਿਕਮਾ ਸੀ?

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਨਹੀਂ ਜੀ, ਇਸ ਤੋਂ ਪਹਿਲਾਂ ਐਜੂਕੇਸ਼ਨ ਮਹਿਕਮਾ ਸੀ।

**ਮਾਨਯੋਗ ਸਪੀਕਰ :** ਐਜੂਕੇਸ਼ਨ ਦਾ ਸੀ, ਇਹ ਤਾਂ ਰੂਰਲ ਡਿਵੈਲਪਮੈਂਟ ਦੀ ਮੰਗ ਹੈ, ਇਸ ਨਾਲ ਕੀ ਤਾਅਲੁੱਕ ਹੈ ** ਦਾ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਉਨ੍ਹਾਂ ਨੇ ਲਗਾਇਆ ਸੀ ਜੀ।

**ਮਾਨਯੋਗ ਸਪੀਕਰ :** ਨਹੀਂ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਬੁੱਤ ਉਨ੍ਹਾਂ ਨੇ ਲਗਾਇਆ ਸੀ ਜੀ। ਮੰਤਰੀ ਸਾਹਿਬ ਦੱਸ ਦੇਣ ਜੀ। ਇਹ ਆਨ ਰਿਕਾਰਡ ਹੈ ਜੀ।

**ਮਾਨਯੋਗ ਸਪੀਕਰ :** ** ਦਾ ਨਾਮ ਐਕਸਪੰਜ ਕੀਤਾ ਜਾਵੇ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਵਿਕਾਸ ਭਵਨ ਦੇ ਵਿੱਚ ਬੁੱਤ ਲਗਾਇਆ ਹੈ ਜੀ। ਫੁਹਾਰਾ ਅਜੇ ਤੱਕ ਨਹੀਂ ਲੱਗਿਆ।

**ਮਾਨਯੋਗ ਸਪੀਕਰ :** ਸੰਧੂ ਸਾਹਿਬ, ਤੁਸੀਂ ਕੁਝ ਕਹਿਣਾ ਹੈ।

**ਸ਼੍ਰੀ ਕੰਵਰ ਸੰਧੂ (ਬੈਠੇ-ਬੈਠੇ) :** ਨਹੀਂ ਜੀ।

**ਮਾਨਯੋਗ ਸਪੀਕਰ :** ਕੁਝ ਨਹੀਂ ਕਹਿਣਾ। ਮਨਜੀਤ ਸਿੰਘ ਜੀ ਕਹਿਣਾ ਹੈ ਕੁਝ?

**ਸਰਦਾਰ ਮਨਜੀਤ ਸਿੰਘ (ਨਿਹਾਲ ਸਿੰਘ ਵਾਲਾ, ਐਸ.ਸੀ.) :** ਹਾਂ ਜੀ। ਬਹੁਤ-ਬਹੁਤ ਧੰਨਵਾਦ ਜੀ। ਸਭ ਤੋਂ ਪਹਿਲਾ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜੀ। ਮੇਰਾ ਜਿਹੜਾ ਕੱਟ ਮੋਸ਼ਨ ਹੈ, ਇਹ ਪੇਂਡੂ ਵਿਕਾਸ ਤੇ ਹੈ। ਸਭ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੜੇ ਅਫਸੋਸ ਦੀ ਗੱਲ ਹੈ ਕਿ 70 ਸਾਲ ਹੋ ਗਏ ਹਨ, ਅਸੀਂ ਗਲੀਆਂ ਨਾਲੀਆਂ ਵਿੱਚੋਂ ਹੀ ਨਹੀਂ ਨਿਕਲ ਸਕੇ ਔਰ ਸਰਕਾਰ ਕੀ ਕਰਦੀ ਹੈ ਕਿ ਹਰ ਸਾਲ ਗਲੀਆਂ ਨਾਲੀਆਂ ਉੱਚੀਆਂ ਕਰ ਦਿੰਦੀ ਹੈ ਅਤੇ ਲੋਕਾਂ ਦੇ ਘਰ ਨੀਵੇਂ ਹੋ ਜਾਂਦੇ ਹਨ। ਲੋਕ ਕੀ ਕਰਦੇ ਹਨ ਕਿ ਜਿਹੜੇ ਵਸੋਂ ਯੋਗ ਵਧੀਆ ਘਰ ਹੁੰਦੇ ਹਨ, ਉਨ੍ਹਾਂ ਨੂੰ ਮਜ਼ਬੂਰੀ ਦੇ ਨਾਲ ਉੱਚਾ ਕਰ ਲੈਂਦੇ ਹਨ ਅਤੇ ਗਲੀਆਂ ਨਾਲੀਆਂ ਫਿਰ ਨੀਵੀਆਂ ਹੋ ਜਾਂਦੀਆਂ ਹਨ। ਮੇਰੇ ਕਹਿਣ ਤੋਂ ਭਾਵ 70 ਸਾਲਾਂ ਤੋਂ ਇਹੀ ਖੇਡ ਚੱਲੀ ਜਾ ਰਹੀ ਹੈ, ਜਿਸ ਨਾਲ ਸਰਕਾਰ ਦਾ ਵੀ ਨੁਕਸਾਨ ਹੋ ਰਿਹਾ ਹੈ ਔਰ ਲੋਕਾਂ ਦਾ ਵੀ ਨੁਕਸਾਨ ਹੋ ਰਿਹਾ ਹੈ। ਇਸ ਸਮੱਸਿਆ ਦਾ ਇੱਕੋ ਇੱਕ ਹੱਲ ਹੈ ਕਿ ਪਿੰਡਾਂ ਦੇ ਵਿੱਚ ਜਿਹੜੇ ਛੱਪੜ ਨੱਕੋ ਨੱਕ ਭਰੇ ਹੋਏ ਹਨ, ਉਨ੍ਹਾਂ ਦਾ ਨਿਕਾਸ ਕੀਤਾ ਜਾਵੇ , ਉਥੇ ਸੀਵਰੇਜ਼ ਪਾਏ ਜਾਣ। ਟਰੀਟਮੈਂਟ ਪਲਾਂਟ ਲਗਾਏ ਜਾਣ ਤਾਂ ਕਿ ਜਿਹੜਾ ਉਹ ਪਾਣੀ ਹੈ, ਉਹ ਖੇਤਾਂ ਲਈ ਵਰਤਿਆ ਜਾਵੇ, ਜਿਸ ਨਾਲ ਜਿੱਥੇ ਧਰਤੀ ਹੇਠਲਾ ਪਾਣੀ ਬਚਾਇਆ ਜਾ ਸਕਦਾ ਹੈ, ਉਥੇ ਖੇਤਾਂ ਨੂੰ ਸਸਤਾ ਤੇ ਫਰੀ ਵਾਂਗ ਪਾਣੀ ਦਿੱਤਾ ਜਾ ਸਕਦਾ ਹੈ।

** ** Expunged as ordered by the Chair.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ: 23**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 32,39,86,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,69,31,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 32,39,86,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,69,31,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 24**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰ: 24 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਆਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 18,31,37,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,39,33,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 18,31,37,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,39,33,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਾਇੰਸ,

ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰ: 25 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ. ਵੱਲੋਂ ਮੰਗ ਨੰ: 25 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ., ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ**: ਪ੍ਰਸਤਾਵ ਕੀਤਾ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਜਿੰਨੇ ਵਾਅਦੇ ਕੀਤੇ ਜਾਂਦੇ ਹਨ, ਸ਼ਗਨ ਸਕੀਮ ਅਤੇ ਪੈਨਸ਼ਨਾਂ ਦੇਣੀਆਂ ਸਨ। ਜਿਨ੍ਹਾਂ ਨੇ ਸ਼ਗਨ ਸਕੀਮ ਦੇ ਲਈ ਅਪਲਾਈ ਕੀਤਾ ਸੀ, ਉਨ੍ਹਾਂ ਕੁੜੀਆਂ ਦੇ ਵਿਚਾਰੇ ਬੱਚੇ ਵਿਆਹੁਣ ਵਾਲੇ ਹੋ ਗਏ, ਹਾਲੇ ਤੱਕ ਕੁਝ ਨਹੀਂ ਕੀਤਾ ।

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ (ਬੈਠੇ-ਬੈਠੇ):** ਗਲਤ ਗੱਲ ਨਾ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਗੱਲ ਬਿਲਕੁਲ ਠੀਕ ਹੈ ਜੀ। ਇਹ ਇਨ੍ਹਾਂ ਵੇ ਲੇ ਦੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਸ਼ੁਰੂ ਹੋਇਆ ਹੈ। (ਵਿਘਨ) (ਸ਼ੋਰ) ਬਹੁਤ ਕੇਸ ਹਨ। (ਵਿਘਨ) ਮੰਤਰੀ ਜੀ, ਮੈਂ ਝੂਠ ਤਾਂ ਨਹੀਂ ਬੋਲਦਾ । (ਵਿਘਨ)(ਸ਼ੋਰ) ਚਲੋ, ਮੈਨੂੰ ਗੱਲ ਪੂਰੀ ਕਰ ਲੈਣ ਦਿਉ। ਸਾਲ 2011 ਤੋਂ ਕੰਮ ਪੈਂਡਿੰਗ ਚਲਿਆ ਆ ਰਿਹਾ ਹੈ, 2011 ਤੋਂ ਪਿਆ ਹੈ। (ਵਿਘਨ) (ਸ਼ੋਰ) ਅਗਲੀ ਗੱਲ ਹੈ ਕਿ ਆਪਾਂ ਥੋੜ੍ਹਾ ਜਲਦੀ ਚੱਲੀਏ। ਅਗਲੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ..

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ:** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਅੱਜ ਕੁਐਸਚਨ ਆਵਰ ਵਿਚ ਦੱਸ ਕੇ ਹਟਿਆ ਹਾਂ। ਦਸੰਬਰ, 2018 ਤੱਕ ਜਿੰਨੇ ਸ਼ਗਨ ਸਕੀਮ ਦੇ ਕੇਸ ਸੀ, ਸਾਰੇ ਭੁਗਤਾਨ ਹੋ ਚੁੱਕੇ ਹਨ, ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੰਤਰੀ ਜੀ, ਹੁਣ ਮੇਰੇ ਕੋਲ ਜਿਨ੍ਹਾਂ-ਜਿਨ੍ਹਾਂ ਬੈਨੀਫਿਸ਼ਰੀਸ਼ ਦੇ ਪਤੇ ਹਨ, ਤੁਸੀਂ ਮੰਤਰੀ ਜੀ ਸਦਨ ਵਿਚ ਕਿਹਾ ਹੈ, ਉਹ ਸਾਰੇ ਮੈਂ ਤੁਹਾਡੇ ਕੋਲ ਲੈ ਕੇ ਆਵਾਂਗਾ ਤੇ ਤੁਸੀਂ ਪੈਸੇ ਦੇਣੇ ਹੋਣਗੇ ਤਾਂ ਫਿਰ ਹੱਸ ਕੇ ਨਾ ਦਿਖਾਇਓ। ਤੁਸੀਂ ਵਾਅਦਾ ਕੀਤਾ ਸੀ ਕਿ 51000-51000 ਦੇਣੇ ਹਨ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਸਰਦਾਰ ਕੁਲਤਾਰ ਸਿੰਘ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਮਤੇ ਉਤੇ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਉਤੇ ਕੱਟ ਮੋਸ਼ਨ ਕਿਉਂ ਹੋਣਾ ਚਾਹੀਦਾ ਹੈ, ਕੱਟ ਮੋਸ਼ਨ ਇਸ ਕਰਕੇ ਆਉਣਾ ਹੈ ਕਿਉਂਕਿ ਇਹ ਬਹੁਤ ਇੰਪਾਰਟੈਂਟ ਡਿਪਾਰਟਮੈਂਟ ਹੈ ਜਿਸ ਨਾਲ ਅਸੀਂ ਵੀਕਰ ਸੈਕਸ਼ਨ ਨੂੰ ਉਪਰ ਚੁੱਕਣਾ ਹੈ। ਲੇਕਿਨ ਇਸ ਵਿਚ ਪਿਲਫਰਿਜ ਹੈ, ਪਿਲਫਰਿਜ ਇਸ ਕਰਕੇ ਹੈ ਕਿਉਂਕਿ ਨਾ ਤਾਂ ਮੇਰੇ ਭਰਾਵਾਂ ਜਿਹੜੇ ਸਰਕਾਰ ਵਿਚ ਆ ਜਾਂਦੇ ਹਨ ਤੇ ਨਾ ਹੀ ਮੇਰੇ ਉਨ੍ਹਾਂ ਭਰਾਵਾਂ ਨੂੰ ਜਿਹੜੇ ਹਮੇਸ਼ਾ ਸਰਕਾਰ ਵਿਚ ਰਹਿੰਦੇ ਹਨ ਜਿਵੇਂ ਕਿ ਬਿਊਰੋਕਰੇਸੀ ਹੈ, ਉਨ੍ਹਾਂ ਨੂੰ ਕੋਈ ਡਰ ਹੈ। ਇਸ ਵਾਸਤੇ ਇਕ ਕੰਪਲੀਟ ਕੋਈ ਰਿਡਰੈਸਲ, ਮਕੈਨਿਜ਼ਮ ਬਣਾਉਣਾ ਚਾਹੀਦਾ ਹੈ। ਅੱਜ ਕਿਸੇ ਮੰਤਰੀ ਦੇ ਖਿਲਾਫ ਸ਼ਿਕਾਇਤ ਕਰ ਦਿਉ, ਕਿਸੇ ਆਫੀਸਰ ਦੇ ਖਿਲਾਫ ਸ਼ਿਕਾਇਤ ਕਰ ਦਿਉ।(ਵਿਘਨ) ਬੰਦਾ ਬੁੱਢਾ ਹੋ ਜਾਂਦਾ ਹੈ (ਵਿਘਨ)

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੱਟ ਮੋਸ਼ਨ ਉਤੇ ਡਿਬੇਟ ਨਹੀਂ ਹੋ ਸਕਦੀ...

**ਮਾਨਯੋਗ ਸਪੀਕਰ :** ਨਹੀਂ, ਹੋ ਨਹੀਂ ਸਕਦੀ।

**ਸੰਸਦੀ ਮਾਮਲੇ ਮੰਤਰੀ :** ਕੱਟ ਮੋਸ਼ਨ ਤਾਂ ਸਿਰਫ ਜਸਟੀਫਾਈ ਹੋਣੀ ਚਾਹੀਦੀ ਹੈ। (ਵਿਘਨ)

**ਮਾਨਯੋਗ ਸਪੀਕਰ :** ਨਹੀਂ, ਮੇਰੀ ਗੱਲ ਸੁਣ ਲਵੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਅਸੀਂ ਤੁਹਾਡੀ ਬਹੁਤ ਜ਼ਿਆਦਾ ਇੱਜ਼ਤ ਕਰਦੇ ਹਾਂ..

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਬਾਕੀ ਮੈਂਬਰ, ਵੈੱਲ ਆਫ ਦਿ ਹਾਊਸ ਵਿੱਚ ਆ ਗਏ

ਤੇ ** ਨਾਅਰੇ ਲਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਨਹੀਂ। ਮੇਰੀ ਗੱਲ ਸੁਣੋ। ਬਿਲਕੁਲ ਜੀ, ਬਿਲਕੁਲ, ਬਿਲਕੁਲ। ਮੈਂ ਤੁਹਾਨੂੰ ਡਿਸਕਸ਼ਨ ਵਾਸਤੇ ਟਾਈਮ ਨਹੀਂ ਦੇਣਾ (ਵਿਘਨ)(ਸ਼ੋਰ) ਡਿਸਕਸ਼ਨ ਵਾਸਤੇ ਟਾਈਮ ਨਹੀਂ ਦੇਣਾ। (ਵਿਘਨ)(ਸ਼ੋਰ) ਬਿਲਕੁਲ ਨਹੀਂ, ਬਿਲਕੁਲ ਨਹੀਂ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ : 25**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 28,04,76,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 31,06,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 28,04,76,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 31,06,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਬਾਕੀ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਉੱਚੀ-ਉੱਚੀ ** ਨਾਅਰੇ ਲਗਾ ਰਹੇ ਸਨ ਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਦਰਜ ਨਾ ਕੀਤਾ ਜਾਵੇ।

---

** Not recorded as ordered by the Chair.

**ਮੰਗ ਨੰ: 26**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 26 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਨਹੀਂ ਹੈ ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 54,64,21,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 54,64,21,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 27**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 27 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,61,96,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 85,39,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,61,96,05,000 ਰੁਪਏ ਅਤੇ

ਪੂੰਜੀਗਤ ਲੇਖੇ ਤੇ 85,39,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 28**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 28 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਨਹੀਂ ਹੈ ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,34,17,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,87,84,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,34,17,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,87,84,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 29 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ. ਮੰਗ ਨੰ: 29 ਉਤੇ ਕਟੌਤੀ ਪ੍ਰਸਤਾਵ ਕਰਨਗੇ। (ਵਿਘਨ, ਸ਼ੋਰ) ਉਹ ਸੀਟ ਤੇ ਨਹੀਂ ਹਨ, disallowed, disallowed.

(ਇਸ ਸਮੇਂ ਸਰਦਾਰ ਹਰਪਾਲ ਸਿੰਘ ਚੀਮਾ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਸਨ ਜਿਸ ਕਾਰਨ ਇਹ ਕੱਟ ਮੋਸ਼ਨ ਡਿਸਅਲਾਓ ਕਰ ਦਿੱਤੀ ਗਈ।)

**ਮੰਗ ਨੰ : 29**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,88,27,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,25,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,88,27,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,25,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 30**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 30 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 53,60,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 53,60,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 31 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਮੰਗ ਨੰ: 31 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਆਪਣਾ ਪ੍ਰਸਤਾਵ ਪੇਸ਼ ਕਰਨ।

(ਸਬੰਧਿਤ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਇਹ ਕਟੌਤੀ ਪ੍ਰਸਤਾਵ ਪੇਸ਼ ਨਹੀਂ ਹੋਇਆ।)

## ਮੰਗ ਨੰ: 31

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,56,48,88,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,61,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰੋਜਗਾਰ ਉੱਤਪਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,56,48,88,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,61,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਰੋਜਗਾਰ ਉਤਪਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 32

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 32 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇਕ ਰਾਸ਼ੀ ਜੋ ਲੇਖੇ ਤੇ 1,96,99,99,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਲੇਖੇ ਤੇ 1,96,99,99,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 33**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 33 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,54,68,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,54,68,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 34**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 34 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,36,90,91,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,36,90,91,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 35**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 35 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,74,41,79,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਮਕਾਨ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,74,41,79,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਮਕਾਨ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 36

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 36 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

> ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,46,54,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 30,36,55,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,46,54,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 30,36,55,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 37

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 37 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

> ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,28,46,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,28,46,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

**WALK OUT**

(ਇਸ ਸਮੇਂ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਕਟੌਤੀ ਪ੍ਰਸਤਾਵ ਤੇ ਬੋਲਣ ਦਾ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

-----

**DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2019-20 *(Resumption)***

**ਮੰਗ ਨੰ: 38 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ. ਵੱਲੋਂ ਮੰਗ ਨੰ: 38 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਤ ਐਮ.ਐਲ.ਏ. ਆਪਣਾ ਪ੍ਰਸਤਾਵ ਪੇਸ਼ ਕਰਨ।

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਕਟੌਤੀ ਪ੍ਰਸਤਾਵ ਪੇਸ਼ ਨਹੀਂ ਹੋਇਆ।)

**ਮੰਗ ਨੰਬਰ 38**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,66,63,49,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,43,11,29,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

---

** Not recorded as ordered by the Chair.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,66,63,49,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,43,11,29,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 39**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 39 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 37,60,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 37,60,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 40**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 40 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,41,56,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,41,56,77,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰ: 41**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 41 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,49,64,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,34,54,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,49,64,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,34,54,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰ: 42

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 42 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

> ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 11,64,95,39,000 ਰੁਪਏ ਅਤੇ ਪੂੰਜੀਗਤ ਲੇਖੇ ਤੇ 63,23,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 11,64,95,39,000 ਰੁਪਏ ਅਤੇ ਪੂੰਜੀਗਤ ਲੇਖੇ ਤੇ 63,23,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2019-20 ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਰੂਲਜ਼ ਵਿੱਚ ਕੱਟ ਮੋਸ਼ਨ ਦੀ ਪ੍ਰੋਵੀਜ਼ਨ ਹੈ ਅਤੇ ਕੱਟ ਮੋਸ਼ਨ ਦਾ ਮਤਲਬ ਹੀ ਡਿਸਕਸ਼ਨ ਰੇਜ਼ ਕਰਨਾ ਹੈ। ਸਪੀਕਰ ਸਾਹਿਬ, ਇਸ ਤੇ ਇਤਰਾਜ਼ ਕਿਉਂ ਕਰਨਾ ਹੈ? ਜੋ ਰੂਲਜ਼ ਵਿੱਚ ਪ੍ਰੋਵੀਜ਼ਨ ਹੈ, ਪਾਰਲੀਮੈਂਟ ਵਿੱਚ ਹੈ, ਲੋਕ ਸਭਾ ਵਿੱਚ ਹੈ, ਵਿਧਾਨ ਸਭਾ ਵਿੱਚ ਹੈ...

**Mr. Speaker :** There cannot be a general debate on Cut Motion.

**ਸ਼੍ਰੀ ਕੰਵਰ ਸੰਧੂ :** ਜਨਰਲ ਡਿਬੇਟ ਨਹੀਂ ਜੀ, ਡਿਸਕਸ਼ਨ...

**Mr. Speaker :** There cannot be a debate.

**ਸ਼੍ਰੀ ਕੰਵਰ ਸੰਧੂ :** ਡਿਸਕਸ਼ਨ, ਜਿਸ ਦੀ ਕਿ ਰੂਲਜ਼ ਵਿੱਚ ਪ੍ਰੋਵੀਜ਼ਨ ਹੈ, ਉਸ ਦਾ ਮਤਲਬ ਕੀ ਹੋਇਆ?

**Mr. Speaker :** You can raise an issue and confine yourself to that particular cut motion only. You cannot have general discussion. There was ample time for general discussion during debate, during discussion on Governor's Address. You had ample time.

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਡਿਬੇਟ ਨਹੀਂ ਹੋ ਸਕਦੀ ਪਰ ਜੇਕਰ ਪੁਆਇੰਟ ਰੇਜ਼ ਕਰਾਂਗੇ ਤਾਂ ਹੀ ਉਸ ਤੇ ਗੱਲ ਹੋਵੇਗੀ। ਰੂਲਜ਼ ਵਿੱਚ ਪ੍ਰੋਵੀਜ਼ਨ ਹੈ।

**Mr. Speaker :** This is your opinion.

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਰੂਲਜ਼ ਸਬੰਧੀ ਕੌਲ ਐਂਡ ਸ਼ਕਦਰ ਦੀ ਕਿਤਾਬ ਪੜ੍ਹ ਲਓ, ਉਸ ਵਿੱਚ ਲਿਖਿਆ ਹੈ। ਪਾਰਲੀਮਾਨੀ ਮੰਤਰੀ ਜੀ, ਪਲੀਜ਼ ਡਿਸਕਸ਼ਨ ਅਲਾਓ ਕਰ ਦਿਆ ਕਰੋ।

## (III) THE PUNJAB APPROPRIATION (No.3) BILL, 2019

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ ਬਿਲ, 2019 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 3) ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਬੈਂਸ ਸਾਹਿਬ

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) :** ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਸਮੇਂ ਤੇ ਇੱਕ ਕਾਨੂੰਨ ਹੀ ਕੰਮ ਕਰ ਸਕਦਾ ਹੈ। ਚਾਹੇ ਜਿਹੜਾ ਤਾਂ ਤੁਸੀਂ ਨਵਾਂ ਲੈ ਕੇ ਆਏ ਹੋ, ਵਨ ਟਾਈਮ ਸੈਟਲਮੈਂਟ ਸਕੀਮ, ਮੈਂ ਇਸ ਦੇ ਵਿਰੋਧ ਵਿੱਚ ਨਹੀਂ ਹਾਂ ਪਰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਵਨ ਟਾਈਮ ਸੈਟਲਮੈਂਟ ਬਿਲ ਜੇ ਪਾਸ ਕਰਨਾ ਹੈ ਤਾਂ ਜਿਹੜਾ ਪੰਜਾਬ ਵਿੱਚ ਪਹਿਲਾਂ ਚਲਦਾ ਪੰਜਾਬ ਰੈਗੂਲਰਾਈਜ ਐਕਟ ਹੈ....

**ਸਥਾਨਕ ਸਰਕਾਰ ਮੰਤਰੀ:** ਉਹ ਅਜੇ ਨਹੀਂ ਆਇਆ। ਉਹ ਮੈਂ ਮੂਵ ਕਰਨਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਰ, ਸੌਰੀ ਜੀ। ਮੈਂ ਉਸ ਸਬੰਧੀ ਬੋਲਣਾ ਸੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

**(ਆਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼-1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼-1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

## (VI) MOTION REGARDING CONSTITUTION OF ELECTED COMMITTEES FOR THE YEAR 2019-20

**ਮਾਨਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ ਸਾਲ 2019-20 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

" ਕਿ ਕਿਉਂਜੋ ਸਾਲ 2019-20 ਲਈ-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਲਈ ਚੋਣਾਂ 31 ਮਾਰਚ, 2019 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

[ਸੰਸਦੀ ਮਾਮਲੇ ਮੰਤਰੀ]

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2019-20 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

" ਕਿ ਕਿਉਂਜੋ ਸਾਲ 2019-20 ਲਈ-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਲਈ ਚੋਣਾਂ 31 ਮਾਰਚ, 2019 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2019-20 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

" ਕਿ ਕਿਉਂਜੋ ਸਾਲ 2019-20 ਲਈ-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ

ਭਲਾਈ ਸਬੰਧੀ ਕਮੇਟੀ ਲਈ ਚੋਣਾਂ 31 ਮਾਰਚ, 2019 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2019-20 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।''

***ਪ੍ਰਸਤਾਵ ਪ੍ਰਵਾਨ ਹੋਇਆ।***

---------------

**LEGISLATIVE BUSINESS**

**1. THE PUNJAB ONE-TIME VOLUNTARY DISCLOSURE AND SETTLEMENT OF BUILDING CONSTRUCTED IN VIOLATIONS OF THE BUILDING BYE-LAWS BILL, 2019**

**ਮਾਨਯੋਗ ਸਪੀਕਰ:** ਮੰਤਰੀ ਜੀ ਬਿਲ ਪੇਸ਼ ਕਰਨ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ ):** ਸ਼੍ਰੀਮਾਨ ਜੀ, ਮੈਂ ਪੰਜਾਬ ਬਿਲਡਿੰਗ ਬਾਈ-ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ-ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਬਿਲਡਿੰਗ ਬਾਈ-ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ-ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਬਿਲਡਿੰਗ ਬਾਈ-ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ-ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਕਿਸੇ ਨੇ ਕੁਝ ਕਹਿਣਾ ਹੈ? ਹਾਂ ਜੀ, ਬੈਂਸ ਸਾਹਿਬ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿੱਧੂ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਹ ਇਕੋ ਵਾਰੀ ਨਿਪਟਾਰਾ ਕਰਨ ਵਾਲਾ ਬਿਲ ਲੈ ਕੇ ਆਏ ਹਨ। ਸਪੀਕਰ ਸਾਹਿਬ, ਕਿਸੇ ਵੀ ਰਾਜ ਵਿਚ ਦੋ ਕਾਨੂੰਨ ਇਕੱਠੇ ਕੰਮ ਨਹੀਂ ਕਰ ਸਕਦੇ। ਜੇਕਰ ਕੋਈ ਨਵਾਂ ਕਾਨੂੰਨ ਲੈ ਕੇ ਆਉਣਾ ਹੈ ਤਾਂ ਓਨੀ ਦੇਰ ਲਈ ਪੰਜਾਬ ਅਪਾਰਟਮੈਂਟ ਐਂਡ ਪ੍ਰਾਈਵੇਟ ਰੈਗੂਲੇਰਾਈਜੇਸ਼ਨ ਐਕਟ ਮੁਅੱਤਲ ਹੋਣਾ ਬਣਦਾ ਸੀ, ਜਿਹੜਾ ਇਸ ਵਿਚ ਹੋਇਆ ਨਹੀਂ। ਅਗਲੀ ਗੱਲ ਸਪੀਕਰ ਸਾਹਿਬ, ਮਿਉਂਸੀਪਲ ਕਾਰਪੋਰੇਸ਼ਨ ਵਿਚ ਮਨਜ਼ੂਰਸ਼ੁਦਾ ਏਰੀਏ ਤੋਂ ਵਧੇ ਹੋਏ ਏਰੀਏ ਦੀ ਜਿਹੜੀ ਲਿਮਟ ਹੈ, ਉਹ 5 ਮੀਟਰ ਹੈ, ਕਮੇਟੀਆਂ ਵਿਚ 10 ਮੀਟਰ ਹੈ ਅਤੇ ਕਮੇਟੀ ਤੋਂ ਬਾਹਰ 30 ਮੀਟਰ ਦੀ ਹੈ। ਜਿੰਨੀ ਦੇਰ ਆਪਾਂ ਉਸ ਐਕਟ ਨੂੰ ਮੁਅੱਤਲ ਨਹੀਂ ਕਰਦੇ ਤਾਂ ਓਨੀ ਦੇਰ ਤੱਕ ਆਪਾਂ ਇਸ ਨੂੰ ਲਾਗੂ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਸਤਿਕਾਰਯੋਗ ਮੰਤਰੀ ਜੀ ਨੇ ਇਸ ਬਿਲ ਵਿਚ ਫਾਇਰ ਐਕਟ ਲਾਗੂ ਕਰਨ ਦੀ ਗੱਲ ਕਹੀ ਹੈ ਪਰ ਕੀ ਉਹ ਬਿਲਡਿੰਗਾਂ ਤੋੜਨੀਆਂ ਪੈਣਗੀਆਂ ਤਾਂ ਇਹ ਲਾਗੂ ਹੋਵੇਗਾ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਫਾਇਰ ਐਕਟ ਲਾਗੂ ਕਰਨ ਦੀ ਬਜਾਏ ਫਾਇਰ ਇਕਿਉਪਮੈਂਟ, ਜਿਹੜਾ ਅੱਗ ਬੁਝਾਓਣ ਵਾਲਾ ਸਾਜ਼ੋ-ਸਮਾਨ ਹੈ, ਉਸ ਦੀ ਚੈਕਿੰਗ ਕੀਤੀ ਜਾਵੇ ਕਿ ਕੀ ਉਸ ਕੋਲ ਆਪਣਾ ਸਮਾਨ ਹੈ। ਸਪੀਕਰ ਸਾਹਿਬ, ਅਗਲੀ ਗੱਲ ਜੇਕਰ ਆਪਾਂ ਵੰਨ ਟਾਈਮ ਸੈਟਲਮੈਂਟ ਲਾਗੂ ਕਰਨੀ ਹੈ ਤਾਂ ਜਿਹੜੀਆਂ ਟਾਊਨ ਪਲੈਨਿੰਗ ਸਕੀਮਾਂ ਹਨ, ਉਨ੍ਹਾਂ ਨੂੰ ਡਰਾਪ ਕਰਨਾ ਪੈਣਾ ਹੈ। ਆਪਾਂ ਉਹ ਤਾਂ ਕੀਤੀਆਂ ਨਹੀਂ। ਇਸੇ ਤਰ੍ਹਾਂ ਅਰਬਨ ਅਸਟੇਟ ਵਿਚ ਕਈ ਘਰਾਂ ਵਿਚ ਛੋਟੇ ਛੋਟੇ ਮੂਹਰਲੇ ਪਾਸੇ ਕਮਰਿਆਂ ਵਿਚ ਛੋਟੀਆਂ-ਛੋਟੀਆਂ ਦੁਕਾਨਾਂ ਪਾਈਆਂ ਹੋਈਆਂ ਹਨ। ਉਨ੍ਹਾਂ ਲਈ ਇਸ ਬਿਲ ਵਿਚ ਕੋਈ ਪ੍ਰੋਵਿਜ਼ਨ ਨਹੀਂ ਹੈ। ਸਪੀਕਰ ਸਾਹਿਬ, ਅਗਲੀ ਗੱਲ ਮੈਂ ਅੰਤ ਵਿਚ ਕਹਿਣਾ ਚਾਹੁੰਦਾ ਹਾਂ ਕਿ ਵੰਨ ਟਾਈਮ ਸੈਟਲਮੈਂਟ ਦਾ ਬਿਲ ਸਾਲ 2013 ਵਿਚ ਵੀ ਆਇਆ ਸੀ। ਉਸ ਵਿਚ ਰਿਹਾਇਸ਼ੀ ਏਰੀਏ ਦੀ ਬਿਲਡਿੰਗ ਨੂੰ ਰੈਗੂਲਰਾਈਜ਼ ਕਰਨ ਵਾਸਤੇ 5 ਰੁਪਏ ਸੁਕੇਅਰ ਫੁੱਟ ਜੁਰਮਾਨਾ

ਲਗਾਇਆ ਸੀ ਅਤੇ ਕਮਰਸ਼ੀਅਲ ਬਿਲਡਿੰਗ ਨੂੰ ਰੈਗੂਲਰਾਈਜ਼ ਕਰਵਾਉਣ ਵਾਸਤੇ 50 ਰੁਪਏ ਪ੍ਰਤੀ ਸੁਕੇਅਰ ਫੁੱਟ ਜੁਰਮਾਨਾ ਸੀ ਪਰ ਹੁਣ ਤਾਂ ਬੜੇ ਮੀਆਂ ਤੋ ਬੜੇ ਮੀਆਂ, ਛੋਟੇ ਮੀਆਂ ਸੁਭਹਾਨ ਅੱਲ੍ਹਾ। ਹੁਣ ਤਾਂ ਸਪੀਕਰ ਸਾਹਿਬ, ਰਿਹਾਇਸ਼ੀ ਏਰੀਏ ਦੀ ਵਧਾਈ ਹੋਈ ਬਿਲਡਿੰਗ ਵਾਸਤੇ 300 ਰੁਪਏ ਸੁਕੇਅਰ ਫੁੱਟ ਜੁਰਮਾਨਾ ਲਗਾਇਆ ਗਿਆ ਹੈ ਅਤੇ ਕਮਰਸ਼ੀਅਲ ਬਿਲਡਿੰਗ ਤੇ 1000 ਰੁਪਿਆ ਪ੍ਰਤੀ ਸੁਕੇਅਰ ਫੁੱਟ ਜੁਰਮਾਨਾ ਲਗਾਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਬਿਲਡਿੰਗ ਬਣਾ ਕੇ ਦੇਣੀ ਹੈ? ਬਿਲਡਿੰਗਾਂ ਤਾਂ ਆਲਰੇਡੀ ਬਣੀਆਂ ਹੋਈਆਂ ਹਨ। ਤੁਸੀਂ ਇਕ ਹਜ਼ਾਰ ਰੁਪਏ ਪ੍ਰਤੀ ਸੁਕੇਅਰ ਫੁੱਟ ਦਾ ਰੇਟ ਲਗਾ ਦਿੱਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਵਿਚ ਸੋਧ ਕਰਨੀ ਚਾਹੀਦੀ ਹੈ। ਕੀ ਇਸ ਬਿਲ ਵਿਚ ਸੋਧ ਕੀਤੀ ਜਾ ਸਕਦੀ ਹੈ? ਮੈਂ ਇਸ ਕਰਕੇ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਹ ਲੋਕ ਹਿੱਤ ਦਾ ਮੁੱਦਾ ਹੈ। ਕ੍ਰਿਪਾ ਕਰਕੇ ਇਸ ਬਿਲ ਵਿਚ ਸੋਧ ਕੀਤੀ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਬੈਠੋ, ਬੈਠੋ।(ਵਿਘਨ) ਬੈਠੋ, ਬੈਠੋ, ਬੈਠੋ, (ਵਿਘਨ) ਬੈਠੋ।ਬਹਿ ਜਾਓ, (ਵਿਘਨ) ਬਹਿ ਜਾਓ।

**ਸ਼੍ਰੀ ਕੰਵਰ ਸੰਧੂ (ਖਰੜ) :** ਸਪੀਕਰ ਸਾਹਿਬ, ਇਹ ਜਿਹੜਾ ਇੱਕੋ ਵਾਰ ਨਿਪਟਾਰਾ ਕਾਨੂੰਨ ਲਿਆਂਦਾ ਜਾ ਰਿਹਾ ਹੈ। ਇਸ ਦੇ ਕਲਾਜ਼ 4 ਦੇ ਵਿੱਚ ਇੱਕ ਪ੍ਰੋਵੀਜ਼ਨ ਹੈ, ਉਸ ਦੇ ਵਿੱਚ ਇੱਕ ਮੈਂ ਸੋਧ ਸੁਜੈਸਟ ਕਰਨੀ ਚਾਹੁੰਦਾ ਹਾਂ, ਉਹ ਪ੍ਰੋਵੀਜ਼ਨ ਇਹ ਹੈ ਕਿ ਜਦੋਂ ਇਹ ਲਾਗੂ ਹੋਵੇਗਾ, ਇਹ ਇੱਕ ਸਾਲ ਤੱਕ in operation ਰਹੇਗਾ। ਉਸ ਤੋਂ ਬਾਅਦ ਇਹ expire ਹੋ ਜਾਵੇਗਾ।ਬਹੁਤ ਸਾਰੇ ਕੇਸਿਜ਼ ਵਿੱਚ ਮੈਨੂੰ ਪਤਾ ਹੈ। ਮੈਨੂੰ ਆਪਣੇ ਇਲਾਕੇ ਦਾ ਪਤਾ ਹੈ, ਖਰੜ, ਨਵਾਂਗਾਓਂ, ਕੁਰਾਲੀ ਅਤੇ ਬਾਕੀ ਸ਼ਹਿਰਾਂ ਦੇ ਵਿੱਚ ਵੀ ਇਹ ਮਸਲਾ ਹੋਵੇਗਾ, ਕਈ ਕੋਰਟ ਕੇਸਿਜ਼ ਇਸ ਵੇਲੇ ਹੋਏ ਹਨ। ਹੋ ਸਕਦਾ ਹੈ ਕਿ ਕੋਰਟ ਦਾ ਫੈਸਲਾ 2 ਸਾਲ ਬਾਅਦ ਆਵੇ। ਇਹ ਕਾਨੂੰਨ ਉਦੋਂ ਤੱਕ ਐਕਸਪਾਇਰ ਹੋ ਜਾਵੇਗਾ। ਇਸ ਦੇ ਵਿੱਚ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਕਿ ਜਦੋਂ ਕੋਰਟ ਦਾ ਫੈਸਲਾ ਹੋਵੇ, ਉਨ੍ਹਾਂ ਨੂੰ ਘੱਟੋ-ਘੱਟ ਇੱਕ ਮਹੀਨਾ ਜਾਂ 2 ਮਹੀਨੇ ਉਸ ਤੋਂ ਬਾਅਦ ਮਿਲਣ ਤਾਂ ਕਿ ਉਹ ਇਸ ਸਕੀਮ ਦੇ ਤਹਿਤ ਅਪਲਾਈ ਕਰ ਸਕਣ। ਇਹ ਮੇਰਾ ਸੁਝਾਅ ਹੈ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਸਪੀਕਰ ਸਾਹਿਬ, ਇਹ ਜਿਹੜਾ ਬਿਲ ਮੰਤਰੀ ਜੀ ਲੈ ਕੇ ਆਏ ਹਨ, ਬਹੁਤ ਵਧੀਆ ਬਿਲ ਹੈ ਪਰ ਮੈਂ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ, ਬਿਲ ਬਹੁਤ ਵਧੀਆ ਹੈ, ਚੰਗੀ intention ਨਾਲ ਆਇਆ ਹੈ। ਇੱਕ ਤਾਂ ਜਿਵੇਂ ਬੈਂਸ ਸਾਹਿਬ ਨੇ ਕਿਹਾ ਹੈ ਕਿ ਜੁਰਮਾਨਾ ਰੇਟ ਬਹੁਤ ਜ਼ਿਆਦਾ ਰੱਖੇ ਹਨ, 1000 ਰੁਪਏ ਪਰ ਸੁਕੇਅਰ ਫੁੱਟ ਅਤੇ 300-600 ਰੁਪਿਆ ਪਰ ਸੁਕੇਅਰ ਫੁੱਟ, ਇਹ ਬਹੁਤ ਜ਼ਿਆਦਾ ਹੈ , ਇਹ practically ਹੋਣਾ ਨਹੀਂ ਹੈ। ਨੰਬਰ 2, ਇਸ ਵਿੱਚ ਸਾਰੀਆਂ ਪਾਵਰਜ਼ ਦਿੱਤੀਆਂ ਹਨ ਜਾਂ ਤਾਂ ਈ.ਓ ਨੂੰ ਜਾਂ ਮੇਅਰ (ਕਮਿਸ਼ਨਰ) ਨੂੰ, ਇਸ ਦੇ ਵਿੱਚ elected representative ਨੂੰ ਬਿਲਕੁਲ ਬਾਹਰ ਰੱਖਿਆ ਗਿਆ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਦੀ knowledge ਵਿੱਚ ਸਾਰਾ ਕੁਝ ਹੋਵੇ। ਜਿਹੜੀਆਂ violations ਹੋਣ, ਉਨ੍ਹਾਂ ਦਾ ਸਰਵੇ ਹੋਵੇ, ਸਾਰੀ ਕਮੇਟੀ ਨੂੰ ਪਤਾ ਹੋਵੇ ਅਤੇ ਜਿੰਨੀਆਂ ਐਪਲੀਕੇਸ਼ਨਾਂ ਆਈਆਂ, ਉਹ ਕਮੇਟੀ ਦੇ ਨੌਟਿਸ ਵਿੱਚ ਹੋਣ ਤਾਂ ਕਿ ਉਹ monitor ਕਰ ਸਕਣ ਨਹੀਂ ਤਾਂ corruption ਹੀ ਬਹੁਤ ਜ਼ਿਆਦਾ ਵੱਧ ਜਾਵੇਗੀ। ਜਿਸ ਦਾ ਕੋਈ ਹਿਸਾਬ ਨਹੀਂ ਹੋਵੇਗਾ। ਮੇਰੀ ਬੇਨਤੀ ਹੈ ਕਿ ਜਿਹੜੇ elected representative ਹਨ, ਉਨ੍ਹਾਂ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਜਿਹੜੇ ਜ਼ੁਰਮਾਨਾ ਰੇਟ ਹਨ, ਉਹ ਘਟਾਉਣੇ ਚਾਹੀਦੇ ਹਨ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਵੈਸੇ ਤਾਂ ਚੰਗੀ intention ਨਾਲ ਇਹ ਬਿਲ ਲਿਆਂਦਾ ਗਿਆ ਹੈ। ਅਸੀਂ ਇਸ ਦਾ ਸਮਰਥਨ ਕਰਦੇ ਹਾਂ। ਮੈਂ 2-3 amendments propose ਕਰਾਂਗਾ। ਇੱਕ ਤਾਂ ਜਿਵੇਂ ਬੈਂਸ ਸਾਹਿਬ ਅਤੇ ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਕਿਹਾ ਹੈ ਕਿ ਜ਼ੁਰਮਾਨਾ ਰੇਟ ਬਹੁਤ ਜ਼ਿਆਦਾ ਹਨ। ਮੇਰਾ ਖਿਆਲ ਹੈ ਕਿ ਉਨ੍ਹਾਂ ਵਿੱਚ ਕਾਫੀ reduction ਦੀ ਲੋੜ ਹੈ। ਦੂਸਰਾ, ਮੈਂ ਸਿੱਧੂ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹਾਂਗਾ ਕਿ ਇਸ ਦੇ ਵਿੱਚ ਇੱਕ appellate authority ਬਣਾਈ ਗਈ ਹੈ। ਕਈ ਵਾਰ ਕੀ ਦੇਖਿਆ ਗਿਆ ਹੈ ਕਿ ਜਿਹੜੀ ਡਿਪਾਰਟਮੈਂਟ ਦੀ appellate authority ਹੁੰਦੀ ਹੈ, ਕਿਉਂਕਿ ਉਸ ਮਹਿਕਮੇ ਦਾ ਹੀ ਕੋਈ ਨਾ ਕੋਈ ਅਫਸਰ ਹੁੰਦਾ ਹੈ, ਉਥੋਂ ਜਸਟਿਸ ਨਹੀਂ ਮਿਲਦਾ ਹੈ, ਕਈ ਵਾਰ ਆਰ.ਟੀ.ਆਈ. ਦੇ ਵਿੱਚ ਵੀ ਇਹ ਦੇਖਿਆ ਗਿਆ ਹੈ। ਮੈਂ ਇਹ ਚਾਹਾਂਗਾ ਕਿ ਤਕਰੀਬਨ ਡੇਢ ਸਾਲ ਲਈ ਇਸ ਦੇ ਲਈ ਕੋਈ independent Commission ਬਣਾ ਦਿੱਤਾ ਜਾਵੇ ਤਾਂ ਕਿ ਜੇ ਕਿਸੇ ਨੂੰ ਇਨਸਾਫ ਨਾ ਮਿਲੇ ਤਾਂ ਉਹ Commission ਦੇ ਵਿੱਚ ਜਾ ਸਕੇ। ਤੀਜਾ ਸਰ, ਇਸ ਦੇ ਵਿੱਚ ਮਿਤੀ 30.6.18 ਰੱਖੀ ਗਈ ਹੈ ਕਿ ਇਸ ਮਿਤੀ ਤੱਕ ਜਿਸ ਨੇ constructions ਕਰ ਲਈਆਂ। ਅੱਜ ਤਕਰੀਬਨ 9 ਮਹੀਨੇ ਨਿਕਲ

ਚੁੱਕੇ ਹਨ, ਜਿਹੜੇ ਇਸ ਟਾਈਮ ਦੇ ਵਿੱਚ ਹੋਣਗੇ, ਉਹ ਤਾਂ ਵਿਚਾਰੇ ਰਹਿ ਜਾਣਗੇ। ਮੇਰੀ ਸਿਰਫ ਇੰਨੀ ਰਿਕੁਐਸਟ ਹੈ ਕਿ ਜਦੋਂ ਤੱਕ bill notify ਨਹੀਂ ਹੁੰਦਾ, ਉਦੋਂ ਤੱਕ ਦਿਆਂ ਨੂੰ ਇਸ ਦੇ ਵਿੱਚ ਯਾਨੀ construction regularization ਵਿੱਚ consider ਕੀਤਾ ਜਾਵੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ) :** ਸਰ ਇਹ ਜਿਹੜਾ regularization bill ਮੰਤਰੀ ਜੀ ਹਾਊਸ ਦੇ ਵਿੱਚ ਲੈ ਕੇ ਆਏ ਹਨ, ਮੈਂ ਇੱਕ ਗੱਲ ਦੇ ਪ੍ਰਤੀ ਥੋੜ੍ਹਾ ਜਿਹਾ ਸੁਚੇਤ ਕਰਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀਆਂ violations ਹੁੰਦੀਆਂ ਕਿਉਂ ਹਨ? ਇਹ violations ਕਿਉਂ ਹੋਣ ਦਿੱਤੀਆਂ ਜਾਂਦੀਆਂ ਹਨ? Local Bodies Deptt ਦੇ ਵਿੱਚ ਦੇਖਿਆ ਜਾਵੇ ਤਾਂ ਇੰਨੀ corruption ਹੈ, ਲੋਕ ਫਾਈਲਾਂ ਚੁੱਕ ਕੇ ਪਿੱਛੇ-ਪਿੱਛੇ ਮਾਰੇ-ਮਾਰੇ ਫਿਰਦੇ ਰਹਿੰਦੇ ਹਨ ਕਿ ਨਕਸ਼ਾ ਪਾਸ ਕਰ ਦਿਓ ਪਰ ਉਨ੍ਹਾਂ ਨੂੰ ਉਥੇ ਕੋਈ ਅਟੈਂਡ ਹੀ ਨਹੀਂ ਕਰਦਾ ਹੈ। ਇੱਕ ਵੀ Municipal Corporation or Municipal Committee ਨਹੀਂ ਹੈ ਜਿੱਥੇ ਕੋਈ help desk ਬਣਿਆ ਹੋਵੇ।

**ਮਾਨਯੋਗ ਸਪੀਕਰ:** ਬਿਲ ਤੇ ਕਹੋ ਜੋ ਕਹਿਣਾ ਹੈ।ਇਹ overnight ਤਾਂ ਨਹੀਂ ਹੋਈਆਂ। ਇਹ overnight ਨਹੀਂ ਹੋਈਆਂ ਹਨ। ਇਹ years ਦੇ ਵਿੱਚ ਹੋਈਆਂ ਹਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਹਾਂ ਜੀ years ਦੇ ਵਿੱਚ ਹੋਈਆਂ ਹਨ। ਇਹੀ ਤਾਂ ਗੱਲ ਹੈ ਜੀ। ਸੋ, ਇਸ ਬਿਲ ਦੇ ਵਿੱਚ regularization ਤਾਂ ਹੋ ਜਾਵੇਗੀ ਪਰ ਬੜੀ heavy amount ਲੋਕਾਂ ਨੂੰ ਦੇਣੀ ਪਵੇਗੀ, ਮੇਰੇ ਕੋਲ ਹੁਣ ਵੀ ਸ਼ਿਕਾਇਤਾਂ ਆ ਰਹੀਆਂ ਹਨ ਕਿ ਉਥੇ ਮਾਨਸਾ ਦੇ ਵਿੱਚ ਕਿ ਜਿਹੜੇ ਲੋਕ regularization ਵਾਸਤੇ ਅਪਲਾਈ ਕਰਨ ਜਾਂਦੇ ਹਨ, ਉਨ੍ਹਾਂ ਤੋਂ application ਫੜਨ ਵਾਲਾ ਕੋਈ ਨਹੀਂ ਹੈ। ਪੈਸੇ ਜਮ੍ਹਾਂ ਕਰਵਾਉਣ ਵਾਲਾ ਕੋਈ ਨਹੀਂ ਹੈ। ਏਨਾ harass ਕੀਤਾ ਜਾਂਦਾ ਹੈ ਤਾਂ ਕਿ due date ਲੰਘ ਜਾਏ। ਉਸ ਤੋਂ ਬਾਅਦ ਲੋਕਾਂ ਨੂੰ harass ਕਰਕੇ ਹੋਰ ਪੈਸੇ ਬਟੋਰੇ ਜਾਣ ਤੇ ਇਸ ਬਿਲ ਦੇ ਵਿੱਚ ਜੇ ਲੈ ਕੇ ਆਉਣਾ ਤਾਂ ਠੀਕ ਹੈ ਕਿ regularization ਕਰ ਲਓ ਪਰ ਇਹ ਕਦੋਂ ਤੱਕ ਚੱਲੇਗਾ ਕਿ ਇੱਕ ਵਾਰ violation permit ਕਰੋ, ਉਸ ਤੋਂ ਬਾਅਦ regularization ਕਰੀ ਜਾਓ। ਕੋਈ ਤਾਂ dead end ਹੋਣਾ ਚਾਹੀਦਾ ਹੈ ਕਿ ਇਸ ਤੋਂ ਬਾਅਦ ਅਸੀਂ regularization ਨਹੀਂ ਕਰਾਂਗੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਕੁਝ ਕਹਿਣਾ ਹੈ?

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਨੇ ਬੜੇ ਵਾਜਬ ਫੈਕਟਸ ਚੁੱਕੇ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਵੰਨ ਟਾਈਮ ਸੈਟਲਮੈਂਟ ਹੋਣੀ ਹੀ ਇੱਕ ਵਾਰ ਚਾਹੀਦੀ ਹੈ। ਜੇ ਇਹ ਪਿਛਲੀ ਵਾਰ, ਤਿੰਨ ਵਾਰ ਆਈ ਤਾਂ ਇਸ ਦਾ ਮਤਲਬ ਇਹ ਵੰਨ ਟਾਈਮ ਸੈਟਲਮੈਂਟ ਨਹੀਂ ਸੀ। ਜਦੋਂ ਵਨ ਟਾਈਮ ਸੈਟਲਮੈਂਟ ਦੀ ਗੱਲ ਕਰਦੇ ਹਾਂ, ਪਿਛਲੀ ਸਰਕਾਰ ਨੇ ਸਾਲ 2013 ਵਿੱਚ ਅਤੇ ਫਿਰ 2016 ਵਿੱਚ ਲਿਆਂਦੀ ਪਰ ਇੱਕ ਵੀ ਬਿਲਡਿੰਗ ਨੂੰ ਮੁਨਾਫਾ ਨਹੀਂ ਹੋਇਆ, ਇੱਕ ਵੀ ਬਿਲਡਿੰਗ ਨੂੰ ਫਾਇਦਾ ਨਹੀਂ ਹੋਇਆ। ਦੂਜੀ ਗੱਲ, ਐਮ.ਐਲ.ਏ. ਸਾਹਿਬ ਨੇ ਜਿਹੜੀ ਫਾਇਰ ਸੇਫਟੀ ਦੀ ਗੱਲ ਚੁੱਕੀ ਹੈ, ਉਸ ਦੇ ਨਾਲ ਸਟਰਕਚਰਲ ਸੇਫਟੀ ਦੀ ਵੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਜਿਹੜੀ ਬਿਲਡਿੰਗ ਦੇ ਚਾਰੇ ਪਾਸੇ ਫਾਇਰ ਬ੍ਰਿਗੇਡ ਨਹੀਂ ਘੁੰਮਦੀ, ਮੈਂਡੇਟਰੀ ਹੋਵੇਗਾ ਕਿ no compromise with fire safety, no compromise with structural safety. ਇਸ ਵਿੱਚ ਫਾਇਰ ਸੇਫਟੀ ਤੇ ਸਟਰਕਚਰਲ ਸੇਫਟੀ ਪੂਰੀ ਤਰ੍ਹਾਂ ਮੈਂਡੇਟਰੀ ਹੋਵੇਗੀ। ਮੈਂ ਵਿਸ਼ਵਾਸ ਦਿਵਾਉਂਦਾ ਹਾਂ, ਅਸੀਂ ਸੁਝਾਅ ਮੰਗੇ ਸੀ, ਇਸ ਦੇ ਰੇਟ ਪੰਜ ਮਨਿਸਟਰਾਂ ਨੇ ਤੈਅ ਕੀਤੇ ਹਨ। ਪੰਜ ਮਨਿਸਟਰ ਬੈਠੇ ਸਨ ਰੇਟ ਘਟਾਏ ਗਏ। ਹਰ ਤਰ੍ਹਾਂ ਦੀ ਸਹੂਲੀਅਤ ਪ੍ਰੋਵਾਈਡ ਕੀਤੀ ਗਈ ਹੈ। We are a welfare state. ਜਿਹੜੀ ਤੁਸੀਂ ਬਿਲਡਿੰਗ ਬਾਰੇ ਕਹਿ ਰਹੇ ਸੀ ਪਰ ਬਿਲਡਿੰਗ ਬਣੀ ਹੈ, ਕੋਈ ਤੂੜੀ ਦੇ ਕੁੱਪ ਵਿੱਚ ਪਿੰਨ ਤਾਂ ਨਹੀਂ ਰੱਖ ਗਿਆ। ਬਿਲਡਿੰਗ ਬਣਨ ਨੂੰ ਤਿੰਨ ਸਾਲ ਚਾਹੀਦੇ ਹਨ। ਜਿਹੜੀਆਂ ਪਿਛਲੇ ਦੌਰ ਵਿੱਚ 10 ਸਾਲਾਂ ਵਿੱਚ ਬਿਲਡਿੰਗਾਂ ਬਣੀਆਂ ਹਨ, ਸਾਡੀ ਸਰਕਾਰ ਨੂੰ ਤਾਂ ਡੇਢ ਸਾਲ ਹੋਇਆ ਹੈ, ਤੁਸੀਂ ਡੇਢ-ਪੌਣੇ ਦੋ ਸਾਲ ਕਹਿ ਲਉ। ਇਹ ਬਿਲਡਿੰਗ ਕੋਈ ਇਹ ਤਾਂ ਨਹੀਂ ਹੈ ਕਿ 6 ਮਹੀਨਿਆਂ ਵਿੱਚ ਬਣਾ ਦਿੱਤੀ। ਘੱਟੋ-ਘੱਟ ਤਿੰਨ ਸਾਲ ਲੱਗੇ ਹਨ। ਅਫ਼ਸਰਾਂ ਤੇ ਵੀ ਸਟ੍ਰਿਕਟ ਐਕਸ਼ਨ ਹੋਵੇਗਾ। ਇੱਕ ਡੇਟ ਫਿਕਸ ਕੀਤੀ ਹੈ, ਜੇ ਉਸ ਡੇਟ ਤੋਂ ਬਾਅਦ ਉਸਾਰੀ ਹੋਈ, ਸਾਡੇ ਕੋਲ ਬਿਜਲੀ ਦੇ ਬਿੱਲ ਵੀ ਹਨ, ਅਸੀਂ ਆਪਣੇ ਵੱਲੋਂ ਸੈਟੇਲਾਈਟ ਮੈਪਿੰਗ ਕਰਵਾਈ ਹੈ। ਸੈਟੇ ਲਾਈਟ ਮੈਪਿੰਗ ਵਿੱਚ ਇਹ ਪਤਾ ਲੱਗ ਜਾਵੇਗਾ ਕਿ ਕਿਹੜੀ ਤਾਰੀਕ ਨੂੰ ਉੱਥੇ ਉਸਾਰੀ ਸ਼ੁਰੂ ਹੋਈ ਹੈ। ਸਪੀਕਰ ਸਾਹਿਬ, ਇਹ ਵੀ ਦੱਸ ਦਿਆਂ ਕਿ ਪਿਛਲੀ ਸਰਕਾਰ ਦੌਰਾਨ ਮੈਂ ਲੁਧਿਆਣਾ ਬਾਰੇ ਪੁੱਛਿਆ ਸੀ ਕਿ ਕਿੰਨੇ ਘਰ ਹਨ, ਉਨ੍ਹਾਂ ਨੇ ਕਿਹਾ ਕਿ 90 ਹਜ਼ਾਰ ਲੇਕਿਨ ਜਦੋਂ ਸੈਟੇਲਾਈਟ ਮੈਪਿੰਗ ਕਰਵਾਈ ਤਾਂ 4,20,000 ਘਰ ਨਿਕਲੇ। ਇਸ ਦਾ ਮਤਲਬ 3,40,000 ਪੈਸਾ,ਅਫ਼ਸਰਾਂ ਦੀਆਂ ਜੇਬਾਂ ਵਿੱਚ ਜਾ ਰਿਹਾ ਸੀ। ਇਸ ਕਰਕੇ ਅਸੀਂ ਬੜੇ ਧਿਆਨ ਨਾਲ ਸੁਜੈਸ਼ਨਜ਼ ਲੈ ਕੇ, ਹਰ ਤਰੀਕੇ ਨਾਲ ਸੋਧ ਕੇ ਇਹ ਪਾਲਿਸੀ ਲਿਆਂਦੀ ਹੈ, we are a welfare state. ਸਾਡੇ ਕੋਲ ਦੋ ਆਪਸ਼ਨਾਂ ਸਨ ਜਾਂ ਤਾਂ ਅਸੀਂ ਡਿਮੌਲਿਸ਼ਨ ਕਰਦੇ ਜਾਂ ਵੈਲਫੇਅਰ ਸਟੇਟ

ਹੋਣ ਦੇ ਨਾਤੇ ਉਨ੍ਹਾਂ ਨੂੰ ਵਨ ਟਾਈਮ ਸੈਟਲਮੈਂਟ ਦਿੰਦੇ। I assure you, Speaker Sahib, ਮੇਰੇ ਰਹਿੰਦੇ ਹੋਏ ਇਹ ਵਨ ਟਾਈਮ ਸੈਟਲਮੈਂਟ ਹੀ ਹੋਵੇਗੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਬਿਲਡਿੰਗ ਬਾਈ-ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ-ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼-1 ਦੀ ਸਬ-ਕਲਾਜ਼ (2 ਤੋਂ 4)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼-1 ਦੀ ਸਬ-ਕਲਾਜ਼ (2 ਤੋਂ 4) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 13**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 13 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 13 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼-1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼-1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਬਿਲਡਿੰਗ ਬਾਈ–ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ–ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਬਿਲਡਿੰਗ ਬਾਈ–ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ–ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਬਿਲਡਿੰਗ ਬਾਈ–ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ ਵਾਰ ਸਵੈ–ਪ੍ਰਗਟਾਵਾ (ਵਾਲੰਟਰੀ ਡਿਸਕਲੋਜ਼ਰ) ਅਤੇ ਨਿਪਟਾਰਾ ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## 2. THE AMRITSAR WALLED CITY (RECOGNITION OF USAGE) AMENDMENT BILL, 2019

**ਮਾਨਯੋਗ ਸਪੀਕਰ:** ਸਥਾਨਕ ਸਰਕਾਰ ਮੰਤਰੀ ਜੀ ਬਿਲ ਪੇਸ਼ ਕਰਨ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੋਵੇ?

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ ਐਸ.ਸੀ.) :** ਮੇਰੀ ਬੇਨਤੀ ਹੈ ਕਿ ਜਿਹੜਾ ਪਹਿਲਾਂ ਬਿਲ ਪਾਸ ਕੀਤਾ ਹੈ, ਇਨ੍ਹਾਂ ਦੋਨਾਂ ਦਾ ਪਰਪਜ਼ ਇੱਕ ਹੀ ਹੈ। ਇੱਕ ਸਾਲ ਵਿੱਚ ਹੋਣਾ ਹੈ। ਜੇ ਇਹ ਬਿਲ ਆ ਜਾਂਦਾ ਹੈ ਤਾਂ ਕੋਈ ਇਸ ਵਿੱਚ ਅਪਲਾਈ ਕਰੇਗਾ ਜਾਂ ਦੂਜੇ ਵਿੱਚ ਅਪਲਾਈ ਕਰੇਗਾ? ਮੇਰਾ ਖਿਆਲ ਹੈ ਕਿ ਇਹ ਇੱਕੋ ਹੀ ਬਿਲ ਹੈ।

**ਮਾਨਯੋਗ ਸਪੀਕਰ:** ਬੈਠੋ ਜੀ। ਕੋਈ ਨਹੀਂ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼-1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼-1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ -1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼-1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## 3. THE PUNJAB LEGISLATIVE ASSEMBLY (SALARIES AND ALLOWANCES OF MEMBERS) AMENDMENT BILL, 2019

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ, ਸੰਸਦੀ ਮਾਮਲੇ ਮੰਤਰੀ ਜੀ ਬਿਲ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

> ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

> ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੋਵੇ?

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼–1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> ਕਿ ਕਲਾਜ਼–1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**Notice of Amendment to Clause 2**

**ਸ਼੍ਰੀ ਅਮਨ ਅਰੋੜਾ:** ਸਰ, ਮੇਰੀ ਅਮੈਂਡਮੈਂਟ ਹੈ। ਪਹਿਲਾਂ ਹੀ ਮੂਵ ਕੀਤੀ ਹੋਈ ਹੈ।

**ਮਾਨਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ ਵੱਲੋਂ ਜਿਹੜੀ ਸੋਧ ਪੇਸ਼ ਕੀਤੀ ਗਈ ਹੈ, ਹੁਣ ਉਸ ਤੇ ਵੋਟਿੰਗ ਹੋਵੇਗੀ। There is a notice of amendment to Clause 2 of this Bill. This may be deemed to have been read and moved.

**Shri Aman Arora:** That in the Punjab Legislative Assembly (Salaries and Allowances of Members) Amendment Bill, 2019, the Section 3-AAA to Clause 2, be amended as -

| | |
|---|---|
| **"3-AAA** Declaration of movable and immovable properties. | "All the members shall declare their movable and immovable properties as on 31st of March of every year by 30th of April every year." |

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਮਹੱਤਵਪੂਰਨ ਬਿਲ ਉੱਪਰ ਬੋਲਣ ਦਾ ਮੌਕਾ ਦਿੱਤਾ ਹੈ। ਵੈਸੇ ਤਾਂ ਇਹ ਬਹੁਤ ਹੀ ਚੰਗਾ ਸਟੈਪ ਹੈ ਅਤੇ ਅਸੀਂ ਇਸ ਬਿਲ ਦੀ ਸਪੋਰਟ ਕਰਦੇ ਹਾਂ ਪਰ ਸਰ, ਜਦੋਂ ਮੈਂ ਇਹ ਬਿਲ ਪੜ੍ਹ ਰਿਹਾ ਸੀ ਤਾਂ ਇਹ ਬਿਲ ਦੋ ਸਾਲ ਪਹਿਲਾਂ ਵੀ ਆਇਆ ਸੀ ਤਾਂ ਉਦੋਂ ਦੋ ਸਾਲ ਇਸ ਕਰਕੇ ਲੱਗ ਗਏ ਕਿਉਂਕਿ ਇਹ ਕਿਹਾ ਗਿਆ ਸੀ ਕਿ ਇਹ ਇੱਕ ਜਨਵਰੀ ਨੂੰ ਹੀ ਕਰਨਾ ਹੈ, ਜਿਸ ਕਰਕੇ ਆਪਾਂ ਨੂੰ ਦੁਬਾਰਾ ਕਰਨਾ ਪਿਆ ਹੈ। ਸਰ, ਮੈਂ ਇਸ ਵਿੱਚ ਇਹ ਲਿਖਿਆ ਹੈ ਕਿ 31 ਦਸੰਬਰ ਤੱਕ ਔਰ ਜਨਵਰੀ ਵਿੱਚ ਸਾਰੇ ਮੈਂਬਰਜ਼ ਨੇ ਆਪਣੀਆਂ ਇਮਮੂਵੇਬਲ ਪ੍ਰਾਪਰਟੀਜ਼ ਸਬਮਿਟ ਕਰਨੀ ਹੈ। ਸਰ, ਮੈਂ ਇਹ ਨਹੀਂ ਸਮਝ ਸਕਿਆ ਜਾਂ ਪਤਾ ਨਹੀਂ ਸਰਕਾਰ ਦੀ ਇਨਟੈਨਸ਼ਨ ਵਿੱਚ ਫਰਕ ਸੀ। ਸਰ, ਹਰ ਸਾਲ ਫਾਈਨਾਂਸ਼ੀਅਲ ਈਅਰ ਦੀ ਕਲੋਜ਼ਿੰਗ 31 ਮਾਰਚ ਨੂੰ ਹੁੰਦੀ ਹੈ, ਇਹ 31 ਦਸੰਬਰ ਨੂੰ ਕਿਉਂ ਕੀਤੀ ਗਈ ਹੈ? ਇਹ 31 ਮਾਰਚ ਨੂੰ ਹੋਵੇ ਤਾਂ ਕਿ ਜਿਸ ਦੀ ਇਨਕਮ ਟੈਕਸ ਰਿਟਰਨ ਹੈ, ਉਹ ਨਾਲ ਹੀ

ਲਗਾ ਲਵੇ। ਜੇ ਕਿਸੇ ਪੰਜਾਬ ਦੇ ਬਸ਼ਿੰਦੇ ਨੇ ਆਰ.ਟੀ.ਆਈ. ਵਿੱਚ ਤੁਹਾਡੇ ਤੋਂ ਇਨਫਰਮੇਸ਼ਨ ਲੈ ਲਈ ਅਤੇ ਆਈ.ਟੀ. ਡਿਪਾਰਟਮੈਂਟ ਤੋਂ ਵੀ ਲੈ ਲਈ ਤਾਂ ਘੱਟੋ-ਘੱਟ ਅਗਲਾ ਮਿਲਾਨ ਤਾਂ ਕਰ ਸਕੇਗਾ। ਜੇ ਤਿੰਨ ਮਹੀਨਿਆਂ ਦਾ ਗੈਪ ਰੱਖੋਗੇ ਕਿ 31 ਦਸੰਬਰ ਅਤੇ 31 ਮਾਰਚ ਤਾਂ ਅਗਲੇ ਨੂੰ ਸਮਝ ਹੀ ਨਹੀਂ ਆਉਣਾ ਹੈ। ਦੂਜਾ, ਇਸ ਵਿੱਚ ਸਿਰਫ ਇਮਮੂਵੇਬਲ ਪ੍ਰਾਪਰਟੀ ਲਈ ਪ੍ਰੋਵੀਜ਼ਨ ਹੈ। ਸਰ, ਗੱਲ ਇਹ ਹੈ ਕਿ ਇਸ ਦਾ ਮਤਲਬ ਜਿੰਨੀਆਂ ਵੀ ਮੂਵੇਬਲ ਚੀਜ਼ਾਂ ਹਨ ਜਿਸ ਵਿੱਚ ਕੈਸ਼ ਆ ਗਿਆ, ਜਿਊਲਰੀ ਆ ਗਈ, ਜੇ ਕਿਸੇ ਨੇ ਲੋਕਾਂ ਤੋਂ ਪੈਸਾ ਲੁੱਟ ਕੇ ਅੱਠ ਕਰੋੜ ਦੀ ਰੌਲਸ ਰੋਇਸ ਲੈ ਲਈ ਤਾਂ ਉਹ ਵੀ ਮੂਵੇਬਲ ਹੈ, ਉਹ ਵੀ ਇਸ ਦੇ ਵਿੱਚ ਨਹੀਂ ਆਇਆ, ਜੇ ਕਿਸੇ ਨੇ ਐਵੀਏਸ਼ਨ ਦਾ ਜਹਾਜ ਪਾ ਲਿਆ ਤਾਂ ਉਹ ਵੀ ਇਸ ਦੇ ਵਿੱਚ ਨਹੀਂ ਆਉਂਦਾ ਹੈ, ਜੇ ਕਿਸੇ ਨੇ ਸ਼ਿਪਿੰਗ ਕੰਪਨੀ ਵਿੱਚ ਹਿੱਸਾ ਪਾ ਲਿਆ ਤਾਂ ਉਹ ਵੀ ਇਸ ਦੇ ਵਿੱਚ ਨਹੀਂ ਆਉਣਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਟ੍ਰਾਂਸਪੋਰਟ ਮਾਫੀਆ ਤੇ ਮਾਇਨਿੰਗ ਮਾਫੀਆ ਦੀਆਂ ਜਿਹੜੀਆਂ ਗੱਡੀਆਂ, ਟਿੱਪਰ ਤੇ ਬਸਾਂ ਚਲਦੀਆਂ ਹਨ, ਉਹ ਵੀ ਇਸ ਵਿੱਚ ਨਹੀਂ ਆਉਣੀਆਂ ਮੈਂ ਆਪਣੀ ਰਿਟਰਨ 31 ਦਸੰਬਰ ਨੂੰ ਤੁਹਾਡੇ ਕੋਲ ਸਬਮਿਟ ਕਰਕੇ ਗਿਆ ਹਾਂ। ਉਸ ਵਿੱਚ ਮੂਵੇਬਲ ਔਰ ਇਮਮੂਵੇਬਲ ਸਾਰਾ ਕੁਝ ਪਾਇਆ ਹੋਇਆ ਹੈ। ਸਰ, ਮੇਰੀ ਸਰਕਾਰ ਨੂੰ ਇਹ ਬੇਨਤੀ ਹੈ ਕਿ ਇਸ ਵਿੱਚ ਇਮਮੂਵੇਬਲ ਦੇ ਨਾਲ-ਨਾਲ ਜਿਹੜੇ ਮੂਵੇਬਲ ਐਸੇਟਸ ਹਨ, ਇਹ ਬਹੁਤ ਵੱਡਾ ਲਕੁਨਾ ਹੈ। ਮੈਂ ਸਿਰਫ ਤੇ ਸਿਰਫ ਇਹੀ ਬੇਨਤੀ ਕਰਾਂਗਾ, ਕਿਰਪਾ ਕਰਕੇ ਇਸ ਵਿੱਚ ਚੇਂਜਿਜ਼ ਜ਼ਰੂਰ ਕਰਵਾ ਦਿਉ। ਬਹੁਤ-ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਬ੍ਰਹਮ ਮਹਿੰਦਰਾ ਜੀ ਤੁਸੀਂ ਕੁਝ ਕਹਿਣਾ ਹੈ,

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਇਸ ਵਿੱਚ ਕੋਈ ਐਸੀ ਸੋਚ ਨਹੀਂ, ਇਸ ਲਈ ਕੈਲੰਡਰ ਈਅਰ ਦਾ ਰੱਖਿਆ ਸੀ ਪਰ ਜੇ ਕੋਈ ਅਜਿਹੀ ਅਮੈਂਡਮੈਂਟ ਕਰਨਾ ਚਾਹੁੰਦੇ ਹਨ ਤਾਂ ਅਸੀਂ ਇਸ ਵਿੱਚ ਕੋਈ ਪ੍ਰਾਵਧਾਨ ਲੈ ਕੇ ਲੀਗਲੀ ਫਿਰ ਚੈੱਕ ਕਰਵਾ ਲੈਂਦੇ ਹਾਂ ਜੀ।

**ਸ਼੍ਰੀ ਅਮਨ ਅਰੋੜਾ:** ਸਰ, I think ਸਾਰੇ ਐਗਰੀ ਕਰਦੇ ਹਨ ਜੀ।

**ਮਾਨਯੋਗ ਸਪੀਕਰ:** ਬਹਿਸ ਸਬੰਧੀ ਪ੍ਰਸਤਾਵ ਸਵੀਕਾਰ ਹੋਇਆ ਹੈ।

**ਸ਼੍ਰੀ ਅਮਨ ਅਰੋੜਾ:** ਮਿਹਰਬਾਨੀ ਜੀ, ਧੰਨਵਾਦ।

**Mr. Speaker:** Question is -

" That in the Punjab Legislative Assembly (Salaries and Allowances of Members) Amendment Bill, 2019, the Section 3-AAA to Clause 2, be amended as -

| | |
|---|---|
| **"3-AAA** Declaration of movable and immovable properties. | "All the members shall declare their movable and immovable properties as on 31st of March of every year by 30th of April every year" |

***The motion was lost.***

**Clause-2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼-2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਤੁਸੀਂ ਸਪੋਰਟ ਕੀਤਾ ਹੈ। ਤੁਸੀਂ ਸਪੋਰਟ ਕੀਤਾ ਹੈ, ਹੁਣ ਕਰਦੇ ਨਹੀਂ?

**ਸ਼੍ਰੀ ਅਮਨ ਅਰੋੜਾ:** ਨਹੀਂ। ਨਹੀਂ, ਸਰ, ਸਪੋਰਟ ਕਰਦੇ ਹਾਂ ਕਿ ਪਾਸ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਅਮੈਂਡਮੈਂਟ ਲੋਸਟ ਹੋ ਗਈ ਹੈ। ਅਮੈਂਡਮੈਂਟ ਲੋਸਟ ਹੋ ਗਈ।

**ਸ਼੍ਰੀ ਅਮਨ ਅਰੋੜਾ:** ਸਰ, ਇੱਕ ਮਿੰਟ ਜੀ। ਸਰ, ਇੱਕ ਮਿੰਟ ਜੀ, ਇੱਕ ਮਿੰਟ ਜੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਪਹਿਲਾਂ try to understand, try to understand. ਅਮਨ ਜੀ, ਅਮਨ ਜੀ।

**ਸ਼੍ਰੀ ਅਮਨ ਅਰੋੜਾ:** ਸਰ, ਹਾਂ ਜੀ।

**ਮਾਨਯੋਗ ਸਪੀਕਰ:** ਮੰਤਰੀ ਜੀ ਨੇ ਕਹਿ ਦਿੱਤਾ ਕਿ ਅਗਲੀ ਵਾਰ ਲੈ ਆਵਾਂਗੇ ਫਿਰ ਬਾਕੀ ਕੀ ਰਹਿ ਗਿਆ?

**ਸ਼੍ਰੀ ਅਮਨ ਅਰੋੜਾ:** ਸਰ, ਨਾਲ ਹੀ ਕਰਵਾ ਲਵੋ ਜੀ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਹਿ ਦਿੱਤਾ ਹੈ।

**ਸ਼੍ਰੀ ਅਮਨ ਅਰੋੜਾ:** ਸਰ, ਸਾਲ ਹੋਰ ਟੱਪ ਜਾਵੇਗਾ, ਸਾਲ ਹੋਰ ਟੱਪ ਜਾਵੇਗਾ ਜੀ।

**ਮਾਨਯੋਗ ਸਪੀਕਰ:** ਉਹ ਫਿਰ ਐਗਜ਼ਾਮਿਨ ਕਰਵਾਉਣਗੇ। ਲੀਗਲੀ ਐਗਜ਼ਾਮਿਨ ਕਰਵਾਵਾਂਗੇ।(ਵਿਘਨ..ਸ਼ੋਰ) ਉਹ ਕਹਿੰਦੇ ਹਨ ਕਿ ਲੀਗਲੀ ਐਗਜ਼ਾਮਿਨ ਕਰਵਾ ਕੇ ਲਿਆਵਾਂਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੈਂ ਹਾਊਸ ਨੂੰ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਇਸ ਦੀ ਲੀਗਲ ਵੈੱਟਿੰਗ ਕਰਵਾ ਕੇ ਇਸ ਨੂੰ ਪਰਾਪਰ ਤਰੀਕੇ ਨਾਲ ਲੈ ਕੇ ਆਵਾਂਗੇ। ਇਸ ਨੂੰ ਇਸ ਵੇਲੇ as it is ਪਾਸ ਕੀਤਾ ਜਾਵੇ।

**ਸ਼੍ਰੀ ਅਮਨ ਅਰੋੜਾ:** ਸਰ, ਮੇਰੀ ਬੇਨਤੀ ਇਹ ਹੈ ਕਿ ........ (ਵਿਘਨ..ਸ਼ੋਰ)

### ਕਲਾਜ਼-1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼-1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

(ਵਿਘਨ..ਸ਼ੋਰ) (ਇਸ ਸਮੇਂ ਆਮ ਆਦਮੀ ਪਾਰਟੀ ਦੇ ਕਾਫੀ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

### ਸਿਰਲੇਖ

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬਿਲ ਵਿੱਚ ਅਮੈਂਡਮੈਂਟ ਨਾ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ਨਾਅਰੇ ਲਗਾ ਰਹੇ ਸਨ।)

-----

## *4. THE PREVENTION OF CRUELTY TO ANIMALS (PUNJAB AMENDMENT) BILL, 2019*

**ਮਾਨਯੋਗ ਸਪੀਕਰ:** ਸਰਦਾਰ ਬਲਬੀਰ ਸਿੰਘ ਸਿੱਧੂ ਜੀ ਬਿਲ ਪੇਸ਼ ਕਰਨ।

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਵਿੱਚ ਅਮੈਂਡਮੈਂਟ ਨਾ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਸਰਦਾਰ ਬਲਬੀਰ ਸਿੰਘ ਸਿੱਧੂ, ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ ਜੀ ਬਿਲ ਪੇਸ਼ ਕਰਨ।

**ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

---

** Not recorded as ordered by the Chair.

ਕਿ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼-1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼-1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 8**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 8 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 8 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019 ਦੀ ਕਲਾਜ਼ 2 ਵਿਚ ਦਿੱਤੀ ਗਈ ਸੋਧਨਾ ਅਪ੍ਰਵਾਨ ਹੋਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

-----

## THE PREVENTION OF CRUELTY TO ANIMALS (PUNJAB AMENDMENT) BILL, 2019 *(RESUMPTION)*

### ਕਲਾਜ਼ 1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

### ਸਿਰਲੇਖ

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

---

** Not recorded as ordered by the Chair.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਜਾਨਵਰਾਂ ਉੱਤੇ ਅੱਤਿਆਚਾਰ ਤੇ ਰੋਕ (ਪੰਜਾਬ ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## 5. *THE INDIAN STAMP (PUNJAB AMENDMENT) BILL, 2019 (REPLACING ORDINANCE)*

**ਮਾਨਯੋਗ ਸਪੀਕਰ:** ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਜੀ ਬਿਲ ਪੇਸ਼ ਕਰਨ।

**ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼-1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼-1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼-1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼-1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## *STATEMENT BY THE SPEAKER*

**ਮਾਨਯੋਗ ਸਪੀਕਰ:** ਮੈਂ ਸਦਨ ਨੂੰ ਇਹ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਮਿਤੀ 14 ਫਰਵਰੀ, 2019 ਨੂੰ ਗੈਰ-ਸਰਕਾਰੀ ਮਤੇ ਉੱਤੇ ਬੋਲਦੇ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਦੀ ਮੰਗ ਅਨੁਸਾਰ ਕਿ ਉਨ੍ਹਾਂ ਦੀ ਅਤੇ ਸ਼੍ਰੀ ਐਨ.ਕੇ. ਸ਼ਰਮਾ, ਐਮ.ਐਲ.ਏ. ਸ਼੍ਰੋਮਣੀ ਅਕਾਲੀ ਦਲ ਦੀ ਪਿਛਲੇ 10-12 ਸਾਲ ਦੀ ਪ੍ਰਾਪਰਟੀ ਦੀ ਇਨਕੁਆਰੀ ਕਰਵਾਈ ਜਾਵੇ ਅਤੇ ਜਿਸ ਤੇ ਸ਼੍ਰੀ ਐਨ.ਕੇ. ਸ਼ਰਮਾ ਵੱਲੋਂ ਵੀ ਇਸ ਸਬੰਧੀ ਸਹਿਮਤੀ ਦੇਣ ਉਪਰੰਤ ਮੇਰੇ ਵੱਲੋਂ ਇਹ ਰੂਲਿੰਗ ਦਿੱਤੀ ਗਈ ਸੀ ਕਿ ਇਨਕੁਆਰੀ ਕਰਵਾਵਾਂਗੇ। ਇਸ ਮਾਮਲੇ ਨੂੰ ਘੋਖਣ ਉਪਰੰਤ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ, ਕਿਉਂ ਜੋ ਇਹ ਮਾਮਲਾ ਨਿੱਜੀ ਦੋਸ਼ਾਂ ਨਾਲ ਸਬੰਧਿਤ ਹੈ, ਜਿਸ ਵਿੱਚ ਸਦਨ ਦੇ ਦਖਲ ਦੇਣ ਦੀ ਕੋਈ ਲੋੜ ਨਹੀਂ ਹੈ। ਇਸ ਸੰਬੰਧੀ ਜੇਕਰ ਕੋਈ ਚਾਹੁੰਦਾ ਹੈ ਤਾਂ ਕਾਨੂੰਨੀ ਉਪਰਾਲਿਆਂ ਰਾਹੀਂ ਆਪਣੇ ਪੱਧਰ ਤੇ ਕਾਰਵਾਈ ਕਰ ਸਕਦਾ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਸਪੀਕਰ ਸਾਹਿਬ, ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਕੀਤਾ ਜਾਂਦਾ ਹੈ।

*6.14 ਵਜੇ ਸ਼ਾਮ) (*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

-----

© 2019
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

10070/02-2019/ 230 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ